Ad Space
Available
Please call
Ph: 847-359-0746


ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
ਬੌਬੀ ਸਿੰਘ
(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418
ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।
120-20 101 Avenue S. Richmond Hill, NY 11419

Ad Space
Available
Please call
Ph: 847-359-0746

Twentieth Year of Publication · ਨਿਊ ਯਾਰਕ ਐਡੀਸ਼ਨ · Price 50¢
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 20, Issue 49, December 7, 2019
20451 N. Plum Grove Rd., Palatine, IL 60074 · Ph:847-359-0746, Fax:847-705-9388

## ਰਾਜੋਆਣਾ ਦੀ ਸਜ਼ਾ ਮੁਆਫੀ ਬਾਰੇ ਭੰਬਲਭੂਸਾ

**ਚੰਡੀਗੜ੍ਹ:** ਬੇਅੰਤ ਸਿੰਘ ਕਤਲ ਕੇਸ ਵਿਚ ਫਾਂਸੀਯਾਫਤਾ ਬਲਵੰਤ ਸਿੰਘ ਰਾਜੋਆਣਾ ਦੀ ਸਜ਼ਾ ਮੁਆਫੀ ਬਾਰੇ ਭੰਬਲਭੂਸਾ ਪੈ ਗਿਆ ਹੈ। ਲੋਕ ਸਭਾ ਵਿਚ ਜਦੋਂ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੇ ਪੋਤਰੇ ਅਤੇ ਕਾਂਗਰਸ ਆਗੂ ਰਵਨੀਤ ਸਿੰਘ ਬਿੱਟੂ ਨੇ ਇਸ ਬਾਰੇ ਅਮਿਤ ਸ਼ਾਹ ਨੂੰ ਸਵਾਲ ਕੀਤਾ ਤਾਂ ਉਨ੍ਹਾਂ ਸਾਫ ਸ਼ਬਦਾਂ ਵਿਚ ਕਹਿ ਦਿੱਤਾ ਕਿ ਰਾਜੋਆਣਾ ਨੂੰ ਕੋਈ ਮੁਆਫੀ ਨਹੀਂ ਦਿੱਤੀ ਗਈ ਹੈ। ਅਮਿਤ ਸ਼ਾਹ ਦੇ ਇਸ ਬਿਆਨ 'ਤੇ ਤੁਰੰਤ ਪ੍ਰਤੀਕਿਰਿਆਵਾਂ ਦਾ ਸਿਲਸਿਲਾ ਸ਼ੁਰੂ ਹੋ ਗਿਆ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਵੀ ਇਸ ਬਾਰੇ ਝੱਟ ਮੋਦੀ ਸਰਕਾਰ ਦੀ ਨੁਕਤਾਚੀਨੀ ਕਰ ਦਿੱਤੀ। ਬਾਅਦ ਵਿਚ ਸਪਸ਼ਟ ਹੋਇਆ ਕਿ ਤਕਨੀਕੀ ਤੌਰ 'ਤੇ ਅਮਿਤ ਸ਼ਾਹ ਦਾ ਬਿਆਨ ਸਹੀ ਸੀ। ਰਾਜੋਆਣਾ ਦੀ ਫਾਸੀ ਦੀ ਸਜ਼ਾ ਮੁਆਫ ਕਰਕੇ ਉਮਰ ਕੈਦ ਵਿਚ ਬਦਲੀ ਗਈ ਹੈ।



ਐਡਵੋਕੇਟ ਜਸਪਾਲ ਸਿੰਘ ਮੰਝਪੁਰ ਦਾ ਕਹਿਣਾ ਹੈ ਕਿ ਫਾਂਸੀ ਦੀ ਸਜ਼ਾ ਮੁਆਫ ਕਰਨ ਅਤੇ ਤਬਦੀਲ ਕਰਨ 'ਚ ਫਰਕ ਹੈ। ਉਨ੍ਹਾਂ ਦਾ ਤਰਕ ਸੀ ਕਿ ਗ੍ਰਹਿ ਮੰਤਰੀ ਦਾ ਇਹ ਕਹਿਣਾ ਠੀਕ ਹੈ ਕਿ ਫਾਂਸੀ ਮੁਆਫ ਨਹੀਂ ਕੀਤੀ ਗਈ, ਕਿਉਂਕਿ ਇਹ ਸਜ਼ਾ ਫਾਂਸੀ ਤੋਂ ਉਮਰ ਕੈਦ 'ਚ ਤਬਦੀਲ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਜਗਤਾਰ ਸਿੰਘ ਹਵਾਰਾ ਅਤੇ ਦਵਿੰਦਰਪਾਲ ਸਿੰਘ ਭੁੱਲਰ ਨੂੰ ਵੀ ਵੱਖ-ਵੱਖ ਕੇਸਾਂ 'ਚ ਫਾਂਸੀ ਦੀ ਸਜ਼ਾ ਹੋਈ ਸੀ ਜੋ ਅਦਾਲਤ ਵਲੋਂ ਉਮਰ ਕੈਦ 'ਚ ਤਬਦੀਲ ਕੀਤੀਆਂ ਜਾ ਚੁੱਕੀਆਂ ਹਨ। ਉਵੇਂ ਹੀ ਰਾਜੋਆਣਾ ਦੀ ਸਜ਼ਾ ਵੀ ਫਾਂਸੀ ਤੋਂ ਉਮਰ ਕੈਦ 'ਚ ਤਬਦੀਲ ਕਰਨ ਦਾ ਕੇਸ ਹੈ। ਜ਼ਿਕਰਯੋਗ ਹੈ ਕਿ 31 ਅਗਸਤ 1995 ਨੂੰ ਐਸ.ਪੀ.ਓ. ਦਿਲਾਵਰ ਸਿੰਘ ਨੇ ਮਨੁੱਖੀ ਬੰਬ ਬਣ ਕੇ ਬੇਅੰਤ ਸਿੰਘ ਦੀ ਹੱਤਿਆ ਕੀਤੀ ਸੀ। ਰਾਜੋਆਣਾ ਨੂੰ ਇਸ ਕੇਸ ਵਿਚ 22 ਦਸੰਬਰ 1995 ਨੂੰ ਗ੍ਰਿਫਤਾਰ ਕੀਤਾ ਗਿਆ।

ਦਰਅਸਲ, ਪੰਜਾਬ ਤੋਂ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਨੇ ਅਮਿਤ ਸ਼ਾਹ ਨੂੰ ਸਵਾਲ ਕੀਤਾ ਸੀ ਕਿ ਰਾਜੋਆਣਾ ਨੂੰ ਕਿਸ ਆਧਾਰ ਉਤੇ ਰਾਹਤ ਦਿੱਤੀ ਗਈ ਹੈ? ਜਵਾਬ ਵਿਚ ਅਮਿਤ ਸ਼ਾਹ ਨੇ ਆਖ ਦਿੱਤਾ ਕਿ ਰਾਜੋਆਣਾ ਨੂੰ ਕੋਈ ਮੁਆਫੀ ਨਹੀਂ ਮਿਲੀ। ਕੇਂਦਰ ਦੀ ਇਸ ਤਰ੍ਹਾਂ ਸਿੱਧੀ ਪਲਟੀ ਪਿੱਛੋਂ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਆਖਿਆ ਹੈ ਕਿ ਇਕ ਵਾਰ ਫਿਰ ਭਾਰਤ ਸਰਕਾਰ ਨੇ ਸਿੱਖਾਂ ਨੂੰ ਬੇਗਾਨਗੀ ਦਾ ਅਹਿਸਾਸ ਦਿਵਾ ਦਿੱਤਾ ਹੈ ਤੇ ਉਹ ਇਸ ਦੋਗਲੀ ਨੀਤੀ ਤੋਂ ਬੜੇ ਦੁਖੀ ਹਨ। ਭਾਜਪਾ ਦੇ ਭਾਈਵਾਲ ਸ਼੍ਰੋਮਣੀ ਅਕਾਲੀ ਦਲ ਨੇ ਵੀ ਇਸ ਫੈਸਲੇ ਉਤੇ ਸਵਾਲ ਉਠਾਉਂਦੇ ਹੋਏ ਮੋਦੀ ਸਰਕਾਰ ਤੱਕ ਪਹੁੰਚ ਕਰਨ ਦੀ ਗੱਲ ਆਖੀ ਹੈ।

ਯਾਦ ਰਹੇ ਕਿ ਗੁਰੂ ਨਾਨਕ ਦੇਵ ਜੀ ਕੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਕੇਂਦਰ ਸਰਕਾਰ ਨੇ 8 ਸਿੱਖ ਕੈਦੀਆਂ ਦੀ ਰਿਹਾਈ ਅਤੇ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਉਮਰ ਕੈਦ ਵਿਚ ਤਬਦੀਲ ਕਰਨ ਦਾ ਐਲਾਨ ਕੀਤਾ ਸੀ। ਇਸ ਬਾਰੇ ਸਬੰਧਤ ਸੂਬਾ ਸਰਕਾਰ ਨੂੰ ਬਾਕਾਇਦਾ ਲਿਖਤੀ ਪੱਤਰ ਵੀ ਭੇਜੇ ਜਾ ਚੁੱਕੇ ਹਨ ਜਿਸ ਵਿਚ ਰਾਜੋਆਣਾ ਦਾ ਵੀ ਜ਼ਿਕਰ ਕੀਤਾ ਗਿਆ ਹੈ। ਇਹ ਸਿੱਖ ਕੈਦੀ ਕਈ ਰਾਜਾਂ ਦੀਆਂ ਜੇਲ੍ਹਾਂ ਵਿਚ ਬੰਦ ਹਨ। ਇਨ੍ਹਾਂ ਲਈ ਸਬੰਧਤ 5 ਸੂਬਿਆਂ- ਪੰਜਾਬ, ਗੁਜਰਾਤ, ਹਰਿਆਣਾ, ਕਰਨਾਟਕ ਤੇ ਦਿੱਲੀ ਨੂੰ ਸੂਚਿਤ ਕੀਤਾ ਗਿਆ ਸੀ। ਬੇਅੰਤ ਸਿੰਘ ਕਤਲ ਕੇਸ ਵਿਚ ਪਟਿਆਲਾ ਜੇਲ੍ਹ ਵਿਚ ਬੰਦ ਰਾਜੋਆਣਾ ਫਾਂਸੀ ਦਾ ਸਜ਼ਾ ਯਾਫਤਾ ਕੈਦੀ ਹੈ। ਉਸ ਦੀ ਸਜ਼ਾ ਉਮਰ ਕੈਦ ਵਿਚ ਤਬਦੀਲ ਕਰਨ ਲਈ ਸ਼੍ਰੋਮਣੀ ਅਕਾਲੀ ਦਲ, ਸ਼੍ਰੋਮਣੀ ਕਮੇਟੀ, ਜਥੇਦਾਰ ਅਕਾਲ ਤਖਤ ਸਮੇਤ ਬਹੁਤ ਸਾਰੀਆਂ ਜਥੇਬੰਦੀਆਂ ਵੀ ਕੇਂਦਰ ਕੋਲ ਦਰਖਾਸਤ ਕਰ ਚੁੱਕੀਆਂ ਹਨ।

ਇਹ ਗੱਲ ਲੁਕੀ ਹੋਈ ਨਹੀਂ ਕਿ ਭਾਜਪਾ ਸਰਕਾਰ ਹੁਣ ਤੱਕ ਆਪਣੇ ਸਿਆਸੀ ਨਫੇ-ਨੁਕਸਾਨ ਨੂੰ ਦੇਖ ਕੇ ਹੀ ਫੈਸਲੇ ਕਰਦੀ ਰਹੀ ਹੈ। ਮੋਦੀ ਸਰਕਾਰ ਨੇ ਸਿੱਖ ਕੈਦੀਆਂ ਦੀ ਰਿਹਾਈ ਅਤੇ ਸਿੱਖਾਂ ਨੂੰ ਕਾਲੀ ਸੂਚੀ ਵਿਚੋਂ ਬਾਹਰ ਕਰਨ

(ਬਾਕੀ ਸਫਾ 6 ਉਤੇ)

## ਔਰਤਾਂ ਦੀ ਸੁਰੱਖਿਆ ਦਾ ਮੁੱਦਾ ਫਿਰ ਭਖਿਆ

**ਹੈਦਰਾਬਾਦ:** ਸਾਈਬਰਾਬਾਦ ਇਲਾਕੇ ਵਿਚ 27 ਸਾਲਾ ਵੈਟਰਨਰੀ ਡਾਕਟਰ ਨਾਲ ਜਬਰ ਜਨਾਹ ਪਿੱਛੋਂ ਕਤਲ ਕਰਕੇ ਲਾਸ਼ ਸਾੜਨ ਦੇ ਗੈਰਮਨੁੱਖੀ ਕਾਰੇ ਨਾਲ ਇਨਸਾਨੀਅਤ ਫਿਰ

### ਹੈਦਰਾਬਾਦ ਕਾਂਡ


ਸ਼ਰਮਸਾਰ ਹੋਈ ਹੈ। ਇਸ ਘਟਨਾ ਪਿੱਛੋਂ ਪੂਰੇ ਦੇਸ਼ 'ਚ ਰੋਹ ਦੀ ਲਹਿਰ ਹੈ। ਸੰਸਦ ਤੋਂ ਲੈ ਕੇ ਸੜਕਾਂ ਤੱਕ ਇਹ ਮੁੱਦਾ ਗੂੰਜ ਰਿਹਾ ਹੈ ਤੇ ਔਰਤਾਂ ਨੂੰ ਸੁਰੱਖਿਅਤ ਮਾਹੌਲ ਦੇਣ ਵਿਚ ਸਰਕਾਰੀ ਨਾਕਾਮੀ ਉਤੇ ਸਵਾਲ ਉਠ ਰਹੇ ਹਨ।




ਡਾਕਟਰ ਕੰਮ ਕਰਨ ਪਿਛੋਂ ਆਪਣੇ ਘਰ ਜਾ ਰਹੀ ਸੀ, ਜਦੋਂ ਚਾਰ ਜਣਿਆਂ ਨੇ ਇਸ ਕਾਰੇ ਨੂੰ ਅੰਜਾਮ ਦਿੱਤਾ। ਪਰਿਵਾਰ ਵਾਲੇ ਉਸ ਦੇ ਲਾਪਤਾ ਹੋਣ ਦੀ ਐਫ.ਆਈ.ਆਰ. ਦਰਜ ਕਰਵਾਉਣ ਲਈ ਪੁਲਿਸ ਸਟੇਸ਼ਨ ਗਏ ਪਰ ਪੁਲਿਸ ਨੇ ਸਮੇਂ ਸਿਰ ਕੋਈ ਕਾਰਵਾਈ ਨਾ ਕੀਤੀ। ਪਤਾ ਲੱਗਾ ਹੈ ਕਿ ਲੜਕੀ ਦੇ ਦੁਪਹੀਆ ਵਾਹਨ ਦਾ ਟਾਇਰ ਪੈਂਚਰ ਹੋ ਗਿਆ ਸੀ ਤੇ ਇਸ ਮੌਕੇ ਮਦਦ ਦੀ ਪੇਸ਼ਕਸ਼ ਕਰਨ ਵਾਲਿਆਂ ਨੇ ਇਹ ਘਿਨਾਉਣਾ ਕਾਰਾ ਕੀਤਾ।

ਲਗਭਗ 7 ਕੁ ਸਾਲ ਪਹਿਲਾਂ ਦਿੱਲੀ ਵਿਚ ਇਕ ਚਲਦੀ ਬੱਸ ਵਿਚ ਡਾਕਟਰੀ ਦੀ

(ਬਾਕੀ ਸਫਾ 6 ਉਤੇ)

Tanya`s Beauty Salon

*Threading/Waxing
*Facial (Men & Women)
*Anti-Aging Facial-Bleach
*Hair Cut-Color and Style
We Specialize in Bridal & Henna
85-03 Roosevelt Ave., Jackson Heights, NY 11373
Ph: 718-205-7832

WorldWide Travel, Inc
ਅੱਜ ਹੀ ਕਾਲ ਕਰੋ
24 ਘੰਟੇ ਐਮਰਜੈਂਸੀ ਸੇਵਾ

ਦਿੱਲੀ $895
ਟੈਕਸ ਸਮੇਤ
734 838 9998
Fare shown above is for departure from Jan 15th, 2020 and subject to availability, other conditions apply. Please call for more details

Ad Space
Available
Please call
Ph: 847-359-0746


Tel.: 317-426-5410
Ext 311 or 340
XPressCargo
Cell : 317-701-4230
Fax : 317-308-6424
Pay Every Week
Single upto 42 Cent + Team Upto 50 Cent
100%
OWNER OPERATOR COMPANY
IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)
ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।
• ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
• ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
• ਟਰੱਕ ਦੀ ਲਾਇਸੈਂਸ ਪਲੇਟ
• ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
• ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
• ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ
XPressCargo
ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ
CA >> IN, OH, KY, PA, MD, VA
IN >> KS, TN, WI, MI, KY, IL, GA
ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ
ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ
ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
ਵੀਕਲੀ ਹੋਮ
ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ
Hiring Owner Operators and Drivers
ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।
2330 Enterprise Park Dr., Indianapolis, IN 46218
Online Application @ www.xpresscargoinc.com

# ਸਾਧਵੀ ਪ੍ਰੱਗਿਆ ਨੇ ਲੋਕ ਸਭਾ 'ਚ ਦੋ ਵਾਰ ਮੰਗੀ ਮੁਆਫੀ

**ਨਵੀਂ ਦਿੱਲੀ:** ਮਹਾਤਮਾ ਗਾਂਧੀ ਦੇ ਹਤਿਆਰੇ ਨੱਥੂਰਾਮ ਗੋਡਸੇ ਨੂੰ 'ਦੇਸ਼ ਭਗਤ' ਆਖੇ ਜਾਣ ਤੋਂ ਘਿਰੀ ਭਾਜਪਾ ਆਗੂ ਪ੍ਰੱਗਿਆ ਠਾਕੁਰ ਨੂੰ ਲੋਕ ਸਭਾ 'ਚ ਦੋ ਵਾਰ ਮੁਆਫੀ ਮੰਗਣੀ ਪਈ। ਸਵੇਰੇ ਮੰਗੀ ਗਈ ਮੁਆਫੀ ਨੂੰ ਨਕਾਰਦਿਆਂ ਵਿਰੋਧੀ ਧਿਰ ਨੇ ਕਿਹਾ ਕਿ ਇਹ 'ਬਿਨਾਂ ਸ਼ਰਤ' ਨਹੀਂ ਸੀ ਕਿਉਂਕਿ ਉਸ ਨੇ ਕਾਂਗਰਸ ਆਗੂ ਰਾਹੁਲ ਗਾਂਧੀ ਉਤੇ ਸ਼ਬਦੀ ਹਮਲਾ ਕੀਤਾ ਸੀ।

ਸਪੀਕਰ ਓਮ ਬਿਰਲਾ ਨਾਲ ਸਾਰੀਆਂ ਪਾਰਟੀਆਂ ਦੇ ਆਗੂਆਂ ਦੀ ਮੀਟਿੰਗ ਮਗਰੋਂ ਭੋਪਾਲ ਤੋਂ ਸੰਸਦ ਮੈਂਬਰ ਨੇ ਲੋਕ ਸਭਾ 'ਚ ਦੂਜੀ ਵਾਰ ਮੁਆਫੀ ਮੰਗਦਿਆਂ ਕਿਹਾ ਕਿ 27 ਨਵੰਬਰ



ਨੂੰ ਐਸ.ਪੀ.ਜੀ. (ਸੋਧ) ਬਿੱਲ ਉਤੇ ਬਹਿਸ ਦੌਰਾਨ ਉਸ ਨੇ ਨੱਥੂਰਾਮ ਨੂੰ ਦੇਸ਼ ਭਗਤ ਨਹੀਂ ਆਖਿਆ ਸੀ। 'ਮੈਂ ਤਾਂ ਉਸ ਦਾ ਨਾਮ ਤੱਕ ਨਹੀਂ ਲਿਆ ਸੀ। ਫਿਰ ਵੀ ਜੇਕਰ ਕਿਸੇ ਨੂੰ ਠੇਸ ਪਹੁੰਚੀ ਹੈ ਤਾਂ ਮੈਂ ਅਫਸੋਸ ਜਤਾਉਂਦਿਆਂ ਮੁਆਫੀ ਮੰਗਦੀ ਹਾਂ।' ਉਸ ਦੇ ਸਦਨ 'ਚ ਦਾਖਲ ਹੋਣ ਤੋਂ ਪਹਿਲਾਂ ਸਪੀਕਰ ਨੇ ਕਿਹਾ ਕਿ ਵੱਖ-ਵੱਖ ਪਾਰਟੀਆਂ ਦੇ ਆਗੂਆਂ ਦੀ ਮੀਟਿੰਗ 'ਚ ਬਣੀ ਸਹਿਮਤੀ ਮੁਤਾਬਕ ਪ੍ਰੱਗਿਆ ਬਿਆਨ ਪੜ੍ਹੇਗੀ। ਉਸ ਨੇ ਆਪਣੇ ਦੁਸ਼ਮਣਾਂ ਦਾ ਹਵਾਲਾ ਦਿੰਦਿਆਂ ਬਿਆਨ ਪੜ੍ਹਨਾ ਸ਼ੁਰੂ ਕੀਤਾ ਤਾਂ ਸਪੀਕਰ ਨੇ ਦਖਲ ਦਿੰਦਿਆਂ ਉਸ ਨੂੰ ਪਹਿਲਾਂ ਹੋਏ ਫੈਸਲੇ ਮੁਤਾਬਕ ਬਿਆਨ ਪੜ੍ਹਨ ਲਈ ਕਿਹਾ।

ਯਾਦ ਰਹੇ ਕਿ ਲੋਕ ਸਭਾ ਚੋਣਾਂ ਦੌਰਾਨ ਵੀ ਸਾਧਵੀ ਪ੍ਰੱਗਿਆ ਨੇ ਨੱਥੂਰਾਮ ਗੋਡਸੇ ਦੀ ਤਾਰੀਫ ਕੀਤੀ ਸੀ ਅਤੇ ਉਸ ਵਕਤ ਵੀ ਉਸ ਦੀ ਤਿੱਖੀ ਨੁਕਤਾਚੀਨੀ ਹੋਈ ਸੀ। ਇਸ ਬਾਰੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਵੀ ਬਿਆਨ ਦੇਣਾ ਪਿਆ ਸੀ ਕਿ ਉਹ ਸਾਧਵੀ ਪ੍ਰੱਗਿਆ ਨੂੰ ਕਦੇ ਮੁਆਫ ਨਹੀਂ ਕਰ ਸਕਣਗੇ।

## ਕਾਂਗਰਸ ਨੂੰ ਸਿੱਖ ਵਿਰੋਧੀ ਦੰਗੇ ਚੇਤੇ ਕਰਵਾਏ

**ਭੋਪਾਲ:** ਕਾਂਗਰਸੀ ਵਿਧਾਇਕ ਵੱਲੋਂ ਪ੍ਰੱਗਿਆ ਨੂੰ ਉਸ ਦੇ ਨੱਥੂਰਾਮ ਗੋਡਸੇ ਦੀ ਸ਼ਲਾਘਾ ਕਰਨ ਦੀ ਟਿੱਪਣੀ ਲਈ 'ਸਾੜ' ਦੇਣ ਦੀ ਧਮਕੀ ਦਿੱਤੇ ਜਾਣ ਬਾਅਦ ਭਾਜਪਾ ਸੰਸਦ ਮੈਂਬਰ ਪ੍ਰੱਗਿਆ ਠਾਕੁਰ ਨੇ ਪਲਟਵਾਰ ਕਰਦਿਆਂ ਕਿਹਾ ਕਿ ਕਾਂਗਰਸੀਆਂ ਕੋਲ 1984 ਦੇ ਸਿੱਖ ਕਤਲੇਆਮ ਦੌਰਾਨ ਲੋਕਾਂ ਨੂੰ ਸਾੜਨ ਦਾ 'ਤਜਰਬਾ' ਹੈ।

ਜ਼ਿਕਰਯੋਗ ਹੈ ਕਿ ਪ੍ਰਗਿਆ ਠਾਕੁਰ ਨੇ 27 ਨਵੰਬਰ ਨੂੰ ਲੋਕ ਸਭਾ ਵਿਚ ਵਿਚਾਰ ਵਟਾਂਦਰੇ ਦੌਰਾਨ ਮਹਾਤਮਾ ਗਾਂਧੀ ਦੇ ਕਾਤਲ ਗੋਡਸੇ ਦੀ ਸਿਫਤ ਕਰ ਕੇ ਭਾਜਪਾ ਦੀਆਂ ਮੁਸ਼ਕਲਾਂ ਵਧਾ ਦਿੱਤੀਆਂ ਸਨ। ਮੱਧ ਪ੍ਰਦੇਸ਼ ਦੇ ਬਾਇਓਰਾ ਤੋਂ ਕਾਂਗਰਸੀ ਵਿਧਾਇਕ ਗੋਵਰਧਨ ਡਾਂਗੀ ਨੇ ਧਮਕੀ ਦਿੱਤੀ ਸੀ ਕਿ ਅਸੀਂ ਸਿਰਫ ਪ੍ਰੱਗਿਆ ਦਾ ਪੁਤਲਾ ਹੀ ਨਹੀਂ ਸਾੜਾਂਗੇ, ਜੇਕਰ ਉਹ ਇਥੇ ਆਉਂਦੀ ਹੈ ਤਾਂ ਅਸੀਂ ਉਸ ਨੂੰ ਵੀ ਸਾੜ ਦਿਆਂਗੇ।

# 25 ਸਾਲਾ ਨੌਜਵਾਨ ਵਲੋਂ ਕਿਡਨੀ ਲਈ ਗੁਹਾਰ

**ਸੈਕਰਾਮੈਂਟੋ (ਬਿਊਰੋ):** ਕੈਨੇਡਾ ਵੱਸਦੇ ਪੰਜਾਬੀ ਗਾਇਕ ਹਰਪ੍ਰੀਤ ਰੰਧਾਵਾ ਦਾ ਭਤੀਜਾ ਕਬੀਰਪਾਲ ਸਿੰਘ ਰੰਧਾਵਾ (25 ਸਾਲ) ਕਿਡਨੀਆਂ ਫੇਲ੍ਹ ਹੋਣ ਕਾਰਨ ਜ਼ਿੰਦਗੀ ਦੀ ਲੜਾਈ ਲੜ ਰਿਹਾ ਹੈ। ਉਹ ਪੰਜਾਬ ਦੇ ਪਿੰਡ ਲੱਖਣ ਕਲਾਂ, ਜ਼ਿਲਾ ਕਪੂਰਥਲਾ ਤੋਂ ਹੈ ਅਤੇ ਦੋ ਕੁ ਸਾਲ ਪਹਿਲਾ ਇਥੇ ਆਇਆ ਸੀ ਅਤੇ ਚਾਰ ਮਹੀਨੇ ਬਾਅਦ ਡਾਕਟਰੀ ਚੈਕਅੱਪ ਪਿਛੋਂ ਉਸ ਨੂੰ ਪਤਾ ਲੱਗਾ ਕਿ ਉਸ ਦੀਆਂ ਦੋਵੇਂ ਕਿਡਨੀਆਂ ਫੇਲ੍ਹ ਹੋ ਚੁਕੀਆਂ ਹਨ, ਤੇ ਹੁਣ ਉਸ ਦਾ ਡਾਇਲਿਸਿਸ ਹੁੰਦਾ ਹੈ।

ਕਬੀਰ ਸਿੰਘ ਰੰਧਾਵਾ ਗੁਰਦੇ ਦੀ ਦੁਰਲੱਭ ਬਿਮਾਰੀ ਨਾਲ ਲੜ ਰਿਹਾ ਹੈ ਅਤੇ ਉਸ ਨੂੰ ਸਖਤ ਮਦਦ ਦੀ ਲੋੜ ਹੈ। ਡਾਕਟਰਾਂ ਮੁਤਾਬਕ ਉਸ ਦੇ ਖੂਨ ਦੀਆ ਕਿਸਮਾਂ 'ਓ' ਅਤੇ 'ਬੀ' ਹਨ। ਪੀੜਤ ਕਬੀਰਪਾਲ ਸਿੰਘ ਦੇ ਚਾਚੇ ਹਰਪ੍ਰੀਤ ਰੰਧਾਵਾ ਦਾ ਇਹ ਵੀ ਕਹਿਣਾ ਹੈ ਕਿ ਜੇ ਕੋਈ ਲੋੜਵੰਦ ਪੈਸੇ ਲੈ ਕੇ ਵੀ ਕਿਡਨੀ ਦੇਣਾ ਚਾਹੁੰਦਾ ਹੋਵੇ ਜਾਂ ਕੋਈ



ਕਬੀਰਪਾਲ ਸਿੰਘ ਰੰਧਾਵਾ

ਦਾਨ ਕਰਨਾ ਚਾਹੁੰਦਾ ਹੋਵੇ, ਉਹ ਉਸ ਨਾਲ ਫੋਨ: 916-734-2111 ਜਾਂ ਫੋਨ: 647-771-1890 (ਕੈਨੇਡਾ) ਰਾਹੀਂ ਸੰਪਰਕ ਕਰ ਸਕਦਾ ਹੈ।


# Matrimonials

### ਲੜਕੇ ਦੀ ਲੋੜ ਹੈ

Suitable Ramgariha Sikh match sought for our Beautiful and slim daughter, 28 years, 5'-7", M.Sc. (Botany), Currently enrolled in LPN (US), Working as a Cert. Pharmacy tech at Wal-Mart pharmacy. Residing in Chicago. Pl. Contact: manpreets1211@gmail.com 48-51

Looking for a good match for a Jatt Sikh girl, MSc, MPhil, PhD botany, lecturer in a university in Punjab, age 34, height 5'-4". Please send bio-data to Hargun1900@gmail.com 48-51

### ਲੜਕੇ ਦੀ ਲੋੜ ਹੈ

Wanted suitable boy for US green card holder Jatt Sikh, 25 years, 5'-6" educated girl, doing job in Michigan. Boy should be us citizen or green card holder, Contact, Ph: 734-927-2674 45-48

### ਲੜਕੀ ਦੀ ਲੋੜ ਹੈ

ਸੈਣੀ ਸਿੱਖ ਉਮਰ 33 ਸਾਲ, ਕੱਦ 5'-9" ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ: 319-670-8892 45-48


# 'ਅਤਿਵਾਦੀ' ਵਾਲੇ ਬਿਆਨ 'ਤੇ ਕਾਇਮ ਹਾਂ: ਰਾਹੁਲ

**ਨਵੀਂ ਦਿੱਲੀ:** ਕਾਂਗਰਸ ਆਗੂ ਰਾਹੁਲ ਗਾਂਧੀ ਨੇ ਕਿਹਾ ਕਿ ਉਹ ਟਵਿੱਟਰ 'ਤੇ ਭਾਜਪਾ ਸੰਸਦ ਮੈਂਬਰ ਪ੍ਰੱਗਿਆ ਠਾਕੁਰ ਨੂੰ 'ਅਤਿਵਾਦੀ' ਦੱਸਣ ਵਾਲੇ ਬਿਆਨ ਉਤੇ ਕਾਇਮ ਹਨ। ਉਨ੍ਹਾਂ ਕਿਹਾ ਕਿ ਉਹ ਆਪਣੇ ਖਿਲਾਫ ਹੋਣ ਵਾਲੀ ਕਿਸੇ ਵੀ ਕਾਰਵਾਈ ਦਾ ਸਾਹਮਣਾ ਕਰਨ ਲਈ ਤਿਆਰ ਹਨ। ਉਨ੍ਹਾਂ ਦਾਅਵਾ ਕੀਤਾ ਕਿ ਪ੍ਰੱਗਿਆ, ਨੱਥੂਰਾਮ ਗੋਡਸੇ ਵਾਂਗ ਹਿੰਸਾ 'ਚ ਯਕੀਨ ਕਰਦੀ ਹੈ।



ਭਾਜਪਾ ਵੱਲੋਂ ਉਨ੍ਹਾਂ ਖਿਲਾਫ ਕਾਰਵਾਈ ਦੀ ਮੰਗ ਬਾਰੇ ਰਾਹੁਲ ਨੇ ਕਿਹਾ ਕਿ ਇਸ 'ਚ ਕੋਈ ਦਿੱਕਤ ਨਹੀਂ ਹੈ, ਉਹ ਜੋ ਕੁਝ ਕਰਨਾ ਚਾਹੁੰਦੇ ਹਨ, ਉਸ ਦਾ ਸਵਾਗਤ ਹੈ।


# ਤੰਦੂਰੀਏ, ਕੁੱਕ ਅਤੇ ਵੇਟਰ ਦੀ ਲੋੜ ਹੈ

ਇੰਡੀਅਨ-ਅਮੈਰਿਕਨ ਰੈਸਟੋਰੈਂਟ (ਮਿੱਤਰਾਂ ਦਾ ਢਾਬਾ) ਲਈ ਤੰਦੂਰੀਏ, ਕੁੱਕ ਅਤੇ ਵੇਟਰ ਦੀ ਲੋੜ ਹੈ।

(ਨਾਰਥ ਇੰਡੀਅਨ ਫੂਡ ਲਈ ਸਪੈਸ਼ਲ)

ਚੰਗੀ ਤਨਖਾਹ ਅਤੇ ਹੋਰ ਸਹੂਲਤਾਂ

ਕਿਰਪਾ ਕਰਕੇ ਪੱਕੇ ਪੇਪਰ ਵਾਲੇ ਹੀ ਸੰਪਰਕ ਕਰਨ

ਫੋਨ: 317-786-1022

ਜਾਂ 317-782-4547

48-52


## ਭਾਰਤੀ ਮੂਲ ਦੇ ਭਰਾਵਾਂ ਨੇ ਨਸ਼ਾ ਤਸਕਰੀ ਦਾ ਜੁਰਮ ਕਬੂਲਿਆ

**ਲੰਡਨ:** ਭਾਰਤੀ ਮੂਲ ਦੇ ਦੋ ਭਰਾਵਾਂ ਮਨਜਿੰਦਰ ਸਿੰਘ ਤੱਖੜ ਅਤੇ ਦਵਿੰਦਰ ਸਿੰਘ ਤੱਖੜ ਨੇ ਨੀਦਰਲੈਂਡ ਤੋਂ ਚਿਕਨ ਬਰਾਮਦ ਦੀ ਆੜ 'ਚ ਲੱਖਾਂ ਪੌਂਡ ਦੇ ਨਸ਼ਿਆਂ ਦੀ ਤਸਕਰੀ ਦਾ ਜੁਰਮ ਕਬੂਲਿਆ ਹੈ। ਯੂਕੇ ਦੀ ਨੈਸ਼ਨਲ ਕ੍ਰਾਈਮ ਏਜੰਸੀ ਵੱਲੋਂ ਕੀਤੀ ਗਈ ਜਾਂਚ ਮਗਰੋਂ ਦੋਵੇਂ ਭਰਾ ਫੜੇ ਗਏ ਅਤੇ ਹੁਣ ਉਨ੍ਹਾਂ ਨੂੰ ਅਗਲੇ ਸਾਲ ਜਨਵਰੀ 'ਚ ਸਜ਼ਾ ਸੁਣਾਈ ਜਾਵੇਗੀ। ਬਰਮਿੰਘਮ ਆਧਾਰਿਤ ਸੰਗਠਿਤ ਅਪਰਾਧ ਗਰੁੱਪ ਦੇ ਦੋ ਸਰਗਨਿਆਂ ਵਸੀਮ ਹੁਸੈਨ ਅਤੇ ਨਜ਼ਰਤ ਹੁਸੈਨ ਨੂੰ ਬਰਮਿੰਘਮ ਕ੍ਰਾਊਨ ਅਦਾਲਤ ਨੇ ਇਸ ਹਫਤੇ 44 ਸਾਲ ਦੀ ਸਜ਼ਾ ਸੁਣਾਈ ਹੈ। ਗਰੋਹ 'ਤੇ ਦੋਸ਼ ਹੈ ਕਿ ਉਹ ਹਥਿਆਰਾਂ ਦੀ ਤਸਕਰੀ 'ਚ ਵੀ ਸ਼ਾਮਲ ਸੀ। ਨੀਦਰਲੈਂਡ ਪੁਲਿਸ ਦੀ ਸਹਾਇਤਾ ਨਾਲ ਤਸਕਰੀ ਦਾ ਪਰਦਾਫਾਸ਼ ਹੋਇਆ ਹੈ। ਤਿੰਨ ਮੌਕਿਆਂ 'ਤੇ ਚਿਕਨ ਦੀ ਖੇਪ 'ਚ ਲੁਕਾ ਕੇ ਰੱਖੀ ਗਈ ਕਰੀਬ 50 ਲੱਖ ਪੌਂਡ ਦੀ ਹੈਰੋਇਨ ਅਤੇ ਕੋਕੀਨ ਬਰਾਮਦ ਕੀਤੀ ਗਈ ਸੀ।


# ਰੈਸਟੋਰੈਂਟ ਸਟਾਫ ਦੀ ਲੋੜ ਹੈ

ਹਿਊਸਟਨ (ਟੈਕਸਸ) ਵਿਚ ਭਾਰਤੀ ਰੈਸਟੋਰੈਂਟ ਲਈ ਮਿਠਾਈਆਂ ਬਣਾਉਣ ਵਾਲੇ ਕਾਰੀਗਰ (ਹਲਵਾਈ), ਤੰਦੂਰੀਏ ਤੇ ਵੈਜੀਟੇਰੀਅਨ ਬਫੇ (ਨਾਰਥ ਐਂਡ ਸਾਊਥ ਇੰਡੀਅਨ) ਬਣਾਉਣ ਵਾਲੇ ਸ਼ੈਫ ਦੀ ਲੋੜ ਹੈ।

ਚੰਗੀ ਤਨਖਾਹ ਅਤੇ ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ

ਸੰਪਰਕ ਕਰੋ

ਮੁਖਤਿਆਰ ਸਿੰਘ, ਫੋਨ: 713-884-9547

ਸੁਖਦੇਵ ਸਿੰਘ, ਫੋਨ: 832-724-1635

22+

# ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

**Gurdip Singh Sandhu**

Homeopathic Practitioner/Consultant Since 1973

DHMS-Gold Medalist, BAMS, MDEh.- India

**Well Experienced as:**

Director, Principal, Professor and Chief Medical Officer in Medical Colleges and Hospitals of Punjab (India)

Practice Under State of California Act SB 577

**EX Member:** The California Homeopathic Society

National Center For Homeopathy- USA



*Gurdip Singh Sandhu*

***Live on Jas TV***

**Saturday 9:30AM and Sunday 4PM (Pacific Time)**

Email: Homeomedicine@yahoo.com

**7021 Village Park Way, Dublin, CA 94568**

# Michigan Truck Driving School

**6405 Middlebelt Road, Romulus, MI 48174**

ਖੁਸ਼ਖਬਰੀ! ਖੁਸ਼ਖਬਰੀ!! ਖੁਸ਼ਖਬਰੀ!!!

ਹੁਣ 48 ਸਟੇਟਾਂ ਵਿਚ ਮਨਜ਼ੂਰਸ਼ੁਦਾ




*ਆਪਣੀ ਸਟੇਟ ਤੋਂ ਲਰਨਿੰਗ ਪਰਮਿਟ ਲੈ ਕੇ ਆਓ ਤੇ ਉਸੇ ਸਟੇਟ ਦਾ ਡਰਾਈਵਿੰਗ ਲਾਇਸੈਂਸ ਲਓ

*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਈਵਰ ਬਣੋ

Raj Jamarai **Cell:734-644-1010** Office:734-747-4298

# ਕਾਂਗਰਸ ਦੇ 'ਬਾਗੀ' ਵਿਧਾਇਕਾਂ ਵੱਲੋਂ ਵੱਡਾ ਮੋਰਚਾ ਖੋਲ੍ਹਣ ਦੇ ਸੰਕੇਤ

**ਪਟਿਆਲਾ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਜ਼ਿਲ੍ਹੇ ਪਟਿਆਲਾ ਨਾਲ ਸਬੰਧਤ ਕਾਂਗਰਸ ਦੇ ਨਾਰਾਜ਼ ਚਾਰੇ ਕਾਂਗਰਸੀ ਵਿਧਾਇਕਾਂ ਨੇ ਇੰਸਪੈਕਟਰ ਵਿਜੈ ਕੁਮਾਰ ਉਤੇ ਰਿਸ਼ਵਤ ਸਬੰਧੀ ਦਰਜ ਕੇਸ ਦੀ ਜਾਂਚ ਲਈ ਆਈ.ਜੀ. ਕੁੰਵਰ ਵਿਜੈ ਪ੍ਰਤਾਪ ਦੀ ਅਗਵਾਈ ਹੇਠਾਂ ਸਿਟ ਬਣਾਉਣ ਦੀ ਮੰਗ ਕੀਤੀ ਹੈ, ਜਿਸ ਸਬੰਧੀ ਉਹ ਡੀ.ਜੀ.ਪੀ. ਨੂੰ ਪੱਤਰ ਲਿਖਣਗੇ। ਉਨ੍ਹਾਂ ਕਿਹਾ ਕਿ ਜਾਂਚ ਦੌਰਾਨ ਹੀ ਸਪੱਸ਼ਟ ਹੋਵੇਗਾ ਕਿ ਉਸ ਨੇ ਕਿਥੋਂ-ਕਿਥੋਂ ਪੈਸਾ ਲਿਆ ਤੇ ਕਿਥੇ ਭੇਜਿਆ। ਵਿਧਾਇਕਾਂ ਨੇ ਪਟਿਆਲਾ ਦੇ ਐਸ.ਡੀ.ਐਮ. ਵੱਲੋਂ ਰਿਸ਼ਵਤ ਮੰਗਣ ਦੇ ਮਾਮਲੇ ਦੀ ਡੀ.ਸੀ. ਵੱਲੋਂ ਸਰਕਾਰ ਨੂੰ ਭੇਜੀ ਗਈ ਜਾਂਚ ਰਿਪੋਰਟ ਵੀ ਨਸ਼ਰ ਕਰਨ ਉਤੇ ਜ਼ੋਰ ਦਿੱਤਾ।



ਹਰਦਿਆਲ ਸਿੰਘ ਕੰਬੋਜ, ਨਿਰਮਲ ਸਿੰਘ ਸ਼ੁਤਰਾਣਾ, ਮਦਨ ਲਾਲ ਜਲਾਲਪੁਰ ਅਤੇ ਕਾਕਾ ਰਾਜਿੰਦਰ ਸਿੰਘ (ਸਾਰੇ ਵਿਧਾਇਕਾਂ) ਨੇ ਇਹ ਮੁੱਦੇ ਵਿਧਾਇਕ ਰਾਜਿੰਦਰ ਸਿੰਘ ਦੀ ਰਿਹਾਇਸ਼ ਉਤੇ ਕੀਤੀ ਸਾਂਝੀ ਪ੍ਰੈੱਸ ਕਾਨਫਰੰਸ ਦੌਰਾਨ ਉਠਾਏ। ਵਿਧਾਇਕਾਂ ਕਿਹਾ ਕਿ ਕਿ ਉਨ੍ਹਾਂ ਵੱਲੋਂ ਜ਼ਿਲ੍ਹਾ ਸ਼ਿਕਾਇਤ ਨਿਵਾਰਨ ਕਮੇਟੀ ਦੀ ਮੀਟਿੰਗ 'ਚ ਉਠਾਏ ਗਏ ਸਾਰੇ ਮੁੱਦੇ ਸਹੀ ਸਾਬਤ ਹੋ ਰਹੇ ਹਨ। ਜ਼ਿਲ੍ਹੇ 'ਚ ਭ੍ਰਿਸ਼ਟਾਚਾਰ ਫੈਲਿਆ ਹੋਣ ਦਾ ਮੁੱਦਾ ਚੁੱਕਣ ਦੇ ਹਵਾਲੇ ਨਾਲ ਉਨ੍ਹਾਂ ਕਿਹਾ ਕਿ ਇੰਸਪੈਕਟਰ ਵਿਜੈ ਕੁਮਾਰ ਉਤੇ ਕੇਸ ਦਰਜ ਹੋਇਆ ਹੈ। ਭਾਦਸੋਂ ਥਾਣੇ ਦਾ ਮੁਖੀ ਵੀਹ ਹਜ਼ਾਰ ਲੈਂਦਾ ਫੜਿਆ ਗਿਆ। ਸੀ.ਆਈ.ਏ. ਰਾਜਪੁਰਾ ਦੇ ਇੰਚਾਰਜ ਅਤੇ ਦੋ ਥਾਣੇਦਾਰਾਂ ਦੀ ਨਸ਼ੀਲੀਆਂ ਗੋਲੀਆਂ ਦਾ ਮਾਮਲਾ ਰਫਾ ਦਫਾ ਕਰਨ 'ਚ ਸ਼ਮੂਲੀਅਤ ਪੁਲਿਸ ਜਾਂਚ ਦੌਰਾਨ ਹੀ ਸਾਹਮਣੇ ਆ ਚੁੱਕੀ ਹੈ। ਸਰਪੰਚ ਉਤੇ ਹਮਲੇ ਸਬੰਧੀ ਕੇਸ 'ਚ ਖੇੜੀਗੰਡਿਆਂ ਦੇ ਥਾਣਾ ਮੁਖੀ ਦੀ ਢਿੱਲਮੱਠ ਸਾਬਤ ਹੋ ਚੁੱਕੀ ਹੈ।

ਇਸੇ ਦੌਰਾਨ ਉਨ੍ਹਾਂ ਪਟਿਆਲਾ ਸਮੇਤ ਹੋਰ ਥਾਈਂ ਮੌਜੂਦ ਮੁੱਖ ਮੰਤਰੀ ਦੇ ਕੁਝ ਓ.ਐਸ.ਡੀਜ਼. ਦੀ ਭੂਮਿਕਾ ਉਤੇ ਵੀ ਸਵਾਲ ਉਠਾਏ ਤੇ ਨਾਲ ਹੀ ਸਰਕਾਰ ਨੂੰ ਅਫਸਰਸ਼ਾਹੀ ਵੱਲੋਂ ਚਲਾਏ ਜਾਣ ਦੀ ਗੱਲ ਵੀ ਆਖ ਦਿੱਤੀ। ਉਨ੍ਹਾਂ ਕਿਹਾ ਕਿ ਉਠਾਏ ਗਏ ਮਾਮਲਿਆਂ ਨੂੰ ਲੈ ਕੇ ਮੁੱਖ ਮੰਤਰੀ ਵੱਲੋਂ ਅਜੇ ਤੱਕ ਕੋਈ ਬੁਲਾਵਾ ਨਹੀਂ ਆਇਆ। ਮੁੱਖ ਮੰਤਰੀ ਦੇ ਸਿਆਸੀ ਸਲਾਹਕਾਰ ਕੈਪਟਨ ਸੰਦੀਪ ਸਿੰਘ ਸੰਧੂ ਵੱਲੋਂ ਕੋਈ ਸੁਨੇਹਾ ਭੇਜੇ ਜਾਣ ਦੀ ਗੱਲ ਉਤੇ ਹਰਦਿਆਲ ਕੰਬੋਜ ਨੇ ਕੈਪਟਨ ਸੰਧੂ ਨੂੰ ਇਕ 'ਕਲਰਕ' ਦੱਸਦਿਆਂ ਕਿਹਾ ਕਿ ਉਹ ਉਸ ਦੇ ਸੁਨੇਹੇ ਉਤੇ ਨਹੀਂ ਜਾਣਗੇ, ਸਿਰਫ ਪਾਰਟੀ ਪ੍ਰਧਾਨ ਸੁਨੀਲ ਜਾਖੜ ਦੇ ਸੁਨੇਹੇ ਨੂੰ ਅਹਿਮੀਅਤ ਦਿੱਤੀ ਜਾਵੇਗੀ।

ਵਿਧਾਇਕ ਨਿਰਮਲ ਸਿੰਘ ਵੱਲੋਂ ਮੁੱਖ ਮੰਤਰੀ ਦੀ ਕੋਠੀ ਅੱਗੇ ਧਰਨਾ ਮਾਰਨ ਦੇ ਮਾਮਲੇ 'ਚ ਬਾਕੀ ਤਿੰਨਾਂ ਵਿਧਾਇਕਾਂ ਨੇ ਉਨ੍ਹਾਂ ਦੇ ਨਾਲ ਹੋਣ ਸਣੇ ਭ੍ਰਿਸ਼ਟਾਚਾਰ ਸਬੰਧੀ ਮੁੱਦੇ ਵਿਧਾਨ ਸਭਾ 'ਚ ਉਠਾਉਣ ਦੀ ਗੱਲ ਕਰਦਿਆਂ ਮੁੱਖ ਮੰਤਰੀ ਨਾਲ ਕੋਈ ਵੀ ਨਾਰਾਜ਼ਗੀ ਨਾ ਦੀ ਗੱਲ ਵੀ ਕਹੀ। ਵਿਧਾਇਕਾਂ ਨੇ ਪੰਜਾਬ ਦੇ ਹੋਰ ਕਾਂਗਰਸੀ ਵਿਧਾਇਕਾਂ ਦੇ ਵੀ ਅਫਸਰਸ਼ਾਹੀ ਤੋਂ ਔਖੇ ਹੋਣ ਵੱਲ ਇਸ਼ਾਰਾ ਕਰਦਿਆਂ, ਕਿਹਾ ਕਿ 'ਭ੍ਰਿਸ਼ਟ ਅਫ਼ਸਰਸ਼ਾਹੀ' ਖਿਲਾਫ ਮੁੱਦਾ ਉਠਾਉਣ ਉਤੇ ਸ਼ਲਾਘਾ ਵਜੋਂ ਉਨ੍ਹਾਂ ਨੂੰ ਪੰਜਾਬ 'ਚੋਂ ਲੋਕ ਸਭਾ

## ਹਲਕੇ ਦੇ ਵਿਕਾਸ ਲਈ ਬੋਲਣਾ ਮਾੜੀ ਗੱਲ ਨਹੀਂ: ਸ਼ੁਤਰਾਣਾ

**ਸ਼ੁਤਰਾਣਾ:** ਹਲਕਾ ਸ਼ੁਤਰਾਣਾ ਤੋਂ ਕਾਂਗਰਸੀ ਵਿਧਾਇਕ ਨਿਰਮਲ ਸਿੰਘ ਸ਼ੁਤਰਾਣਾ ਨੇ ਕਿਹਾ ਕਿ ਆਪਣੇ ਹਲਕੇ ਦੇ ਵਿਕਾਸ ਅਤੇ ਲੋਕਾਂ ਦੇ ਕੰਮਾਂ ਲਈ ਬੋਲਣਾ ਮਾੜੀ ਗੱਲ ਨਹੀਂ ਤੇ ਲੋਕਾਂ ਦੀ ਆਵਾਜ਼ ਬਣ ਕੇ ਮੈਂ ਅੱਗੇ ਵੀ ਬੋਲਦਾ ਰਹਾਂਗਾ। ਉਨ੍ਹਾਂ ਕਿਹਾ ਕਿ ਚੁਣੇ ਹੋਏ ਨੁਮਾਇੰਦੇ ਲੋਕਾਂ ਦੀਆਂ ਸਮੱਸਿਆਵਾਂ ਹੱਲ ਕਰਨ ਲਈ ਹੁੰਦੇ ਹਨ ਪਰ ਜੇ ਅਫਸਰਸ਼ਾਹੀ ਕੰਮ ਨਾ ਕਰੇ ਤਾਂ ਮੁਸ਼ਕਲਾਂ ਖੜ੍ਹੀਆਂ ਹੁੰਦੀਆਂ ਹਨ। ਸ਼ੁਤਰਾਣਾ ਨੇ ਕਿਹਾ ਕਿ ਵਿਧਾਇਕ ਹਰਦਿਆਲ ਸਿੰਘ ਕੰਬੋਜ ਹਲਕਾ ਰਾਜਪੁਰਾ, ਮਦਨ ਲਾਲ ਜਲਾਲਪੁਰ ਹਲਕਾ ਘਨੌਰ, ਰਾਜਿੰਦਰ ਸਿੰਘ ਹਲਕਾ ਸਮਾਣਾ ਤੇ ਉਹ ਖੁਦ ਪੂਰੀ ਤਰ੍ਹਾਂ ਇਕਜੁੱਟ ਹਨ। ਉਨ੍ਹਾਂ ਕਿਹਾ ਕਿ ਉਹ ਆਪਣੇ ਹਲਕੇ ਦੇ ਵਿਕਾਸ ਕਾਰਜਾਂ ਨੂੰ ਤਰਜੀਹ ਦੇਣਗੇ, ਕਿਸੇ ਵੀ ਕੰਮ ਵਿਚ ਅਫਸਰਸ਼ਾਹੀ ਨੂੰ ਅੜਿੱਕਾ ਨਹੀਂ ਪਾਉਣ ਦੇਣਗੇ, ਭਾਵੇਂ ਉਨ੍ਹਾਂ ਨੂੰ ਆਪਣੀ ਕੁਰਬਾਨੀ ਹੀ ਕਿਉਂ ਨਾ ਦੇਣੀ ਪਵੇ।

## 'ਆਪ' ਵੱਲੋਂ ਬਾਗੀ ਕਾਂਗਰਸੀਆਂ ਨੂੰ ਸਰਕਾਰ ਬਣਾਉਣ ਲਈ ਸਮਰਥਨ ਦੀ ਪੇਸ਼ਕਸ਼

**ਸੰਗਰੂਰ:** ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਤੇ ਵਿਧਾਇਕ ਅਮਨ ਅਰੋੜਾ ਨੇ ਕਾਂਗਰਸ ਦੇ ਨਾਰਾਜ਼ ਚੱਲ ਰਹੇ 4 ਵਿਧਾਇਕਾਂ ਹਰਦਿਆਲ ਸਿੰਘ ਕੰਬੋਜ, ਮਦਨ ਲਾਲ ਜਲਾਲਪੁਰ, ਨਿਰਮਲ ਸਿੰਘ ਸ਼ੁਤਰਾਣਾ ਅਤੇ ਕਾਕਾ ਰਜਿੰਦਰ ਸਿੰਘ ਦੇ ਨਾਲ-ਨਾਲ ਕਾਂਗਰਸ ਦੇ 40 ਵਿਧਾਇਕਾਂ ਨੂੰ ਸੱਦਾ ਦਿੱਤਾ ਹੈ ਕਿ ਉਹ ਭ੍ਰਿਸ਼ਟਾਚਾਰ ਵਿਰੁੱਧ ਪੰਜਾਬ 'ਚ ਨਵੀਂ ਸਰਕਾਰ ਦਾ ਗਠਨ ਕਰਨ ਅਤੇ 'ਆਪ' ਦੇ 19 ਵਿਧਾਇਕਾਂ ਦਾ ਉਨ੍ਹਾਂ ਨੂੰ ਸਮਰਥਨ ਮਿਲੇਗਾ। ਉਨ੍ਹਾਂ ਕਿਹਾ ਕਿ ਨਵਜੋਤ ਸਿੰਘ ਸਿੱਧੂ ਨੂੰ ਵੀ ਇਸ ਸਮਰਥਨ ਲਈ ਤਿਆਰ ਕਰ ਲਿਆ ਜਾਵੇਗਾ। ਇੰਜ 117 ਮੈਂਬਰੀ ਵਿਧਾਨ ਸਭਾ ਵਿਚ ਸਰਕਾਰ ਬਣਾਉਣ ਲਈ 59 ਵਿਧਾਇਕਾਂ ਦੀ ਲੋੜ ਹੈ ਪਰ ਇਸ ਸਾਰੇ ਗੱਠਜੋੜ ਨਾਲ 60 ਵਿਧਾਇਕ ਤਿਆਰ ਹੋ ਜਾਣਗੇ। ਅਰੋੜਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਇਸ ਸੰਭਾਵਤ ਸਰਕਾਰ 'ਚ ਸ਼ਾਮਲ ਨਹੀਂ ਹੋਵੇਗੀ ਸਗੋਂ ਸਰਕਾਰ ਬਣਾਉਣ ਲਈ ਪੂਰਾ ਸਹਿਯੋਗ ਦੇਵੇਗੀ। ਉਨ੍ਹਾਂ ਮੰਨਿਆ ਕਿ ਕਾਂਗਰਸੀ ਵਿਧਾਇਕ ਉਨ੍ਹਾਂ ਦੇ ਸੰਪਰਕ 'ਚ ਹਨ।

# ਨਾਜਾਇਜ਼ ਕਬਜ਼ੇ: ਪੰਜਾਬ ਵਿਚ ਭੂ-ਮਾਫੀਆ ਨੂੰ ਮਿਲੀ ਖੁੱਲ੍ਹੀ ਛੁੱਟੀ

**ਚੰਡੀਗੜ੍ਹ:** ਭੂ-ਮਾਫੀਆ ਵੱਲੋਂ ਨੱਪੀ ਸੰਪਤੀ ਦੇ ਮਾਮਲੇ 'ਚ ਦੇਸ਼ ਭਰ ਵਿਚੋਂ ਪੰਜਾਬ 'ਨੰਬਰ ਇਕ' ਸੂਬਾ ਬਣਿਆ ਹੈ। ਪ੍ਰਾਈਵੇਟ ਲੋਕਾਂ/ਸੰਸਥਾਵਾਂ ਵੱਲੋਂ ਸਭ ਤੋਂ ਵੱਧ ਵਕਫ ਬੋਰਡ ਦੀ ਸੰਪਤੀ ਪੰਜਾਬ ਵਿਚ ਨੱਪੀ ਗਈ ਹੈ। ਸਿਆਸੀ ਪਹੁੰਚ ਵਾਲੇ ਕਈ ਵਿਅਕਤੀਆਂ ਨੇ ਵੱਡੇ ਕਾਰੋਬਾਰ ਇਨ੍ਹਾਂ ਜ਼ਮੀਨਾਂ 'ਤੇ ਹੀ ਖੜ੍ਹੇ ਕੀਤੇ ਹਨ। ਸਰਕਾਰੀ ਵਿਭਾਗ ਵੀ ਇਸ ਮਾਮਲੇ 'ਚ ਪਿੱਛੇ ਨਹੀਂ ਰਹੇ।

ਸਰਕਾਰੀ ਤੇ ਪ੍ਰਾਈਵੇਟ ਨਾਜਾਇਜ਼ ਕਬਜ਼ਿਆਂ 'ਉਤੇ ਝਾਤ ਮਾਰੀਏ ਤਾਂ ਕਰੀਬ 10,864 ਜਾਇਦਾਦਾਂ ਨੱਪੀਆਂ ਹੋਈਆਂ ਹਨ। 235 ਜਾਇਦਾਦਾਂ ਉਤੇ ਰਾਜ ਸਰਕਾਰ ਅਤੇ 26 'ਤੇ ਕੇਂਦਰ ਸਰਕਾਰ ਦੇ ਨਾਜਾਇਜ਼ ਕਬਜ਼ੇ ਹਨ। 198 ਪਿੰਡਾਂ ਵਿਚ ਗਰਾਮ ਪੰਚਾਇਤਾਂ ਦੇ ਕਬਜ਼ੇ ਹਨ। 1391 ਜਾਇਦਾਦਾਂ ਉਤੇ ਗੁਰਦੁਆਰੇ ਅਤੇ 144 'ਤੇ ਮੰਦਰ ਬਣੇ ਹੋਏ ਹਨ।

ਕੇਂਦਰੀ ਘੱਟ ਗਿਣਤੀ ਮੰਤਰਾਲੇ ਨੇ ਖੁਲਾਸਾ ਕੀਤਾ ਹੈ ਕਿ ਪੰਜਾਬ ਵਿਚ ਵਕਫ ਬੋਰਡ ਦੀ ਸੰਪਤੀ ਉਤੇ ਸਭ ਤੋਂ ਵੱਧ ਨਾਜਾਇਜ਼ ਕਬਜ਼ੇ ਹਨ। ਇਸ ਸੰਪਤੀ ਦੀ ਕੀਮਤ ਅਰਬਾਂ ਰੁਪਏ ਬਣਦੀ ਹੈ। ਦੱਸਿਆ ਗਿਆ ਹੈ ਕਿ ਪੰਜਾਬ 'ਚ ਵਕਫ ਬੋਰਡ ਦੀਆਂ 5610 ਸੰਪਤੀਆਂ ਉਤੇ ਪ੍ਰਾਈਵੇਟ ਸੰਸਥਾਵਾਂ ਤੇ ਕੁਝ ਲੋਕਾਂ ਨੇ ਗੈਰਕਾਨੂੰਨੀ ਕਬਜ਼ੇ ਕੀਤੇ ਹੋਏ ਹਨ। ਮੱਧ ਪ੍ਰਦੇਸ਼ ਵਿਚ 3240 ਅਤੇ ਪੱਛਮੀ ਬੰਗਾਲ ਵਿਚ 3082 ਸੰਪਤੀਆਂ ਉਤੇ ਨਾਜਾਇਜ਼ ਕਬਜ਼ੇ ਹਨ, ਜੋ ਦੇਸ਼ ਵਿਚੋਂ ਦੂਜੇ ਤੇ ਤੀਜੇ ਨੰਬਰ ਉਤੇ ਹਨ। ਇਸੇ ਤਰ੍ਹਾਂ ਹਰਿਆਣਾ ਰਾਜ ਵਿਚ 753, ਰਾਜਸਥਾਨ ਵਿਚ 164, ਮਹਾਰਾਸ਼ਟਰ ਵਿਚ 81, ਬਿਹਾਰ 'ਚ 180 ਅਤੇ ਤਾਮਿਲਨਾਡੂ ਵਿਚ 1335 ਸੰਪਤੀਆਂ ਉਤੇ ਨਾਜਾਇਜ਼ ਕਬਜ਼ੇ ਹਨ। ਉਂਜ ਦੇਸ਼ ਭਰ ਵਿਚ 5.94 ਲੱਖ ਵਕਫ ਸੰਪਤੀਆਂ ਦੀ ਸ਼ਨਾਖਤ ਹੋਈ ਹੈ, ਜਿਨ੍ਹਾਂ ਵਿਚੋਂ 24,540 ਇਕੱਲੇ ਪੰਜਾਬ ਵਿਚ ਹਨ। ਬਠਿੰਡਾ ਸ਼ਹਿਰ ਵਿਚ ਕਾਂਗਰਸ ਅਤੇ ਅਕਾਲੀ ਦਲ ਨਾਲ ਸਬੰਧਤ ਕਈ ਵਿਅਕਤੀਆਂ ਨੇ ਵਕਫ ਬੋਰਡ ਦੀ ਸੰਪਤੀ ਨੱਪ ਕੇ ਕਾਰੋਬਾਰ ਖੜ੍ਹੇ ਕੀਤੇ ਹਨ। ਪੂਰੇ ਪੰਜਾਬ 'ਚ ਇਹ ਧੰਦਾ ਚੱਲ ਰਿਹਾ ਹੈ।

ਵਕਫ ਬੋਰਡ ਦੇ ਰਾਖੇ ਖੁਦ ਸਰਕਾਰੀ ਹੱਥਾਂ ਵਿਚ ਖੇਡਦੇ ਹਨ। ਜੁਨੈਦ ਰਜ਼ਾ ਖਾਨ ਇਸ ਵੇਲੇ ਪੰਜਾਬ ਵਕਫ ਬੋਰਡ ਦੇ ਚੇਅਰਮੈਨ ਹਨ, ਜੋ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਕਰੀਬੀ ਦੱਸੇ ਜਾ ਰਹੇ ਹਨ। ਪੰਜਾਬ ਵਿਚ ਵਕਫ ਬੋਰਡ ਦੇ 16 ਦਫਤਰ ਤੇ ਨਾਮਜ਼ਦ ਕੀਤੇ 9 ਮੈਂਬਰ ਹਨ। ਬੋਰਡ ਦੇ ਮੈਂਬਰ ਸਾਜਿਦ ਹੁਸੈਨ ਨੇ ਦੱਸਿਆ ਕਿ ਵਕਫ ਸੰਪਤੀ ਉਤੇ ਸਿਆਸੀ ਧਿਰਾਂ ਨਾਲ ਜੁੜੇ ਵਿਅਕਤੀਆਂ ਨੇ ਨਾਜਾਇਜ਼ ਕਬਜ਼ੇ ਜਮਾਏ ਹਨ, ਜਿਸ ਵਿਚ ਵਕਫ ਬੋਰਡ ਦੇ ਅਫਸਰਾਂ ਤੇ ਮੁਲਾਜ਼ਮਾਂ ਦੀ ਵੀ ਭੂਮਿਕਾ ਹੁੰਦੀ ਹੈ। ਸਰਕਾਰ ਨੇ ਹੁਣ ਪੰਜ ਵਿਸ਼ੇਸ਼ ਟ੍ਰਿਬਿਊਨਲ ਬਣਾਏ ਹਨ ਤਾਂ ਜੋ ਵਕਫ ਪ੍ਰਾਪਰਟੀ ਨੂੰ ਸੁਰੱਖਿਅਤ ਰੱਖਿਆ ਜਾ ਸਕੇ। ਵਕਫ ਐਕਟ 1995, ਜਿਸ ਵਿਚ ਸਾਲ 2013 ਵਿਚ ਸੋਧ ਕੀਤੀ ਗਈ ਹੈ, ਤਹਿਤ 'ਸਟੇਟ ਵਕਫ਼ ਬੋਰਡਜ਼' ਨੂੰ ਵਕਫ ਸੰਪਤੀ ਦੀ ਰਖਵਾਲੀ ਅਤੇ ਕਬਜ਼ੇ ਹਟਾਉਣ ਦੇ ਅਧਿਕਾਰ ਦਿੱਤੇ ਗਏ ਹਨ। ਨਵੀਂ ਸੋਧ ਵਿਚ ਬੋਰਡਾਂ ਨੂੰ ਵਧੇਰੇ ਤਾਕਤਵਰ ਬਣਾਇਆ ਗਿਆ ਹੈ।

ਸੂਤਰਾਂ ਅਨੁਸਾਰ ਸਿਆਸੀ ਧਿਰਾਂ ਨਾਲ ਸਬੰਧਤ ਵਿਅਕਤੀਆਂ ਨੇ ਵੱਡੇ ਸ਼ਹਿਰਾਂ ਵਿਚ ਵਕਫ ਸੰਪਤੀਆਂ ਉਤੇ ਸ਼ੋਅ ਰੂਮ ਬਣਾਏ ਹਨ। ਪੰਜਾਬ ਭਰ 'ਚੋਂ ਕਰੀਬ 518 ਜਾਇਦਾਦਾਂ ਦੇ ਕੇਸ ਅਦਾਲਤਾਂ ਵਿਚ ਵੀ ਚੱਲ ਰਹੇ ਹਨ। ਕਈ ਮਾਮਲਿਆਂ 'ਚ ਜਦੋਂ ਵਕਫ ਬੋਰਡ ਕੋਈ ਕੇਸ ਹਾਰਦਾ ਹੈ ਤਾਂ ਉਸ ਦੀ ਅਪੀਲ ਕਰਨ ਤੋਂ ਅਧਿਕਾਰੀ ਪਾਸਾ ਵੱਟਦੇ ਹਨ। ਸਾਰਾ ਕੁਝ ਮਿਲੀਭੁਗਤ ਨਾਲ ਚੱਲਦਾ ਹੈ। ਅਸਲ ਵਿਚ ਇਹ ਵਕਫ ਸੰਪਤੀ ਮੁਸਲਿਮ ਭਾਈਚਾਰੇ ਦੇ ਭਲਾਈ ਕੰਮਾਂ ਵਾਸਤੇ ਰਾਖਵੀਂ ਰੱਖੀ ਗਈ ਸੀ, ਜੋ ਵੰਡ ਵੇਲੇ ਬਿਨਾਂ ਦਾਅਵੇਦਾਰੀ ਤੋਂ ਰਹਿ ਗਈ ਸੀ।

ਜਾਇਦਾਦਾਂ ਨੱਪਣ 'ਚ ਕੇਂਦਰ ਅਤੇ ਪੰਜਾਬ ਸਰਕਾਰ ਵੀ ਪਿੱਛੇ ਨਹੀਂ ਹੈ। ਕਬਰਾਂ ਉਤੇ ਸਕੂਲ ਅਤੇ ਹਸਪਤਾਲ ਬਣਾਏ ਗਏ ਹਨ ਤੇ ਮਸਜਿਦਾਂ ਵਾਲੀ ਥਾਂ ਉਤੇ ਪੁਲਿਸ ਚੌਕੀਆਂ ਅਤੇ ਦਾਣਾ ਮੰਡੀਆਂ ਬਣ ਗਈਆਂ ਹਨ। ਬਠਿੰਡਾ ਵਿਚ ਖਾਨਗਾਹ ਵਾਲੀ ਜਗ੍ਹਾ ਉਤੇ ਬੁੱਚੜਖਾਨਾ ਬਣਿਆ ਹੈ। ਤਲਵੰਡੀ ਸਾਬੋ ਵਿਚ ਮਸਜਿਦ ਵਾਲੀ ਜਗ੍ਹਾ ਉਤੇ ਤਹਿਸੀਲਦਾਰ ਦਾ ਦਫਤਰ ਹੈ। ਕਪੂਰਥਲਾ ਵਿਚ ਮਸਜਿਦ ਵਾਲੀ ਥਾਂ ਉਤੇ ਸ਼ਾਪਿੰਗ ਕੰਪਲੈਕਸ, ਬੁਢਲਾਡਾ ਵਿਚ ਕਬਰਾਂ ਵਾਲੀ ਥਾਂ 'ਤੇ ਬੱਸ ਸਟੈਂਡ, ਸੰਗਰੂਰ ਤੇ ਬਠਿੰਡਾ ਵਿਚ ਖੇਡ ਸਟੇਡੀਅਮ, ਬਠਿੰਡਾ 'ਚ ਕਬਰਾਂ ਵਾਲੀ ਥਾਂ ਉਤੇ ਹਾਕੀ ਦਾ ਮੈਦਾਨ ਹੈ। ਦੂਜੇ ਪਾਸੇ ਮੁਸਲਿਮ ਭਾਈਚਾਰੇ ਕੋਲ ਕਬਰਸਤਾਨਾਂ ਵਾਸਤੇ ਵੀ ਜਗ੍ਹਾ ਨਹੀਂ ਹੈ। ਅੰਮ੍ਰਿਤਸਰ ਜ਼ਿਲ੍ਹੇ ਵਿਚ 60 ਸਕੂਲ ਵਕਫ ਬੋਰਡ ਦੀ ਜਾਇਦਾਦ ਉਤੇ ਨਾਜਾਇਜ਼ ਕਬਜ਼ਾ ਕਰ ਕੇ ਬਣੇ ਹੋਏ ਹਨ। ਪੰਜਾਬ ਵਕਫ ਬੋਰਡ ਦੀ 16 ਨਵੰਬਰ ਨੂੰ ਮੀਟਿੰਗ ਹੋਈ ਹੈ ਅਤੇ ਇਨ੍ਹਾਂ ਮੀਟਿੰਗਾਂ ਵਿਚ ਮੁੱਦੇ ਵਿਚਾਰੇ ਗਏ ਹਨ ਪਰ ਕਾਰਵਾਈ ਨਹੀਂ ਹੁੰਦੀ।

## ਡੇਰਾ ਬਿਆਸ ਮੁਖੀ ਦੀ ਪਤਨੀ ਦਾ ਦੇਹਾਂਤ

**ਰਈਆ:** ਡੇਰਾ ਰਾਧਾ ਸੁਆਮੀ, ਬਿਆਸ ਦੇ ਮੁਖੀ ਗੁਰਿੰਦਰ ਸਿੰਘ ਢਿੱਲੋਂ ਦੀ ਪਤਨੀ ਸ਼ਬਨਮ ਢਿੱਲੋਂ ਦਾ ਇੰਗਲੈਂਡ ਦੇ ਹਸਪਤਾਲ ਵਿਚ ਦੇਹਾਂਤ ਹੋ ਗਿਆ। ਉਹ ਕਈ ਤੋਂ ਬਿਮਾਰ ਸਨ ਅਤੇ ਬੀਤੀ 12 ਨਵੰਬਰ ਨੂੰ ਇਲਾਜ ਲਈ ਇੰਗਲੈਂਡ ਗਏ ਸਨ, ਜਿਥੇ 20 ਨਵੰਬਰ ਨੂੰ ਉਨ੍ਹਾਂ ਦੇ ਪੇਟ ਦਾ ਅਪਰੇਸ਼ਨ ਹੋਇਆ ਸੀ। ਇਸ ਤੋਂ ਪਹਿਲਾਂ ਉਨ੍ਹਾਂ ਦਾ ਗੁਰੂਗ੍ਰਾਮ ਹਸਪਤਾਲ ਵਿਚ ਵੀ ਅਪਰੇਸ਼ਨ ਹੋਇਆ ਸੀ। ਇਸੇ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸ੍ਰੀਮਤੀ ਢਿੱਲੋਂ ਦੀ ਮੌਤ ਉਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।



# ਜਾਤੀ ਵਿਤਕਰੇ ਦੀਆਂ ਵਲਗਣਾਂ 'ਚੋਂ ਨਾ ਨਿਕਲ ਸਕਿਆ ਪੰਜਾਬ

**ਚੰਡੀਗੜ੍ਹ:** ਆਰਥਿਕ ਤੌਰ ਉਤੇ ਪੰਜਾਬ ਵਿਚ ਭਾਵੇਂ ਆਬਾਦੀ ਦੇ ਲਿਹਾਜ ਨਾਲ ਕਿਸਾਨ ਅਤੇ ਮਜ਼ਦੂਰ ਖੁਦਕੁਸ਼ੀਆਂ ਦੀ ਗਿਣਤੀ ਲਗਭਗ ਬਰਾਬਰ ਹੈ ਪਰ ਜਾਤੀ ਵਿਤਕਰੇ ਦੀ ਕਹਾਣੀ ਬਹੁਤ ਗਹਿਰੀ ਹੈ। ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਵੀ ਪਿੰਡਾਂ ਵਿਚ ਵੱਖੋ-ਵੱਖਰੇ ਗੁਰਦੁਆਰੇ, ਸ਼ਮਸ਼ਾਨਘਾਟ ਅਤੇ ਵਿਹੜੇ, ਵਿੱਤੀ ਸਾਧਨਾਂ ਵਿਚ ਬਰਾਬਰ ਦੀ ਹਿੱਸੇਦਾਰੀ, ਸਮਾਜਿਕ ਅਤੇ ਸਿਆਸੀ ਸੰਸਥਾਵਾਂ 'ਚ ਬਣਦਾ ਥਾਂ ਮਿਲਣ ਦੇ ਮੁੱਦੇ ਲੋਕ ਚਰਚਾ ਦਾ ਹਿੱਸਾ ਨਹੀਂ ਬਣ ਸਕੇ।

ਪੰਜਾਬ ਵਿਚ ਕੁਝ ਹੋਰ ਰਾਜਾਂ ਦੇ ਮੁਕਾਬਲੇ ਕੋਈ ਛੂਤ-ਛਾਤ ਤਾਂ ਨਹੀਂ ਹੈ ਪਰ ਜਾਤੀਗਤ ਵਿਤਕਰੇ ਦੀਆਂ ਜੜ੍ਹਾਂ ਡੂੰਘੀਆਂ ਹੋਣ ਕਾਰਨ ਸਮਾਜਿਕ ਅਤੇ ਸੱਭਿਆਚਾਰਕ ਵੱਡੇ ਵਖਰੇਵੇਂ ਕਾਇਮ ਹਨ। ਪੰਜਾਬ ਦੇ ਸਰਕਾਰੀ ਸਕੂਲਾਂ ਵਿਚ ਹੁਣ ਲਗਭਗ 77 ਫੀਸਦ ਤੋਂ ਵੱਧ ਦਲਿਤਾਂ ਦੇ ਬੱਚੇ ਹਨ। ਹਸਪਤਾਲਾਂ ਵਿਚ ਇਲਾਜ ਦੀ ਦਸ਼ਾ ਵੀ ਲਗਭਗ ਅਜਿਹੀ ਹੀ ਹੈ।

ਸਮਾਜਿਕ ਅਤੇ ਧਾਰਮਿਕ ਸੰਸਥਾਵਾਂ ਜਿਵੇਂ ਗੁਰਦੁਆਰਾ ਕਮੇਟੀਆਂ, ਮੰਦਰ ਕਮੇਟੀਆਂ ਜਾਂ ਯੂਥ ਕਲੱਬ ਵਰਗੀਆਂ ਸੰਸਥਾਵਾਂ ਵਿੱਚ ਵੀ ਫ਼ੈਸਲਾਕੁਨ ਭੂਮਿਕਾ 'ਚ ਦਲਿਤਾਂ ਦੀ ਸ਼ਮੂਲੀਅਤ ਨਾਮਾਤਰ ਹੈ। ਜੇਕਰ ਜਾਇਦਾਦਾਂ ਦੇ ਮਾਮਲੇ ਦੇਖੇ ਜਾਣ ਤਾਂ ਕੇਂਦਰ ਸਰਕਾਰ ਵੱਲੋਂ 2015 ਵਿਚ ਜਾਰੀ ਸਮਾਜਿਕ ਅਤੇ ਜਾਤੀਗਤ ਜਨਗਣਨਾ ਦੀ ਰਿਪੋਰਟ ਅਨੁਸਾਰ ਪੰਜਾਬ ਵਿਚ ਦਲਿਤਾਂ ਦੀ 32 ਫੀਸਦੀ ਆਬਾਦੀ ਕੋਲ ਨਿੱਜੀ ਜਾਇਦਾਦ ਦਾ 3.5 ਫੀਸਦੀ ਹਿੱਸਾ ਹੈ। ਪੰਜਾਬ ਦੇ ਪਿੰਡਾਂ ਦੇ ਲਗਭਗ 32 ਲੱਖ ਪਰਿਵਾਰਾਂ ਵਿਚੋਂ 73 ਫੀਸਦੀ ਪਰਿਵਾਰ ਪੰਜ ਹਜ਼ਾਰ ਰੁਪਏ ਮਹੀਨਾ ਤੋਂ ਵੀ ਘੱਟ ਆਮਦਨ 'ਤੇ ਗੁਜ਼ਾਰਾ ਕਰ ਰਹੇ ਹਨ। ਇਨ੍ਹਾਂ ਵਿਚ ਵੱਡਾ ਹਿੱਸਾ ਦਲਿਤ ਆਬਾਦੀ ਹੈ।

ਪੰਜਾਬ ਵਿਚ 1930 ਤੋਂ 53 ਤੱਕ ਮੁਜ਼ਾਰਾ ਲਹਿਰ ਚੱਲੀ ਪਰ ਇਸ ਦਾ ਮੂਲ ਨਾਅਰਾ ਵਿਸਵੇਦਾਰੀ ਖਤਮ ਕਰਨ ਦਾ ਸੀ ਤੇ ਇਸ ਵਿਚੋਂ ਵੀ ਦਲਿਤਾਂ ਦੀ ਹਿੱਸੇਦਾਰੀ ਗੈਰਹਾਜ਼ਰ ਰਹੀ। ਅਖੀਰ 1961 ਦੇ ਵਿਲੇਜ ਕਾਮਨ ਲੈਂਡ ਕਾਨੂੰਨ ਵਿਚ ਦਲਿਤਾਂ ਲਈ ਇਕ-ਤਿਹਾਈ ਸ਼ਾਮਲਾਟ ਜ਼ਮੀਨ ਜ਼ਰੂਰ ਰਾਖਵੀਂ ਰੱਖੀ ਗਈ। ਪੰਜਾਬ ਵਿਚ ਕਰੀਬ 1.4 ਲੱਖ ਏਕੜ ਸ਼ਾਮਲਾਟ ਜ਼ਮੀਨ ਹੈ। ਇਸ ਉਤੇ ਰਵਾਇਤ ਇਹ ਰਹੀ ਕਿ ਦਲਿਤ ਵਿਅਕਤੀ ਦੇ ਨਾਂ ਉਤੇ ਕਾਸ਼ਤ ਕੋਈ ਜ਼ਿਮੀਂਦਾਰ ਹੀ ਕਰਦਾ ਰਿਹਾ ਹੈ। ਹੁਣ ਖਾਸ ਤੌਰ ਉਤੇ ਸੰਗਰੂਰ ਜ਼ਿਲ੍ਹੇ ਵਿਚ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਜਾਂ ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਨੇ ਇਸ ਇਕ-ਤਿਹਾਈ ਹਿੱਸੇ ਨੂੰ ਲੈਣ ਲਈ ਜੱਦੋ-ਜਹਿਦ ਕੀਤੀ ਹੈ ਤਾਂ ਪ੍ਰਸ਼ਾਸਨਿਕ ਤਾਣੇ-ਬਾਣੇ ਅਤੇ ਸਮਾਜਿਕ ਢਾਂਚੇ ਉਤੇ ਇਕ ਵਰਗ ਦੀ ਜਕੜ ਕਰ ਕੇ ਇਸ ਕਾਨੂੰਨੀ ਪਹਿਲੂ ਨੂੰ ਲਾਗੂ ਕਰਾਉਣਾ ਵੀ ਆਸਾਨ ਨਹੀਂ ਹੈ।

ਇਥੋਂ ਤੱਕ ਕਿ ਮਗਨਰੇਗਾ ਤਹਿਤ 100 ਦਿਨ ਦੇ ਰੁਜ਼ਗਾਰ ਦੀ ਸੰਵਿਧਾਨਕ ਗਰੰਟੀ ਹੈ। ਇਸ ਦੇ ਬਾਵਜੂਦ ਪੰਜਾਬ ਵਿਚ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਦੇ ਕਰਮਚਾਰੀ ਅਤੇ ਪੰਚਾਇਤਾਂ ਇਸ ਨੂੰ ਕਾਨੂੰਨੀ ਰੂਪ ਵਿਚ ਲਾਗੂ ਕਰਨ ਲਈ ਤਿਆਰ ਨਹੀਂ। ਜੋ ਵੀ ਪਰਿਵਾਰ ਮੰਗ ਦੇ ਆਧਾਰ ਉਤੇ ਕੰਮ ਦੀ ਅਰਜ਼ੀ ਦਿੰਦੇ ਹਨ ਅਤੇ ਕੰਮ ਨਾ ਦੇਣ ਦੀ ਸੂਰਤ ਵਿਚ ਬੇਰੁਜ਼ਗਾਰੀ ਭੱਤੇ ਦੀ ਗੱਲ ਕਰਦੇ ਹਨ ਤਾਂ ਇਸ ਉਤੇ ਸਰਕਾਰ ਅਤੇ ਹੇਠਲੇ ਕਰਮਚਾਰੀ ਅਤੇ ਦਾਬੇ ਵਾਲਾ ਸਮਾਜਿਕ ਤਾਣਾ ਬਾਣਾ ਇਕਜੁੱਟ ਨਜ਼ਰ ਆਉਂਦਾ ਹੈ। ਅੱਜ ਤੱਕ ਸਰਕਾਰ ਨੇ ਸੂਬਾ ਰੁਜ਼ਗਾਰ ਫੰਡ ਸਥਾਪਿਤ ਹੀ ਨਹੀਂ ਕੀਤਾ, ਜੋ ਗੈਰ-ਸੰਵਿਧਾਨਕ ਅਤੇ ਗੈਰਕਾਨੂੰਨੀ ਵੀ ਹੈ।

## ਅਸ਼ੋਕ ਖੇਮਕਾ ਦਾ ਬਦਲੀਆਂ ਦਾ ਅਰਧ ਸੈਂਕੜਾ

**ਚੰਡੀਗੜ੍ਹ:** ਆਪਣੇ ਕਰੀਅਰ ਵਿਚ 50 ਵਾਰ ਤਬਾਦਲੇ ਦਾ ਸੰਤਾਪ ਝੱਲਣ ਵਾਲੇ ਆਈ.ਏ.ਐਸ. ਅਧਿਕਾਰੀ ਅਸ਼ੋਕ ਖੇਮਕਾ, ਨੇ ਆਪਣੀ ਹਾਲੀਆ ਪੋਸਟਿੰਗ ਉਤੇ ਸਖਤ ਪ੍ਰਤੀਕ੍ਰਿਆ ਜ਼ਾਹਰ ਕਰਦਿਆਂ ਕਿਹਾ, "ਇਮਾਨਦਾਰੀ ਦਾ ਇਨਾਮ ਅਪਮਾਨ ਹੈ"। ਹਰਿਆਣਾ ਸਰਕਾਰ ਨੇ ਖੇਮਕਾ ਸਮੇਤ 14 ਆਈ.ਏ.ਐਸ. ਅਧਿਕਾਰੀਆਂ ਦੇ ਤਬਾਦਲੇ ਦੇ ਆਦੇਸ਼ ਜਾਰੀ ਕੀਤੇ ਹਨ। 1991 ਬੈਚ ਦੇ ਅਧਿਕਾਰੀ ਨੇ ਟਵੀਟ ਕੀਤਾ, "ਫਿਰ ਤਬਾਦਲਾ (ਦੁਬਾਰਾ ਤਬਾਦਲਾ)। ਉਹੀ ਚੀਜ਼ ਫਿਰ, ਸੰਵਿਧਾਨ ਦਿਵਸ ਕੱਲ੍ਹ ਮਨਾਇਆ ਗਿਆ। ਅੱਜ ਫਿਰ ਸੁਪਰੀਮ ਕੋਰਟ ਦੇ ਆਦੇਸ਼ਾਂ ਅਤੇ ਨਿਯਮਾਂ ਦੀ ਉਲੰਘਣਾ ਕੀਤੀ ਗਈ। ਕੁਝ ਜਣੇ ਖੁਸ਼ ਹੋਣਗੇ।" ਅਧਿਕਾਰੀ ਨੂੰ ਮਾਰਚ ਵਿਚ ਹੀ ਹਰਿਆਣਾ ਦੇ ਵਿਗਿਆਨ ਅਤੇ ਤਕਨਾਲੋਜੀ ਵਿਭਾਗ ਵਿਚ ਪ੍ਰਮੁੱਖ ਸਕੱਤਰ ਦੇ ਅਹੁਦੇ ਉਤੇ ਤਾਇਨਾਤ ਕੀਤਾ ਗਿਆ ਸੀ। ਇਕ ਅਧਿਕਾਰਤ ਬਿਆਨ ਅਨੁਸਾਰ ਉਸ ਨੂੰ ਹੁਣ ਪੁਰਾਲੇਖ, ਪੁਰਾਤਤਵ ਅਤੇ ਅਜਾਇਬ ਘਰ ਵਿਭਾਗ ਦਾ ਪ੍ਰਮੁੱਖ ਸਕੱਤਰ ਲਾਇਆ ਗਿਆ ਹੈ। ਤਕਰੀਬਨ ਇਕ ਮਹੀਨਾ ਪਹਿਲਾਂ ਸੱਤਾ ਵਿਚ ਆਉਣ ਤੋਂ ਬਾਅਦ ਭਾਰਤੀ ਜਨਤਾ ਪਾਰਟੀ-ਜਨਨਾਇਕ ਸਰਕਾਰ ਦਾ ਇਹ ਪਹਿਲਾ ਵੱਡਾ ਪ੍ਰਸ਼ਾਸਕੀ ਫੇਰਬਦਲ ਹੈ।

## ਵਿਆਹ ਸਮਾਗਮ 'ਚ ਚੱਲੀ ਗੋਲੀ ਨਾਲ ਨੌਜਵਾਨ ਦੀ ਮੌਤ

**ਮੋਗਾ:** ਨੇੜਲੇ ਪਿੰਡ ਮਸਤੇਵਾਲਾ ਵਿਚ ਵਿਆਹ ਸਮਾਗਮ ਦੌਰਾਨ ਗੋਲੀ ਲੱਗਣ ਨਾਲ ਡੀਜੇ ਗਰੁੱਪ ਨਾਲ ਕੰਮ ਕਰਦੇ ਨੌਜਵਾਨ ਦੀ ਮੌਤ ਹੋ ਗਈ। ਵੇਰਵਿਆਂ ਮੁਤਾਬਕ ਨੌਜਵਾਨਾਂ ਨੇ ਇਸ ਮੌਕੇ ਹਥਿਆਰਾਂ ਵਿਚੋਂ ਕਈ ਫਾਇਰ ਕੀਤੇ। ਪੁਲਿਸ ਨੇ ਮੌਕੇ ਤੋਂ ਵੱਖ-ਵੱਖ ਹਥਿਆਰਾਂ ਦੇ ਵੱਡੀ ਗਿਣਤੀ 'ਚ ਚੱਲੇ ਹੋਏ ਕਾਰਤੂਸਾਂ ਦੇ ਖੋਲ ਬਰਾਮਦ ਕੀਤੇ ਹਨ। ਪੁਲਿਸ ਨੇ ਵਿਆਹ ਵਾਲੇ ਨੌਜਵਾਨ ਦੇ ਪਿਤਾ ਸਣੇ ਪੰਜ ਖਿਲਾਫ ਹੱਤਿਆ ਦਾ ਕੇਸ ਦਰਜ ਕਰ ਲਿਆ ਹੈ। ਮ੍ਰਿਤਕ ਨੌਜਵਾਨ ਦੀ ਸ਼ਨਾਖਤ ਕਰਨ ਵਾਸੀ ਕੋਟ ਈਸੇ ਖਾਂ ਵਜੋਂ ਹੋਈ ਹੈ ਜੋ ਡੀਜੇ ਸੰਚਾਲਕ ਦਾ ਰਿਸ਼ਤੇਦਾਰ ਸੀ ਤੇ ਉਸ ਨਾਲ ਸਹਾਇਕ ਵੀ ਸੀ। ਮ੍ਰਿਤਕ ਦੀ ਛਾਤੀ 'ਚ ਗੋਲੀ ਲੱਗੀ ਤੇ ਉਸ ਨੂੰ ਹਸਪਤਾਲ ਲਿਜਾਇਆ ਗਿਆ ਪਰ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ।

ਜਾਣਕਾਰੀ ਮੁਤਾਬਕ ਨਿਰਵੈਰ ਸਿੰਘ ਪੁੱਤਰ ਮੇਜਰ ਸਿੰਘ ਵਾਸੀ ਪਿੰਡ ਮਸਤੇਵਾਲਾ ਦਾ ਵਿਆਹ ਸੀ ਤੇ ਘਰ ਵਿਚ ਡੀਜੇ ਲਾਇਆ ਗਿਆ ਸੀ। ਰਾਤ ਨੂੰ ਜਦ ਡੀਜੇ ਬੰਦ ਕਰ ਦਿੱਤਾ ਅਤੇ ਨੌਜਵਾਨਾਂ ਵੱਲੋਂ ਧੱਕੇ ਨਾਲ ਡੀਜੇ ਚੱਲਦਾ ਰੱਖਣ ਲਈ ਕਿਹਾ ਗਿਆ। ਇਸੇ ਦੌਰਾਨ ਚਲਾਈ ਗਈ ਗੋਲੀ ਵਿਚ ਕਰਨ ਦੀ ਮੌਤ ਹੋ ਗਈ।

# ਗੋਬਿੰਦ ਸਿੰਘ ਲੌਂਗੋਵਾਲ ਤੀਜੀ ਵਾਰ ਬਣੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ



**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਇਜਲਾਸ ਵਿਚ ਗੋਬਿੰਦ ਸਿੰਘ ਲੌਂਗੋਵਾਲ ਨੂੰ ਬਿਨਾਂ ਕਿਸੇ ਵਿਰੋਧ ਦੇ ਤੀਜੀ ਵਾਰ ਪ੍ਰਧਾਨ ਚੁਣ ਲਿਆ ਗਿਆ ਹੈ। ਸ਼੍ਰੋਮਣੀ ਕਮੇਟੀ 'ਚ ਬਾਕੀ ਅਹੁਦਿਆਂ ਉਤੇ ਨਵੇਂ ਚਿਹਰਿਆਂ ਨੂੰ ਸ਼ਾਮਲ ਕੀਤਾ ਗਿਆ ਹੈ। ਜਨਰਲ ਇਜਲਾਸ ਦੌਰਾਨ ਕੁਝ ਮੰਗਾਂ ਨੂੰ ਲੈ ਕੇ ਸੁਖਦੇਵ ਸਿੰਘ ਭੌਰ ਅਤੇ ਬਲਵਿੰਦਰ ਸਿੰਘ ਬੈਂਸ ਦੀ ਅਗਵਾਈ ਹੇਠ ਕੁਝ ਮੈਂਬਰਾਂ ਨੇ ਬਾਈਕਾਟ ਕੀਤਾ।

ਇਥੇ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਹੋਏ ਜਨਰਲ ਇਜਲਾਸ ਦੌਰਾਨ ਗੋਬਿੰਦ ਸਿੰਘ ਲੌਂਗੋਵਾਲ ਨੂੰ ਸਰਬਸੰਮਤੀ ਨਾਲ ਪ੍ਰਧਾਨ ਚੁਣਿਆ ਗਿਆ। ਭਾਈ ਰਜਿੰਦਰ ਸਿੰਘ ਮਹਿਤਾ ਨੂੰ ਸੀਨੀਅਰ ਮੀਤ ਪ੍ਰਧਾਨ, ਗੁਰਬਖਸ਼ ਸਿੰਘ ਨਵਾਂਸ਼ਹਿਰ ਨੂੰ ਜੂਨੀਅਰ ਮੀਤ ਪ੍ਰਧਾਨ ਅਤੇ ਹਰਜਿੰਦਰ ਸਿੰਘ ਧਾਮੀ ਨੂੰ ਜਨਰਲ ਸਕੱਤਰ ਵਜੋਂ ਚੁਣਿਆ ਗਿਆ ਹੈ। ਇਸੇ ਤਰ੍ਹਾਂ 11 ਮੈਂਬਰੀ ਅੰਤ੍ਰਿੰਗ ਕਮੇਟੀ ਵਿਚ ਭੁਪਿੰਦਰ ਸਿੰਘ ਅਸੰਧ, ਜਗਸੀਰ ਸਿੰਘ ਮਾਂਗੇਆਣਾ, ਗੁਰਪਾਲ ਸਿੰਘ ਗੋਰਾ, ਸ਼ੇਰ ਸਿੰਘ ਮੰਡਵਾਲਾ, ਪਰਮਜੀਤ ਕੌਰ ਲਹਿਰਾ, ਕੁਲਦੀਪ ਕੌਰ ਟੌਹੜਾ, ਜਸਮੇਰ ਸਿੰਘ ਲਾਛੜੂ, ਅਮਰਜੀਤ ਸਿੰਘ ਭਲਾਈਪੁਰ, ਸੁਰਜੀਤ ਸਿੰਘ ਕੰਗ ਰਾਜਸਥਾਨ, ਇੰਦਰਮੋਹਨ ਸਿੰਘ ਲਖਮੀਰਵਾਲਾ ਅਤੇ ਮਗਵਿੰਦਰ ਸਿੰਘ ਖਾਪੜਖੇੜੀ ਸ਼ਾਮਲ ਹਨ।

ਦੂਜੀ ਧਿਰ ਵੱਲੋਂ ਕਿਸੇ ਵੀ ਅਹੁਦੇ ਲਈ ਉਮੀਦਵਾਰ ਦੇ ਨਾਂ ਦੀ ਪੇਸ਼ਕਸ਼ ਨਹੀਂ ਕੀਤੀ ਗਈ ਜਿਸ ਕਾਰਨ ਚੋਣ ਪ੍ਰਕਿਰਿਆ ਸਿਰਫ ਅੱਧੇ ਘੰਟੇ ਵਿਚ ਹੀ ਮੁਕੰਮਲ ਹੋ ਗਈ। ਜ਼ਿਕਰਯੋਗ ਹੈ ਕਿ ਗੋਬਿੰਦ ਸਿੰਘ ਲੌਂਗੋਵਾਲ 2017 ਅਤੇ 2018 ਵਿਚ ਵੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸਨ। ਇਸ ਇਕੱਤਰਤਾ ਵਿਚ ਕੁਲ 154 ਮੈਂਬਰ ਹਾਜ਼ਰ ਸਨ ਅਤੇ 15 ਮੈਂਬਰ ਗੈਰਹਾਜ਼ਰ ਰਹੇ। ਸ਼੍ਰੋਮਣੀ ਕਮੇਟੀ ਦੇ ਮੌਜੂਦਾ ਸਦਨ ਵਿਚੋਂ 14 ਮੈਂਬਰਾਂ ਦਾ ਦੇਹਾਂਤ ਹੋ ਚੁੱਕਾ ਹੈ ਅਤੇ ਦੋ ਮੈਂਬਰ ਅਸਤੀਫਾ ਦੇ ਚੁੱਕੇ ਹਨ।

## ਸ਼੍ਰੋਮਣੀ ਕਮੇਟੀ ਨੂੰ ਮਿਲੇ ਪੜ੍ਹੇ-ਲਿਖੇ ਨਵੇਂ ਅਹੁਦੇਦਾਰ

**ਅੰਮ੍ਰਿਤਸਰ:** ਸਿੱਖ ਸੰਸਥਾ ਸ਼੍ਰੋਮਣੀ ਕਮੇਟੀ ਦੇ ਇਸ ਵਾਰ ਚੁਣੇ ਗਏ ਅਹੁਦੇਦਾਰ ਅਤੇ ਅੰਤ੍ਰਿੰਗ ਕਮੇਟੀ ਵਧੇਰੇ ਪੜ੍ਹੇ ਲਿਖੇ ਹਨ, ਜੋ ਸਿੱਖ ਧਰਮ ਦੇ ਪ੍ਰਚਾਰ ਲਈ ਆਧੁਨਿਕ ਢੰਗ ਤਰੀਕੇ ਅਪਣਾਉਣ ਦੇ ਹੱਕ ਵਿਚ ਹਨ। 27 ਨਵੰਬਰ ਨੂੰ ਸ਼੍ਰੋਮਣੀ ਕਮੇਟੀ ਦੇ ਹੋਏ ਜਨਰਲ ਇਜਲਾਸ ਵਿਚ ਚਾਰ ਅਹੁਦੇਦਾਰਾਂ ਸਮੇਤ 11 ਅੰਤ੍ਰਿੰਗ ਕਮੇਟੀ ਮੈਂਬਰ ਚੁਣੇ ਗਏ ਹਨ। ਇਨ੍ਹਾਂ ਵਿਚ ਲਗਭਗ ਅੱਠ ਮੈਂਬਰ ਪੋਸਟ ਗਰੈਜੂਏਟ ਤੇ ਗਰੈਜੂਏਟ ਹਨ, ਇਕ ਜੇ.ਬੀ.ਟੀ., ਦੋ ਹਾਇਰ ਸੈਕੰਡਰੀ ਅਤੇ ਤਿੰਨ ਮੈਟ੍ਰਿਕ ਪਾਸ ਹਨ। ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਐਮ.ਏ. ਤੱਕ ਸਿੱਖਿਆ ਹਾਸਲ ਕੀਤੀ ਹੋਈ ਹੈ। ਸੀਨੀਅਰ ਮੀਤ ਪ੍ਰਧਾਨ ਰਜਿੰਦਰ ਸਿੰਘ ਮਹਿਤਾ ਐਮ.ਏ. ਪੰਜਾਬੀ ਪਾਸ ਹਨ, ਜੂਨੀਅਰ ਮੀਤ ਪ੍ਰਧਾਨ ਗੁਰਬਖਸ਼ ਸਿੰਘ ਖਾਲਸਾ ਨੇ ਬੀਏ ਭਾਗ ਦੋ ਤੱਕ ਵਿਦਿਆ ਪ੍ਰਾਪਤ ਕੀਤੀ ਹੈ ਅਤੇ ਜਨਰਲ ਸਕੱਤਰ ਹਰਜਿੰਦਰ ਸਿੰਘ ਧਾਮੀ ਐਲ.ਐਲ.ਬੀ. ਪਾਸ ਹਨ। ਅੰਤ੍ਰਿੰਗ ਕਮੇਟੀ ਦੇ 11 ਮੈਂਬਰਾਂ ਵਿਚ ਜਸਮੇਰ ਸਿੰਘ ਲਾਛੜੂ, ਸ਼ੇਰ ਸਿੰਘ ਮੰਡਵਾਲਾ, ਇੰਦਰਮੋਹਨ ਸਿੰਘ ਲਖਮੀਰ ਵਾਲਾ ਅਤੇ ਗੁਰਪਾਲ ਸਿੰਘ ਗੋਰਾ ਚਾਰੋ ਗਰੈਜੂਏਟ ਹਨ। ਅਮਰਜੀਤ ਸਿੰਘ ਭਲਾਈਪੁਰ ਨੇ ਜੇ.ਬੀ.ਟੀ. ਕੀਤੀ ਹੋਈ ਹੈ।

## ਜਨਰਲ ਇਜਲਾਸ ਦਾ ਬਾਈਕਾਟ ਤੇ ਰੋਸ ਵਿਖਾਵਾ

**ਅੰਮ੍ਰਿਤਸਰ:** ਬਰਗਾੜੀ ਤੇ ਬਹਿਬਲ ਕਲਾਂ ਕਾਂਡ ਦੇ ਮੁਲਜ਼ਮਾਂ ਖਿਲਾਫ ਕਾਰਵਾਈ ਨਾ ਹੋਣ ਕਾਰਨ ਕੇਂਦਰ ਅਤੇ ਸੂਬਾ ਸਰਕਾਰਾਂ ਖਿਲਾਫ ਨਿੰਦਾ ਮਤਾ ਪਾਸ ਕਰਨ ਦੀ ਮੰਗ ਸਬੰਧੀ ਸ਼੍ਰੋਮਣੀ ਕਮੇਟੀ ਦੇ ਜਨਰਲ ਇਜਲਾਸ ਦੌਰਾਨ ਰੋਸ ਵਿਖਾਵਾ ਕੀਤਾ ਗਿਆ। ਰੋਸ ਵਿਖਾਵਾ ਕਰਨ ਵਾਲੇ ਸ਼੍ਰੋਮਣੀ ਕਮੇਟੀ ਮੈਂਬਰਾਂ ਨੇ ਇਜਲਾਸ ਦਾ ਬਾਈਕਾਟ ਕੀਤਾ। ਬਾਈਕਾਟ ਕਰਨ ਵਾਲੇ ਮੈਂਬਰਾਂ ਵਿਚ ਸਾਬਕਾ ਜਨਰਲ ਸਕੱਤਰ ਸੁਖਦੇਵ ਸਿੰਘ ਭੌਰ, ਬਲਵਿੰਦਰ ਸਿੰਘ ਬੈਂਸ, ਸਰਬੰਸ ਸਿੰਘ, ਅਮਰੀਕ ਸਿੰਘ ਸ਼ਾਹਪੁਰ, ਜਸਵੰਤ ਸਿੰਘ, ਮਹਿੰਦਰ ਸਿੰਘ ਹੁਸੈਨਪੁਰ, ਗੁਰਪ੍ਰੀਤ ਸਿੰਘ ਰੰਧਾਵਾ ਸ਼ਾਮਲ ਸਨ। ਜਿਵੇਂ ਹੀ ਜਨਰਲ ਇਜਲਾਸ ਵਿਚ ਚੋਣ ਪ੍ਰਕਿਰਿਆ ਸ਼ੁਰੂ ਹੋਈ, ਸੁਖਦੇਵ ਸਿੰਘ ਭੌਰ ਨੇ ਅਯੁੱਧਿਆ ਕੇਸ ਵਿਚ ਇਕ ਸਿੱਖ ਵਿਅਕਤੀ ਵੱਲੋਂ ਦਿੱਤੀ ਗਵਾਹੀ ਖਿਲਾਫ ਸੁਪਰੀਮ ਕੋਰਟ ਵਿਚ ਨਜ਼ਰਸਾਨੀ ਪਟੀਸ਼ਨ ਦਾਇਰ ਕਰਨ ਦੀ ਮੰਗ ਉਭਾਰੀ, ਜਿਸ ਨੂੰ ਸ਼੍ਰੋਮਣੀ ਕਮੇਟੀ ਨੇ ਵਿਚਾਰਨ ਦਾ ਭਰੋਸਾ ਦਿੱਤਾ।

# ਢੱਡਰੀਆਂਵਾਲਾ ਕੇਸ: ਅਕਾਲ ਤਖਤ ਵੱਲੋਂ ਪੇਸ਼ਕਦਮੀ



**ਅੰਮ੍ਰਿਤਸਰ:** ਸਿੱਖ ਧਰਮ ਦੇ ਪ੍ਰਚਾਰਕ ਰਣਜੀਤ ਸਿੰਘ ਢੱਡਰੀਆਂਵਾਲਾ ਦਾ ਮਾਮਲਾ ਸ੍ਰੀ ਅਕਾਲ ਤਖਤ ਵੱਲੋਂ ਬਣਾਈ ਪੰਜ ਮੈਂਬਰੀ ਕਮੇਟੀ ਵੱਲੋਂ ਵਿਚਾਰਨ ਉਪਰੰਤ ਕਮੇਟੀ ਨੇ ਉਨ੍ਹਾਂ ਨਾਲ ਇਕ ਵਾਰ ਮੀਟਿੰਗ ਕਰਕੇ ਵਿਚਾਰ-ਚਰਚਾ ਕਰਨ ਦਾ ਫੈਸਲਾ ਕੀਤਾ ਹੈ। ਇਸ ਸਬੰਧੀ ਢੱਡਰੀਆਂਵਾਲਾ ਨੂੰ ਮੀਟਿੰਗ ਲਈ ਆਖਿਆ ਜਾ ਰਿਹਾ ਹੈ।

ਉਨ੍ਹਾਂ ਖਿਲਾਫ ਪਿਛਲੇ ਦਿਨੀਂ ਅਕਾਲ ਤਖਤ ਉਤੇ ਦੇਸ਼ ਵਿਦੇਸ਼ ਤੋਂ ਵੱਡੀ ਗਿਣਤੀ ਵਿਚ ਸ਼ਿਕਾਇਤਾਂ ਪੁੱਜੀਆਂ ਸਨ, ਜਿਨ੍ਹਾਂ ਵਿਚ ਦੋਸ਼ ਲਾਇਆ ਗਿਆ ਸੀ ਕਿ ਪ੍ਰਚਾਰ ਵੇਲੇ ਸਿੱਖ ਸਿਧਾਂਤਾਂ ਅਤੇ ਗੁਰਮਤਿ ਦਾ ਕਥਿਤ ਘਾਣ ਕੀਤਾ ਜਾ ਰਿਹਾ ਹੈ, ਜਿਸ ਨਾਲ ਸਿੱਖਾਂ ਵਿਚ ਭਰਾ ਮਾਰੂ ਜੰਗ ਦੇ ਆਸਾਰ ਬਣ ਰਹੇ ਹਨ। ਸ਼ਿਕਾਇਤਾਂ ਕਰਨ ਵਾਲਿਆਂ ਨੇ ਕਾਰਵਾਈ ਦੀ ਮੰਗ ਕੀਤੀ ਸੀ। ਸ਼ਿਕਾਇਤਾਂ ਦੇ ਨਾਲ-ਨਾਲ ਉਸ ਵਲੋਂ ਕੀਤੇ ਗਏ ਪ੍ਰਚਾਰ ਦੀਆਂ ਸੀਡੀਆਂ ਅਤੇ ਵੀਡਿਓ ਵੀ ਅਕਾਲ ਤਖਤ ਉਤੇ ਸੌਂਪੀਆਂ ਗਈਆਂ ਸਨ।

ਇਸ ਸਬੰਧੀ ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਮਾਮਲੇ ਨੂੰ ਵਿਚਾਰਨ ਲਈ ਪੰਜ ਮੈਂਬਰੀ ਕਮੇਟੀ ਬਣਾਈ ਗਈ ਹੈ। ਕਮੇਟੀ ਨੇ ਇਥੇ ਇਸ ਮਾਮਲੇ ਨੂੰ ਵਿਚਾਰਿਆ ਹੈ। ਕਮੇਟੀ ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਖਾਲਸਾ ਕਾਲਜ, ਚੰਡੀਗੜ੍ਹ ਅਤੇ ਲੁਧਿਆਣਾ ਤੋਂ ਸਿੱਖ ਵਿਦਵਾਨ ਸ਼ਾਮਲ ਹਨ।

ਪੰਜ ਮੈਂਬਰੀ ਕਮੇਟੀ ਤੋਂ ਇਲਾਵਾ ਇਕ ਕੁਆਰਡੀਨੇਟਰ ਵੀ ਬਣਾਇਆ ਗਿਆ ਹੈ। ਇਸ ਮੁੱਦੇ ਨੂੰ ਵਿਚਾਰਨ ਮਗਰੋਂ ਕਮੇਟੀ ਇਕ ਵਾਰ ਇਹ ਮਾਮਲਾ ਰਣਜੀਤ ਸਿੰਘ ਢੱਡਰੀਆਂ ਵਾਲਾ ਨਾਲ ਮੁਲਾਕਾਤ ਕਰਕੇ ਵਿਚਾਰਨਾ ਚਾਹੁੰਦੀ ਹੈ ਤਾਂ ਜੋ ਕੁਝ ਸ਼ੰਕਿਆਂ ਦਾ ਨਿਬੇੜਾ ਕੀਤਾ ਜਾ ਸਕੇ। ਮੁਲਾਕਾਤ ਮਗਰੋਂ ਕਮੇਟੀ ਆਪਣੀ ਰਿਪੋਰਟ ਸ੍ਰੀ ਅਕਾਲ ਤਖਤ ਨੂੰ ਸੌਂਪੇਗੀ।

ਦੱਸਣਯੋਗ ਹੈ ਕਿ 4 ਅਪਰੈਲ 2017 ਨੂੰ ਸ੍ਰੀ ਅਕਾਲ ਤਖਤ ਤੋਂ ਪੰਜ ਜਥੇਦਾਰਾਂ ਵੱਲੋਂ ਮਤਾ ਪਾਸ ਕਰਕੇ ਸਿੱਖ ਪ੍ਰਚਾਰਕਾਂ ਅਤੇ ਕਵੀਸ਼ਰਾਂ ਨੂੰ ਆਦੇਸ਼ ਦਿੱਤਾ ਗਿਆ ਸੀ ਕਿ ਉਹ ਗੁਰਬਾਣੀ ਦੇ ਪ੍ਰਚਾਰ ਦੌਰਾਨ ਸਿਰਫ ਗੁਰਬਾਣੀ ਜਾਂ ਸਿੱਖ ਇਤਿਹਾਸ ਬਾਰੇ ਹੀ ਗੱਲ ਕਰਨ। ਕੋਈ ਅਜਿਹਾ ਪ੍ਰਸੰਗ ਨਾ ਸੁਣਾਇਆ ਜਾਵੇ, ਜਿਸ ਨਾਲ ਸੰਗਤ ਵਿਚ ਦੁਬਿਧਾ ਪੈਦਾ ਹੋਵੇ।


# ਸ਼੍ਰੋਮਣੀ ਕਮੇਟੀ ਪ੍ਰਧਾਨ ਦਾ ਕਾਰਜਕਾਲ 5 ਸਾਲ ਕਰਨ ਦੀ ਮੰਗ ਉਠੀ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰਾਂ ਦੀ ਸਾਲ 2019-2020 ਲਈ ਸਰਬਸੰਮਤੀ ਨਾਲ ਹੋਈ ਚੋਣ ਵਿਚ ਭਾਵੇਂ ਪਿਛਲੇ ਦੋ ਵਰ੍ਹਿਆਂ ਤੋਂ ਪ੍ਰਧਾਨ ਵਜੋਂ ਸੇਵਾਵਾਂ ਨਿਭਾਉਂਦੇ ਆ ਰਹੇ ਗੋਬਿੰਦ ਸਿੰਘ ਲੌਂਗੋਵਾਲ ਨੂੰ ਹੀ ਸ਼੍ਰੋਮਣੀ ਅਕਾਲੀ ਦਲ ਵੱਲੋਂ ਮੁੜ ਤੀਜੀ ਵਾਰ ਪ੍ਰਧਾਨਗੀ ਅਹੁਦੇ 'ਤੇ ਬਿਰਾਜਮਾਨ ਕਰ ਦਿੱਤਾ ਗਿਆ ਹੈ ਪਰ ਇਸ ਵਾਰ ਸਿੱਖਾਂ ਦੀ ਮਿੰਨੀ ਪਾਰਲੀਮੈਂਟ ਵਜੋਂ ਜਾਣੀ ਜਾਂਦੀ ਇਸ ਪੁਰਾਤਨ ਸਿੱਖ ਧਾਰਮਿਕ ਸੰਸਥਾ ਦੇ ਪ੍ਰਧਾਨ ਦਾ ਕਾਰਜਕਾਲ ਇਕ ਸਾਲ ਤੋਂ ਵਧਾ ਕੇ ਪੰਜ ਸਾਲ ਕੀਤੇ ਜਾਣ ਦੀ ਉੱਠੀ ਮੰਗ ਨੇ ਪੰਥਕ ਤੇ ਸ਼੍ਰੋਮਣੀ ਕਮੇਟੀ ਗਲਿਆਰਿਆਂ 'ਚ ਨਵੀਂ ਚਰਚਾ ਛੇੜ ਦਿੱਤੀ ਹੈ।

ਤਕਰੀਬਨ 12.5 ਅਰਬ ਦੇ ਸਾਲਾਨਾ ਬਜਟ ਵਾਲੀ ਸ਼੍ਰੋਮਣੀ ਕਮੇਟੀ ਦੇ ਦੋ ਵਾਰ ਪ੍ਰਧਾਨ ਰਹਿ ਚੁੱਕੇ ਬੀਬੀ ਜਗੀਰ ਕੌਰ ਜੋ ਕਿ ਇਸ ਵਾਰ ਪ੍ਰਧਾਨਗੀ ਅਹੁਦੇ ਲਈ ਪ੍ਰਮੁੱਖ ਦਾਅਵੇਦਾਰ ਵੀ ਸਨ, ਨੇ ਚੋਣ ਤੋਂ ਕੁਝ ਦਿਨ ਪਹਿਲਾਂ ਸ਼੍ਰੋਮਣੀ ਕਮੇਟੀ ਪ੍ਰਧਾਨ ਦਾ ਕਾਰਜਕਾਲ ਇਕ ਸਾਲ ਤੋਂ ਵਧਾ ਕੇ ਪੰਜ ਸਾਲ ਤੱਕ ਕਰਨ ਲਈ ਆਵਾਜ਼ ਉਠਾਈ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਸ਼੍ਰੋਮਣੀ ਕਮੇਟੀ ਵੱਲੋਂ ਉਲੀਕੇ ਪ੍ਰੋਗਰਾਮਾਂ ਨੂੰ ਨੇਪਰੇ ਚਾੜ੍ਹਨ ਲਈ ਪ੍ਰਧਾਨ ਦੇ ਇਕ ਸਾਲ ਦੇ ਕਾਰਜਕਾਲ ਕਾਰਨ ਦਿੱਕਤਾਂ ਆਉਂਦੀਆਂ ਹਨ ਪਰ ਜ਼ਿਕਰਯੋਗ ਹੈ ਕਿ ਬੀਤੀ 27 ਨਵੰਬਰ ਨੂੰ ਹੋਏ ਸ਼੍ਰੋਮਣੀ ਕਮੇਟੀ ਦੇ ਜਨਰਲ ਇਜਲਾਸ 'ਚ ਉਹ ਆਪਣੀ ਇਸ ਮੰਗ-ਕਮ-ਸਲਾਹ ਪ੍ਰਤੀ ਖਾਮੋਸ਼ ਰਹੇ।

ਜਨਰਲ ਇਜਲਾਸ ਤੋਂ ਬਾਅਦ ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਵੀ ਅਜਿਹੇ ਹੀ ਵਿਚਾਰ ਪ੍ਰਗਟ ਕੀਤੇ ਹਨ। ਉਨ੍ਹਾਂ ਕਿਹਾ ਸੀ ਕਿ ਸ਼੍ਰੋਮਣੀ ਕਮੇਟੀ ਪ੍ਰਧਾਨ ਦਾ ਕਾਰਜਕਾਲ ਪੰਜ ਸਾਲ ਦਾ ਹੋਣਾ ਚਾਹੀਦਾ ਹੈ। ਇਥੇ ਹੀ ਬੱਸ ਨਹੀਂ ਉਨ੍ਹਾਂ ਇਹ ਵੀ ਇੱਛਾ ਜ਼ਾਹਰ ਕੀਤੀ ਸੀ ਕਿ ਸ਼੍ਰੋਮਣੀ ਕਮੇਟੀ ਦਾ ਸਾਲਾਨਾ ਇਜਲਾਸ ਤਿੰਨ ਦਿਨਾਂ ਦਾ ਕੀਤਾ ਜਾਣਾ ਚਾਹੀਦਾ ਹੈ ਤਾਂ ਕਿ ਸਾਰੇ ਮੈਂਬਰ ਆਪੋ ਆਪਣੀ ਰਾਏ ਦੇ ਸਕਣ ਤੇ ਆਪਣੇ ਹਲਕਿਆਂ ਵਿਚ ਸਿੱਖੀ ਦੇ ਪ੍ਰਚਾਰ ਤੇ ਪਾਸਾਰ ਬਾਰੇ ਇਜਲਾਸ 'ਚ ਆਪਣੀ ਗੱਲ ਰੱਖ ਸਕਣ।

# ਲਾਹੌਰ 'ਵਰਸਿਟੀ 'ਚ ਬਣੇਗੀ ਗੁਰੂ ਨਾਨਕ ਚੇਅਰ



**ਜਲੰਧਰ:** ਲਾਹੌਰ ਦੀ ਪੰਜਾਬ ਯੂਨੀਵਰਸਿਟੀ ਵਿਚ ਸਰਬੱਤ ਦਾ ਭਲਾ ਟਰੱਸਟ ਵੱਲੋਂ ਗੁਰੂ ਨਾਨਕ ਚੇਅਰ ਸਥਾਪਤ ਕੀਤੀ ਜਾਵੇਗੀ, ਜਿਸ ਵਿਚ ਬਣਨ ਵਾਲੇ ਰਿਸਰਚ ਸੈਂਟਰ 'ਚ ਗੁਰੂ ਨਾਨਕ ਸਾਹਿਬ ਦੀ ਬਾਣੀ ਤੇ ਉਨ੍ਹਾਂ ਦੀਆਂ ਸਿੱਖਿਆਵਾਂ ਤੇ ਫਲਸਫੇ ਉਤੇ ਖੋਜ ਕਰਨ ਦੇ ਨਾਲ-ਨਾਲ ਗੁਰਬਾਣੀ ਦੇ ਪ੍ਰਚਾਰ ਤੇ ਪ੍ਰਸਾਰ ਲਈ ਸਮੇਂ-ਸਮੇਂ ਸਿਰ ਸੈਮੀਨਾਰ ਤੇ ਵਿਚਾਰ ਗੋਸ਼ਟੀਆਂ ਕਰਵਾਈਆਂ ਜਾਣਗੀਆਂ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸਰਬੱਤ ਦਾ ਭਲਾ ਟਰੱਸਟ ਦੇ ਮੁਖੀ ਅਤੇ ਦੁਬਈ ਦੇ ਕਾਰੋਬਾਰੀ ਐਸ.ਪੀ. ਸਿੰਘ ਓਬਰਾਏ ਨੇ ਲਹਿੰਦੇ ਪੰਜਾਬ ਦੇ ਗਵਰਨਰ ਮੁਹੰਮਦ ਸਰਵਰ ਤੇ ਉਨ੍ਹਾਂ ਦੀ ਬੇਗਮ ਨਾਲ ਮੀਟਿੰਗ ਕਰਨ ਤੋਂ ਬਾਅਦ ਕੀਤਾ।

ਪਾਕਿਸਤਾਨ ਦਾ ਦੌਰਾ ਕਰ ਕੇ ਪਰਤੇ ਐਸ.ਪੀ. ਸਿੰਘ ਓਬਰਾਏ ਨੇ ਦੱਸਿਆ ਕਿ ਟਰੱਸਟ ਵੱਲੋਂ ਗੁਰੂ ਨਾਨਕ ਚੇਅਰ ਲਈ ਨਿਸ਼ਚਿਤ ਰਕਮ ਬੈਂਕ ਵਿਚ ਜਮ੍ਹਾਂ ਕਰਵਾ ਦਿੱਤੀ ਜਾਵੇਗੀ, ਜਿਸ ਦਾ ਸਾਲਾਨਾ ਵਿਆਜ ਕਰੀਬ 35 ਤੋਂ 40 ਲੱਖ ਰੁਪਏ ਬਣੇਗਾ। ਵਿਆਜ ਵਾਲੀ ਰਕਮ ਨੂੰ ਹੀ ਇਸ ਕਾਰਜ ਤੋਂ ਇਲਾਵਾ ਆਰਥਿਕ ਪੱਖ ਤੋਂ ਕਮਜ਼ੋਰ ਵਰਗ ਦੇ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਦੇਣ ਲਈ ਖਰਚ ਕੀਤਾ ਜਾਵੇਗਾ, ਜਿਸ ਦਾ ਸਾਰਾ ਲੇਖਾ-ਜੋਖਾ ਯੂਨੀਵਰਸਿਟੀ ਵੱਲੋਂ ਟਰੱਸਟ ਨੂੰ ਦਿੱਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਬਹੁਤ ਹੀ ਜਲਦ ਗੁਰਦੁਆਰਾ ਦਰਬਾਰ ਸਾਹਿਬ ਕਰਤਾਰਪੁਰ ਵਿਚ ਲੰਗਰ ਦੀ ਸਹੂਲਤ ਲਈ ਆਟਾ ਗੁੰਨਣ, ਪੇੜੇ ਕਰਨ ਤੇ ਪ੍ਰਸ਼ਾਦੇ ਪਕਾਉਣ ਵਾਲੀ ਦੁਬਈ 'ਚ ਤਿਆਰ ਹੋਈ ਅਤਿ ਆਧੁਨਿਕ ਸਹੂਲਤਾਂ ਨਾਲ ਲੈਸ ਮਸ਼ੀਨ ਤੋਂ ਇਲਾਵਾ ਬਰਤਨ ਸਾਫ ਕਰਨ ਵਾਲੀ ਮਸ਼ੀਨ ਵੀ ਭੇਜੀ ਜਾਵੇਗੀ। ਟਰੱਸਟ ਵੱਲੋਂ ਛੇਤੀ ਹੀ ਨਨਕਾਣਾ ਸਾਹਿਬ ਤੇ ਪੰਜਾ ਸਾਹਿਬ ਵਿਚ ਵੀ ਇਹ ਮਸ਼ੀਨਾਂ ਦਿੱਤੀਆਂ ਜਾਣਗੀਆਂ।

ਡਾ. ਓਬਰਾਏ ਨੇ ਦੱਸਿਆ ਕਿ ਪਾਕਿਸਤਾਨ ਵਿਚ ਉਥੋਂ ਦੀ ਪੰਜਾਬ ਸਰਕਾਰ ਵੱਲੋਂ ਪ੍ਰਮੁੱਖ 8 ਧਰਮਾਂ ਦੇ ਸਥਾਪਤ ਕੀਤੇ ਜਾ ਰਹੇ ਮਿਊਜ਼ੀਅਮ ਵਿਚ ਬਣਨ ਵਾਲੀਆਂ ਗੈਲਰੀਆਂ ਵਿਚ ਜੋ ਸਿੱਖ ਧਰਮ ਦੀ ਗੈਲਰੀ ਬਣੇਗੀ, ਉਸ ਵਿਚ ਰੱਖੇ ਜਾਣ ਵਾਲੇ ਹਰੇਕ ਤਰ੍ਹਾਂ ਦੇ ਸਾਜ਼ੋ-ਸਾਮਾਨ ਦਾ ਸਮੁੱਚਾ ਖਰਚ ਵੀ ਇਸ ਚੈਰੀਟੇਬਲ ਟਰੱਸਟ ਵੱਲੋਂ ਚੁੱਕਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਇਨ੍ਹਾਂ ਸਭ ਕਾਰਜਾਂ ਲਈ ਉਨ੍ਹਾਂ ਨੇ ਆਪਣੇ ਪਾਕਿਸਤਾਨ ਦੌਰੇ ਦੌਰਾਨ ਪੰਜਾਬ ਦੇ ਗਵਰਨਰ ਮੁਹੰਮਦ ਸਰਵਰ ਤੋਂ ਇਲਾਵਾ ਚੇਅਰਮੈਨ ਗੁਰਦੁਆਰਾ ਸੁਧਾਰ ਕਮੇਟੀ, ਵਾਈਸ ਚਾਂਸਲਰ ਪੰਜਾਬ ਯੂਨੀਵਰਸਿਟੀ ਲਾਹੌਰ, ਸੈਕਟਰੀ ਇਨਫਾਰਮੇਸ਼ਨ, ਟੂਰਿਜ਼ਮ ਅਤੇ ਆਈਟੀ, ਜੁਆਇੰਟ ਸੈਕਟਰੀ ਪੀ.ਟੀ.ਆਈ. ਫਾਰੂਕ ਅਰਸ਼ਦ ਸਮੇਤ ਹੋਰ ਸੀਨੀਅਰ ਉੱਚ ਅਧਿਕਾਰੀਆਂ ਨਾਲ ਮੁਲਾਕਾਤਾਂ ਕਰ ਕੇ ਸਾਰੀ ਵਿਉਂਤਬੰਦੀ ਤਿਆਰ ਕਰ ਲਈ ਹੈ।

## *ਜੀ.ਐਨ.ਡੀ.ਯੂ. ਸੰਭਾਲੇਗੀ ਨਾਨਕ ਸਿੰਘ ਦੀਆਂ ਕਿਰਤਾਂ ਤੇ ਹੱਥ ਲਿਖਤਾਂ*

**ਅੰਮ੍ਰਿਤਸਰ:** ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਸਿੰਡੀਕੇਟ ਦੀ ਵਿਸ਼ੇਸ਼ ਬੈਠਕ ਵਿਚ ਉੱਘੇ ਨਾਵਲਕਾਰ ਨਾਨਕ ਸਿੰਘ ਦੀਆਂ ਕਿਰਤਾਂ, ਇਤਿਹਾਸਕ ਦਸਤਾਵੇਜ਼ ਅਤੇ ਹੋਰ ਹੱਥ ਲਿਖਤਾਂ ਨੂੰ ਯੂਨੀਵਰਸਿਟੀ ਦੀ ਭਾਈ ਗੁਰਦਾਸ ਲਾਇਬ੍ਰੇਰੀ ਵਿਚ ਇਕ ਮਿਊਜ਼ੀਅਮ ਸਥਾਪਤ ਕਰਕੇ ਸਾਂਭਣ ਦਾ ਫੈਸਲਾ ਲਿਆ ਗਿਆ। ਸਿੰਡੀਕੇਟ ਵੱਲੋਂ ਯੂਨੀਵਰਸਿਟੀ ਦੀ 46ਵੀਂ ਸਾਲਾਨਾ ਕਨਵੋਕੇਸ਼ਨ ਮੌਕੇ ਸਰਜਨ ਅਤੇ ਮੇਦਾਂਤਾ ਹਾਰਟ ਇੰਸਟੀਚਿਊਟ ਦੇ ਚੇਅਰਮੈਨ ਤੇ ਮੈਨੇਜਿੰਗ ਡਾਇਰੈਕਟਰ ਡਾ. ਨਰੇਸ਼ ਤ੍ਰੇਹਨ ਅਤੇ ਫਿਲਮ ਅਦਾਕਾਰ ਅਤੇ ਥੀਏਟਰ ਸ਼ਖਸੀਅਤ ਸ੍ਰੀ ਪੰਕਜ ਕਪੂਰ ਨੂੰ 'ਆਨਰਜ਼ ਆਫ ਕਾਜ਼ਾ' ਡਿਗਰੀ ਨਾਲ ਸਨਮਾਨਿਤ ਕਰਨ ਦੀ ਪ੍ਰਵਾਨਗੀ ਵੀ ਦਿੱਤੀ ਗਈ। ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ਇੰਟਲੈਕਚੁਅਲ ਪ੍ਰਾਪਰਟੀ ਰਾਈਟਸ ਵਾਸਤੇ ਯੂਨੀਵਰਸਿਟੀ ਵੱਲੋਂ ਤਕਨਾਲੋਜੀ, ਸਾਇੰਸ, ਆਰਟਸ ਅਤੇ ਪ੍ਰਬੰਧ ਜਿਹੇ ਖੇਤਰਾਂ 'ਚ ਕੀਤੇ ਖੋਜ ਕਾਰਜਾਂ ਨੂੰ ਪੇਟੈਂਟ ਕੀਤਾ ਜਾਵੇਗਾ।

# ਸ਼੍ਰੋਮਣੀ ਕਮੇਟੀ ਦਾ ਦਾਇਰਾ ਵਿਦੇਸ਼ ਤੱਕ ਫੈਲਾਉਣ ਲਈ ਹੋਣਗੇ ਯਤਨ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਨੇ ਲਗਭਗ ਸੌ ਸਾਲਾਂ ਬਾਅਦ ਸੰਸਥਾ ਦਾ ਘੇਰਾ ਵਿਦੇਸ਼ ਤੱਕ ਫੈਲਾਉਣ ਲਈ ਯਤਨ ਕਰਨ ਦਾ ਫੈਸਲਾ ਲਿਆ ਹੈ ਤਾਂ ਜੋ ਵਿਦੇਸ਼ਾਂ ਵਿਚ ਵੱਸਦੇ ਸਿੱਖਾਂ ਦੀਆਂ ਸਮੱਸਿਆਵਾਂ ਹੱਲ ਕਰਨ ਲਈ ਉਨ੍ਹਾਂ ਦੇ ਸਹਿਯੋਗ ਨਾਲ ਠੋਸ ਉਪਰਾਲੇ ਕੀਤੇ ਜਾ ਸਕਣ। ਸ਼੍ਰੋਮਣੀ ਕਮੇਟੀ ਇਸ ਸਬੰਧੀ ਵਿਦੇਸ਼ਾਂ ਵਿਚ ਵੱਸਦੇ ਸਿੱਖਾਂ ਦਾ 51 ਮੈਂਬਰੀ ਬੋਰਡ ਬਣਾਏਗੀ। ਇਸ ਸਬੰਧੀ ਇਥੇ ਜਨਰਲ ਇਜਲਾਸ ਦੌਰਾਨ ਬਾਕਾਇਦਾ ਮਤਾ ਪਾਸ ਕੀਤਾ ਗਿਆ ਹੈ।

ਵਿਦੇਸ਼ਾਂ ਵਿਚ ਵੱਸਦੇ ਸਿੱਖਾਂ ਨੂੰ ਇਸ ਵੇਲੇ ਪਛਾਣ ਦੀ ਸਮੱਸਿਆ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਿੱਖ ਕਕਾਰਾਂ ਦੀ ਪਛਾਣ ਕਰਾਉਣਾ ਵੀ ਵੱਡਾ ਮਸਲਾ ਹੈ। ਸਿੱਖਾਂ ਉਤੇ ਹੋ ਰਹੇ ਨਫਰਤੀ ਹਮਲੇ ਵੀ ਸਮੁੱਚੇ ਸਿੱਖ ਜਗਤ ਲਈ ਚਿੰਤਾ ਦਾ ਵਿਸ਼ਾ ਹਨ। ਇਨ੍ਹਾਂ ਮੁਸ਼ਕਲਾਂ ਦੇ ਹੱਲ ਲਈ ਵੱਖ ਵੱਖ ਦੇਸ਼ਾਂ ਵਿਚੋਂ ਪ੍ਰਮੁੱਖ ਸਿੱਖ ਸ਼ਖਸੀਅਤਾਂ ਦਾ 51 ਮੈਂਬਰੀ ਸਲਾਹਕਾਰ ਬੋਰਡ ਕਾਇਮ ਕਰਨ ਦੇ ਫੈਸਲੇ ਨੂੰ ਜਨਰਲ ਹਾਊਸ ਵੱਲੋਂ ਪ੍ਰਵਾਨਗੀ ਦਿੱਤੀ ਗਈ ਹੈ। ਇਸ ਬੋਰਡ ਦਾ ਮੁਖੀ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਹੋਵੇਗਾ ਅਤੇ ਬੋਰਡ ਦੀਆਂ ਸਾਲ ਵਿਚ ਘੱਟੋ ਘੱਟ ਦੋ ਮੀਟਿੰਗਾਂ ਕੀਤੀਆਂ ਜਾਣਗੀਆਂ, ਜਿਸ ਵਿਚ ਵਿਦੇਸ਼ ਵਿਚ ਵੱਸਦੇ ਸਿੱਖਾਂ ਨੂੰ ਪੇਸ਼ ਮਸਲਿਆਂ ਉਤੇ ਵਿਚਾਰ ਚਰਚਾ ਕੀਤੀ ਜਾਵੇਗੀ।

ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਆਖਿਆ ਕਿ ਮੀਟਿੰਗਾਂ ਦੌਰਾਨ ਜਦੋਂ ਸਿੱਖ ਮਸਲਿਆਂ ਉਤੇ ਵਿਚਾਰ ਹੋਵੇਗੀ ਤਾਂ ਉਨ੍ਹਾਂ ਦੇ ਹੱਲ ਲਈ ਵੀ ਉਪਰਾਲੇ ਸ਼ੁਰੂ ਹੋਣਗੇ। ਇਸ ਨਾਲ ਸ਼੍ਰੋਮਣੀ ਕਮੇਟੀ ਸਿੱਧੇ ਤੌਰ 'ਤੇ ਵਿਦੇਸ਼ ਵਿਚ ਵੱਸਦੇ ਸਿੱਖਾਂ ਨਾਲ ਵੀ ਜੁੜ ਜਾਵੇਗੀ ਅਤੇ ਉਨ੍ਹਾਂ ਦੀ ਸ਼ਮੂਲੀਅਤ ਵੀ ਹੋਵੇਗੀ। ਇਸ ਤੋਂ ਇਲਾਵਾ ਇਕ ਮਤੇ ਰਾਹੀਂ ਅਫਗਾਨਿਸਤਾਨ ਵਿਚ ਵੱਸਦੇ ਸਿੱਖਾਂ ਦਾ ਜਬਰੀ ਧਰਮ ਤਬਦੀਲ ਕਰਨ ਲਈ ਮਜਬੂਰ ਕੀਤੇ ਜਾਣ ਦੀ ਨਿੰਦਾ ਕੀਤੀ ਗਈ। ਕੇਂਦਰ ਸਰਕਾਰ ਕੋਲੋਂ ਮੰਗ ਕੀਤੀ ਗਈ ਕਿ ਵੱਖ ਵੱਖ ਮੁਲਕਾਂ ਦੀਆਂ ਸਰਕਾਰਾਂ ਨਾਲ ਗੱਲਬਾਤ ਕਰ ਕੇ ਸਿੱਖਾਂ ਦੀਆਂ ਸਮੱਸਿਆਵਾਂ ਹੱਲ ਕਰਾਉਣ ਲਈ ਯਤਨ ਕੀਤੇ ਜਾਣ। ਕੇਂਦਰ ਅਤੇ ਸੂਬਾ ਸਰਕਾਰ ਕੋਲੋਂ ਮੰਗ ਕੀਤੀ ਗਈ ਕਿ ਪੰਜਾਬ ਅਤੇ ਨਾਲ ਲੱਗਦੇ ਰਾਜਾਂ ਵਿਚ ਪੰਜਾਬੀ ਭਾਸ਼ਾ ਨੂੰ ਬਣਦਾ ਮਾਣ ਸਨਮਾਨ ਦਿਵਾਉਣ ਲਈ ਉਪਰਾਲੇ ਕੀਤੇ ਜਾਣ।

**Punjab Times**

**Established in 2000**
**20th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਸਿੱਖ ਕਤਲੇਆਮ: 'ਸਿਟ' ਸਮੇਟਣ ਲਈ ਕੇਂਦਰ ਨੇ ਸੁਪਰੀਮ ਕੋਰਟ ਤੋਂ ਆਗਿਆ ਮੰਗੀ

**ਨਵੀਂ ਦਿੱਲੀ:** ਦਿੱਲੀ ਹਾਈ ਕੋਰਟ ਦੇ ਜਸਟਿਸ ਐਸ.ਐਨ ਢੀਂਗਰਾ ਦੀ ਅਗਵਾਈ ਹੇਠ ਕਾਇਮ ਵਿਸ਼ੇਸ਼ ਜਾਂਚ ਟੀਮ (ਸਿਟ) ਨੂੰ ਸਮੇਟਣ ਲਈ ਕੇਂਦਰ ਸਰਕਾਰ ਨੇ ਸੁਪਰੀਮ ਕੋਰਟ ਤੋਂ ਆਗਿਆ ਮੰਗੀ ਹੈ। ਕੇਂਦਰ ਸਰਕਾਰ ਨੇ ਸੁਪਰੀਮ ਕੋਰਟ ਨੂੰ ਜਾਣਕਾਰੀ ਦਿੱਤੀ ਹੈ ਕਿ ਸਿਟ ਨੇ 1984 ਦੇ ਸਿੱਖ ਵਿਰੋਧੀ ਦੰਗਿਆਂ ਸਬੰਧੀ 186 ਕੇਸਾਂ ਦੀ ਜਾਂਚ ਮੁਕੰਮਲ ਕਰ ਲਈ ਹੈ। ਜ਼ਿਕਰਯੋਗ ਹੈ ਕਿ ਵਿਸ਼ੇਸ਼ ਜਾਂਚ ਟੀਮ ਵਿਚ ਸੁਪਰੀਮ ਕੋਰਟ ਨੇ ਬੀਤੇ ਸਾਲ 11 ਜਨਵਰੀ ਨੂੰ ਸੇਵਾਮੁਕਤ ਆਈ.ਪੀ.ਐਸ. ਅਧਿਕਾਰੀ ਰਾਜਦੀਪ ਸਿੰਘ ਅਤੇ 2006 ਬੈਚ ਦੇ ਅਧਿਕਾਰੀ ਅਭਿਸ਼ੇਕ ਦੁਲਾਰ ਨੂੰ ਸ਼ਾਮਲ ਕੀਤਾ ਸੀ, ਇਨ੍ਹਾਂ ਨੂੰ ਹੋਰ 186 ਕੇਸਾਂ ਦੀ ਜਾਂਚ ਦੀ ਜ਼ਿੰਮੇਵਾਰੀ ਸੌਂਪੀ ਗਈ ਸੀ।

ਇਨ੍ਹਾਂ ਕੇਸਾਂ ਸਬੰਧੀ ਵਿਸ਼ੇਸ਼ ਜਾਂਚ ਟੀਮ ਨੇ ਆਪਣੀ ਰਿਪੋਰਟ ਸੌਂਪ ਦਿੱਤੀ ਹੈ। ਇਸ ਸਮੇਂ ਵਿਸ਼ੇਸ਼ ਜਾਂਚ ਟੀਮ ਦੇ ਦੋ ਹੀ ਮੈਂਬਰ ਹਨ ਕਿਉਂਕਿ ਸ੍ਰੀ ਸਿੰਘ ਨਿਜੀ ਕਾਰਨਾਂ ਕਰਕੇ ਸਿਟ ਦੇ ਵਿਚ ਸ਼ਾਮਲ ਹੋਣ ਤੋਂ ਇਨਕਾਰ ਕਰ ਚੁੱਕੇ ਹਨ। ਕੇਂਦਰ ਨੇ ਸੁਪਰੀਮ ਕੋਰਟ ਦੇ ਚੀਫ ਜਸਟਿਸ ਐਸ.ਐਸ. ਬੋਬੜੇ ਅਤੇ ਜਸਟਿਸ ਬੀ.ਆਰ. ਗਵਈ ਦੇ ਬੈਂਚ ਅੱਗੇ ਸਿਟ ਦੀ ਅੰਤਿਮ ਰਿਪੋਰਟ ਸੀਲ ਬੰਦ ਲਿਫਾਫੇ ਵਿਚ ਪੇਸ਼ ਕਰ ਦਿੱਤੀ ਹੈ।

ਵਧੀਕ ਸੌਲਿਸਟਰ ਜਨਰਲ ਪਿੰਕੀ ਆਨੰਦ ਨੇ ਅਦਾਲਤ ਨੂੰ ਦੱਸਿਆ ਹੈ ਕਿ ਵਿਸ਼ੇਸ਼ ਜਾਂਚ ਟੀਮ ਨੇ ਆਪਣਾ ਕਾਰਜ ਮੁਕੰਮਲ ਕਰ ਲਿਆ ਹੈ ਅਤੇ ਆਪਣੀ ਅੰਤਿਮ ਰਿਪੋਰਟ ਦੇ ਦਿੱਤੀ ਹੈ ਅਤੇ ਹੁਣ ਇਸ ਦੀਆਂ ਸੇਵਾਵਾਂ ਬੰਦ ਕਰ ਦੇਣੀਆਂ ਚਾਹੀਦੀਆਂ ਹਨ। ਇਸ ਦੌਰਾਨ ਸਿੱਖ ਦੰਗਾ ਪੀੜਤਾਂ ਦੇ ਵਕੀਲ ਐਚ.ਐਸ. ਫੂਲਕਾ ਨੇ ਕਿਹਾ ਕਿ ਬੈਂਚ ਨੂੰ ਪਹਿਲਾਂ ਰਿਪੋਰਟ ਦਾ ਮੁਲੰਕਣ ਕਰਨਾ ਚਾਹੀਦਾ ਹੈ ਅਤੇ ਦੇਖਣਾ ਚਾਹੀਦਾ ਹੈ ਕਿ ਕਿਸੇ ਤਰ੍ਹਾਂ ਦੀ ਜਾਂਚ ਦੀ ਕੋਈ ਹੋਰ ਲੋੜ ਤਾਂ ਨਹੀਂ ਹੈ ਅਤੇ ਇਸ ਤੋਂ ਬਾਅਦ ਹੀ ਫੈਸਲਾ ਲੈਣਾ ਚਾਹੀਦਾ ਹੈ।

# ਸਾਬਕਾ ਵਿਧਾਇਕ ਬੂਟਾ ਸਿੰਘ ਦਾ ਦੇਹਾਂਤ

**ਮਾਨਸਾ:** ਮਾਨਸਾ ਦੇ ਸਾਬਕਾ ਵਿਧਾਇਕ ਅਤੇ ਸੀ.ਪੀ.ਆਈ. ਦੇ ਬਜ਼ੁਰਗ ਆਗੂ ਕਾਮਰੇਡ ਬੂਟਾ ਸਿੰਘ ਦਾ ਦੇਹਾਂਤ ਹੋ ਗਿਆ। ਉਹ 86 ਵਰ੍ਹਿਆਂ ਦੇ ਸਨ। ਉਹ ਸਾਰੀ ਉਮਰ ਲੋਕ-ਪੱਖੀ ਵਿਚਾਰਧਾਰਾ ਉਤੇ ਪਹਿਰਾ ਦਿੰਦੇ ਰਹੇ। ਉਹ 1980 ਤੋਂ 1985 ਤੱਕ ਮਾਨਸਾ ਤੋਂ ਵਿਧਾਇਕ ਰਹੇ ਸਨ, ਉਸ ਸਮੇਂ ਸੀ.ਪੀ.ਆਈ. ਦਾ ਅਕਾਲੀ ਦਲ ਨਾਲ ਸਮਝੌਤਾ ਸੀ।

ਉਨ੍ਹਾਂ ਨੇ ਮਰਹੂਮ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਦੇ ਨੇੜਲੇ ਸਾਥੀ ਤਿਰਲੋਚਨ ਸਿੰਘ ਰਿਆਸਤੀ ਨੂੰ ਮਾਤ ਦਿੱਤੀ ਸੀ, ਹਾਲਾਂਕਿ ਉਸ ਵੇਲੇ ਇੰਦਰਾ ਗਾਂਧੀ ਨੇ ਖੁਦ ਮਾਨਸਾ ਵਿਚ ਵੱਡੀ ਰੈਲੀ ਦੌਰਾਨ ਮੰਚ ਤੋਂ ਦੌਰਾਨ ਸ੍ਰੀ ਰਿਆਸਤੀ ਨੂੰ ਪੰਜਾਬ ਦਾ ਮੁੱਖ ਮੰਤਰੀ ਬਣਾਉਣ ਦਾ ਐਲਾਨ ਕੀਤਾ ਸੀ। ਕਾਮਰੇਡ ਬੂਟਾ ਸਿੰਘ ਦੀ ਦੇਹ ਨੂੰ ਅੰਤਿਮ ਦਰਸ਼ਨਾਂ ਲਈ ਤੇਜਾ ਸਿੰਘ ਸੁਤੰਤਰ ਭਵਨ ਵਿਚ ਰੱਖਿਆ ਗਿਆ, ਜਿਥੇ ਸੈਂਕੜੇ ਲੋਕਾਂ, ਵੱਖ-ਵੱਖ ਰਾਜਨੀਤਿਕ ਪਾਰਟੀਆਂ ਅਤੇ ਜਥੇਬੰਦੀਆਂ ਵੱਲੋਂ ਲਾਲ ਝੰਡੇ ਪਾ ਕੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ ਅਤੇ ਇਨਕਲਾਬੀ ਨਾਅਰਿਆਂ ਨਾਲ ਅੰਤਿਮ ਵਿਦਾਈ ਦਿੱਤੀ ਗਈ। ਇਸ ਮੌਕੇ ਸੀ.ਪੀ.ਆਈ. ਦੇ ਕੌਮੀ ਕੌਂਸਲ ਮੈਂਬਰ ਤੇ ਸਾਬਕਾ ਵਿਧਾਇਕ ਕਾਮਰੇਡ ਹਰਦੇਵ ਸਿੰਘ ਅਰਸ਼ੀ ਦੀ ਅਗਵਾਈ ਹੇਠ ਜ਼ਿਲ੍ਹਾ ਲੀਡਰਸ਼ਿਪ ਵੱਲੋਂ ਅੰਤਿਮ ਵਿਦਾਈ ਦਿੱਤੀ ਗਈ। ਕਾਮਰੇਡ ਅਰਸ਼ੀ ਨੇ ਕਿਹਾ ਕਿ ਕਾਮਰੇਡ ਬੂਟਾ ਸਿੰਘ, ਕਮਿਊਨਿਸਟ ਲਹਿਰ ਦੇ ਵੱਡੇ ਥੰਮ੍ਹ ਦੇ ਤੌਰ ਉਤੇ ਉਭਰੇ ਅਤੇ ਹਮੇਸ਼ਾ ਪਾਰਟੀ ਸਫਾਂ ਤੋਂ ਉਪਰ ਉਠ ਕੇ ਕਿਰਤੀ ਵਰਗ ਦੇ ਲੋਕਾਂ ਅਤੇ ਦੱਬੇ-ਕੁਚਲੇ ਸਮਾਜ ਲਈ ਆਪਣੀ ਜ਼ਿੰਦਗੀ ਲੇਖੇ ਲਾ ਗਏ।

# ਔਰਤਾਂ ਦੀ ਸੁਰੱਖਿਆ ਦਾ ਮੁੱਦਾ ਫਿਰ ਭਖਿਆ

*(ਸਫਾ ਇਕ ਦੀ ਬਾਕੀ)*

ਵਿਦਿਆਰਥਣ ਨਾਲ 6 ਵਿਅਕਤੀਆਂ ਨੇ ਉਸ ਦੇ ਸਾਥੀ ਸਾਹਮਣੇ ਜਬਰ ਜਨਾਹ ਕੀਤਾ ਸੀ ਅਤੇ ਬਾਅਦ ਵਿਚ ਦੋਵਾਂ ਨੂੰ ਚਲਦੀ ਬੱਸ 'ਚੋਂ ਧੱਕਾ ਦੇ ਦਿੱਤਾ ਸੀ। ਕੁਝ ਦਿਨਾਂ ਪਿੱਛੋਂ ਲੜਕੀ ਦੀ ਮੌਤ ਹੋ ਗਈ ਸੀ ਪਰ ਇਸ ਹੌਲਨਾਕ ਘਟਨਾ ਨੇ ਸਾਰੇ ਦੇਸ਼ ਵਿਚ ਇਕ ਤਰ੍ਹਾਂ ਨਾਲ ਤੂਫਾਨ ਖੜ੍ਹਾ ਕਰ ਦਿੱਤਾ ਸੀ। ਇਸ ਤੋਂ ਬਾਅਦ ਸਰਕਾਰ ਨੂੰ ਜਬਰ ਜਨਾਹ ਵਿਰੁਧ ਅਪਰਾਧਾਂ ਸਬੰਧੀ ਕਾਨੂੰਨਾਂ ਨੂੰ ਹੋਰ ਵੀ ਸਖਤ ਕਰਨਾ ਪਿਆ ਸੀ ਪਰ ਇਸ ਦੇ ਬਾਵਜੂਦ ਅਜਿਹੀਆਂ ਭਿਆਨਕ ਅਤੇ ਸ਼ਰਮਨਾਕ ਘਟਨਾਵਾਂ ਵਿਚ ਕਮੀ ਨਹੀਂ ਆਈ ਸਗੋਂ ਅੰਕੜਿਆਂ ਮੁਤਾਬਕ ਦੇਸ਼ ਭਰ ਵਿਚ ਇਹ ਵਧੀਆਂ ਹਨ। ਜੰਮੂ ਦੇ ਕਠੂਆ ਵਿਚ ਕੁਝ ਸਾਲ ਪਹਿਲਾਂ ਅਜਿਹੀ ਹੀ ਘਟਨਾ ਵਿਚ ਨਾਬਾਲਗ ਲੜਕੀ ਨੂੰ ਅਗਵਾ ਕਰਨ ਤੋਂ ਕੁਝ ਦਿਨਾਂ ਬਾਅਦ ਮਾਰ ਦਿੱਤਾ ਗਿਆ ਸੀ। ਇਸ ਘਟਨਾ ਦੀ ਵੱਡੀ ਪੱਧਰ 'ਤੇ ਚਰਚਾ ਦੇਸ਼ ਭਰ ਵਿਚ ਹੋਈ ਸੀ।

ਤਾਜ਼ਾ ਘਟਨਾ ਦੇ ਵਿਰੋਧ ਵਿਚ ਵੱਡੇ ਪੱਧਰ 'ਤੇ ਰੋਸ ਮੁਜ਼ਾਹਰੇ ਹੋ ਰਹੇ ਹਨ। ਇਸ ਵਿਚ ਸ਼ਾਮਲ ਚਾਰ ਜਣਿਆਂ ਨੂੰ ਫੜ ਵੀ ਲਿਆ ਗਿਆ ਹੈ। ਇਸ ਦੀ ਚਰਚਾ ਸੰਸਦ ਵਿਚ ਵੀ ਹੋਈ ਹੈ ਪਰ ਸਰਕਾਰ ਕੋਲ ਇਸ ਦਾ ਕੋਈ ਜਵਾਬ ਨਹੀਂ ਸੀ। ਸੰਸਦ ਵਿਚ ਚਰਚਾ ਦੌਰਾਨ ਜ਼ਿਆਦਾਤਰ ਮੈਂਬਰਾਂ ਨੇ ਇਕ ਦੂਸਰੇ ਤੋਂ ਅੱਗ ਵਧ ਕੇ ਦੋਸ਼ੀਆਂ ਨੂੰ ਸਜ਼ਾ ਦੇਣ ਤੇ ਇਥੋਂ ਤੱਕ ਕਿ ਉਨ੍ਹਾਂ ਨੂੰ ਜਨਤਕ ਤੌਰ ਉਤੇ ਕਤਲ ਕਰਨ ਤੱਕ ਦੀ ਮੰਗ ਕੀਤੀ। ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ (ਐਨ.ਸੀ.ਆਰ.ਬੀ.) ਦੀ 2017 ਦੀ ਰਿਪੋਰਟ ਅਨੁਸਾਰ ਦੇਸ਼ ਅੰਦਰ ਜਬਰ ਜਨਾਹ ਦੇ 32559 ਕੇਸ ਸਾਹਮਣੇ ਆਏ। ਇਨ੍ਹਾਂ 'ਚ 93.1 ਫੀਸਦੀ ਮਾਮਲਿਆਂ ਵਿਚ ਦੋਸ਼ੀ, ਪੀੜਤ ਔਰਤਾਂ ਦੇ ਜਾਣ ਪਛਾਣ ਦੇ ਸਨ ਅਤੇ 3155 ਮਾਮਲਿਆਂ ਵਿਚ ਪਰਿਵਾਰਕ ਮੈਂਬਰ ਸ਼ਾਮਲ ਸਨ। ਇਸ ਤੋਂ ਸਪਸ਼ਟ ਹੈ ਕਿ ਔਰਤਾਂ ਨੂੰ ਬਾਹਰ ਜਾਣ ਤੋਂ ਰੋਕਣ ਦੀਆਂ ਨਸੀਹਤਾਂ ਜਾਂ ਨੁਸਖੇ ਇਸ ਵਰਤਾਰੇ ਨੂੰ ਰੋਕਣ ਵਿਚ ਕਾਰਗਰ ਨਹੀਂ ਹੋ ਸਕਦੇ।

ਪਿਛਲੇ ਦਿਨੀਂ ਕੀਤੇ ਗਏ ਕੁਝ ਵੱਡੇ ਸ਼ਹਿਰਾਂ ਦੇ ਸਰਵੇਖਣ ਤੋਂ ਵੀ ਔਰਤਾਂ ਪ੍ਰਤੀ ਪੈਦਾ ਹੋਈ ਅਜਿਹੀ ਮਾਨਸਿਕਤਾ ਦਾ ਪਤਾ ਲੱਗਦਾ ਹੈ। ਇਕ ਸਮਾਜਿਕ ਸੰਸਥਾ (ਸੇਫਟੀ ਪਿਨ) ਨੇ ਮੱਧ ਪ੍ਰਦੇਸ਼ ਦੇ ਭੁਪਾਲ ਤੇ ਗਵਾਲੀਅਰ ਅਤੇ ਰਾਜਸਥਾਨ ਦੇ ਜੈਪੁਰ ਵਿਚ ਵਿਸਥਾਰਤ ਸਰਵੇਖਣ ਕੀਤਾ, ਜਿਸ ਤੋਂ ਬੜੇ ਹੀ ਦਿਲ ਕੰਬਾਊ ਨਤੀਜੇ ਸਾਹਮਣੇ ਆਏ ਹਨ। ਇਸ ਅਨੁਸਾਰ 90 ਫੀਸਦੀ ਔਰਤਾਂ ਸੁੰਨਸਾਨ ਥਾਂਵਾਂ 'ਤੇ ਆਪਣੇ-ਆਪ ਨੂੰ ਸੁਰੱਖਿਅਤ ਮਹਿਸੂਸ ਨਹੀਂ ਕਰਦੀਆਂ ਹਨ। ਵਿਦਿਆਰਥਣਾਂ ਨੂੰ ਜਿਣਸੀ ਛੇੜਛਾੜ ਦਾ ਵਧੇਰੇ ਖਤਰਾ ਰਹਿੰਦਾ ਹੈ। ਇਨ੍ਹਾਂ ਅਨੁਸਾਰ 63 ਫੀਸਦੀ ਔਰਤਾਂ ਸਰਕਾਰੀ ਬੱਸਾਂ ਦੇ ਲਗਭਗ ਖਾਲੀ ਹੋਣ 'ਤੇ ਡਰ ਜਾਂਦੀਆਂ ਹਨ। ਹੁਣ ਇਕ ਵਾਰ ਫਿਰ ਇਹ ਮਸਲਾ ਹੈਦਰਾਬਾਦ ਦੀ ਘਟਨਾ ਨਾਲ ਜਿਸ ਤਰ੍ਹਾਂ ਉਭਰਿਆ ਹੈ, ਉਸ ਤੋਂ ਲੋਕ ਭਾਵਨਾ ਦੀ ਇਹ ਗੱਲ ਜ਼ਰੂਰ ਸਾਹਮਣੇ ਆ ਰਹੀ ਹੈ ਕਿ ਅਜਿਹੇ ਕੇਸਾਂ ਦਾ ਫਾਸਟ ਟਰੈਕ ਅਦਾਲਤਾਂ ਰਾਹੀਂ ਇਕ ਨਿਸ਼ਚਿਤ ਸਮੇਂ ਵਿਚ ਫੈਸਲਾ ਹੋਣਾ ਚਾਹੀਦਾ ਹੈ ਤੇ ਦੋਸ਼ੀਆਂ ਨੂੰ ਵੱਡੀਆਂ ਸਜ਼ਾਵਾਂ ਦੇ ਭਾਗੀ ਬਣਾਇਆ ਜਾਣਾ ਚਾਹੀਦਾ ਹੈ ਤਾਂ ਜੋ ਅਜਿਹੀ ਅਪਰਾਧਕ ਬਿਰਤੀ ਵਾਲੇ ਲੋਕਾਂ 'ਚ ਡਰ ਪੈਦਾ ਹੋ ਸਕੇ।

# ਅੰਮ੍ਰਿਤਸਰ ਸਣੇ ਛੇ ਹਵਾਈ ਅੱਡਿਆਂ ਦੇ ਨਿੱਜੀਕਰਨ ਦੀ ਸਿਫਾਰਸ਼

**ਨਵੀਂ ਦਿੱਲੀ:** ਭਾਰਤੀ ਹਵਾਈ ਅੱਡਾ ਅਥਾਰਿਟੀ (ਏ.ਏ.ਆਈ.) ਨੇ ਪੰਜਾਬ ਦੇ ਅੰਮ੍ਰਿਤਸਰ ਸਣੇ ਦੇਸ਼ ਦੇ ਛੇ ਹਵਾਈ ਅੱਡਿਆਂ ਦਾ ਨਿੱਜੀਕਰਨ ਕਰਨ ਦੀ ਸਿਫਾਰਸ਼ ਕੇਂਦਰ ਸਰਕਾਰ ਨੂੰ ਕੀਤੀ ਹੈ। ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਅਥਾਰਿਟੀ ਨੇ ਕੇਂਦਰ ਸਰਕਾਰ ਨੂੰ ਅੰਮ੍ਰਿਤਸਰ, ਵਾਰਾਣਸੀ, ਭੁਬਨੇਸ਼ਵਰ, ਇੰਦੌਰ, ਰਾਏਪੁਰ ਤੇ ਤ੍ਰਿਚੀ ਦੇ ਹਵਾਈ ਅੱਡਿਆਂ ਦਾ ਨਿੱਜੀਕਰਨ ਕਰਨ ਦੀ ਸਿਫਾਰਸ਼ ਕੀਤੀ ਹੈ।

ਜ਼ਿਕਰਯੋਗ ਹੈ ਕਿ ਕੇਂਦਰ ਸਰਕਾਰ ਵੱਲੋਂ ਪਹਿਲਾਂ ਹੀ ਇਸ ਸਾਲ ਫਰਵਰੀ ਮਹੀਨੇ ਵਿਚ ਲਖਨਊ, ਅਹਿਮਦਾਬਾਦ, ਜੈਪੁਰ, ਮੰਗਲੁਰੂ, ਤਿਰੂਵਨੰਤਪੁਰਮ ਅਤੇ ਗੁਹਾਟੀ ਦੇ ਹਵਾਈ ਅੱਡਿਆਂ ਦੇ ਸੰਚਾਲਨ, ਪ੍ਰਬੰਧਨ ਅਤੇ ਵਿਕਾਸ ਦਾ ਕੰਮ ਪਬਲਿਕ-ਪ੍ਰਾਈਵੇਟ ਪਾਰਟਨਰਸ਼ਿਪ ਰਾਹੀਂ ਸ਼ੁਰੂ ਕੀਤਾ ਜਾ ਚੁੱਕਾ ਹੈ। ਇਨ੍ਹਾਂ ਹਵਾਈ ਅੱਡਿਆਂ ਦੇ ਰੱਖ-ਰਖਾਅ ਦਾ ਠੇਕਾ ਅਡਾਨੀ ਗਰੁੱਪ ਨੇ ਲਿਆ ਸੀ। ਇਹ ਠੇਕਾ ਪ੍ਰਤੀ ਯਾਤਰੀ ਫੀਸ ਦੇ ਅਧਾਰ ਉਤੇ ਦਿੱਤਾ ਗਿਆ ਸੀ। ਸੀਨੀਅਰ ਅਧਿਕਾਰੀ ਨੇ ਕਿਹਾ ਕਿ ਕਿਉਂਕਿ ਛੇ ਹਵਾਈ ਅੱਡਿਆਂ ਦਾ ਪਹਿਲਾਂ ਹੀ ਨਿੱਜੀਕਰਨ ਕੀਤਾ ਜਾ ਚੁੱਕਾ ਹੈ, ਇਸ ਵਾਸਤੇ ਅਥਾਰਿਟੀ ਦੀ 5 ਸਤੰਬਰ ਨੂੰ ਹੋਈ ਬੋਰਡ ਮੀਟਿੰਗ ਵਿਚ ਛੇ ਹੋਰ ਹਵਾਈ ਅੱਡਿਆਂ ਦਾ ਨਿੱਜੀਕਰਨ ਕਰਨ ਦਾ ਫੈਸਲਾ ਲਿਆ ਗਿਆ ਹੈ, ਜਿਨ੍ਹਾਂ ਵਿਚ ਅੰਮ੍ਰਿਤਸਰ, ਵਾਰਾਣਸੀ, ਭੁਬਨੇਸ਼ਵਰ, ਇੰਦੌਰ, ਰਾਏਪੁਰ ਤੇ ਤ੍ਰਿਚੀ ਦੇ ਹਵਾਈ ਅੱਡੇ ਸ਼ਾਮਲ ਹਨ। ਬੋਰਡ ਦੇ ਫੈਸਲਾ ਲੈਣ ਮਗਰੋਂ ਇਸ ਸਬੰਧੀ ਸਿਫਾਰਸ਼ ਸ਼ਹਿਰੀ ਹਵਾਬਾਜ਼ੀ ਮੰਤਰਾਲੇ ਨੂੰ ਭੇਜ ਦਿੱਤੀ ਗਈ ਸੀ।

# ਮੈਕਸੀਕੋ: ਅੰਨ੍ਹੇਵਾਹ ਗੋਲੀਬਾਰੀ 'ਚ ਚਾਰ ਪੁਲਿਸ ਮੁਲਾਜ਼ਮਾਂ ਸਣੇ 14 ਹਲਾਕ

**ਮੈਕਸੀਕੋ ਸਿਟੀ:** ਅਮਰੀਕੀ ਸਰਹੱਦ ਲਾਗੇ ਮੈਕਸੀਕੋ ਦੇ ਇਕ ਕਸਬੇ ਵਿਚ ਹੋਈ ਗੋਲੀਬਾਰੀ 'ਚ ਚਾਰ ਪੁਲਿਸ ਕਰਮੀਆਂ ਸਣੇ 14 ਜਣੇ ਮਾਰੇ ਗਏ ਹਨ। ਮਰਨ ਵਾਲੇ 10 ਜਣੇ ਕਿਸੇ ਗੈਂਗ ਦਾ ਹਿੱਸਾ ਦੱਸੇ ਜਾ ਰਹੇ ਹਨ। ਦੱਸਣਯੋਗ ਹੈ ਕਿ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਕੁਝ ਦਿਨ ਪਹਿਲਾਂ ਕਿਹਾ ਸੀ ਕਿ ਉਹ ਗੈਂਗਸਟਰਾਂ ਨੂੰ ਅਤਿਵਾਦੀ ਐਲਾਨਣਗੇ। ਇਸ ਤੋਂ ਬਾਅਦ ਇਲਾਕੇ 'ਚ ਤਣਾਅ ਵਧ ਗਿਆ ਸੀ।

ਮੈਕਸੀਕੋ ਦੇ ਉਤਰੀ ਸੂਬੇ ਕੋਵਾਵਿਲਾ ਦੀ ਪੁਲਿਸ ਨੇ ਦੱਸਿਆ ਕਿ ਬੰਦੂਕਧਾਰੀਆਂ ਕੋਲ ਕਾਫੀ ਅਸਲਾ ਸੀ ਤੇ ਪਿੱਕਅਪ ਟਰੱਕਾਂ 'ਚ ਜਾ ਰਹੇ ਸਨ। ਵਿਲਾ ਯੂਨੀਅਨ ਦੇ ਇਕ ਛੋਟੇ ਜਿਹੇ ਕਸਬੇ ਕੋਲ ਉਨ੍ਹਾਂ ਦਾ ਪੁਲਿਸ ਨਾਲ ਟਕਰਾਅ ਹੋ ਗਿਆ। ਸੂਬੇ ਦੇ ਗਵਰਨਰ ਨੇ ਕਿਹਾ ਕਿ ਉਹ ਅਜਿਹੇ ਅਨਸਰਾਂ ਨਾਲ ਸਖਤੀ ਨਾਲ ਨਜਿੱਠ ਰਹੇ ਹਨ। ਛੇ ਪੁਲਿਸ ਕਰਮੀ ਗੋਲੀਬਾਰੀ ਵਿਚ ਫੱਟੜ ਵੀ ਹੋਏ ਹਨ। ਗੋਲੀਬਾਰੀ ਕਰੀਬ ਘੰਟਾ ਚੱਲਦੀ ਰਹੀ। ਇਸ ਸਬੰਧੀ ਕਈ ਵੀਡੀਓਜ਼ ਵੀ ਸੋਸ਼ਲ ਮੀਡੀਆ ਉਤੇ ਵਾਇਰਲ ਹਨ। ਕੁਝ ਲੋਕ ਲਾਪਤਾ ਵੀ ਹਨ। ਪੁਲਿਸ ਨੇ 14 ਵਾਹਨ ਜ਼ਬਤ ਕੀਤੇ ਹਨ ਤੇ ਕਰੀਬ ਦਰਜਨ ਬੰਦੂਕਾਂ ਵੀ ਕਬਜ਼ੇ ਵਿਚ ਲਈਆਂ ਹਨ। ਮੈਕਸੀਕੋ ਦੇ ਰਾਸ਼ਟਰਪਤੀ ਆਂਦਰੀਜ਼ ਮੈਨੂਏਲ ਲੋਪੇਜ਼ ਓਬਰਾਡੋਰ ਨੇ ਟਰੰਪ ਦੇ ਬਿਆਨ ਤੋਂ ਬਾਅਦ ਕਿਹਾ ਸੀ ਕਿ ਮੁਲਕ ਹਿੰਸਕ ਅਪਰਾਧੀ ਗੈਂਗਸਟਰ ਨਾਲ ਨਜਿੱਠਣ ਦੀ ਇਜਾਜ਼ਤ ਕਿਸੇ ਬਾਹਰੀ ਤਾਕਤ ਨੂੰ ਨਹੀਂ ਦੇਵੇਗਾ।

# ਰਾਜੋਆਣਾ ਦੀ ਸਜ਼ਾ ਮੁਆਫੀ ਬਾਰੇ ਭੰਬਲਭੂਸਾ

*(ਸਫਾ ਇਕ ਦੀ ਬਾਕੀ)*

ਦਾ ਫੈਸਲਾ ਉਸ ਸਮੇਂ ਕੀਤਾ ਸੀ ਜਦੋਂ ਕਰਤਾਰਪੁਰ ਲਾਂਘੇ ਲਈ ਭਾਰਤ ਦੇ ਸਭ ਤੋਂ ਵੱਡੇ 'ਦੁਸ਼ਮਣ' ਦੇਸ਼ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਹਰ ਪਾਸੇ ਵਾਹ-ਵਾਹ ਹੋ ਰਹੀ ਸੀ ਜਦੋਂਕਿ ਲਾਂਘੇ ਲਈ ਭਾਰਤ ਵਾਲੇ ਪਾਸੇ ਦਿਖਾਈ ਗਈ ਢਿੱਲ ਉਤੇ ਸਵਾਲ ਉਠ ਰਹੇ ਸਨ, ਇਸੇ ਸਮੇਂ ਮੋਦੀ ਨੇ ਐਲਾਨ ਕੀਤਾ ਕਿ ਉਹ ਸਿੱਖਾਂ ਨੂੰ ਕਾਲੀ ਸੂਚੀ ਵਿਚੋਂ ਬਾਹਰ ਤੇ ਬੰਦੀਆਂ ਦੀ ਰਿਹਾਈ ਕਰਕੇ ਵੱਡਾ ਤੋਹਫਾ ਦੇ ਰਹੇ ਹਨ।

ਭਾਰਤ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਬੰਦ ਸਜ਼ਾਵਾਂ ਪੂਰੀਆਂ ਕਰ ਚੁੱਕੇ ਸਿੱਖ ਸਿਆਸੀ ਕੈਦੀਆਂ ਦੀ ਰਿਹਾਈ ਲਈ ਪਿਛਲੇ ਲੰਬੇ ਸਮੇਂ ਤੋਂ ਸੰਘਰਸ਼ ਚੱਲਦਾ ਆ ਰਿਹਾ ਹੈ। ਸਾਲ 2013 ਵਿਚ ਗੁਰਬਖਸ਼ ਸਿੰਘ ਵਲੋਂ ਮੁਹਾਲੀ ਦੇ ਗੁਰਦੁਆਰਾ ਅੰਬ ਸਾਹਿਬ ਵਿਖੇ ਸਿੱਖ ਕੈਦੀਆਂ ਦੀ ਰਿਹਾਈ ਲਈ 44 ਦਿਨ ਲੰਮੀ ਭੁੱਖ ਹੜਤਾਲ ਕੀਤੀ ਗਈ ਸੀ ਜਿਸ ਨਾਲ ਇਹ ਮਾਮਲਾ ਕਾਫੀ ਤੂਲ ਫੜ ਗਿਆ। ਬਾਅਦ ਵਿਚ ਇਸੇ ਮੁੱਦੇ ਉਤੇ ਬਜ਼ੁਰਗ ਸੂਰਤ ਸਿੰਘ ਖਾਲਸਾ ਦੀ ਲੰਮੀ ਭੁੱਖ ਹੜਤਾਲ ਵੀ ਸਮੇਂ-ਸਮੇਂ ਉਤੇ ਸੁਰਖੀਆਂ ਵਿਚ ਆਉਂਦੀ ਰਹੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਦੋਸ਼ੀਆਂ ਨੂੰ ਫੜਨ ਅਤੇ ਬਹਿਬਲ ਕਲਾਂ ਗੋਲੀ ਕਾਂਡ ਵਿਚ ਨਿਆਂ ਦੀ ਮੰਗ ਨੂੰ ਲੈ ਕੇ ਸ਼ੁਰੂ ਹੋਏ ਬਰਗਾੜੀ ਮੋਰਚੇ ਦੀਆਂ ਮੁੱਖ ਮੰਗਾਂ ਵਿਚ ਜੇਲ੍ਹਾਂ ਵਿਚ ਬੰਦ ਸਿੱਖ ਸਿਆਸੀ ਕੈਦੀਆਂ ਦੀ ਰਿਹਾਈ ਦੀ ਮੰਗ ਵੀ ਪ੍ਰਮੁੱਖ ਸੀ। ਸਿੱਖ ਜਥੇਬੰਦੀਆਂ ਦੇ ਦਬਾਅ ਕਾਰਨ ਪਹਿਲਾਂ ਕੁਝ ਸਿੱਖ ਬੰਦੀਆਂ ਦੀਆਂ ਜੇਲ੍ਹਾਂ ਤਬਦੀਲ ਕਰ ਕੇ ਉਨ੍ਹਾਂ ਨੂੰ ਪੰਜਾਬ ਲਿਆਂਦਾ ਗਿਆ ਸੀ। ਕੁਝ ਨੂੰ ਛੁੱਟੀਆਂ ਮਿਲੀਆਂ ਤੇ ਪੈਰੋਲ ਵੀ ਸ਼ੁਰੂ ਹੋਈ ਜਿਸ ਨੂੰ ਚੰਗਾ ਸੰਕੇਤ ਮੰਨਿਆ ਜਾ ਰਿਹਾ ਸੀ ਪਰ ਲੋਕ ਰੋਹ ਠੰਢਾ ਪੈਣ ਤੇ ਚੋਣਾਂ ਦਾ ਸੀਜ਼ਨ ਲੰਘਣ ਪਿੱਛੋਂ ਸਰਕਾਰਾਂ ਇਸ ਮੁੱਦੇ ਤੋਂ ਪਾਸਾ ਵੱਟ ਜਾਂਦੀਆਂ ਰਹੀਆਂ ਹਨ।

ਦਰਅਸਲ, ਸਿੱਖ ਕੈਦੀਆਂ ਦੀ ਰਿਹਾਈ ਦਾ ਮਾਮਲਾ ਰਾਜ ਕਰ ਰਹੀਆਂ ਧਿਰਾਂ ਦੀ ਨਿਰੋਲ ਸਿਆਸੀ ਇੱਛਾ ਸ਼ਕਤੀ ਉਪਰ ਨਿਰਭਰ ਕਰਦਾ ਹੈ, ਕਿਉਂਕਿ ਇਸ ਸਬੰਧੀ ਭਾਰਤੀ ਸੁਪਰੀਮ ਕੋਰਟ ਵਲੋਂ ਦਸੰਬਰ-2015 ਵਿਚ ਰਾਜੀਵ ਗਾਂਧੀ ਕਤਲ ਕੇਸ ਵਿਚ ਨਾਮਜ਼ਦ ਉਮਰ ਕੈਦੀਆਂ ਦੀ ਪਟੀਸ਼ਨ ਦੇ ਹੁਕਮ ਵਿਚ ਸਪਸ਼ਟ ਕਿਹਾ ਸੀ ਕਿ ਭਾਰਤੀ ਸੰਵਿਧਾਨ ਦੀ ਧਾਰਾ 72 ਵਿਚ ਭਾਰਤੀ ਰਾਸ਼ਟਰਪਤੀ, ਧਾਰਾ 161 ਵਿਚ ਸੂਬਿਆਂ ਦੇ ਰਾਜਪਾਲ ਅਤੇ ਫੌਜਦਾਰੀ ਜ਼ਾਬਤੇ ਦੀਆਂ ਧਾਰਾਵਾਂ 432/433 ਵਿਚ ਰਾਜ ਸਰਕਾਰਾਂ ਨੂੰ ਅਜਿਹੀ ਰਿਹਾਈ ਕਰਨ ਦੀਆਂ ਮਿਲੀਆਂ ਤਾਕਤਾਂ ਉਤੇ ਕੋਈ ਇਤਰਾਜ਼ ਨਹੀਂ। ਇਸ ਤਰ੍ਹਾਂ ਕੇਂਦਰ ਤੇ ਪੰਜਾਬ ਵਿਚ ਸਮੇਂ-ਸਮੇਂ ਉਤੇ ਰਾਜ ਕਰਦੀਆਂ ਰਹੀਆਂ ਇਨ੍ਹਾਂ ਸਿਆਸੀ ਪਾਰਟੀਆਂ ਨੇ ਸਿੱਖਾਂ ਦੀ ਇਸ ਜਾਇਜ਼ ਮੰਗ ਵੱਲ ਕਦੇ ਵੀ ਧਿਆਨ ਨਹੀਂ ਦਿੱਤਾ। ਇਨ੍ਹਾਂ ਵਿਚ ਉਹ ਕੈਦੀ ਹਨ ਜੋ ਖਾੜਕੂਵਾਦ ਦੇ ਸਮੇਂ ਹੋਈਆਂ ਗਤੀਵਿਧੀਆਂ ਕਾਰਨ ਜੇਲ੍ਹਾਂ ਵਿਚ ਬੰਦ ਹਨ। ਇਨ੍ਹਾਂ ਮੰਗਾਂ ਦੌਰਾਨ ਉਭਰਵੀਂ ਗੱਲ ਇਹ ਰਹੀ ਸੀ ਕਿ ਬਹੁਤ ਸਾਰਿਆਂ ਦੀ ਸਜ਼ਾ ਪੂਰੀ ਹੋ ਚੁੱਕੀ ਹੈ, ਫਿਰ ਵੀ ਰਿਹਾਈ ਨਹੀਂ ਹੋ ਰਹੀ। ਇਸੇ ਕਰਕੇ ਦੇਸ਼ ਦੇ ਨਿਆਇਕ ਢਾਂਚੇ ਉਤੇ ਸਵਾਲ ਉਠਾਏ ਜਾਂਦੇ ਰਹੇ ਹਨ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਡਾ. ਗੁਰਚਰਨ ਸਿੰਘ ਗਰੇਵਾਲ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਅਯੁਧਿਆ ਸਲਵਾਨ | ਰਾਜਿੰਦਰ ਸਿੰਘ ਬੈਂਸ |
| ਸਵਰਨਜੀਤ ਸਿੰਘ ਢਿਲੋਂ | ਸਰਵਣ ਸਿੰਘ ਟਿਵਾਣਾ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |

# ਪੈਸੇ ਦੇ ਜੁਗਾੜ ਲਈ ਹੱਥ-ਪੈਰ ਮਾਰਨ ਲੱਗੀ ਕੈਪਟਨ ਸਰਕਾਰ

**ਚੰਡੀਗੜ੍ਹ:** ਮਾਲੀ ਸੰਕਟ ਕਾਰਨ ਹੁਣ ਪੰਜਾਬ ਸਰਕਾਰ ਨੂੰ ਮੁਲਾਜ਼ਮਾਂ ਦੀਆਂ ਤਨਖਾਹਾਂ ਦੇਣ ਲਈ ਵੀ 'ਜੁਗਾੜ' ਦਾ ਆਸਰਾ ਲੈਣਾ ਪੈ ਰਿਹਾ ਹੈ। ਸਮਾਜਿਕ ਸੁਰੱਖਿਆ ਵਿਭਾਗ ਦੇ ਅਧਿਕਾਰੀਆਂ ਦਾ ਦੱਸਣਾ ਹੈ ਕਿ ਵਿੱਤੀ ਸੰਕਟ ਕਾਰਨ ਬਜ਼ੁਰਗਾਂ, ਬੇਸਹਾਰਾ ਵਿਅਕਤੀਆਂ, ਵਿਧਵਾਵਾਂ ਅਤੇ ਅੰਗਹੀਣਾਂ ਨੂੰ ਵੀ ਅਕਤੂਬਰ ਮਹੀਨੇ ਦੀਆਂ ਪੈਨਸ਼ਨਾਂ ਨਹੀਂ ਦਿੱਤੀਆਂ ਜਾ ਸਕਦੀਆਂ।

ਸੂਤਰਾਂ ਦਾ ਦੱਸਣਾ ਹੈ ਕਿ ਨਵੰਬਰ ਮਹੀਨੇ ਦੀਆਂ ਤਨਖਾਹਾਂ ਜੋ ਕਿ ਆਮ ਤੌਰ ਉਤੇ ਪਹਿਲੀ ਦਸੰਬਰ ਨੂੰ ਅਦਾ ਕਰ ਦਿੱਤੀਆਂ ਜਾਂਦੀਆਂ ਹਨ, ਇਨ੍ਹਾਂ ਲਈ ਇਸ ਵਾਰ ਮੁਲਾਜ਼ਮਾਂ ਨੂੰ ਕੁਝ ਦਿਨ ਇੰਤਜ਼ਾਰ ਕਰਨਾ ਪਵੇਗਾ ਕਿਉਂਕਿ ਵਿੱਤ ਵਿਭਾਗ ਪੈਸੇ ਦਾ ਜੁਗਾੜ ਕਰਨ 'ਚ ਲੱਗਿਆ ਹੋਇਆ ਹੈ। ਪੰਜਾਬ ਸਰਕਾਰ ਵੱਲੋਂ ਹਰ ਮਹੀਨੇ 2200 ਕਰੋੜ ਰੁਪਏ ਦੇ ਕਰੀਬ ਤਨਖਾਹਾਂ ਦਾ ਭੁਗਤਾਨ ਕੀਤਾ ਜਾਂਦਾ ਹੈ। ਇਸੇ ਤਰ੍ਹਾਂ ਸਰਕਾਰ ਵੱਲੋਂ ਬੁਢਾਪਾ ਅਤੇ ਹੋਰਨਾਂ ਸਮਾਜਿਕ ਸੁਰੱਖਿਆ ਪੈਨਸ਼ਨਾਂ ਉਤੇ 170 ਕਰੋੜ ਰੁਪਏ ਪ੍ਰਤੀ ਮਹੀਨਾ ਖਰਚ ਕੀਤਾ ਜਾਂਦਾ ਹੈ। ਵਿੱਤ ਵਿਭਾਗ ਵੱਲੋਂ ਹਾਲ ਦੀ ਘੜੀ ਅਕਤੂਬਰ ਮਹੀਨੇ ਦੀਆਂ ਪੈਨਸ਼ਨਾਂ ਹੀ ਦਿੱਤੀਆਂ ਜਾਣਗੀਆਂ ਜਦਕਿ ਨਵੰਬਰ ਮਹੀਨੇ ਦੀਆਂ ਪੈਨਸ਼ਨਾਂ ਸਬੰਧੀ ਹਾਲ ਦੀ ਘੜੀ ਕੋਈ ਹੁੰਗਾਰਾ ਨਹੀਂ ਭਰਿਆ ਜਾ ਰਿਹਾ। ਸੂਤਰਾਂ ਦਾ ਦੱਸਣਾ ਹੈ ਕਿ ਦਰਜਾ ਚਾਰ ਕਰਮਚਾਰੀਆਂ ਨੂੰ 200 ਕਰੋੜ ਰੁਪਏ ਦੀਆਂ ਤਨਖਾਹਾਂ ਦਾ ਭੁਗਤਾਨ ਕੀਤਾ ਜਾਂਦਾ ਹੈ ਤੇ ਵਿੱਤ ਵਿਭਾਗ ਵੱਲੋਂ ਇਸ ਵਰਗ ਨੂੰ ਤਰਜੀਹ ਦੇਣ ਦਾ ਫੈਸਲਾ ਕੀਤਾ ਗਿਆ ਹੈ।

ਕੇਂਦਰ ਸਰਕਾਰ ਵੱਲੋਂ ਜੀ.ਐਸ.ਟੀ. ਦੇ ਮੁਆਵਜ਼ੇ ਵਜੋਂ ਮਿਲਣ ਵਾਲੀ 4100 ਕਰੋੜ ਰੁਪਏ ਦੀ ਰਕਮ ਨਾ ਹਾਸਲ ਹੋਣ ਕਾਰਨ ਸੂਬੇ ਵਿਚ 'ਵਿੱਤੀ ਐਮਰਜੈਂਸੀ' ਵਰਗੇ ਹਾਲਾਤ ਬਣ ਗਏ ਹਨ। ਵਿੱਤੀ ਸੰਕਟ ਕਾਰਨ ਸਰਕਾਰ 'ਓਵਰਡਰਾਫਟ' ਵਿਚ ਚਲੀ ਗਈ ਹੈ। ਕੇਂਦਰ ਸਰਕਾਰ ਨੇ ਪੰਜਾਬ ਸਰਕਾਰ ਨੂੰ ਅਕਤੂਬਰ ਮਹੀਨੇ 2100 ਕਰੋੜ ਰੁਪਏ ਜੀ.ਐਸ.ਟੀ. ਦੇ ਮੁਆਵਜ਼ੇ ਦੀ ਕਿਸ਼ਤ ਵਜੋਂ ਦੇਣੇ ਸਨ। ਇਸੇ ਤਰ੍ਹਾਂ 2 ਹਜ਼ਾਰ ਕਰੋੜ ਰੁਪਏ ਸਾਲ 2017 ਦੇ ਜਦੋਂ ਜੀ.ਐਸ.ਟੀ. ਲਾਗੂ ਕੀਤਾ ਗਿਆ ਸੀ, ਉਸ ਵੇਲੇ ਦੇ ਹਨ। ਦਸੰਬਰ ਮਹੀਨੇ ਜੀ.ਐਸ.ਟੀ. ਦੇ ਮੁਆਵਜ਼ੇ ਵਜੋਂ ਦਿੱਤੀ ਜਾਣ ਵਾਲੀ ਤਕਰੀਬਨ 2 ਹਜ਼ਾਰ ਕਰੋੜ ਰੁਪਏ ਦੀ ਰਾਸ਼ੀ ਦੇ ਭੁਗਤਾਨ ਦਾ ਸਮਾਂ ਵੀ ਆ ਜਾਣਾ ਹੈ। ਇਸ ਤਰ੍ਹਾਂ ਨਾਲ ਕੇਂਦਰ ਦੀ ਪੰਜਾਬ ਸਿਰ ਦੇਣਦਾਰੀ 6 ਹਜ਼ਾਰ ਕਰੋੜ ਰੁਪਏ ਤੋਂ ਜ਼ਿਆਦਾ ਦਾ ਅੰਕੜਾ ਪਾਰ ਕਰ ਜਾਵੇਗੀ। ਪੰਜਾਬ ਸਰਕਾਰ ਨੂੰ ਇਸ ਸਾਲ ਕੇਂਦਰ ਤੋਂ ਜੀ.ਐਸ.ਟੀ. ਦੇ ਮੁਆਵਜ਼ੇ ਵਜੋਂ 9700 ਕਰੋੜ ਰੁਪਏ ਦੇ ਕਰੀਬ ਦੀ ਰਾਸ਼ੀ ਮਿਲਣ ਦੀ ਸੰਭਾਵਨਾ ਹੈ। ਪੰਜਾਬ ਨੂੰ ਅਪਰੈਲ, ਜੁਲਾਈ ਅਤੇ ਅਗਸਤ ਮਹੀਨੇ ਦੌਰਾਨ ਤਕਰੀਬਨ 4700 ਕਰੋੜ ਰੁਪਏ ਦੀ ਗਰਾਂਟ ਮਿਲੀ ਸੀ। ਉਸ ਤੋਂ ਬਾਅਦ ਕੇਂਦਰ ਤੋਂ ਰਾਸ਼ੀ ਆਉਣੀ ਬੰਦ ਹੋ ਗਈ। ਕੇਂਦਰ ਸਰਕਾਰ ਦਾ ਵਿੱਤੀ ਸੰਕਟ ਵੀ ਅਗਸਤ ਮਹੀਨੇ ਤੋਂ ਬਾਅਦ ਹੀ ਸਾਹਮਣੇ ਆਉਣ ਲੱਗਾ ਸੀ।

ਪੰਜਾਬ ਸਰਕਾਰ ਸਿਰ ਇਸ ਵਿੱਤੀ ਸਾਲ ਦੇ ਅੰਤ ਭਾਵ 31 ਮਾਰਚ 2020 ਤੱਕ 2 ਲੱਖ 29 ਹਜ਼ਾਰ 611 ਕਰੋੜ ਰੁਪਏ ਦਾ ਕਰਜ਼ਾ ਹੋ ਜਾਵੇਗਾ। ਸਰਕਾਰ ਦੇ ਬੱਝਵੇਂ ਖਰਚਿਆਂ ਨੂੰ ਦੇਖਿਆ ਜਾਵੇ ਤਾਂ ਹਰ ਸਾਲ 26,978 ਕਰੋੜ ਰੁਪਏ ਤਨਖਾਹਾਂ, 10,875 ਕਰੋੜ ਰੁਪਏ ਪੈਨਸ਼ਨਾਂ ਉਤੇ ਖਰਚ ਹੁੰਦੇ ਹਨ। ਬਿਜਲੀ ਸਬਸਿਡੀ ਦੇ ਰੂਪ ਵਿਚ ਸਰਕਾਰ ਨੇ ਪਾਵਰਕੌਮ ਨੂੰ 12,393 ਕਰੋੜ ਰੁਪਏ ਦੀ ਅਦਾਇਗੀ ਇਸ ਸਾਲ ਕਰਨੀ ਹੈ। ਸਰਕਾਰ ਇਸ ਮਾਲੀ ਸਾਲ ਦੌਰਾਨ ਕੰਮ ਚਲਾਉਣ ਲਈ 17,334 ਕਰੋੜ ਰੁਪਏ ਦਾ ਕਰਜ਼ਾ ਲਵੇਗੀ। ਇਨ੍ਹਾਂ ਤੱਥਾਂ ਤੋਂ ਸਰਕਾਰ ਦੀ ਮਾਲੀ ਹਾਲਤ ਦਾ ਸਹਿਜੇ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ।

## ਮੁਆਵਜ਼ਾ ਨਾ ਮਿਲਿਆ ਤਾਂ ਅਦਾਲਤ ਜਾਵਾਂਗੇ: ਮਨਪ੍ਰੀਤ



**ਚੰਡੀਗੜ੍ਹ:** ਪੰਜਾਬ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਦਾ ਕਹਿਣਾ ਹੈ ਕਿ ਜੇ ਕੇਂਦਰ ਸਰਕਾਰ ਰਾਜ ਨੂੰ ਜੀ.ਐਸ.ਟੀ. ਦਾ ਮੁਆਵਜ਼ਾ ਅਦਾ ਨਹੀਂ ਕਰਦੀ ਤਾਂ ਸੂਬਾ ਸਰਕਾਰ ਸੁਪਰੀਮ ਕੋਰਟ ਦਾ ਰੁਖ ਕਰ ਸਕਦੀ ਹੈ। ਬਾਦਲ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਨਾਲ ਇਸ ਮੁੱਦੇ ਉਤੇ ਹੋਰ ਰਾਜਾਂ ਦੇ ਮੰਤਰੀਆਂ ਨਾਲ ਮੁਲਾਕਾਤ ਕਰਨਗੇ। ਉਨ੍ਹਾਂ ਕਿਹਾ ਕਿ ਇਸ ਮੌਕੇ ਮੰਗ ਕੀਤੀ ਜਾਵੇਗੀ ਕਿ ਜਾਂ ਤਾਂ ਮੁਆਵਜ਼ਾ ਅਦਾ ਕੀਤਾ ਜਾਵੇ ਜਾਂ ਮਸਲੇ ਦੇ ਨਿਬੇੜੇ ਲਈ ਕਈ ਹੋਰ ਰਾਹ ਕੱਢਿਆ ਜਾਵੇ। ਵਿੱਤ ਮੰਤਰੀ ਬਾਦਲ ਨੇ ਕਿਹਾ ਕਿ 'ਸੂਬੇ ਭਿਖਾਰੀ ਨਹੀਂ ਹਨ ਤੇ ਕੇਂਦਰ ਅਦਾਇਗੀ ਤੋਂ ਮੂੰਹ ਨਹੀਂ ਮੋੜ ਸਕਦਾ।'

## ਲੋਕਾਂ ਨੂੰ ਮੁਫਤ ਸਹੂਲਤਾਂ ਦੇਣ ਉਤੇ ਸਵਾਲ...

**ਅੰਮ੍ਰਿਤਸਰ**: ਸ਼੍ਰੋਮਣੀ ਅਕਾਲੀ ਦਲ ਟਕਸਾਲੀ ਦੇ ਪ੍ਰਧਾਨ ਰਣਜੀਤ ਸਿੰਘ ਬ੍ਰਹਮਪੁਰਾ ਨੇ ਪੰਜਾਬ ਦੇ ਵਿੱਤੀ ਸੰਕਟ ਉਤੇ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਆਖਿਆ ਕਿ ਪੰਜਾਬ ਦੀ ਆਰਥਿਕਤਾ ਦੀ ਦੁਰਦਸ਼ਾ ਦਾ ਮੁੱਖ ਕਾਰਨ ਲੋਕਾਂ ਨੂੰ ਮੁਫਤ ਦੀਆਂ ਸਹੂਲਤਾਂ ਦੇਣਾ ਹੈ। ਸ੍ਰੀ ਬ੍ਰਹਮਪੁਰਾ ਨੇ ਕਿਹਾ ਕਿ ਮੁਫਤ ਸਹੂਲਤਾਂ ਦੇਣ ਕਾਰਨ ਹੀ ਪੰਜਾਬ ਦੋ ਲੱਖ 29 ਹਜ਼ਾਰ 612 ਕਰੋੜ ਦਾ ਕਰਜ਼ਈ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਬੇਲੋੜੀਆਂ ਸਹੂਲਤਾਂ ਦੇਣੀਆਂ ਬੰਦ ਕਰੇ ਅਤੇ ਲੋਕਾਂ ਲਈ ਰੁਜ਼ਗਾਰ ਦੇ ਸਾਧਨ ਮੁਹੱਈਆ ਕਰਵਾਏ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਆਪਣੇ ਖਰਚਿਆਂ 'ਤੇ ਵੀ ਕੰਟਰੋਲ ਕਰੇ।

## ਕਾਂਗਰਸ ਨੇ ਅਕਾਲੀ ਸਰਕਾਰ ਸਿਰ ਭੰਨਿਆ ਠੀਕਰਾ

**ਚੰਡੀਗੜ੍ਹ:** ਵਿੱਤੀ ਸੰਕਟ 'ਚ ਘਿਰੀ ਪੰਜਾਬ ਸਰਕਾਰ ਨੂੰ ਜਿਥੇ ਸ਼੍ਰੋਮਣੀ ਅਕਾਲੀ ਦਲ ਨੇ ਘੇਰਿਆ ਹੋਇਆ ਹੈ, ਉਥੇ ਰਾਜ ਦੇ ਇਨ੍ਹਾਂ ਸਿਆਸੀ ਹਾਲਾਤ ਲਈ ਕਾਂਗਰਸ ਅਕਾਲੀ ਦਲ ਨੂੰ ਜ਼ਿੰਮੇਵਾਰ ਠਹਿਰਾ ਰਹੀ ਹੈ। ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨੇ ਅਕਾਲੀ ਆਗੂ ਤੇ ਸਾਬਕਾ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਵੱਲੋਂ ਕੀਤੀ ਬਿਆਨਬਾਜ਼ੀ ਮਗਰੋਂ ਕਿਹਾ ਕਿ ਉਹ ਭੁੱਲ ਗਏ ਹਨ ਕਿ ਪੰਜਾਬ ਦੀਆਂ ਆਰਥਿਕ ਮੁਸ਼ਕਲਾਂ ਦੀ ਜੜ੍ਹ ਅਕਾਲੀ-ਭਾਜਪਾ ਸਰਕਾਰ ਦੇ 10 ਸਾਲ ਦਾ ਰਾਜ ਹੀ ਹੈ ਅਤੇ ਉਕਤ ਸਰਕਾਰ ਵਲੋਂ ਸੱਤਾ ਛੱਡਣ ਤੋਂ ਐਨ ਪਹਿਲਾਂ ਅਨਾਜ ਖਰੀਦ ਸਬੰਧੀ ਸੂਬੇ ਸਿਰ 31000 ਕਰੋੜ ਦਾ ਕਰਜ਼ਾ ਲੈਣਾ ਗਠਜੋੜ ਸਰਕਾਰ ਵੱਲੋਂ ਪੰਜਾਬ ਨਾਲ ਕਮਾਇਆ ਸਭ ਤੋਂ ਵੱਡਾ ਧ੍ਰੋਹ ਸੀ। ਉਨ੍ਹਾਂ ਕਿਹਾ ਕਿ ਅਕਾਲੀ ਆਗੂ ਆਪਣੀ ਸਿਆਸਤ ਚਮਕਾਉਣ ਲਈ ਪੰਜਾਬ ਦੇ ਹਿੱਤਾਂ ਦੇ ਉਲਟ ਕੇਂਦਰ ਦਾ ਪੱਖ ਪੂਰ ਰਹੇ ਹਨ।

## ਮਾਲੀ ਸੰਕਟ ਲਈ ਸਰਕਾਰ ਜ਼ਿੰਮੇਵਾਰ: ਅਕਾਲੀ ਦਲ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬ ਦੇ ਵਿੱਤੀ ਸੰਕਟ ਲਈ ਕੈਪਟਨ ਸਰਕਾਰ ਨੂੰ ਦੋਸ਼ੀ ਕਰਾਰ ਦਿੱਤਾ ਹੈ। ਸੂਬੇ ਦੇ ਸਾਬਕਾ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਨੇ ਕਿਹਾ ਹੈ ਕਿ ਰਾਜ ਸਰਕਾਰ ਆਪਣਾ ਮਾਲੀਆ ਵਸੂਲ ਕਰਨ ਦੇ ਟੀਚੇ 'ਚ ਬੁਰੀ ਤਰ੍ਹਾਂ ਫੇਲ੍ਹ ਹੋਣ ਤੋਂ ਬਾਅਦ ਸਾਰਾ ਦੋਸ਼ ਕੇਂਦਰ ਸਰਕਾਰ ਸਿਰ ਮੜ੍ਹ ਕੇ ਬਚਣ ਦਾ ਯਤਨ ਕਰ ਰਹੀ ਹੈ। ਸਾਬਕਾ ਵਿੱਤ ਮੰਤਰੀ ਨੇ ਕਿਹਾ ਕਿ ਕੇਂਦਰ ਨੂੰ ਵੀ ਜੀ.ਐਸ.ਟੀ. ਮੁਆਵਜ਼ਾ ਸਮੇਂ ਸਿਰ ਦੇਣਾ ਚਾਹੀਦਾ ਹੈ, ਵੱਡਾ ਸਵਾਲ ਇਹ ਹੈ ਕਿ ਜਦੋਂ ਢਾਈ ਸਾਲਾਂ ਬਾਅਦ ਮੁਆਵਜ਼ਾ ਮਿਲਣਾ ਬੰਦ ਹੋ ਗਿਆ ਤਾਂ ਕੀ ਬਣੇਗਾ।

# ਕਰਤਾਰਪੁਰ ਲਾਂਘਾ: ਕੈਪਟਨ ਮੁੜ ਲੀਹ ਤੋਂ ਲੱਥਾ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਪਾਕਿਸਤਾਨ ਦੇ ਰੇਲ ਮੰਤਰੀ ਸ਼ੇਖ਼ ਰਸ਼ੀਦ ਦਾ ਇਹ ਬਿਆਨ ਕਿ ਕਰਤਾਰਪੁਰ ਲਾਂਘਾ ਖੋਲ੍ਹਣਾ ਫੌਜ ਮੁਖੀ ਜਨਰਲ ਬਾਜਵਾ ਦੇ 'ਦਿਮਾਗ ਦੀ ਕਾਢ' ਹੈ, ਪਾਕਿਸਤਾਨ ਦੇ ਨਾਪਾਕ ਇਰਾਦਿਆਂ ਤੋਂ ਪਰਦਾ ਚੁੱਕਦਾ ਹੈ।

ਕੈਪਟਨ ਨੇ ਕਿਹਾ ਕਿ ਇਸ ਮੁੱਦੇ ਉਤੇ ਉਨ੍ਹਾਂ ਵੱਲੋਂ ਜਤਾਏ ਖਦਸ਼ਿਆਂ ਦੀ ਪੁਸ਼ਟੀ ਹੋਈ ਹੈ। ਰਸ਼ੀਦ ਨੇ ਲਾਂਘੇ ਪਿੱਛੇ ਪਾਕਿਸਤਾਨ ਦੇ ਇਰਾਦਿਆਂ ਦਾ ਪਰਦਾਫਾਸ਼ ਕਰ ਦਿੱਤਾ ਹੈ ਜਦਕਿ ਭਾਰਤ ਨੂੰ ਉਮੀਦ ਸੀ ਕਿ ਇਹ ਲਾਂਘਾ ਦੋਵਾਂ ਮੁਲਕਾਂ ਵਿਚਾਲੇ ਸ਼ਾਂਤੀ ਦਾ ਪੁਲ ਬਣੇਗਾ। ਮੁੱਖ ਮੰਤਰੀ ਨੇ ਰਸ਼ੀਦ ਦੀ ਇਸ ਟਿੱਪਣੀ ਦਾ ਵੀ ਸਖਤ ਨੋਟਿਸ ਲਿਆ ਹੈ ਜਿਸ ਵਿਚ ਉਸ ਨੇ ਕਿਹਾ ਹੈ ਕਿ ਇਹ ਲਾਂਘਾ ਭਾਰਤ ਨੂੰ ਠੇਸ ਪਹੁੰਚਾਏਗਾ ਤੇ ਕਰਤਾਰਪੁਰ ਲਾਂਘੇ ਰਾਹੀਂ ਜਨਰਲ ਬਾਜਵਾ ਦੁਆਰਾ ਦਿੱਤਾ ਜਖਮ ਭਾਰਤ ਨੂੰ ਹਮੇਸ਼ਾ ਰੜਕਦਾ ਰਹੇਗਾ। ਇਨ੍ਹਾਂ ਟਿੱਪਣੀਆਂ ਨੂੰ ਭਾਰਤ ਦੀ ਸੁਰੱਖਿਆ ਤੇ ਅਖੰਡਤਾ ਲਈ ਖਤਰਾ ਦੱਸਦਿਆਂ ਕੈਪਟਨ ਨੇ ਪਾਕਿਸਤਾਨ ਨੂੰ ਚਿਤਾਵਨੀ ਦਿੱਤੀ ਕਿ ਗੁਆਂਢੀ ਮੁਲਕ ਕਿਸੇ ਤਰ੍ਹਾਂ ਦੀ ਗਲਤਫਹਿਮੀ ਪੈਦਾ ਕਰਨ ਦਾ ਯਤਨ ਨਾ ਕਰੇ।

ਉਨ੍ਹਾਂ ਕਿਹਾ ਕਿ ਪਾਕਿਸਤਾਨ ਵੱਲੋਂ ਸਰਹੱਦ ਉਤੇ ਕਿਸੇ ਵੀ ਤਰ੍ਹਾਂ ਦੀ ਕਾਰਵਾਈ ਦਾ ਭਾਰਤ ਮੂੰਹ-ਤੋੜਵਾਂ ਜਵਾਬ ਦੇਵੇਗਾ। ਕੈਪਟਨ ਨੇ ਜ਼ਿਕਰ ਕੀਤਾ ਕਿ ਉਹ ਹਮੇਸ਼ਾ ਇਹੀ ਕਹਿੰਦੇ ਆਏ ਹਨ ਕਿ ਸਿੱਖ ਹੋਣ ਨਾਤੇ ਕਰਤਾਰਪੁਰ ਲਾਂਘਾ ਖੁੱਲ੍ਹਣ ਦੀ ਉਨ੍ਹਾਂ ਨੂੰ ਬਹੁਤ ਖੁਸ਼ੀ ਹੈ ਤੇ ਇਸ ਰਾਹੀਂ ਸ਼ਰਧਾਲੂਆਂ ਦੀ ਲੰਮੇ ਸਮੇਂ ਤੋਂ ਲਟਕ ਰਹੀ ਮੰਗ ਪੂਰੀ ਹੋਈ ਹੈ ਪਰ ਲਾਜ਼ਮੀ ਤੌਰ ਉਤੇ ਮੁਲਕ ਲਈ ਕਿਸੇ ਖਤਰੇ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਕੈਪਟਨ ਅਮਰਿੰਦਰ ਸਿੰਘ ਨੇ ਪਾਕਿਸਤਾਨ ਨੂੰ ਚਿਤਾਵਨੀ ਦਿੰਦੇ ਰਹੇ ਹਨ ਕਿ ਗੁਆਂਢੀ ਮੁਲਕ ਲਾਂਘਾ ਖੋਲ੍ਹ ਕੇ ਸਿੱਖਾਂ ਨੂੰ ਆਈ.ਐਸ.ਆਈ. ਦੇ ਏਜੰਡੇ 'ਰੈਫਰੈਂਡਮ 2020' (ਰਾਇਸ਼ੁਮਾਰੀ) ਲਈ ਭੜਕਾਉਣ ਦੀ ਕੋਸ਼ਿਸ਼ ਨਾ ਕਰੇ।

## ਸਿੱਧੂ ਨੂੰ ਚੌਕਸ ਰਹਿਣ ਦੀ ਸਲਾਹ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਯਾਦ ਰਹੇ ਕਿ ਪਾਕਿਸਤਾਨ ਦੇ ਫੌਜ ਮੁਖੀ ਜਨਰਲ ਕਮਰ ਜਾਵੇਦ ਬਾਜਵਾ ਨੇ ਇਮਰਾਨ ਖਾਨ ਦੇ ਸਹੁੰ ਚੁੱਕ ਸਮਾਰੋਹ ਦੌਰਾਨ ਪੰਜਾਬ ਦੇ ਸਾਬਕਾ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਕੋਲ ਲਾਂਘਾ ਖੋਲ੍ਹਣ ਬਾਰੇ ਪਾਕਿਸਤਾਨ ਦੇ ਫੈਸਲੇ ਦਾ ਖੁਲਾਸਾ ਕੀਤਾ ਸੀ। ਕੈਪਟਨ ਨੇ ਕਿਹਾ ਕਿ ਫੌਜ ਮੁਖੀ ਨੇ ਸਿੱਧੂ ਨਾਲ ਉਸ ਵੇਲੇ ਗੱਲ ਕੀਤੀ ਸੀ ਜਦ ਅਜੇ ਇਮਰਾਨ ਨੇ ਅਹੁਦਾ ਵੀ ਨਹੀਂ ਸੰਭਾਲਿਆ ਸੀ। ਕੈਪਟਨ ਨੇ ਨਵਜੋਤ ਸਿੰਘ ਸਿੱਧੂ ਨੂੰ ਵੀ ਅਪੀਲ ਕੀਤੀ ਕਿ ਉਹ ਇਮਰਾਨ ਖਾਨ ਸਰਕਾਰ ਨਾਲ ਮੇਲ-ਮਿਲਾਪ ਮੌਕੇ ਚੌਕਸੀ ਵਰਤਣ। ਪਾਕਿ ਪ੍ਰਧਾਨ ਮੰਤਰੀ ਨਾਲ ਆਪਣੀ ਦੋਸਤੀ ਦਾ ਕਿਸੇ ਵੀ ਢੰਗ ਨਾਲ ਆਪਣੇ ਫੈਸਲਿਆਂ ਉਤੇ ਪ੍ਰਭਾਵ ਨਾ ਕਬੂਲਣ ਕਿਉਂਕਿ ਇਹ ਭਾਰਤ ਦੇ ਹਿੱਤਾਂ ਲਈ ਘਾਤਕ ਸਿੱਧ ਹੋ ਸਕਦਾ ਹੈ।

## ਲਾਂਘਾ ਖੁੱਲ੍ਹਣ ਨਾਲ ਦੋਹਾਂ ਦੇਸ਼ਾਂ 'ਚ ਪ੍ਰੇਮ ਵਧਿਆ: ਜਥੇਦਾਰ

**ਲੁਧਿਆਣਾ:** ਗਿਆਨੀ ਹਰਪ੍ਰੀਤ ਸਿੰਘ ਨੇ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਵਿਖੇ ਧਾਰਮਿਕ ਸਮਾਗਮਾਂ 'ਚ ਹਿੱਸਾ ਲਿਆ। ਇਸ ਮੌਕੇ ਉਨ੍ਹਾਂ ਕਿਹਾ ਕਿ ਦਸੰਬਰ ਦਾ ਮਹੀਨਾ ਸਿੱਖ ਕੌਮ ਲਈ ਬਹੁਤ ਅਹਿਮ ਹੈ ਕਿਉਂਕਿ ਇਨ੍ਹਾਂ ਦਿਨਾਂ ਵਿਚ ਛੋਟੇ ਸਾਹਿਬਜ਼ਾਦਿਆਂ ਨੇ ਸ਼ਹਾਦਤ ਦਾ ਜਾਮ ਪੀਤਾ ਸੀ। ਸਾਰੀ ਕੌਮ ਨੂੰ ਇਹ ਸ਼ਹੀਦੀ ਦਿਹਾੜਾ ਸ਼ਰਧਾ ਨਾਲ ਮਨਾਉਣਾ ਚਾਹੀਦਾ ਹੈ। ਕਰਤਾਰਪੁਰ ਸਾਹਿਬ ਲਾਂਘੇ ਬਾਰੇ ਉਨ੍ਹਾਂ ਕਿਹਾ ਕਿ ਲਾਂਘਾ ਖੁੱਲ੍ਹਣ ਨਾਲ ਦੋਵਾਂ ਦੇਸ਼ਾਂ ਵਿਚਾਲੇ ਪ੍ਰੇਮ ਵਧਿਆ ਹੈ। ਇਸ ਉਤੇ ਸਿਆਸਤਦਾਨ ਕੀ ਸੋਚਦੇ ਹਨ, ਇਸ ਸਬੰਧੀ ਉਹ ਕੋਈ ਇਤਫਾਕ ਨਹੀਂ ਰੱਖਦੇ।


# ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋਏ ਆਮਿਰ ਖਾਨ



**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਨੇ ਫਿਲਮ ਕਲਾਕਾਰ ਆਮਿਰ ਖਾਨ ਨੂੰ ਸਿੱਖ ਜਰਨੈਲ ਹਰੀ ਸਿੰਘ ਨਲੂਆ ਉਤੇ ਫਿਲਮ ਬਣਾਉਣ ਦੀ ਅਪੀਲ ਕੀਤੀ ਹੈ ਤਾਂ ਜੋ ਸਿੱਖ ਜਰਨੈਲ ਦੀ ਗੌਰਵ ਗਾਥਾ ਨੂੰ ਵਿਸ਼ਵ ਵਿਚ ਪ੍ਰਚਾਰਿਆ ਜਾ ਸਕੇ। ਸ੍ਰੀ ਖਾਨ ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋਏ। ਆਮਿਰ ਖਾਨ 'ਲਾਲ ਸਿੰਘ ਚੱਢਾ' ਨਾਂ ਦੀ ਫਿਲਮ ਦੀ ਸ਼ੂਟਿੰਗ ਲਈ ਪੰਜਾਬ ਦੇ ਦੌਰੇ 'ਤੇ ਹਨ। ਸ਼ੁਕਰਾਨੇ ਵਜੋਂ ਉਹ ਸ੍ਰੀ ਹਰਿਮੰਦਰ ਸਾਹਿਬ ਪੁੱਜੇ ਸਨ।

ਉਨ੍ਹਾਂ ਲਗਭਗ 50 ਮਿੰਟ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਬੈਠ ਕੇ ਗੁਰਬਾਣੀ ਦਾ ਕੀਰਤਨ ਸੁਣਿਆ। ਉਹ ਸ੍ਰੀ ਗੁਰੂ ਰਾਮਦਾਸ ਲੰਗਰ ਘਰ ਵਿਚ ਸੰਗਤ ਦੇ ਜੂਠੇ ਭਾਂਡੇ ਸਾਫ ਕਰਨ ਦੀ ਸੇਵਾ ਕਰਨਾ ਚਾਹੁੰਦੇ ਸਨ ਪਰ ਪ੍ਰਸ਼ੰਸਕਾਂ ਦੀ ਭੀੜ ਕਾਰਨ ਉਹ ਅਜਿਹਾ ਨਹੀਂ ਕਰ ਸਕੇ। ਇਸ ਦੌਰਾਨ ਉਹ ਸ਼੍ਰੋਮਣੀ ਕਮੇਟੀ ਦੇ ਦਫਤਰ ਗਏ ਅਤੇ ਉਨ੍ਹਾਂ ਮੁੱਖ ਸਕੱਤਰ ਡਾ. ਰੂਪ ਸਿੰਘ ਨਾਲ ਮੁਲਾਕਾਤ ਕੀਤੀ। ਇਸ ਮੌਕੇ ਉਨ੍ਹਾਂ ਨੂੰ ਸ੍ਰੀ ਹਰਿਮੰਦਰ ਸਾਹਿਬ ਵਿਚ ਹੋਏ ਫੌਜੀ ਹਮਲੇ ਬਾਰੇ ਵੀ ਜਾਣਕਾਰੀ ਦਿੱਤੀ ਗਈ। ਸ੍ਰੀ ਖਾਨ ਨੇ ਕਿਹਾ ਕਿ ਉਹ ਦੋ ਵਾਰ ਪਹਿਲਾਂ ਵੀ ਸ੍ਰੀ ਹਰਿਮੰਦਰ ਸਾਹਿਬ ਆ ਚੁੱਕੇ ਹਨ। ਇਥੇ ਗੁਰੂ ਘਰ ਨਤਮਸਤਕ ਹੋ ਕੇ ਉਨ੍ਹਾਂ ਨੂੰ ਮਾਨਸਿਕ ਸਕੂਨ ਤੇ ਸ਼ਾਂਤੀ ਮਿਲੀ ਹੈ। ਇਸ ਦੌਰਾਨ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਸ੍ਰੀ ਖਾਨ ਨੂੰ ਅਪੀਲ ਕੀਤੀ ਕਿ ਉਹ ਸਿੱਖ ਜਰਨੈਲ ਹਰੀ ਸਿੰਘ ਨਲੂਆ ਦੇ ਗੌਰਵਮਈ ਇਤਿਹਾਸ ਬਾਰੇ ਵੀ ਫਿਲਮ ਬਣਾਉਣ। ਉਨ੍ਹਾਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਨਲੂਆ ਬਾਰੇ ਇਤਿਹਾਸਕ ਸਕਰਿਪਟ ਵੀ ਮੁਹੱਈਆ ਕਰਾਉਣ ਦਾ ਭਰੋਸਾ ਦਿੱਤਾ ਗਿਆ। ਸ੍ਰੀ ਖਾਨ ਨੇ ਕਿਹਾ ਕਿ ਉਹ ਹਰੀ ਸਿੰਘ ਨਲੂਆ ਬਾਰੇ ਫਿਲਮ ਬਣਾਉਣ ਦੇ ਵਿਸ਼ੇ 'ਤੇ ਜ਼ਰੂਰ ਵਿਚਾਰ ਕਰਨਗੇ।

# ਕਰਤਾਰਪੁਰ ਲਈ ਫਾਰਮ ਭਰਨ ਦਾ ਜ਼ਿੰਮਾ ਲਿਆ



**ਅੰਮ੍ਰਿਤਸਰ:** ਪਾਕਿਸਤਾਨ ਸਥਿਤ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਨ ਵਾਲੀ ਸੰਗਤ ਨੂੰ ਆਨਲਾਈਨ ਫਾਰਮ ਭਰਨ ਦੀ ਸਹੂਲਤ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੱਗੇ ਆਈ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠਲੇ ਇਤਿਹਾਸਕ ਗੁਰਦੁਆਰਾ ਸਾਹਿਬਾਨ ਵਿਚ ਇਸ ਸਬੰਧੀ ਵਿਸ਼ੇਸ਼ ਕੇਂਦਰ ਖੋਲ੍ਹੇ ਗਏ ਹਨ।

ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਸੰਗਤ ਨੂੰ ਰਜਿਸਟ੍ਰੇਸ਼ਨ ਕਰਵਾਉਣ ਸਮੇਂ ਆਉਂਦੀਆਂ ਮੁਸ਼ਕਲਾਂ ਦੇ ਮੱਦੇਨਜ਼ਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਇਤਿਹਾਸਕ ਗੁਰਦੁਆਰਾ ਸਾਹਿਬਾਨ ਵਿਖੇ ਸਹੂਲਤ ਦੇਣ ਦਾ ਐਲਾਨ ਕੀਤਾ ਸੀ, ਜਿਸ ਤਹਿਤ ਵਿਸ਼ੇਸ਼ ਕਾਊਂਟਰ ਬਣਾਏ ਗਏ ਹਨ।

ਸ਼੍ਰੋਮਣੀ ਕਮੇਟੀ ਵੱਲੋਂ 32 ਇਤਿਹਾਸਕ ਗੁਰਦੁਆਰਾ ਸਾਹਿਬਾਨ ਵਿਖੇ ਸੰਗਤਾਂ ਨੂੰ ਮੁਫਤ ਆਨਲਾਈਨ ਰਜਿਸਟ੍ਰੇਸ਼ਨ ਫਾਰਮ ਭਰਨ ਦੀ ਸਹੂਲਤ ਦੇਣ ਲਈ 33 ਵਿਸ਼ੇਸ਼ ਸਹਾਇਤਾ ਕੇਂਦਰ ਵੀ ਸਥਾਪਤ ਕੀਤੇ ਗਏ ਹਨ।

## ਡੇਰਾ ਬਾਬਾ ਨਾਨਕ ਤੋਂ ਟਰਮੀਨਲ ਤੱਕ ਮੁਫਤ ਬੱਸ ਸੇਵਾ ਸ਼ੁਰੂ

**ਡੇਰਾ ਬਾਬਾ ਨਾਨਕ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਜਾਣ ਵਾਲੇ ਸ਼ਰਧਾਲੂਆਂ ਨੂੰ ਟਰਮੀਨਲ ਤੱਕ ਲਿਜਾਣ ਲਈ ਮੁਫਤ ਬੱਸ ਸੇਵਾ ਸ਼ੁਰੂ ਕਰ ਦਿੱਤੀ ਹੈ। ਇਹ ਬੱਸ ਡੇਰਾ ਬਾਬਾ ਨਾਨਕ ਦੇ ਰੇਲਵੇ ਸਟੇਸ਼ਨ, ਬੱਸ ਅੱਡੇ, ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਤੋਂ ਸ਼ਰਧਾਲੂਆਂ ਨੂੰ ਲੈ ਕੇ ਟਰਮੀਨਲ ਅੱਗੇ ਉਤਾਰੇਗੀ। ਡੇਰਾ ਬਾਬਾ ਨਾਨਕ ਦੇ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਰਣਜੀਤ ਸਿੰਘ ਕਲਿਆਣਪੁਰ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਦੇ ਯਤਨਾਂ ਸਦਕਾ ਇਹ ਬੱਸ ਸੇਵਾ ਸ਼ੁਰੂ ਹੋਈ ਹੈ। ਅੰਮ੍ਰਿਤਸਰ ਅਤੇ ਵੇਰਕਾ ਤੋਂ ਡੇਰਾ ਬਾਬਾ ਨਾਨਕ ਤੱਕ ਰੇਲਗੱਡੀ ਚਾਰ ਵਾਰ ਵੱਖ ਵੱਖ ਸਮੇਂ 'ਤੇ ਆਉਂਦੀ ਹੈ, ਜਿਸ ਵਿਚ ਹੁਣ ਬਹੁਤੇ ਸ਼ਰਧਾਲੂ ਹੁੰਦੇ ਹਨ। ਰੇਲਵੇ ਸਟੇਸ਼ਨ ਤੋਂ ਲਾਂਘਾ ਟਰਮੀਨਲ ਢਾਈ-ਤਿੰਨ ਕਿਲੋਮੀਟਰ ਹੈ ਪਰ ਰੇਲਵੇ ਸਟੇਸ਼ਨ ਤੇ ਬੱਸ ਅੱਡੇ ਤੋਂ ਸ਼ਰਧਾਲੂਆਂ ਨੂੰ ਲਾਂਘੇ ਤੱਕ ਪਹੁੰਚਣ ਲਈ ਪ੍ਰੇਸ਼ਾਨੀ ਆਉਂਦੀ ਰਹੀ ਹੈ।

# ਆਮ ਨਾਲੋਂ ਘੱਟ ਸਰਦ ਰਹੇਗਾ ਇਸ ਵਾਰ ਸਰਦੀ ਦਾ ਮੌਸਮ

**ਨਵੀਂ ਦਿੱਲੀ:** ਭਾਰਤੀ ਮੌਸਮ ਵਿਭਾਗ ਨੇ ਕਿਹਾ ਹੈ ਕਿ ਇਸ ਵਾਰ ਸਰਦੀ (ਦਸੰਬਰ ਤੋਂ ਫਰਵਰੀ ਤੱਕ) ਦਾ ਮੌਸਮ ਆਮ ਨਾਲੋਂ ਘੱਟ ਸਰਦ ਰਹੇਗਾ। ਸਰਦੀ ਦੇ ਪੂਰਵ ਅਨੁਮਾਨ 'ਚ ਆਈ.ਐਮ.ਡੀ. ਨੇ ਕਿਹਾ ਕਿ ਆਗਾਮੀ ਸਰਦੀਆਂ ਦੇ ਮੌਸਮ 'ਚ ਭਾਰਤ ਦੇ ਉੱਤਰੀ ਹਿੱਸਿਆਂ ਦੇ ਇਲਾਵਾ ਦੇਸ਼ ਦੇ ਜ਼ਿਆਦਾਤਰ ਹਿੱਸਿਆਂ 'ਚ ਔਸਤ ਨਾਲੋਂ ਘੱਟੋ-ਘੱਟ ਤਾਪਮਾਨ ਜ਼ਿਆਦਾ ਗਰਮ ਹੋਣ ਦੀ ਸੰਭਾਵਨਾ ਹੈ। ਦੇਸ਼ ਭਰ 'ਚ ਗਰਮ ਮੌਸਮ ਦਾ ਸੰਕੇਤ ਹੈ।

ਮੌਸਮ ਵਿਭਾਗ ਨੇ ਅਗਲੇ ਤਿੰਨ ਮਹੀਨਿਆਂ ਦੌਰਾਨ ਜਬਰਦਸਤ ਸੀਤ ਲਹਿਰ ਵਾਲੇ ਖੇਤਰਾਂ 'ਚ ਵੀ ਕੜਾਕੇ ਦੀ ਠੰਢ ਰਹਿਣ ਦੀ ਕਿਸੇ ਵੀ ਸੰਭਾਵਨਾ ਤੋਂ ਨਾਂਹ ਕੀਤੀ ਹੈ।

ਕੜਾਕੇ ਦੀ ਸੀਤ ਲਹਿਰ ਰਹਿਣ ਵਾਲੇ ਖੇਤਰਾਂ 'ਚ ਪੰਜਾਬ, ਹਿਮਾਚਲ ਪ੍ਰਦੇਸ਼, ਉੱਤਰਾਖੰਡ, ਦਿੱਲੀ, ਹਰਿਆਣਾ, ਰਾਜਸਥਾਨ, ਉੱਤਰ ਪ੍ਰਦੇਸ਼, ਗੁਜਰਾਤ, ਮੱਧ ਪ੍ਰਦੇਸ਼, ਛੱਤੀਸਗੜ੍ਹ, ਬਿਹਾਰ, ਝਾਰਖੰਡ, ਪੱਛਮੀ ਬੰਗਾਲ, ਉੜੀਸਾ, ਤੇਲੰਗਾਨਾ ਅਤੇ ਜੰਮੂ-ਕਸ਼ਮੀਰ, ਲਦਾਖ, ਮੱਧ ਮਹਾਰਾਸ਼ਟਰ ਸ਼ਾਮਲ ਹਨ। ਮੌਸਮ ਵਿਭਾਗ ਅਨੁਸਾਰ ਸੀਤ ਲਹਿਰ ਜ਼ੋਨ ਦੌਰਾਨ ਦਸੰਬਰ ਤੋਂ ਫਰਵਰੀ 'ਚ ਘੱਟੋ-ਘੱਟ ਤਾਪਮਾਨ ਆਮ ਨਾਲੋਂ ਵੱਧ ਰਹੇਗਾ।

# ਕੋਟਕਪੂਰਾ ਗੋਲੀ ਕਾਂਡ: ਜਾਂਚ ਟੀਮ ਦੇ ਢੰਗ ਤਰੀਕਿਆਂ ਉਤੇ ਉਠੇ ਸਵਾਲ

**ਚੰਡੀਗੜ੍ਹ:** ਕੋਟਕਪੂਰਾ ਗੋਲੀ ਕਾਂਡ ਦੀ ਜਾਂਚ ਉਲਝਦੀ ਨਜ਼ਰ ਆ ਰਹੀ ਹੈ। ਕੈਪਟਨ ਸਰਕਾਰ ਦੇ ਗਠਨ ਮੌਕੇ ਇਹ ਕਾਂਡ ਵੱਡਾ ਮੁੱਦਾ ਬਣਿਆ ਸੀ, ਪਰ ਤਿੰਨ ਸਾਲ ਬੀਤਣ ਬਾਅਦ ਪੂਣੀ ਵੀ ਕੱਤੇ ਨਾ ਜਾਣ ਕਾਰਨ ਕਾਂਗਰਸ ਅੰਦਰ ਵੀ ਵੱਡੇ ਪੱਧਰ ਤੇ ਨਾਰਾਜ਼ਗੀ ਤੇ ਨਿਰਾਸ਼ਤਾ ਪਸਰ ਰਹੀ ਹੈ।

ਬੇਅਦਬੀ ਮਾਮਲੇ ਨੂੰ ਲੈ ਕੇ ਅਕਤੂਬਰ 2015 ਵਿਚ ਕੋਟਕਪੂਰਾ ਵਿਚ ਧਰਨੇ ਉਪਰ ਬੈਠੀ ਸਿੱਖ ਸੰਗਤ ਉਪਰ ਪੁਲਿਸ ਵੱਲੋਂ ਕੀਤੇ ਬੇਲੋੜੇ ਲਾਠੀਚਾਰਜ ਤੇ ਗੋਲੀ ਚਲਾਏ ਜਾਣ ਦੀ ਘਟਨਾ ਸਬੰਧੀ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਆਉਣ ਬਾਅਦ 7 ਅਗਸਤ, 2018 ਨੂੰ ਅਜੀਤ ਸਿੰਘ ਨਾਮੀ ਵਿਅਕਤੀ ਦੇ ਗੋਲੀ ਲੱਗਣ ਦੇ ਮਾਮਲੇ ਵਿਚ ਧਾਰਾ 307 (ਇਰਾਦਾ ਕਤਲ) ਦਾ ਮੁਕੱਦਮਾ ਦਰਜ ਕੀਤਾ ਸੀ ਤੇ ਫਿਰ ਬਾਅਦ ਵਿਚ ਇਸ ਮਾਮਲੇ ਦੀ ਜਾਂਚ ਲਈ ਅਕਤੂਬਰ 2018 'ਚ ਵਿਸ਼ੇਸ਼ ਜਾਂਚ ਟੀਮ ਗਠਿਤ ਕੀਤੀ ਸੀ। ਇਸ ਮਾਮਲੇ 'ਚ ਜਾਂਚ ਟੀਮ ਦੇ ਇਕ ਮੈਂਬਰ ਆਈ.ਜੀ. ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਪਿਛਲੇ ਦਿਨੀਂ ਤੀਜਾ ਸਪਲੀਮੈਂਟਰੀ ਚਲਾਨ ਪੇਸ਼ ਕੀਤਾ ਹੈ ਪਰ ਹੈਰਾਨੀ ਦੀ ਗੱਲ ਇਹ ਹੈ ਕਿ 27 ਮਈ, 2019 ਨੂੰ ਪੇਸ਼ ਕੀਤੇ ਗਏ ਪਹਿਲੇ ਚਲਾਨ ਵਿਚ ਸਾਬਕਾ ਅਕਾਲੀ ਵਿਧਾਇਕ ਮਨਤਾਰ ਸਿੰਘ ਬਰਾੜ, ਆਈ.ਜੀ. ਪਰਮਰਾਜ ਸਿੰਘ ਉਮਰਾਨੰਗਲ, ਸਾਬਕਾ ਐਸ.ਐਸ.ਪੀ. ਚਰਨਜੀਤ ਸਿੰਘ, ਐਸ.ਐਚ.ਓ. ਕੋਟਕਪੂਰਾ ਗੁਰਦੀਪ ਸਿੰਘ, ਡੀ.ਐਸ.ਪੀ. ਕੋਟਕਪੂਰਾ ਬਲਜੀਤ ਸਿੰਘ ਤੇ ਏ.ਡੀ.ਸੀ.ਪੀ. ਲੁਧਿਆਣਾ ਪਰਮਜੀਤ ਸਿੰਘ ਪੰਨੂੰ ਦੋਸ਼ੀ ਕਰਾਰ ਦਿੱਤੇ ਸਨ ਤੇ ਨਾਲ ਇਹ ਗੱਲ ਲਿਖੀ ਸੀ ਕਿ ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤੇ ਪੁਲਿਸ ਮੁਖੀ ਸੁਮੇਧ ਸੈਣੀ ਤੇ ਡੀ.ਆਈ.ਜੀ. ਫਿਰੋਜ਼ਪੁਰ ਰੇਂਜ ਅਮਰ ਸਿੰਘ ਚਾਹਲ ਵਿਰੁੱਧ ਜਾਂਚ ਚੱਲ ਰਹੀ ਹੈ।

ਇਸ ਤੋਂ ਬਾਅਦ 6 ਜੂਨ, 2019 ਨੂੰ ਦੂਜਾ ਚਲਾਨ ਪੇਸ਼ ਕੀਤਾ ਗਿਆ ਸੀ ਤੇ ਫਿਰ ਹੁਣ ਪਿਛਲੇ ਹਫਤੇ ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਤੀਜਾ ਚਲਾਨ ਵੀ ਪੇਸ਼ ਕਰ ਦਿੱਤਾ ਹੈ। ਕਾਨੂੰਨੀ ਤੇ ਅਦਾਲਤੀ ਹਲਕਿਆਂ 'ਚ ਇਸ ਗੱਲ ਦੀ ਜ਼ੋਰਦਾਰ ਚਰਚਾ ਹੈ ਕਿ ਪਹਿਲੇ ਚਲਾਨ ਵਿਚ ਜਿਨ੍ਹਾਂ ਸਬੰਧੀ ਜਾਂਚ ਦਾ ਜ਼ਿਕਰ ਕੀਤਾ ਸੀ ਪਰ ਕਰੀਬ ਅੱਠ ਮਹੀਨੇ ਜਾਂਚ ਬਾਅਦ ਉਨ੍ਹਾਂ ਸਾਰੇ ਵਿਅਕਤੀਆਂ ਬਾਰੇ ਜ਼ਿਕਰ ਤੱਕ ਨਹੀਂ ਕੀਤਾ ਗਿਆ। ਪੇਸ਼ ਕੀਤੇ ਚਲਾਨ ਨੂੰ ਵਾਚਣ ਤੋਂ ਪਤਾ ਲੱਗਦਾ ਹੈ ਕਿ ਪਹਿਲੇ ਚਲਾਨ ਵਿਚ ਜਿਨ੍ਹਾਂ ਚਾਰ ਵਿਅਕਤੀ ਬਾਰੇ ਜਾਂਚ ਚੱਲ ਰਹੀ ਹੋਣ ਦੀ ਗੱਲ ਕੀਤੀ ਸੀ, ਨਵੇਂ ਚਲਾਨ ਵਿਚ ਉਨ੍ਹਾਂ ਦਾ ਕਿਧਰੇ ਵੀ ਜ਼ਿਕਰ ਨਹੀਂ ਹੈ। ਕਰੀਬ 700 ਪੰਨਿਆਂ ਦੇ ਲੰਬੇ ਚਲਾਨ 'ਚ ਤਿੰਨ ਗੱਲਾਂ ਬੜੀਆਂ ਅਹਿਮ ਕੀਤੀਆਂ ਗਈਆਂ ਹਨ। ਪਹਿਲੇ ਚਲਾਨ ਵਿਚ ਸਾਬਕਾ ਡੀ.ਜੀ.ਪੀ. ਸਮੇਧ ਸੈਣੀ ਵਿਰੁੱਧ ਸੁਪਰੀਮ ਕੋਰਟ ਵਿਚ ਚੱਲ ਰਹੇ ਕਤਲ ਦੇ ਮੁਕੱਦਮੇ ਦਾ 1994 'ਚ ਸੀ.ਬੀ.ਆਈ. ਵੱਲੋਂ ਪੇਸ਼ ਕੀਤੇ ਚਲਾਨ ਦੀ ਕਾਪੀ ਲਗਾਈ ਗਈ ਹੈ।

ਦੂਜਾ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਵਿਰੁੱਧ 2007 'ਚ ਧਾਰਮਿਕ ਬੇਹੁਰਮਤੀ ਦੇ ਦਰਜ ਮੁਕੱਦਮੇ ਦਾ ਵਿਸਥਾਰਤ ਚਿੱਠਾ ਪੇਸ਼ ਕੀਤਾ ਗਿਆ ਹੈ। ਤੀਜਾ ਤਖਤ ਸ੍ਰੀ ਪਟਨਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਇਕਬਾਲ ਸਿੰਘ ਵੱਲੋਂ ਜਾਰੀ ਚਿੱਠੀ ਤੇ ਬਿਆਨ ਦਰਜ ਕੀਤੇ ਗਏ ਹਨ, ਜਿਸ ਵਿਚ ਉਨ੍ਹਾਂ ਡੇਰਾ ਮੁਖੀ ਦੀ ਮੁਆਫੀ ਬਾਰੇ ਕਈ ਸਵਾਲ ਖੜ੍ਹੇ ਕੀਤੇ ਹਨ। ਕਾਨੂੰਨੀ ਮਾਹਿਰਾਂ ਦਾ ਮੰਨਣਾ ਹੈ ਕਿ ਜ਼ਿਲ੍ਹਾ ਸੰਗਰੂਰ ਦੇ ਪਿੰਡ ਛੰਨਾ ਗੁਲਾਬ ਸਿੰਘ ਵਾਲੇ ਦੇ ਅਜੀਤ ਸਿੰਘ ਦੇ ਲਾਠੀਚਾਰਜ ਤੇ ਗੋਲੀ ਕਾਂਡ 'ਚ ਜਖਮੀ ਹੋਣ ਬਾਰੇ ਇਰਾਦਾ ਕਤਲ ਦੇ ਦੋਸ਼ੀ ਕਰਾਰ ਦਿੱਤੇ ਪੁਲਿਸ ਅਧਿਕਾਰੀਆਂ ਨਾਲ ਉਕਤ ਮਾਮਲਿਆਂ ਦਾ ਕੋਈ ਸਬੰਧ ਨਹੀਂ। ਇਸ ਕੇਸ ਦੀ ਪੈਰਵੀ ਕਰ ਰਹੇ ਐਡਵੋਕੇਟ ਸ਼ਿਵ ਕਰਤਾਰ ਸਿੰਘ ਬਰਾੜ ਦਾ ਕਹਿਣਾ ਹੈ ਕਿ ਇਰਾਦਾ ਕਤਲ ਦੇ ਮਾਮਲੇ 'ਚ ਜਾਂਚ ਅਧਿਕਾਰੀ ਵੱਲੋਂ ਜਿਸ ਤਰ੍ਹਾਂ ਬੇਲੋੜੇ ਕਥਿਤ ਤੱਥ ਤੇ ਸਬੂਤ ਜੋੜੇ ਜਾ ਰਹੇ ਹਨ, ਇਹ ਕਾਨੂੰਨੀ ਪ੍ਰਕਿਰਿਆ ਨੂੰ ਉਲਝਾਉਣ ਤੇ ਲੀਹੋਂ ਲਾਹੁਣ ਵਾਲੇ ਹਨ। ਉਨ੍ਹਾਂ ਕਿਹਾ ਕਿ ਤੀਜੇ ਚਲਾਨ ਵਿਚ ਬਹੁਤ ਸਾਰੀਆਂ ਰਿਪੋਰਟਾਂ ਤੇ ਤੱਥ ਉਹੀ ਹਨ ਤੇ ਜੋ ਪਹਿਲੇ ਚਲਾਨ ਵਿਚ ਸ਼ਾਮਲ ਸਨ।

ਜਸਟਿਸ ਕਮਿਸ਼ਨ ਦੀ ਉਪਰ ਜ਼ਿਕਰ ਕੀਤੀ ਰਿਪੋਰਟ ਵਿਚ ਡੀ.ਆਈ. ਜੀ. ਖਟੜਾ ਦੀ ਅਗਵਾਈ ਵਾਲੀ ਸਿਟ ਵੱਲੋਂ ਬੇਅਦਬੀ ਮਾਮਲਿਆਂ ਬਾਰੇ ਕੀਤੇ ਖੁਲਾਸਿਆਂ ਨੂੰ ਜੰਮ ਕੇ ਸਰਾਹਿਆ ਗਿਆ ਤੇ ਸਿਟ ਦੀ ਕਾਰਵਾਈ ਨੂੰ ਅੱਗੇ ਵਧਾਉਣ ਦੀ ਸਿਫਾਰਸ਼ ਕੀਤੀ ਗਈ ਹੈ ਪਰ ਇਥੇ ਵੱਡੀ ਅੜਿੱਕਾ ਇਹ ਹੈ ਕਿ ਖਟੜਾ ਸਿਟ ਦੇ ਸਾਰੇ ਖੁਲਾਸੇ ਤੇ ਰਿਪੋਰਟਾਂ ਦੇਸ਼ ਦੀ ਸਿਖਰਲੀ ਜਾਂਚ ਏਜੰਸੀ ਰੱਦ ਕਰ ਚੁੱਕੀ ਹੈ ਤੇ ਉਸ ਮਾਮਲੇ ਦੀ ਕਲੋਜ਼ਰ ਰਿਪੋਰਟ ਵੀ ਪੇਸ਼ ਹੋ ਚੁੱਕੀ ਹੈ, ਫਿਰ ਭਲਾ ਅਜਿਹੀ ਰੱਦ ਹੋਈ ਰਿਪੋਰਟ ਨੂੰ ਸਬੂਤ ਵਜੋਂ ਪੇਸ਼ ਕਰਨਾ ਕਾਨੂੰਨੀ ਬਚਕਾਨੇਪਨ ਤੋਂ ਵੱਧ ਕੁਝ ਨਹੀਂ ਸਮਝਿਆ ਜਾ ਸਕਦਾ।

ਵਰਣਨਯੋਗ ਹੈ ਕਿ ਮਈ ਮਹੀਨੇ ਆਈ.ਜੀ. ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਜਦ ਪਹਿਲਾ ਚਲਾਨ ਪੇਸ਼ ਕੀਤਾ ਸੀ ਤਾਂ ਸਿਟ ਦੇ ਮੁਖੀ ਏ.ਡੀ.ਜੀ.ਪੀ. ਪ੍ਰਮੋਦ ਕੁਮਾਰ ਸਮੇਤ ਚਾਰ ਮੈਂਬਰਾਂ ਨੇ ਸ਼ਰੇਆਮ ਇਸ ਨਾਲ ਸਹਿਮਤ ਹੋਣ ਤੋਂ ਇਨਕਾਰ ਕਰ ਦਿੱਤਾ ਸੀ ਤੇ ਹੁਣ ਵੀ ਉਨ੍ਹਾਂ ਇਕੱਲਿਆਂ ਦੇ ਦਸਤਖਤਾਂ ਹੇਠ ਹੀ ਨਵੇਂ ਚਲਾਨ ਪੇਸ਼ ਕੀਤੇ ਜਾ ਰਹੇ ਹਨ। ਸਿਟ ਦੀ ਕਾਰਗੁਜ਼ਾਰੀ ਉਪਰ ਵੀ ਅਹਿਮ ਸਵਾਲ ਉੱਠ ਰਹੇ ਹਨ।

### ਚਲਾਨ ਦਾ ਹਿੱਸਾ ਬਣੀ ਕਮਿਸ਼ਨ ਦੀ ਰਿਪੋਰਟ

**ਫਰੀਦਕੋਟ:** ਕੋਟਕਪੂਰਾ ਗੋਲੀ ਕਾਂਡ ਦੀ ਸੁਣਵਾਈ ਸੈਸ਼ਨ ਜੱਜ ਹਰਪਾਲ ਸਿੰਘ ਦੀ ਅਦਾਲਤ ਵਿਚ ਹੋਈ। ਇਸ ਮਾਮਲੇ ਵਿਚ ਦੋਸ਼ ਆਇਦ ਹੋਣ ਦੇ ਮੁੱਦੇ ਉਤੇ ਬਹਿਸ ਹੋਣੀ ਸੀ ਪਰ ਵਿਸ਼ੇਸ਼ ਜਾਂਚ ਟੀਮ ਨੇ ਚਾਰਜਸ਼ੀਟ ਨਾਲ ਕੁਝ ਹੋਰ ਦਸਤਾਵੇਜ਼ ਪੇਸ਼ ਕੀਤੇ ਹਨ। ਇਨ੍ਹਾਂ ਵਿਚ ਜਸਟਿਸ ਰਣਜੀਤ ਸਿੰਘ ਦੀ ਬਹੁ-ਚਰਚਿਤ ਜਾਂਚ ਰਿਪੋਰਟ ਵੀ ਸ਼ਾਮਲ ਹੈ। ਜਾਂਚ ਟੀਮ ਨੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਨੂੰ ਚਲਾਨ ਦੇ ਦੂਸਰੇ ਹਿੱਸੇ ਵਜੋਂ ਅਦਾਲਤ ਵਿਚ ਪੇਸ਼ ਕੀਤਾ ਹੈ। ਅਦਾਲਤ ਨੇ ਜਾਂਚ ਟੀਮ ਵੱਲੋਂ ਪੇਸ਼ ਕੀਤੇ ਦਸਤਾਵੇਜ਼ਾਂ ਦੀਆਂ ਨਕਲਾਂ ਇਸ ਮਾਮਲੇ ਵਿਚ ਨਾਮਜ਼ਦ ਮੁਲਜ਼ਮਾਂ ਨੂੰ ਦਿੱਤੀਆਂ ਹਨ। ਜਾਂਚ ਟੀਮ ਨੇ 14 ਅਕਤੂਬਰ 2015 ਨੂੰ ਪੁਲਿਸ ਫਾਇਰਿੰਗ ਦੌਰਾਨ ਜਖ਼ਮੀ ਹੋਏ ਕੁਝ ਵਿਅਕਤੀਆਂ ਦੀ ਮੈਡੀਕਲ ਰਿਪੋਰਟਾਂ ਵੀ ਪੇਸ਼ ਕੀਤੀਆਂ। ਅਦਾਲਤ ਨੇ ਇਹ ਪ੍ਰਕਿਰਿਆ ਮੁਕੰਮਲ ਕਰਨ ਤੋਂ ਬਾਅਦ ਮਾਮਲੇ ਦੀ ਸੁਣਵਾਈ 13 ਦਸੰਬਰ ਤੱਕ ਟਾਲ ਦਿੱਤੀ ਹੈ। 13 ਦਸੰਬਰ ਨੂੰ ਦੋਸ਼ ਆਇਦ ਹੋਣ ਦੇ ਮੁੱਦੇ ਉਤੇ ਬਹਿਸ ਹੋਣ ਦੀ ਸੰਭਾਵਨਾ ਹੈ।

## ਘਰਾਂਗਣਾ ਕਤਲ ਕਾਂਡ: ਛੇ ਦੋਸ਼ੀਆਂ ਨੂੰ ਉਮਰ ਕੈਦ ਦੀ ਸਜ਼ਾ

**ਮਾਨਸਾ:** ਅਦਾਲਤ ਨੇ ਜ਼ਿਲ੍ਹੇ ਦੇ ਬਹੁ-ਚਰਚਿਤ ਘਰਾਂਗਣਾ ਕਤਲ ਕਾਂਡ ਮਾਮਲੇ ਵਿਚ 6 ਦੋਸ਼ੀਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਉਣ ਦੇ ਨਾਲ ਹੀ 30-30 ਹਜ਼ਾਰ ਰੁਪਏ ਦਾ ਜੁਰਮਾਨਾ ਅਦਾ ਕਰਨ ਦੇ ਹੁਕਮ ਜਾਰੀ ਕੀਤੇ ਹਨ। ਜ਼ਿਕਰਯੋਗ ਹੈ ਕਿ 3 ਸਾਲ ਪਹਿਲਾਂ ਮਾਨਸਾ ਨੇੜਲੇ ਪਿੰਡ ਘਰਾਂਗਣਾ ਵਿਚ ਦਲਿਤ ਨੌਜਵਾਨ ਸੁਖਚੈਨ ਸਿੰਘ ਪਾਲੀ ਦਾ 10 ਅਕਤੂਬਰ 2016 ਨੂੰ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ ਸੀ।

ਇਸ ਮਾਮਲੇ ਨੂੰ ਲੈ ਕੇ ਰਾਜ ਦੀਆਂ ਸਿਆਸੀ ਧਿਰਾਂ ਵੱਲੋਂ ਅਕਾਲੀ ਸਰਕਾਰ ਖਿਲਾਫ ਸਿਵਲ ਹਸਪਤਾਲ ਮਾਨਸਾ ਵਿਚ ਅੰਦੋਲਨ ਵਿੱਢਿਆ ਗਿਆ ਸੀ। ਇਸ ਮਾਮਲੇ ਵਿਚ ਬਲਵੀਰ ਸਿੰਘ ਕਾਲਾ, ਬਬਰੀਕ ਸਿੰਘ ਬਿੱਟੂ, ਹਰਦੀਪ ਸਿੰਘ ਕਾਲਾ, ਸਾਧੂ ਸਿੰਘ, ਅਮਨਦੀਪ ਸਿੰਘ ਬਿੱਟਾ ਤੇ ਸੀਤਾ ਸਿੰਘ ਦੇ ਖਿਲਾਫ ਕੇਸ ਦਰਜ ਕਰਕੇ ਅਦਾਲਤ 'ਚ ਚਲਾਨ ਪੇਸ਼ ਕੀਤਾ ਗਿਆ ਸੀ। ਅਦਾਲਤੀ ਚਾਰਜੋਈ ਮੁਕੰਮਲ ਹੋਣ ਪਿਛੋਂ ਮੁਲਜ਼ਮਾਂ ਨੂੰ ਦੋਸ਼ੀ ਕਰਾਰ ਦਿੱਤਾ ਗਿਆ ਸੀ ਅਤੇ ਅਦਾਲਤ ਨੇ ਸਜ਼ਾ ਦਾ ਫੈਸਲਾ ਸੁਣਾਉਂਦਿਆਂ ਉਮਰ ਕੈਦ ਅਤੇ 25 ਹਜ਼ਾਰ ਰੁਪਏ ਪ੍ਰਤੀ ਦੋਸ਼ੀ ਜੁਰਮਾਨਾ ਭਰਨ ਦੀ ਸਜ਼ਾ ਸੁਣਾਈ ਹੈ।

ਜੁਰਮਾਨਾ ਨਾ ਭਰਨ ਦੀ ਸੂਰਤ 'ਚ ਦੋਸ਼ੀਆਂ ਨੂੰ 6 ਮਹੀਨੇ ਦੀ ਸਜ਼ਾ ਹੋਰ ਕੱਟਣੀ ਪਵੇਗੀ। ਉਧਰ ਸੀ.ਪੀ.ਆਈ. (ਐਮ.ਐਲ) ਲਿਬਰੇਸ਼ਨ ਦੇ ਤਹਿਸੀਲ ਮਾਨਸਾ ਦੇ ਸਕੱਤਰ ਕਾਮਰੇਡ ਅਮਰੀਕ ਸਮਾਓ ਨੇ ਇਸ ਕੇਸ ਦੀ ਪੈਰਵੀ ਕਰਨ ਵਾਲੇ ਐਡਵੋਕੇਟ ਜਸਵੰਤ ਸਿੰਘ ਗਰੇਵਾਲ ਦਾ ਧੰਨਵਾਦ ਕੀਤਾ। ਸੁਖਚੈਨ ਸਿੰਘ ਪਾਲੀ ਦੇ ਮਾਪਿਆਂ ਦਾ ਕਹਿਣਾ ਹੈ ਕਿ ਜਿਨ੍ਹਾਂ ਲੋਕਾਂ ਨੇ ਉਨ੍ਹਾਂ ਦੇ ਪੁੱਤ ਨੂੰ ਬੇਰਹਿਮੀ ਨਾਲ ਮਾਰਿਆ ਹੈ, ਉਨ੍ਹਾਂ ਨੂੰ ਫਾਂਸੀ ਹੋਣੀ ਚਾਹੀਦੀ ਸੀ।

# 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕਬੱਡੀ ਕੱਪ ਦਾ ਆਗਾਜ਼

**ਸੁਲਤਾਨਪੁਰ ਲੋਧੀ:** ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪੰਜਾਬ ਸਰਕਾਰ ਵੱਲੋਂ ਕਰਵਾਏ ਜਾ ਰਹੇ ਅੰਤਰਰਾਸ਼ਟਰੀ ਕਬੱਡੀ ਕੱਪ ਦਾ ਆਗਾਜ਼ ਧੂਮ ਧੜੱਕੇ ਨਾਲ ਗੁਰੂ ਨਾਨਕ ਸਟੇਡੀਅਮ ਸੁਲਤਾਨਪੁਰ ਲੋਧੀ (ਕਪੂਰਥਲਾ) ਤੋਂ ਹੋਇਆ। ਕਬੱਡੀ ਕੱਪ ਦਾ ਉਦਘਾਟਨ ਪੰਜਾਬ ਦੇ ਖੇਡ ਤੇ ਯੁਵਕ ਮਾਮਲਿਆਂ ਬਾਰੇ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ ਨੇ ਕਾਂਗਰਸੀ ਵਿਧਾਇਕ ਨਵਤੇਜ ਸਿੰਘ ਚੀਮਾ ਤੇ ਰਾਣਾ ਗੁਰਜੀਤ ਸਿੰਘ ਦੀ ਮੌਜੂਦਗੀ 'ਚ ਗੁਬਾਰੇ ਉਡਾ ਕੇ ਕੀਤਾ।




ਇਸ ਤੋਂ ਪਹਿਲਾਂ ਉਨ੍ਹਾਂ ਕਬੱਡੀ ਕੱਪ 'ਚ ਭਾਗ ਲੈਣ ਵਾਲੀਆਂ 8 ਕਬੱਡੀ ਟੀਮਾਂ ਦੇ ਮਾਰਚ ਪਾਸਟ ਤੋਂ ਸਲਾਮੀ ਲਈ ਤੇ ਵੱਖ-ਵੱਖ ਟੀਮਾਂ ਦੇ ਕਪਤਾਨਾਂ ਨਾਲ ਜਾਣ ਪਛਾਣ ਕੀਤੀ। ਕਬੱਡੀ ਕੱਪ ਦਾ ਦੂਜਾ ਮੈਚ 3 ਦਸੰਬਰ ਨੂੰ ਗੁਰੂ ਨਾਨਕ ਸਟੇਡੀਅਮ ਅੰਮ੍ਰਿਤਸਰ, 4 ਦਸੰਬਰ ਨੂੰ ਗੁਰੂ ਰਾਮ ਦਾਸ ਸਟੇਡੀਅਮ ਗੁਰੂ ਹਰਿ ਸਹਾਏ ਫਿਰੋਜ਼ਪੁਰ, 5 ਦਸੰਬਰ ਨੂੰ ਸਪੋਰਟਸ ਸਟੇਡੀਅਮ ਬਠਿੰਡਾ ਤੇ 6 ਦਸੰਬਰ ਨੂੰ ਪੋਲੋ ਗਰਾਊਂਡ ਪਟਿਆਲਾ 'ਚ ਹੋਣਗੇ। ਇਸ ਤੋਂ ਇਲਾਵਾ 8 ਦਸੰਬਰ ਨੂੰ ਚਰਨ ਗੰਗਾ ਸਟੇਡੀਅਮ ਸ੍ਰੀ ਅਨੰਦਪੁਰ ਸਾਹਿਬ ਵਿਚ ਸੈਮੀਫਾਈਨਲ ਦੇ ਮੈਚ ਹੋਣਗੇ, ਜਦਕਿ 10 ਦਸੰਬਰ ਨੂੰ ਡੇਰਾ ਬਾਬਾ ਨਾਨਕ ਵਿਚ ਕਬੱਡੀ ਕੱਪ ਦੇ ਫਾਈਨਲ ਮੁਕਾਬਲੇ ਕਰਵਾਏ ਜਾਣਗੇ।

ਕਬੱਡੀ ਕੱਪ ਵਿਚ ਪਹਿਲਾ ਸਥਾਨ ਹਾਸਲ ਕਰਨ ਵਾਲੀ ਟੀਮ ਨੂੰ 25 ਲੱਖ, ਦੂਜੇ ਸਥਾਨ ਵਾਲੀ ਟੀਮ ਨੂੰ 15 ਲੱਖ ਤੇ ਤੀਜੇ ਸਥਾਨ ਉਤੇ ਰਹਿਣ ਵਾਲੀ ਟੀਮ ਨੂੰ 10 ਲੱਖ ਦੇ ਇਨਾਮ ਨਾਲ ਨਿਵਾਜਿਆ ਜਾਵੇਗਾ। ਅੰਤਰਰਾਸ਼ਟਰੀ ਕਬੱਡੀ ਕੱਪ 'ਚ ਮੇਜ਼ਬਾਨ ਭਾਰਤ ਸਮੇਤ ਸ਼ਿਰਕਤ ਕਰਨ ਵਾਲੀਆਂ ਟੀਮਾਂ ਅਮਰੀਕਾ, ਕੈਨੇਡਾ, ਆਸਟ੍ਰੇਲੀਆ, ਇੰਗਲੈਂਡ, ਸ੍ਰੀਲੰਕਾ, ਕੀਨੀਆ ਤੇ ਨਿਊਜ਼ੀਲੈਂਡ ਨੂੰ ਦੋ ਪੂਲਾਂ ਵਿਚ ਵੰਡਿਆ ਗਿਆ ਹੈ।

ਇਸੇ ਦੌਰਾਨ ਰਾਣਾ ਗੁਰਜੀਤ ਸਿੰਘ ਸੋਢੀ ਨੇ ਕਿਹਾ ਹੈ ਕਿ ਸਰਕਾਰ ਖੇਡਾਂ ਵਲ ਉਚੇਚਾ ਧਿਆਨ ਦੇ ਰਹੀ ਹੈ ਅਤੇ ਆਉਣ ਵਾਲੇ ਸਮੇਂ ਵਿਚ ਇਸ ਪਾਸੇ ਹੋਰ ਧਿਆਨ ਦਿੱਤਾ ਜਾਵੇਗਾ ਤਾਂਕਿ ਵੱਧ ਤੋਂ ਵੱਧ ਨੌਜਵਾਨਾਂ ਨੂੰ ਖੇਡਾਂ ਵਾਲੇ ਪਾਸੇ ਲਾਇਆ ਜਾ ਸਕੇ।

# ਸਿਟੀ ਸੈਂਟਰ ਘੁਟਾਲਾ: ਕੈਪਟਨ ਅਮਰਿੰਦਰ ਸਿੰਘ ਸਣੇ ਸਾਰੇ ਮੁਲਜ਼ਮ ਬਰੀ

**ਲੁਧਿਆਣਾ:** ਸੂਬੇ ਦੇ ਬਹੁ-ਚਰਚਿਤ 1,144 ਕਰੋੜ ਰੁਪਏ ਦੇ ਲੁਧਿਆਣਾ ਸਿਟੀ ਸੈਂਟਰ ਘੁਟਾਲੇ ਵਿਚ ਜ਼ਿਲ੍ਹਾ ਅਦਾਲਤ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਬਰੀ ਕਰ ਦਿੱਤਾ ਹੈ। ਵਿਜੀਲੈਂਸ ਵੱਲੋਂ ਦਾਖਲ ਕੈਂਸਲੇਸ਼ਨ ਰਿਪੋਰਟ ਨੂੰ ਅਦਾਲਤ ਨੇ ਸਵੀਕਾਰ ਕਰ ਲਿਆ ਹੈ।

ਅਦਾਲਤ 'ਚ ਸੁਣਵਾਈ ਮੌਕੇ ਕੈਪਟਨ ਅਮਰਿੰਦਰ ਸਿੰਘ ਖੁਦ ਪੇਸ਼ ਹੋਏ, ਜਿਥੇ ਅਦਾਲਤ ਨੇ ਵਿਜੀਲੈਂਸ ਦੀ ਰਿਪੋਰਟ ਨੂੰ ਸਵੀਕਾਰ ਕਰ ਲੈਣ ਦਾ ਫੈਸਲਾ ਸੁਣਾਇਆ। ਇਸ ਫੈਸਲੇ ਤੋਂ ਬਾਅਦ ਸਿਟੀ ਸੈਂਟਰ ਘੁਟਾਲੇ ਨਾਲ ਸਬੰਧਤ 31 ਮੁਲਜ਼ਮਾਂ ਨੂੰ ਰਾਹਤ ਮਿਲੀ ਹੈ। ਵਿਜੀਲੈਂਸ ਨੇ ਇਸ ਮਾਮਲੇ ਵਿਚ 36 ਮੁਲਜ਼ਮਾਂ ਖਿਲਾਫ ਇਹ ਕੇਸ ਦਰਜ ਕੀਤਾ ਸੀ, ਜਿਨ੍ਹਾਂ 'ਚੋਂ ਪੰਜ ਜਣਿਆਂ ਦੀ ਮੌਤ ਹੋ ਚੁੱਕੀ ਹੈ।

ਦੱਸਣਯੋਗ ਹੈ ਕਿ ਸਾਲ 2006 ਵਿਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਪਿਛਲੇ ਕਾਰਜਕਾਲ ਦੌਰਾਨ ਹੀ ਸਿਟੀ ਸੈਂਟਰ ਘੁਟਾਲੇ ਦਾ ਰੌਲਾ ਪੈਣ ਲੱਗਿਆ ਸੀ। 2006 ਵਿਚ ਕਾਂਗਰਸ ਦੇ ਸੱਤਾ ਤੋਂ ਬਾਹਰ ਹੁੰਦਿਆਂ ਹੀ ਅਕਾਲੀ-ਭਾਜਪਾ ਸਰਕਾਰ ਨੇ ਇਸ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ। ਜਾਂਚ ਤੋਂ ਬਾਅਦ 23 ਮਾਰਚ 2007 ਨੂੰ ਕੈਪਟਨ ਅਮਰਿੰਦਰ ਸਿੰਘ ਸਮੇਤ 36 ਲੋਕਾਂ ਖਿਲਾਫ ਕੇਸ ਦਰਜ ਕੀਤਾ ਗਿਆ।

ਇਹ ਮਾਮਲਾ ਸਾਬਕਾ ਐਸ.ਐਸ.ਪੀ. ਵਿਜੀਲੈਂਸ ਕੰਵਲਜੀਤ ਸਿੰਘ ਨੇ ਦਰਜ ਕਰਵਾਇਆ ਸੀ। ਦਸੰਬਰ 2007 ਵਿਚ 130 ਸਫਿਆਂ ਦੀ ਚਾਰਜਸ਼ੀਟ ਦਾਖਲ ਕੀਤੀ ਗਈ ਸੀ।



ਸਾਲ 2017 ਵਿਚ ਕੈਪਟਨ ਅਮਰਿੰਦਰ ਸਿੰਘ ਦੇ ਮੁੱਖ ਮੰਤਰੀ ਬਣਨ ਤੋਂ ਬਾਅਦ ਫਿਰ ਇਹ ਮਾਮਲਾ ਚਰਚਾ 'ਚ ਆ ਗਿਆ ਸੀ। ਵਿਜੀਲੈਂਸ ਨੇ ਦੁਬਾਰਾ ਮਾਮਲੇ ਦੀ ਜਾਂਚ ਤੋਂ ਬਾਅਦ ਲੁਧਿਆਣਾ ਦੀ ਅਦਾਲਤ ਵਿਚ ਅਗਸਤ 2017 ਵਿਚ ਕਲੋਜ਼ਰ ਰਿਪੋਰਟ ਦਾਇਰ ਕੀਤੀ ਸੀ। ਇਸ ਰਿਪੋਰਟ ਵਿਚ ਵਿਜੀਲੈਂਸ ਦਾ ਕਹਿਣਾ ਸੀ ਕਿ ਇਸ 'ਚ ਕੋਈ ਮਾਮਲਾ ਨਹੀਂ ਬਣਦਾ ਸੀ।

ਵਿਜੀਲੈਂਸ ਦੀ ਕਲੋਜ਼ਰ ਰਿਪੋਰਟ ਖਿਲਾਫ ਸਭ ਤੋਂ ਪਹਿਲਾਂ ਤਤਕਾਲੀ ਐਸ.ਐਸ.ਪੀ. ਕੰਵਲਜੀਤ ਸਿੰਘ ਨੇ ਜ਼ਿਲ੍ਹਾ ਅਦਾਲਤ 'ਚ ਪਟੀਸ਼ਨ ਦਾਇਰ ਕੀਤੀ ਸੀ, ਜਿਸ ਨੂੰ ਖਾਰਜ ਕਰ ਦਿੱਤਾ ਗਿਆ ਸੀ। ਇਸ ਤੋਂ ਬਾਅਦ ਵਿਧਾਇਕ ਸਿਮਰਜੀਤ ਸਿੰਘ ਤੇ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ ਨੇ ਵੀ ਪਟੀਸ਼ਨ ਦਾਇਰ ਕੀਤੀ ਸੀ। ਇਨ੍ਹਾਂ ਦੋਹਾਂ ਦੀ ਪਟੀਸ਼ਨ ਨੂੰ ਵੀ ਅਦਾਲਤ ਨੇ ਖਾਰਜ ਕਰ ਦਿੱਤਾ ਸੀ।

### ਕੀ ਸੀ ਨਗਰ ਸੁਧਾਰ ਟਰੱਸਟ ਘੁਟਾਲਾ?

ਦੱਸਣਯੋਗ ਹੈ ਕਿ ਸਾਲ 1991 ਵਿਚ ਨਗਰ ਸੁਧਾਰ ਟਰੱਸਟ ਨੇ ਸਿਟੀ ਸੈਂਟਰ ਯੋਜਨਾ ਤਿਆਰ ਕੀਤੀ ਸੀ। ਸ਼ਹੀਦ ਭਗਤ ਸਿੰਘ ਨਗਰ ਦੇ 475 ਏਕੜ ਸਕੀਮ 'ਚ 26.44 ਏਕੜ ਥਾਂ ਸਿਟੀ ਸੈਂਟਰ ਲਈ ਰਾਖਵੀਂ ਰੱਖੀ ਗਈ ਸੀ। ਇਸ ਯੋਜਨਾ 'ਤੇ ਕੋਈ ਕੰਮ ਨਹੀਂ ਹੋ ਰਿਹਾ ਸੀ। ਅਖੀਰ 2005 ਵਿਚ ਪ੍ਰਾਈਵੇਟ ਪਬਲਿਕ ਪਾਰਟਨਰਸ਼ਿਪ (ਪੀ.ਪੀ.ਪੀ.) ਤਹਿਤ ਇਸ ਨੂੰ ਤਿਆਰ ਕਰਨ ਦਾ ਖਾਕਾ ਤਿਆਰ ਕੀਤਾ। ਇਸ 'ਚ ਮਾਡਰਨ ਸ਼ਾਪਿੰਗ ਮਾਲ, ਮਲਟੀਪਲੈਕਸ, ਸੁਪਰਮਾਰਕਿਟ, ਦਫਤਰ, ਟਰੇਡ ਸੈਂਟਰ, ਫੂਡ ਪਲਾਜ਼ਾ, ਸਿਟੀ ਮਿਊਜ਼ੀਅਮ, ਆਈ.ਟੀ. ਸੈਂਟਰ, ਹੈਲਥ ਸੈਂਟਰ, ਬੈਂਕ, ਐਸ.ਸੀ.ਓ (ਸ਼ਾਪ ਕਮ ਦਫਤਰ) ਤਿਆਰ ਕੀਤੇ ਜਾਣੇ ਸਨ। ਇਸ ਪ੍ਰੋਜੈਕਟ ਨੂੰ ਤਿਆਰ ਕਰਨ ਦਾ ਕੰਮ ਟੂਡੇ ਹੋਮਜ਼ ਨੂੰ ਦਿੱਤਾ ਗਿਆ ਸੀ। ਇਸ ਮਾਮਲੇ ਸਬੰਧੀ ਵਿਜੀਲੈਂਸ ਨੇ ਆਪਣੀ ਪਹਿਲੀ ਰਿਪੋਰਟ ਵਿਚ ਟੈਂਡਰ ਦੇ ਦਸਤਾਵੇਜ਼ਾਂ ਨਾਲ ਛੇੜਛਾੜ ਕਰਨ ਅਤੇ ਰਿਸ਼ਵਤ ਦੇਣ ਦੀ ਗੱਲ ਕਹੀ ਸੀ।

### ਸੁਪਰੀਮ ਕੋਰਟ ਜਾਵਾਂਗੇ: ਬੈਂਸ

ਸਿਟੀ ਸੈਂਟਰ ਘੁਟਾਲੇ ਵਿਚ ਜ਼ਿਲ੍ਹਾ ਸੈਸ਼ਨ ਅਦਾਲਤ ਦੇ ਫੈਸਲੇ ਤੋਂ ਬਾਅਦ ਵਿਧਾਇਕ ਸਿਮਰਜੀਤ ਸਿੰਘ ਬੈਂਸ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਹੁਣ ਇਹ ਨਾ ਸੋਚਣ ਕੀ ਉਹ ਪਾਕ ਹੋ ਗਏ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਵਿਜੀਲੈਂਸ ਦੀ ਕਲੋਜ਼ਰ ਰਿਪੋਰਟ ਖਿਲਾਫ ਪਟੀਸ਼ਨ ਦਾਇਰ ਕੀਤੀ, ਜਿਸ ਨੂੰ ਅਦਾਲਤ ਨੇ ਖਾਰਜ ਕਰ ਦਿੱਤਾ। ਇਸ ਤੋਂ ਬਾਅਦ ਹਾਈ ਕੋਰਟ 'ਚ ਪਟੀਸ਼ਨ ਦਾਇਰ ਕੀਤੀ, ਜਿਸ ਵਿਚ ਪੰਜਾਬ ਨੂੰ ਨੋਟਿਸ ਕੀਤਾ ਗਿਆ ਸੀ। ਇਸ ਤੋਂ ਅੱਗੇ ਇਹ ਮਾਮਲਾ ਨਹੀਂ ਵਧਿਆ। ਉਨ੍ਹਾਂ ਕਿਹਾ ਕਿ ਉਹ ਇਸ ਮਾਮਲੇ ਨੂੰ ਸੁਪਰੀਮ ਕੋਰਟ ਤੱਕ ਲੈ ਕੇ ਜਾਣਗੇ ਅਤੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾ ਕੇ ਹੀ ਦਮ ਲੈਣਗੇ। ਵਿਧਾਇਕ ਬੈਂਸ ਨੇ ਕਿਹਾ ਕਿ ਅਦਾਲਤੀ ਪ੍ਰਕਿਰਿਆ ਦੌਰਾਨ ਗਵਾਹੀਆਂ, ਜਿਰਾਹ ਤੇ ਹੋਰ ਅਨੇਕ ਕਾਰਵਾਈਆਂ ਹੁੰਦੀਆਂ ਹਨ ਪਰ ਇਸ ਮਾਮਲੇ ਵਿਚ ਅਜਿਹਾ ਕੁਝ ਨਹੀਂ ਕੀਤਾ ਗਿਆ। ਇਸ ਲਈ ਉਹ ਪਿੱਛੇ ਨਹੀਂ ਹਟਣਗੇ ਅਤੇ ਉਹ ਇਸ ਮਾਮਲੇ ਨੂੰ ਦੇਸ਼ ਦੀ ਸਰਵ-ਉਚ ਅਦਾਲਤ ਤੱਕ ਲੈ ਕੇ ਜਾਣਗੇ।

## ਪੁਲਿਸ 'ਤੇ ਕਾਤਲਾਨਾ ਹਮਲਾ ਮਾਮਲੇ 'ਚ ਵਿਧਾਇਕ ਬੈਂਸ ਸਣੇ 29 ਬਰੀ

**ਲੁਧਿਆਣਾ:** ਅਦਾਲਤ ਨੇ ਪੁਲਿਸ ਉਤੇ ਕਾਤਲਾਨਾ ਹਮਲਾ ਕਰਨ, ਡਿਊਟੀ 'ਚ ਰੁਕਾਵਟ ਪਾਉਣ ਅਤੇ ਹੋਰ ਵੱਖ-ਵੱਖ ਦੋਸ਼ਾਂ ਤਹਿਤ ਨਾਮਜ਼ਦ ਕੀਤੇ ਲੋਕ ਇਨਸਾਫ ਪਾਰਟੀ ਦੇ ਮੁਖੀ ਅਤੇ ਉਨ੍ਹਾਂ ਦੇ 28 ਹੋਰ ਸਾਥੀਆਂ ਨੂੰ ਬਰੀ ਕਰ ਦਿੱਤਾ ਹੈ। 15 ਅਪਰੈਲ 2015 'ਚ ਪੁਲਿਸ ਵੱਲੋਂ ਇਨ੍ਹਾਂ ਦੋਸ਼ਾਂ ਤਹਿਤ ਵਿਧਾਇਕ ਬੈਂਸ ਅਤੇ ਉਨ੍ਹਾਂ ਦੇ 28 ਹੋਰ ਸਾਥੀਆਂ ਖਿਲਾਫ ਥਾਣਾ ਮਿਹਰਬਾਨ ਵਿਚ ਇਹ ਮਾਮਲਾ ਦਰਜ ਕੀਤਾ ਗਿਆ ਸੀ।

ਵਿਧਾਇਕ ਬੈਂਸ ਤੇ ਉਨ੍ਹਾਂ ਦੇ ਸਾਥੀ ਪਿੰਡ ਚੂਹੜਵਾਲ ਵਿਖੇ ਰੇਤ ਮਾਫੀਆ ਖਿਲਾਫ ਪ੍ਰਦਰਸ਼ਨ ਕਰ ਰਹੇ ਸਨ ਅਤੇ ਉਥੇ ਨਾਜਾਇਜ਼ ਚੱਲਦੀਆਂ ਰੇਤ ਦੀਆਂ ਖੱਡਾਂ ਬੰਦ ਕਰਵਾਉਣ ਲਈ ਗਏ ਸਨ, ਜਿਥੇ ਉਨ੍ਹਾਂ ਦਾ ਟਕਰਾਅ ਪੁਲਿਸ ਮੁਲਾਜ਼ਮਾਂ ਨਾਲ ਹੋ ਗਿਆ। ਚਾਰ ਸਾਲ ਚੱਲੇ ਇਸ ਮਾਮਲੇ ਵਿਚ ਅਦਾਲਤ 'ਚ ਪੁਲਿਸ ਅਤੇ ਸਰਕਾਰੀ ਪੱਖ ਵਿਧਾਇਕ ਬੈਂਸ ਤੇ ਉਨ੍ਹਾਂ ਦੇ ਸਾਥੀਆਂ ਖਿਲਾਫ ਕੋਈ ਠੋਸ ਸਬੂਤ ਪੇਸ਼ ਨਹੀਂ ਕਰ ਸਕੇ।

# ਚੰਗੇ ਭਵਿਖ ਦੀ ਆਸ ਲਈ ਜਾਨ ਜੋਖਮ ਵਿਚ ਪਾ ਰਹੇ ਨੇ ਪੰਜਾਬੀ

**ਚੰਡੀਗੜ੍ਹ:** ਪੰਜਾਬ ਵਿਚ ਏਡੇ ਵੱਡੇ ਪੱਧਰ 'ਤੇ ਹੋ ਰਿਹਾ ਪਰਵਾਸ ਇਸ ਗੱਲ ਦੀ ਨਿਸ਼ਾਨਦੇਹੀ ਕਰਦਾ ਹੈ ਕਿ ਪੰਜਾਬੀਆਂ ਨੂੰ ਅੱਜ ਦੇ ਪੰਜਾਬ ਵਿਚ ਕੋਈ ਭਵਿੱਖ ਦਿਖਾਈ ਨਹੀਂ ਦਿੰਦਾ। ਬੇਰੁਜ਼ਗਾਰੀ, ਨਸ਼ਿਆਂ ਦਾ ਫੈਲਾਅ, ਸਰਕਾਰੀ ਦਫਤਰਾਂ ਅਤੇ ਪੁਲਿਸ ਵੱਲੋਂ ਆਮ ਲੋਕਾਂ ਨਾਲ ਕੀਤਾ ਜਾਂਦਾ ਦੁਰਵਿਹਾਰ, ਖੇਰੂੰ ਖੇਰੂੰ ਹੋ ਰਹੇ ਵਿਦਿਅਕ ਅਤੇ ਸਿਹਤਕ ਖੇਤਰ, ਸਭ ਪੰਜਾਬੀਆਂ ਨੂੰ ਪਰਵਾਸ ਕਰਨ ਲਈ ਮਜਬੂਰ ਕਰ ਰਹੇ ਹਨ।

ਕਈ ਨੌਜਵਾਨਾਂ ਨੂੰ ਬਹੁਤ ਕਹਿਰ ਭਰੇ ਹਾਲਾਤ ਦਾ ਸਾਹਮਣਾ ਕਰਨਾ ਪਿਆ ਪਰ ਅਜਿਹੀਆਂ ਕਹਾਣੀਆਂ ਪੰਜਾਬੀਆਂ ਨੂੰ ਵਿਦੇਸ਼ ਜਾਣ ਤੋਂ ਹੋੜ ਨਹੀਂ ਰਹੀਆਂ। ਪੰਜਾਬ ਦੀ ਸਿਆਸੀ ਜਮਾਤ ਅਤੇ ਅਫਸਰਸ਼ਾਹੀ ਨੇ ਪੰਜਾਬ ਤੋਂ ਮੂੰਹ ਮੋੜ ਰੱਖਿਆ ਹੈ। ਲੋਕਾਂ ਨੂੰ ਵਿਦੇਸ਼ ਭੇਜਣ ਦਾ ਝਾਂਸਾ ਦੇਣ ਵਾਲੇ ਏਜੰਟਾਂ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ ਜਾਂਦੀ। ਕੈਨੇਡਾ, ਅਮਰੀਕਾ, ਆਸਟਰੇਲੀਆ, ਨਿਊਜ਼ੀਲੈਂਡ ਤੇ ਪੱਛਮੀ ਯੂਰਪ ਦੇ ਦੇਸ਼ਾਂ ਵਿਚ ਵਸਣ ਦੀ ਤਾਂਘ ਹਰ ਪੰਜਾਬੀ ਦਾ ਸੁਪਨਾ ਬਣ ਗਈ ਲੱਗਦੀ ਹੈ। ਨਾਰਥ ਅਮਰੀਕਨ ਪੰਜਾਬੀ ਐਸੋਸੀਏਸ਼ਨ ਦੁਆਰਾ ਪ੍ਰਾਪਤ ਕੀਤੇ ਅੰਕੜਿਆਂ ਅਨੁਸਾਰ ਭਾਰਤੀ ਮੂਲ ਦੇ 3017 ਲੋਕ ਇਸ ਵੇਲੇ ਅਮਰੀਕਨ ਯੂਨਾਈਟਡ ਸਟੇਟਸ ਇਮੀਗ੍ਰੇਸ਼ਨ ਐਂਡ ਕਸਟਮ ਇਨਫੋਰਸਮੈਂਟ ਦੁਆਰਾ ਬਣਾਏ ਬੰਦੀਖਾਨਿਆਂ ਵਿਚ ਕੈਦ ਹਨ। ਇਨ੍ਹਾਂ ਵਿਚੋਂ 84 ਔਰਤਾਂ ਹਨ। ਐਸੋਸੀਏਸ਼ਨ ਦੇ ਐਗਜ਼ੀਕਿਊਟਿਵ ਡਾਇਰੈਕਟਰ ਸਤਨਾਮ ਸਿੰਘ ਚਾਹਲ ਅਨੁਸਾਰ ਇਨ੍ਹਾਂ ਵਿਚੋਂ 6 ਔਰਤਾਂ ਅਤੇ 156 ਮਰਦਾਂ ਨੂੰ ਸਜ਼ਾ ਹੋ ਚੁੱਕੀ ਹੈ ਜਦੋਂਕਿ ਇਕ ਔਰਤ ਅਤੇ 86 ਮਰਦਾਂ 'ਤੇ ਮੁਕੱਦਮਾ ਚੱਲ ਰਿਹਾ ਹੈ। ਬਾਕੀ ਲੋਕਾਂ ਨੂੰ ਇਸ ਲਈ ਨਜ਼ਰਬੰਦ ਰੱਖਿਆ ਗਿਆ ਹੈ ਕਿਉਂਕਿ ਉਨ੍ਹਾਂ ਨੇ ਅਮਰੀਕਾ ਵਿਚ ਦਾਖਲ ਹੋਣ ਬਾਰੇ ਇਮੀਗ੍ਰੇਸ਼ਨ ਨਿਯਮਾਂ ਦੀ ਉਲੰਘਣਾ ਕੀਤੀ ਹੈ। ਇਸੇ ਵਿਭਾਗ ਨੇ 90 ਹੋਰ ਵਿਦੇਸ਼ੀ ਵਿਦਿਆਰਥੀਆਂ ਜਿਨ੍ਹਾਂ ਵਿਚੋਂ ਜ਼ਿਆਦਾ ਭਾਰਤੀ ਹਨ, ਨੂੰ ਇਸ ਲਈ ਹਿਰਾਸਤ ਵਿਚ ਲਿਆ ਹੈ ਕਿਉਂਕਿ ਉਨ੍ਹਾਂ ਨੇ ਅਮਰੀਕਾ ਦੀ ਹੋਮਲੈਂਡ ਸਕਿਉਰਿਟੀ ਡਿਪਾਰਟਮੈਂਟ ਦੁਆਰਾ ਬਣਾਈ ਗਈ ਫਰਜ਼ੀ ਯੂਨੀਵਰਸਿਟੀ ਵਿਚ ਦਾਖਲਾ ਲਿਆ। ਡੈਮੋਕਰੈਟਿਕ ਪਾਰਟੀ ਵੱਲੋਂ ਰਾਸ਼ਟਰਪਤੀ ਦੀ ਚੋਣ ਲੜ ਰਹੀ ਐਲਿਜ਼ਾਬੈਥ ਵਾਰਨ ਨੇ ਇਸ ਕਾਰਵਾਈ ਨੂੰ ਜ਼ਾਲਮਾਨਾ ਤੇ ਗਲਤ ਦੱਸਿਆ ਹੈ।

ਤੀਸਰੀ ਦੁਨੀਆਂ ਦੇ ਵੱਖ-ਵੱਖ ਦੇਸ਼ਾਂ ਦੇ ਵਿਦਿਆਰਥੀ ਅਤੇ ਕਾਮੇ ਅਮਰੀਕਾ, ਕੈਨੇਡਾ, ਆਸਟਰੇਲੀਆ, ਨਿਊਜ਼ੀਲੈਂਡ ਅਤੇ ਪੱਛਮੀ ਯੂਰਪ ਦੇ ਦੇਸ਼ਾਂ ਵਿਚ ਚੰਗੇ ਭਵਿੱਖ ਦੀ ਤਲਾਸ਼ ਵਿਚ ਪਹੁੰਚਣਾ ਚਾਹੁੰਦੇ ਹਨ। ਲਗਭਗ 2 ਲੱਖ 27 ਹਜ਼ਾਰ ਭਾਰਤੀ ਅਮਰੀਕਾ ਵਿਚ ਵੱਸਦੇ ਆਪਣੇ ਰਿਸ਼ਤੇਦਾਰਾਂ ਦੇ ਜ਼ਰੀਏ ਗਰੀਨ ਕਾਰਡ ਪ੍ਰਾਪਤ ਕਰਨ ਦੀ ਉਮੀਦ ਵਿਚ ਹਨ। ਪੰਜਾਬ ਵਿਚ ਹਰ ਸਾਲ ਇਕ ਲੱਖ ਤੋਂ ਜ਼ਿਆਦਾ ਬੱਚੇ ਪੜ੍ਹਾਈ ਕਰਨ ਕੈਨੇਡਾ, ਅਮਰੀਕਾ ਅਤੇ ਹੋਰ ਦੇਸ਼ਾਂ ਵਿਚ ਜਾ ਰਹੇ ਹਨ। ਜਿਹੜੇ ਲੋਕ ਕਾਨੂੰਨੀ ਤੌਰ ਉਤੇ ਪਰਵਾਸ ਨਹੀਂ ਕਰ ਸਕਦੇ, ਉਹ ਗੈਰਕਾਨੂੰਨੀ ਤਰੀਕੇ ਰਾਹੀਂ ਉਥੇ ਪਹੁੰਚਣ ਲਈ ਏਜੰਟਾਂ ਨੂੰ ਲੱਖਾਂ ਰੁਪਏ ਦਿੰਦੇ ਹਨ। ਕਈ ਇਸ ਕੋਸ਼ਿਸ਼ ਵਿਚ ਕਾਮਯਾਬ ਹੋ ਜਾਂਦੇ ਹਨ ਅਤੇ ਕਈ ਅਸਫਲ। ਅਸਫਲ ਬੰਦਿਆਂ ਨੂੰ ਬਹੁਤ ਵੱਡੀਆਂ ਦੁਸ਼ਵਾਰੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਪਿਛਲੇ ਹਫਤੇ ਅਮਰੀਕਾ ਨੇ 150 ਹਿੰਦੁਸਤਾਨੀਆਂ ਨੂੰ ਗੈਰਕਾਨੂੰਨੀ ਤੌਰ ਉਤੇ ਅਮਰੀਕਾ ਵਿਚ ਦਾਖਲ ਹੋਣ ਦੀ ਕੋਸ਼ਿਸ਼ ਕਰਦਿਆਂ ਜਾਂ ਵੀਜ਼ਾ ਨਿਯਮਾਂ ਦੀ ਉਲੰਘਣਾ ਕਰਨ ਦੇ ਦੋਸ਼ ਵਿਚ ਵਾਪਸ ਭਾਰਤ ਭੇਜਿਆ। ਅਕਤੂਬਰ ਮਹੀਨੇ ਵਿਚ ਵੀ ਮੈਕਸਿਕੋ ਨੇ 300 ਅਜਿਹੇ ਭਾਰਤੀਆਂ ਨੂੰ ਵਾਪਸ ਭੇਜਿਆ ਸੀ ਜਿਹੜੇ ਮੈਕਸਿਕੋ ਰਾਹੀਂ ਗੈਰਕਾਨੂੰਨੀ ਤੌਰ ਉਤੇ ਅਮਰੀਕਾ ਜਾਣ ਦੀ ਕੋਸ਼ਿਸ਼ ਕਰ ਰਹੇ ਸਨ।

## ਭਾਰਤੀਆਂ ਸਣੇ 90 ਹੋਰ ਵਿਦਿਆਰਥੀ ਫਰਜ਼ੀ ਯੂਨੀਵਰਸਿਟੀ 'ਚੋਂ ਕਾਬੂ

**ਵਾਸ਼ਿੰਗਟਨ:** ਅਮਰੀਕੀ ਇਮੀਗਰੇਸ਼ਨ ਐਂਡ ਕਸਟਮਜ਼ ਐਨਫੋਰਸਮੈਂਟ (ਆਈ.ਸੀ.ਈ.) ਨੇ ਫਰਜ਼ੀ ਯੂਨੀਵਰਸਿਟੀ 'ਚ ਦਾਖਲਾ ਲੈਣ ਵਾਲੇ 90 ਵਿਦੇਸ਼ੀ ਵਿਦਿਆਰਥੀਆਂ ਨੂੰ ਗ੍ਰਿਫਤਾਰ ਕੀਤਾ ਹੈ ਜਿਨ੍ਹਾਂ 'ਚੋਂ ਜ਼ਿਆਦਾਤਰ ਭਾਰਤੀ ਹਨ। ਮੀਡੀਆ ਰਿਪੋਰਟ ਮੁਤਾਬਕ ਅਮਰੀਕੀ ਸਰਕਾਰ ਨੇ ਇਮੀਗਰੇਸ਼ਨ ਧੋਖਾਧੜੀ 'ਤੇ ਨੱਥ ਪਾਉਣ ਲਈ ਇਹ ਫਰਜ਼ੀ ਯੂਨੀਵਰਸਿਟੀ ਸਥਾਪਤ ਕੀਤੀ ਸੀ। ਹੁਣ ਤੱਕ 250 ਤੋਂ ਵੱਧ ਵਿਦਿਆਰਥੀਆਂ ਨੂੰ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ। ਇਨ੍ਹਾਂ ਵਿਦਿਆਰਥੀਆਂ ਨੂੰ ਭਰਮਾ ਕੇ ਡੈਟ੍ਰਾਇਟ ਮੈਟਰੋਪਾਲਿਟਨ ਇਲਾਕੇ 'ਚ ਬੰਦ ਹੋ ਚੁੱਕੀ ਫਰਮਿੰਗਟਨ ਯੂਨੀਵਰਸਿਟੀ 'ਚ ਦਾਖਲਾ ਦਿਵਾਇਆ ਜਾਂਦਾ ਸੀ। ਆਈ.ਸੀ.ਈ. ਨੇ ਮਾਰਚ 'ਚ 161 ਵਿਦਿਆਰਥੀਆਂ ਨੂੰ ਗ੍ਰਿਫਤਾਰ ਕੀਤਾ ਸੀ। ਯੂਨੀਵਰਸਿਟੀ ਨੂੰ ਜਦੋਂ ਮਾਰਚ 'ਚ ਬੰਦ ਕੀਤਾ ਗਿਆ ਸੀ ਤਾਂ ਉਸ ਸਮੇਂ ਇਸ 'ਚ 600 ਵਿਦਿਆਰਥੀਆਂ ਨੇ ਦਾਖਲੇ ਲਏ ਹੋਏ ਸਨ ਜਿਨ੍ਹਾਂ 'ਚੋਂ ਜ਼ਿਆਦਾਤਰ ਭਾਰਤੀ ਸਨ। ਆਈ.ਸੀ.ਈ. ਦੇ ਤਰਜਮਾਨ ਮੁਤਾਬਕ ਕਰੀਬ 80 ਫੀਸਦੀ ਵਿਦਿਆਰਥੀਆਂ ਨੂੰ ਅਮਰੀਕਾ ਛੱਡਣ ਦੀ ਇਜਾਜ਼ਤ ਦੇ ਦਿੱਤੀ ਗਈ ਹੈ।

## ਸੰਸਾਰ ਭਰ 'ਚ 37 ਮਿਲੀਅਨ ਤੋਂ ਵੱਧ ਲੋਕ ਏਡਜ਼ ਪੀੜਤ

**ਪਟਿਆਲਾ:** ਏਡਜ਼ ਦੀ ਰੋਕਥਾਮ ਕਰਨ ਅਤੇ ਇਸ ਤੋਂ ਪੀੜਤ ਵਿਅਕਤੀਆਂ ਪ੍ਰਤੀ ਸਤਿਕਾਰ ਪੈਦਾ ਕਰਨ ਲਈ ਸੰਸਾਰ ਭਰ 'ਚ ਹਰ ਸਾਲ ਪਹਿਲੀ ਦਸੰਬਰ, 1988 ਤੋਂ ਏਡਜ਼ ਦਿਵਸ ਵਜੋਂ ਮਨਾਇਆ ਜਾਂਦਾ ਹੈ। ਵਿਸ਼ਵ ਸਿਹਤ ਸੰਗਠਨ ਅਨੁਸਾਰ 2018 'ਚ ਦੁਨੀਆ ਭਰ ਵਿਚ 37.9 ਮਿਲੀਅਨ ਲੋਕ ਏਡਜ਼ ਤੋਂ ਪੀੜਤ ਸਨ, ਜਦਕਿ ਭਾਰਤ 'ਚ ਮੌਜੂਦਾ ਸਮੇਂ ਤਕਰੀਬਨ 21 ਲੱਖ, 40 ਹਜ਼ਾਰ ਵਿਅਕਤੀ ਏਡਜ਼ ਤੋਂ ਪੀੜਤ ਹਨ।

ਇਸੇ ਤਰ੍ਹਾਂ ਅੰਕੜਿਆਂ ਅਨੁਸਾਰ 31 ਅਕਤੂਬਰ, 2019 ਤੱਕ ਪੰਜਾਬ 'ਚ 78 ਹਜ਼ਾਰ, 589 ਵਿਅਕਤੀਆਂ ਏਡਜ਼ ਤੋਂ ਪੀੜਤ ਹੋਣ ਦੀ ਪੁਸ਼ਟੀ ਹੋ ਚੁੱਕੀ ਹੈ। ਸੂਬੇ 'ਚ ਸਭ ਤੋਂ ਵੱਧ ਏਡਜ਼ ਤੋਂ ਪੀੜਤ 16 ਹਜ਼ਾਰ, 848 ਵਿਅਕਤੀ ਜ਼ਿਲ੍ਹਾ ਅੰਮ੍ਰਿਤਸਰ 'ਚ ਹਨ। ਦੂਜੇ ਨੰਬਰ 'ਤੇ 9311 ਲੁਧਿਆਣਾ, ਤੀਜੇ ਨੰਬਰ 'ਤੇ ਜਲੰਧਰ 8081, ਚੌਥੇ ਉਤੇ ਪਟਿਆਲਾ 7953, ਪੰਜਵੇਂ ਉਤੇ ਬਠਿੰਡਾ 3442, ਗੁਰਦਾਸਪੁਰ 'ਚ 3330, ਫਿਰੋਜ਼ਪੁਰ 'ਚ 3212 ਅਤੇ ਤਰਨ ਤਾਰਨ 'ਚ 3183 ਵਿਅਕਤੀ ਏਡਜ਼ ਤੋਂ ਪੀੜਤ ਹਨ।

# ਸਰਕਾਰ ਦੇ ਵਿੱਤੀ ਸੰਕਟ ਨੇ ਪਾਵਰਕੌਮ ਨੂੰ ਵੀ ਝੰਬਿਆ

**ਚੰਡੀਗੜ੍ਹ:** ਪੰਜਾਬ ਸਰਕਾਰ ਦੇ ਵਿੱਤੀ ਸੰਕਟ ਕਾਰਨ ਪਾਵਰਕੌਮ ਨੂੰ ਵੀ ਮਾਲੀ ਪੱਧਰ 'ਤੇ ਵੱਡੀਆਂ ਚੁਣੌਤੀਆਂ ਖੜ੍ਹੀਆਂ ਹੋ ਗਈਆਂ ਹਨ। ਸਰਕਾਰ ਵੱਲੋਂ ਖੇਤੀ, ਉਦਯੋਗ ਸੈਕਟਰ ਨੂੰ ਦਿੱਤੀ



ਜਾਂਦੀ ਮੁਫਤ ਬਿਜਲੀ ਦੀ ਸਹੂਲਤ ਬਦਲੇ ਸਬਸਿਡੀ ਦੀ ਰਾਸ਼ੀ ਅਦਾ ਨਾ ਕੀਤੇ ਜਾਣ ਕਾਰਨ ਪਾਵਰਕੌਮ ਵੱਲੋਂ ਕੀਤੀਆਂ ਜਾਣ ਵਾਲੀਆਂ ਵੱਡੀਆਂ ਅਦਾਇਗੀਆਂ ਬੰਦ ਹੋ ਗਈਆਂ ਹਨ ਤੇ ਨਿਗਮ ਨੂੰ ਨਵੰਬਰ ਮਹੀਨੇ ਦੀ ਤਨਖਾਹ ਦੇਣ ਦਾ ਵੀ ਸੰਕਟ ਖੜ੍ਹਾ ਹੋ ਗਿਆ ਹੈ।

ਸੂਤਰਾਂ ਮੁਤਾਬਕ ਨਿਗਮ ਵੱਲੋਂ ਨਵੰਬਰ ਮਹੀਨੇ ਦੇ ਅੰਤ ਤੱਕ 3227.28 ਕਰੋੜ ਰੁਪਏ ਦੀਆਂ ਅਦਾਇਗੀਆਂ ਕੀਤੀਆਂ ਜਾਣੀਆਂ ਸਨ ਜੋ ਕਿ ਵਿੱਤੀ ਸੰਕਟ ਕਾਰਨ ਕੀਤੀਆਂ ਨਹੀਂ ਜਾ ਸਕੀਆਂ। ਇਨ੍ਹਾਂ ਅਦਾਇਗੀਆਂ ਵਿਚ ਮੁੱਖ ਤੌਰ ਉਤੇ ਬਿਜਲੀ ਦੀ ਖਰੀਦ ਵਜੋਂ 2,502 ਕਰੋੜ ਰੁਪਏ, ਕੋਲੇ ਦੀ ਖਰੀਦ ਦੇ 145 ਕਰੋੜ ਰੁਪਏ, 139.96 ਕਰੋੜ ਰੁਪਏ ਟਰਾਂਸਮਿਸ਼ਨ ਦੇ ਖਰਚੇ, 348 ਕਰੋੜ ਰੁਪਏ ਸੇਵਾ ਮੁਕਤੀ ਲਾਭ (ਪ੍ਰਾਵੀਡੈਂਟ ਫੰਡ ਵਗੈਰਾ) ਆਦਿ ਸ਼ਾਮਲ ਹਨ। ਬਿਜਲੀ ਵਿਭਾਗ ਦੇ ਅਧਿਕਾਰੀਆਂ ਦਾ ਦੱਸਣਾ ਹੈ ਕਿ ਨਿੱਜੀ ਖੇਤਰ ਅਤੇ ਕੇਂਦਰ ਸਰਕਾਰ ਦੀ ਮਾਲਕੀ ਵਾਲੇ ਜਾਂ ਹੋਰਨਾਂ ਰਾਜਾਂ ਦੇ ਥਰਮਲ ਪਲਾਂਟਾਂ ਨੂੰ ਪੈਸੇ ਦੀ ਸਮੇਂ ਸਿਰ ਅਦਾਇਗੀ ਨਾ ਕੀਤੇ ਜਾਣ ਕਾਰਨ 'ਪਾਵਰਕੌਮ' ਨੂੰ 18.5 ਫੀਸਦੀ ਦਾ ਵਿਆਜ ਅਦਾ ਕਰਨਾ ਪਵੇਗਾ। ਇਸ ਨਾਲ ਵਿੱਤੀ ਭਾਰ ਪਵੇਗਾ ਤੇ ਖਪਤਕਾਰਾਂ ਨੂੰ ਹੀ ਰਗੜਾ ਲੱਗੇਗਾ। ਬਿਜਲੀ ਨਿਗਮ ਨੇ ਰਾਜ ਸਰਕਾਰ ਦੇ ਵਿਭਾਗਾਂ ਤੇ ਅਦਾਰਿਆਂ ਤੋਂ 1,921 ਕਰੋੜ ਰੁਪਏ ਦੀ ਰਾਸ਼ੀ ਬਿੱਲਾਂ ਦੇ ਰੂਪ ਵਿਚ ਲੈਣੀ ਹੈ। ਪੰਜਾਬ ਸਰਕਾਰ ਵੱਲੋਂ ਨਗਦ ਤੌਰ ਉਤੇ ਬਿਜਲੀ ਸਬਸਿਡੀ ਮਹਿਜ਼ 2,494 ਕਰੋੜ ਰੁਪਏ ਹੀ ਦਿੱਤੀ ਗਈ ਹੈ।

ਪੰਜਾਬ ਸਰਕਾਰ ਨੇ ਚਲੰਤ ਮਾਲੀ ਸਾਲ ਦੌਰਾਨ ਬਿਜਲੀ ਨਿਗਮ ਨੂੰ ਬਿਜਲੀ ਸਬਸਿਡੀਆਂ ਦੇ ਰੂਪ ਵਿਚ ਕੁੱਲ 14972.09 ਕਰੋੜ ਰੁਪਏ ਅਦਾ ਕਰਨੇ ਸਨ। ਇਸ ਦਾ ਅਹਿਮ ਪਹਿਲੂ ਇਹ ਹੈ ਕਿ ਲੰਘੇ ਵਿੱਤੀ ਸਾਲ 2018-2019 ਦੌਰਾਨ ਵੀ ਸਰਕਾਰ ਨੇ ਵਿੱਤੀ ਸੰਕਟ ਦੇ ਚਲਦਿਆਂ ਸਰਫੇ ਕਰ ਕੇ ਨਿਗਮ ਨੂੰ ਸਬਸਿਡੀ ਦੀ ਪੂਰੀ ਅਦਾਇਗੀ ਨਹੀਂ ਸੀ ਕੀਤੀ, ਲਿਹਾਜ਼ਾ ਇਸ ਰਾਸ਼ੀ ਵਿਚ 5297.55 ਕਰੋੜ ਰੁਪਏ ਲੰਘੇ ਮਾਲੀ ਸਾਲ ਦਾ ਬਕਾਇਆ ਵੀ ਸ਼ਾਮਲ ਹੈ। ਇਸ ਤੋਂ ਸਪੱਸ਼ਟ ਹੈ ਕਿ ਰਾਜ ਸਰਕਾਰ ਬਿਜਲੀ ਨਿਗਮ ਦੀਆਂ ਅਦਾਇਗੀਆਂ ਪ੍ਰਤੀ ਅਵੇਸਲੀ ਹੈ। ਚਲੰਤ ਮਾਲੀ ਸਾਲ ਦੌਰਾਨ ਦਿੱਤੀ ਜਾਣ ਵਾਲੀ ਰਾਸ਼ੀ ਵਿਚੋਂ ਵਿੱਤ ਵਿਭਾਗ ਵੱਲੋਂ 2494 ਕਰੋੜ ਰੁਪਏ ਹੀ ਨਗਦੀ ਦੇ ਰੂਪ ਵਿਚ ਅਦਾ ਕੀਤੇ ਗਏ ਹਨ। ਸਰਕਾਰ ਵੱਲੋਂ ਚਲੰਤ ਮਾਲੀ ਸਾਲ ਦੌਰਾਨ ਨਵੀਆਂ ਬਿਜਲੀ ਦਰਾਂ ਦੇ ਲਾਗੂ ਹੋਣ ਤੋਂ ਬਾਅਦ ਭਾਵ ਜੂਨ ਮਹੀਨੇ ਤੋਂ 1268.56 ਕਰੋੜ ਰੁਪਏ ਪ੍ਰਤੀ ਮਹੀਨਾ ਅਦਾ ਕੀਤੇ ਜਾਣੇ ਸਨ। ਵਿੱਤ ਵਿਭਾਗ ਦੇ ਅਧਿਕਾਰੀਆਂ ਦਾ ਮੰਨਣਾ ਹੈ ਕਿ ਵਿੱਤੀ ਸੰਕਟ ਕਾਰਨ ਬਿਜਲੀ ਨਿਗਮ ਨੂੰ ਤਕਰੀਬਨ 4 ਹਜ਼ਾਰ ਕਰੋੜ ਰੁਪਏ ਦੀ ਅਦਾਇਗੀ ਨਹੀਂ ਕੀਤੀ ਜਾ ਸਕੀ।

## ਸਰਕਾਰੀ ਵਿਭਾਗਾਂ ਨੇ ਨੱਪੇ ਕਰੋੜਾਂ ਰੁਪਏ

**ਚੰਡੀਗੜ੍ਹ:** ਬਿਜਲੀ ਨਿਗਮ ਵੱਲੋਂ 1150 ਕਰੋੜ ਰੁਪਏ ਦੀਆਂ ਅਦਾਇਗੀਆਂ ਕਰਨ ਲਈ ਤਾਂ ਤੁਰਤ ਪੈਸੇ ਦੀ ਜ਼ਰੂਰਤ ਹੈ ਪਰ ਸਰਕਾਰ ਵੱਲੋਂ ਹੱਥ ਖੜ੍ਹੇ ਕਰ ਦਿੱਤੇ ਗਏ ਹਨ। ਜਿਨ੍ਹਾਂ ਵਿਭਾਗਾਂ ਵੱਲੋਂ ਬਿਜਲੀ ਦੇ ਬਿੱਲ ਨਹੀਂ ਭਰੇ ਜਾ ਰਹੇ, ਉਨ੍ਹਾਂ ਵਿਚ ਪ੍ਰਮੁੱਖ ਤੌਰ ਉਤੇ ਜਲ ਘਰਾਂ ਦੇ ਬਿੱਲਾਂ ਦੀ ਅਦਾਇਗੀ ਨਾ ਹੋਣ ਕਾਰਨ 1107 ਕਰੋੜ ਜਲ ਸਪਲਾਈ ਵਿਭਾਗ ਨੇ ਦੇਣੇ ਹਨ। ਸਥਾਨਕ ਸਰਕਾਰਾਂ ਵਿਭਾਗ ਨੇ 359 ਕਰੋੜ, ਸਿੰਜਾਈ ਵਿਭਾਗ ਨੇ 167 ਕਰੋੜ, ਪੀ.ਡਬਲਿਊ.ਡੀ. ਨੇ 71 ਕਰੋੜ, ਸਿਹਤ ਵਿਭਾਗ ਨੇ 69 ਕਰੋੜ, ਪੰਚਾਇਤ ਵਿਭਾਗ ਨੇ 66 ਕਰੋੜ, ਉਦਯੋਗ ਵਿਭਾਗ ਨੇ 58 ਕਰੋੜ, ਗ੍ਰਿਹ ਤੇ ਜੇਲ੍ਹ ਵਿਭਾਗ ਨੇ 22 ਕਰੋੜ, ਮਾਲ ਵਿਭਾਗ ਨੇ 11 ਕਰੋੜ ਦੇਣੇ ਹਨ। ਇਸ ਤੋਂ ਬਿਨਾਂ ਲੱਖਾਂ ਵਿਚ ਤਾਂ ਸਾਰੇ ਵਿਭਾਗ ਹੀ ਪਾਵਰਕੌਮ ਦੇ ਦੇਣਦਾਰ ਹਨ।

# ਨੈਸ਼ਨਲ ਪਾਵਰ ਲਿਫਟਿੰਗ ਮੁਕਾਬਲੇ 'ਚ ਅਜੇ ਗੋਗਨਾ ਨੇ ਗੋਲਡ ਮੈਡਲ ਜਿੱਤਿਆ

**ਭੁਲੱਥ (ਬਿਊਰੋ):** ਕਸਬਾ ਭੁਲੱਥ (ਜਿਲਾ ਕਪੂਰਥਲਾ) ਦੇ ਜੰਮਪਲ ਅਤੇ ਪਰਵਾਸੀ ਪੱਤਰਕਾਰ ਰਾਜ ਗੋਗਨਾ ਦੇ ਸਪੁੱਤਰ ਕੌਮਾਂਤਰੀ ਪਾਵਰ ਲਿਫਟਰ ਅਜੇ ਗੋਗਨਾ (29 ਸਾਲਾ) ਨੇ ਦਿੱਲੀ ਵਿਚ ਹੋਈ 'ਨੈਸ਼ਨਲ ਬੈਂਚ ਪ੍ਰੈਸ ਪਾਵਰ ਲਿਫਟਿੰਗ ਚੈਂਪੀਅਨਸ਼ਿਪ- 2019' ਵਿਚ 120 ਕਿਲੋਗ੍ਰਾਮ ਤੋਂ ਵੱਧ ਭਾਰ ਵਰਗ ਵਿਚ ਸਭ ਤੋਂ ਵੱਧ ਬੈਂਚ ਪ੍ਰੈਸ ਲਾ ਕੇ ਪਹਿਲਾ ਸਥਾਨ ਹਾਸਲ ਕਰਕ ਕੇ ਗੋਲਡ ਮੈਡਲ ਜਿੱਤਿਆ ਹੈ। ਪੰਜਾਬ ਦੇ ਗੁਰਕੀਰਤ ਸਿੰਘ ਨੇ ਸਿਲਵਰ ਅਤੇ ਜੰਮੂ ਦੇ ਵਿਕਰਮਜੀਤ ਸਿੰਘ ਨੇ ਕਾਂਸੇ ਦਾ ਤਮਗਾ ਜਿੱਤ ਕੇ ਕ੍ਰਮਵਾਰ ਦੂਜਾ ਤੇ ਤੀਜਾ ਸਥਾਨ ਹਾਸਲ ਕੀਤਾ।




ਜ਼ਿਕਰਯੋਗ ਹੈ ਕਿ ਅਗਲੇ ਸਾਲ 16 ਤੋਂ 23 ਮਈ ਨੂੰ ਯੂਰਪ ਦੇ ਚੈਕ ਗਣਰਾਜ ਵਿਚ ਵਰਲਡ ਓਪਨ ਬੈਂਚ ਪ੍ਰੈਸ ਚੈਂਪੀਅਨਸ਼ਿਪ (ਇੰਟਰਨੈਸ਼ਨਲ ਪਾਵਰ ਲਿਫਟਿੰਗ ਫੈਡਰੇਸ਼ਨ) ਦੇ ਹੋਣ ਵਾਲੇ ਮੁਕਾਬਲਿਆਂ ਵਿਚ ਭਾਰਤ ਵਲੋਂ ਹਿੱਸਾ ਲੈਣ ਵਾਲੇ ਖਿਡਾਰੀ ਇਸ ਨੈਸ਼ਨਲ ਚੈਂਪੀਅਨਸ਼ਿਪ ਦੇ ਜੇਤੂ ਖਿਡਾਰੀ ਹੋਣਗੇ।

ਪਾਵਰ ਲਿਫਟਿੰਗ ਸਪੋਰਟਸ ਐਸੋਸੀਏਸ਼ਨ, ਦਿੱਲੀ ਵਲੋਂ 24 ਤੋਂ 27 ਨਵੰਬਰ ਤੱਕ ਨਵੀਂ ਦਿੱਲੀ ਦੀ ਰਾਜਾ ਜੀ ਗੋਲ ਮਾਰਕੀਟ ਵਿਖੇ ਕਰਵਾਈ ਗਈ ਇਸ ਚੈਂਪੀਅਨਸ਼ਿਪ ਵਿਚ ਦੇਸ਼ ਭਰ ਤੋਂ ਕਰੀਬ ਹਜ਼ਾਰ ਖਿਡਾਰੀਆਂ ਨੇ ਹਿੱਸਾ ਲਿਆ, ਜਿਨ੍ਹਾਂ ਵਿਚ ਲੜਕੀਆਂ ਵੀ ਸ਼ਾਮਲ ਸਨ। ਸਮਾਪਤੀ ਸਮਾਰੋਹ ਦੌਰਾਨ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਮੁੱਖ ਮਹਿਮਾਨ ਸਨ।

ਜ਼ਿਕਰਯੋਗ ਹੈ ਕਿ ਪਿਛਲੇ ਮਹੀਨੇ ਕੈਨੇਡਾ ਵਿਚ ਹੋਈ ਕਾਮਨਵੈਲਥ ਪਾਵਰ ਲਿਫਟਿੰਗ ਵਿਚ ਅਜੇ ਗੋਗਨਾ ਨੇ 120 ਕਿਲੋਗ੍ਰਾਮ ਤੋਂ ਵੱਧ ਭਾਰ ਵਰਗ ਵਿਚ ਗੋਲਡ ਮੈਡਲ ਜਿੱਤ ਕੇ ਦੇਸ਼ ਅਤੇ ਸੂਬੇ ਦਾ ਨਾਂ ਰੌਸ਼ਨ ਕੀਤਾ ਸੀ ਅਤੇ ਹੁਣ ਉਹ 8ਵੀਂ ਵਾਰ ਨੈਸ਼ਨਲ ਚੈਂਪੀਅਨ ਬਣਿਆ ਹੈ।

ਰੈਸਟੋਰੈਂਟ ਵਿਕਾਊ ਹੈ
ਕੈਨਸਸ ਸਟੇਟ ਵਿਚ ਚੰਗਾ ਚਲਦਾ
ਭਾਰਤੀ ਰੈਸਟੋਰੈਂਟ ਵਿਕਾਊ ਹੈ
ਚੰਗੀ ਸੇਲ, ਚੰਗੀ ਲੋਕੇਸ਼ਨ
ਸੰਪਰਕ ਕਰੋ:
ਫੋਨ: 316-518-5382
ਜਾਂ 316-305-1818
49/4

Wanted Workers
Need workers for Restaurant and Gas stations In Eureka, CA.
*Housing and food provide.*
ਯੂਰੇਕਾ, ਕੈਲੀਫੋਰਨੀਆ ਵਿਚ ਰੈਸਟੋਰੈਂਟ ਅਤੇ ਗੈਸ ਸਟੇਸ਼ਨ ਲਈ ਵਰਕਰਾਂ ਦੀ ਲੋੜ ਹੈ
ਰਿਹਾਇਸ਼ ਅਤੇ ਖਾਣਾ ਮੁਫਤ
Call, Gurpreet Singh Sohal
Ph: 707-498-9325
redwoodpetroleum@gmail.com
48-51

# ਹਿੰਦੂ ਰਾਸ਼ਟਰ ਦਾ ਉਦੈ...

## ਅੰਤ ਦੀ ਆਹਟ

***ਇਹ ਪਰਚਾ 'ਅੰਤ ਦੀ ਆਹਟ' ਬੁੱਕਰ ਇਨਾਮ ਜੇਤੂ ਸੰਸਾਰ ਪ੍ਰਸਿੱਧ ਲੇਖਕਾ ਅਰੁੰਧਤੀ ਰਾਏ ਨੇ 12 ਨਵੰਬਰ ਨੂੰ ਨਿਊ ਯਾਰਕ ਵਿਚ ਜੋਨਾਥਨ ਸ਼ੈਲ ਯਾਦਗਾਰੀ ਲੈਕਚਰ-2019 ਵਿਚ ਪੜ੍ਹਿਆ, ਜਿਸ ਵਿਚ ਭਾਰਤ ਦੇ ਮੌਜੂਦਾ ਹਾਲਤ ਅਤੇ ਇਸ ਵਿਚ ਸਮੋਏ ਭਿਆਨਕ ਖਤਰਿਆਂ ਦੀ ਚਰਚਾ ਕੀਤੀ ਗਈ ਹੈ। ਪੇਸ਼ ਹੈ, ਪਹਿਲਾਂ 'ਦਿ ਨੇਸ਼ਨ' ਅਤੇ ਪਿਛੋਂ 'ਕਾਰਵਾਂ' ਮੈਗਜ਼ੀਨ ਵਿਚ ਛਪੇ ਇਸ ਲੰਮੇ ਪਰਚੇ ਦੇ ਪੰਜਾਬੀ ਅਨੁਵਾਦ ਦੀ ਪਹਿਲੀ ਕਿਸ਼ਤ। -ਸੰਪਾਦਕ***




**ਅਰੁੰਧਤੀ ਰਾਏ**
**ਅਨੁਵਾਦ: ਬੂਟਾ ਸਿੰਘ**

ਅੱਜ ਜਦੋਂ ਚਿੱਲੀ, ਕੈਟਾਲੋਨੀਆ, ਬਰਤਾਨੀਆ, ਫਰਾਂਸ, ਇਰਾਕ, ਲਿਬਨਾਨ ਅਤੇ ਹਾਂਗਕਾਂਗ ਦੀਆਂ ਸੜਕਾਂ ਮੁਜਾਹਰਕਾਰੀਆਂ ਦੀ ਗਰਜ਼ ਨਾਲ ਗੂੰਜ ਰਹੀਆਂ ਹਨ ਅਤੇ ਨਵੀਂ ਪੀੜ੍ਹੀ ਧਰਤੀ ਨਾਲ ਕੀਤੀਆਂ ਜ਼ਿਆਦਤੀਆਂ ਕਾਰਨ ਰੋਹ ਵਿਚ ਹੈ, ਇਸ ਦੌਰਾਨ ਮੈਂ ਤੁਹਾਨੂੰ ਅਜਿਹੀ ਥਾਂ ਦੀ ਕਹਾਣੀ ਸੁਣਾਉਣ ਲਈ ਮੁਆਫੀ ਚਾਹੁੰਦੀ ਹਾਂ, ਜਿਥੋਂ ਦੀਆਂ ਸੜਕਾਂ 'ਤੇ ਕੁਝ ਵੱਖਰਾ ਹੀ ਹੋ ਰਿਹਾ ਹੈ। ਕੋਈ ਸਮਾਂ ਸੀ ਜਦੋਂ ਭਾਰਤ ਦੀਆਂ ਸੜਕਾਂ 'ਤੇ ਮੈਨੂੰ ਫਖਰ ਹੁੰਦਾ ਸੀ। ਸਾਲ ਕੁ ਪਹਿਲਾਂ ਮੈਂ ਲਿਖਿਆ ਸੀ ਕਿ 'ਅਸਹਿਮਤੀ' ਭਾਰਤ ਦਾ ਦੁਨੀਆਂ ਨੂੰ ਸਭ ਤੋਂ ਉਮਦਾ ਨਿਰਯਾਤ ਹੈ, ਪਰ ਅੱਜ ਜਦ ਧਰਤੀ ਦਾ ਪੱਛਮੀ ਕੋਨਾ ਮੁਜਾਹਰਿਆਂ ਦੀ ਧਮਕ ਨਾਲ ਕੰਬ ਰਿਹਾ ਹੈ, ਸਾਡੇ ਇਥੇ ਸਮਾਜਕ ਅਤੇ ਵਾਤਾਵਰਣ ਨਿਆਂ ਲਈ ਸਰਮਾਏਦਾਰੀ ਤੇ ਸਾਮਰਾਜਵਾਦ ਵਿਰੋਧੀ ਮਹਾਨ ਅੰਦੋਲਨ-ਵੱਡੇ ਵੱਡੇ ਡੈਮਾਂ, ਨਿੱਜੀਕਰਨ ਅਤੇ ਨਦੀਆਂ ਤੇ ਜੰਗਲਾਂ ਦੀ ਲੁੱਟ ਖਿਲਾਫ, ਵੱਡੇ ਪੈਮਾਨੇ 'ਤੇ ਉਜਾੜੇ, ਮੂਲਵਾਸੀਆਂ ਦੀ ਉਨ੍ਹਾਂ ਦੀਆਂ ਜ਼ਮੀਨਾਂ ਤੋਂ ਬੇਦਖਲੀ ਖਿਲਾਫ ਮਾਰਚ, ਖਾਮੋਸ਼ ਹੋ ਗਏ ਹਨ।

ਇਸ ਸਾਲ 17 ਸਤੰਬਰ ਨੂੰ ਜਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੇ 69ਵੇਂ ਜਨਮ ਦਿਨ ਮੌਕੇ ਪਾਣੀ ਨਾਲ ਨੱਕੋ-ਨੱਕ ਭਰਿਆ ਸਰਦਾਰ ਸਰੋਵਰ ਡੈਮ ਖੁਦ ਨੂੰ ਤੋਹਫੇ ਵਜੋਂ ਭੇਟ ਕੀਤਾ, ਠੀਕ ਉਸੇ ਵਕਤ ਉਸ ਡੈਮ ਖਿਲਾਫ 30 ਸਾਲਾਂ ਤੋਂ ਵੀ ਵੱਧ ਅਰਸੇ ਤਕ ਲੋਹਾ ਲੈਣ ਵਾਲੇ ਹਜ਼ਾਰਾਂ ਪੇਂਡੂ ਲੋਕ ਬੇਵਸੀ ਨਾਲ ਆਪਣੇ ਘਰਾਂ ਨੂੰ ਡੁੱਬਦੇ ਦੇਖ ਰਹੇ ਸਨ।

ਭਾਰਤ 'ਚ ਅੱਜ ਇਕ ਪ੍ਰੇਤ ਸਾਇਆ ਦਿਨ-ਦਿਹਾੜੇ ਸਾਡੇ 'ਤੇ ਫੈਲ ਰਿਹਾ ਹੈ ਕਿ ਖੁਦ ਸਾਡੇ ਲਈ ਇਸ ਦੇ ਆਕਾਰ, ਬਦਲਦੀ ਸ਼ਕਲ, ਗੰਭੀਰਤਾ ਅਤੇ ਵੱਖ-ਵੱਖ ਰੂਪਾਂ ਨੂੰ ਸਮਝ ਸਕਣਾ ਤੇ ਬਿਆਨ ਕਰਨਾ ਔਖਾ ਹੋ ਰਿਹਾ ਹੈ। ਇਸ ਦੇ ਅਸਲੀ ਰੂਪ ਨੂੰ ਸਪਸ਼ਟ ਕਰਨ 'ਚ ਜ਼ੋਖਮ ਇਹ ਹੈ ਕਿ ਇਹ ਕਿਤੇ ਅਤਿਕਥਨੀ ਨਾ ਲੱਗਣ ਲੱਗ ਜਾਵੇ ਅਤੇ ਇਸ ਲਈ ਵਿਸ਼ਵਾਸਯੋਗਤਾ ਤੇ ਸ਼ਿਸ਼ਟਾਚਾਰ ਦਾ ਖਿਆਲ ਰੱਖਦਿਆਂ ਅਸੀਂ ਇਸ ਦੈਂਤ ਨੂੰ ਪਾਲਦੇ ਜਾ ਰਹੇ ਹਾਂ, ਜਦਕਿ ਇਸ ਦੇ ਦੰਦਾਂ ਨੇ ਸਾਨੂੰ ਬੁਰਕ ਮਾਰ ਲਿਆ ਹੈ-ਅਸੀਂ ਉਸ ਦੀ ਜੱਤ ਨੂੰ ਸਹਿਲਾ ਸੰਵਾਰ ਰਹੇ ਹਾਂ ਅਤੇ ਉਸ ਦੇ ਮੂੰਹ 'ਚੋਂ ਟਪਕਦੀ ਲਾਰ ਨੂੰ ਸਾਫ ਕਰ ਰਹੇ ਹਾਂ ਤਾਂ ਜੋ ਇਹ ਸ਼ਰੀਫ ਲੋਕਾਂ ਅੱਗੇ ਪੇਸ਼ ਕੀਤੇ ਜਾਣ ਦੇ ਕਾਬਲ ਹੋ ਜਾਵੇ। ਭਾਰਤ ਦੁਨੀਆਂ ਦੀ ਸਭ ਤੋਂ ਮਾੜੀ ਜਾਂ ਖਤਰਨਾਕ ਜਗ੍ਹਾ ਨਹੀਂ ਹੈ, ਪਰ ਇਹ ਕੀ ਹੋ ਸਕਦਾ ਸੀ ਤੇ ਕੀ ਬਣ ਗਿਆ, ਇਸ ਵਿਚਾਲੇ ਜੋ ਕੁਝ ਹੈ, ਉਹੀ ਸਭ ਤੋਂ ਵੱਧ ਦੁਖਦਾਈ ਹੈ।

ਫਿਲਹਾਲ ਕਸ਼ਮੀਰ ਘਾਟੀ ਦੇ 70 ਲੱਖ ਲੋਕ, ਜਿਨ੍ਹਾਂ ਵਿਚ ਬਹੁਤੇ ਹਿੰਦੁਸਤਾਨ ਦੇ ਨਾਗਰਿਕ ਨਹੀਂ ਰਹਿਣਾ ਚਾਹੁੰਦੇ ਅਤੇ ਜਿਨ੍ਹਾਂ ਨੇ ਦਹਾਕਿਆਂ ਤਕ ਸਵੈ-ਨਿਰਣੇ ਦੇ ਹੱਕ ਦੀ ਲੜਾਈ ਲੜੀ ਹੈ, ਉਹ ਹੁਣ ਡਿਜੀਟਲ ਪਾਬੰਦੀ ਤੇ ਦੁਨੀਆਂ ਦੀ ਸਭ ਤੋਂ ਸੰਘਣੀ ਫੌਜੀ ਤਾਇਨਾਤੀ ਹੇਠ ਜੇਲ੍ਹਬੰਦੀ ਦੇ ਹਾਲਾਤ ਵਿਚ ਜੀਅ ਰਹੇ ਹਨ। ਮੁਲਕ ਦੇ ਪੂਰਬ-ਉਤਰ ਰਾਜ ਅਸਾਮ ਵਿਚ 20 ਲੱਖ ਲੋਕ, ਜੋ ਭਾਰਤ ਦਾ ਹਿੱਸਾ ਬਣਨਾ ਚਾਹੁੰਦੇ ਹਨ, ਆਪਣਾ ਨਾਂ ਰਾਸ਼ਟਰੀ ਨਾਗਰਿਕ ਰਜਿਸਟ੍ਰੇਸ਼ਨ (ਐਨ. ਆਰ. ਸੀ.) ਵਿਚ ਦਰਜ ਨਾ ਹੋਣ ਕਾਰਨ ਬੇਵਤਨ ਕਰਾਰ ਦਿੱਤੇ ਜਾਣ ਦੇ ਖਤਰੇ ਦੇ ਮੂੰਹ ਆਏ ਹੋਏ ਹਨ। ਐਨ. ਆਰ. ਸੀ. ਨੂੰ ਪੂਰੇ ਮੁਲਕ ਵਿਚ ਲਾਗੂ ਕਰਨ ਦੇ ਇਰਾਦੇ ਨਾਲ ਸਰਕਾਰ ਕਾਨੂੰਨ ਬਣਾਉਣ ਲੱਗੀ ਹੈ। ਇਸ ਨਾਲ ਲੋਕਾਂ ਨੂੰ ਬੇਮਿਸਾਲ ਪੱਧਰ 'ਤੇ ਬੇਵਤਨ ਹੋਣਾ ਪਵੇਗਾ।

ਪੱਛਮੀ ਮੁਲਕਾਂ ਦੇ ਅਮੀਰ ਲੋਕ ਪੌਣ-ਪਾਣੀ ਦੀ ਸੰਭਾਵੀ ਆਫਤ ਦੇ ਮੱਦੇਨਜ਼ਰ ਆਪਣੇ ਲਈ ਇੰਤਜ਼ਾਮ ਕਰਨ ਵਿਚ ਜੁਟੇ ਹੋਏ ਹਨ। ਇਹ ਲੋਕ ਬੰਕਰ ਬਣਾ ਕੇ ਸਾਫ ਪਾਣੀ ਅਤੇ ਖਾਣਾ ਭੰਡਾਰ ਕਰ ਰਹੇ ਹਨ। ਗਰੀਬ ਮੁਲਕਾਂ ਵਿਚ ਵੱਖਰੀ ਤਰ੍ਹਾਂ ਦੇ ਬੰਦੋਬਸਤ ਕੀਤੇ ਜਾ ਰਹੇ ਹਨ। 5 ਅਗਸਤ 2019 ਨੂੰ ਭਾਰਤ ਸਰਕਾਰ ਵਲੋਂ ਕਸ਼ਮੀਰ 'ਤੇ ਕਬਜ਼ੇ ਦੀ ਕਾਰਵਾਈ ਭਾਰਤ ਦੇ ਡੂੰਘੇ ਜਲ ਸੰਕਟ ਨਾਲ ਜੁੜੀ ਹੋਈ ਹੈ ਅਤੇ ਹੋਰ ਪੱਖਾਂ ਤੋਂ ਇਲਾਵਾ ਭਾਰਤ ਕਸ਼ਮੀਰ ਘਾਟੀ 'ਚੋਂ ਨਿਕਲਣ ਵਾਲੀਆਂ ਨਦੀਆਂ ਨੂੰ ਆਪਣੇ ਕਬਜ਼ੇ ਵਿਚ ਲੈ ਲੈਣਾ ਚਾਹੁੰਦਾ ਹੈ। ਐਨ. ਆਰ. ਸੀ. ਤਹਿਤ ਨਾਗਰਿਕਾਂ ਦੀ ਦਰਜੇਬੰਦੀ ਵਾਲੀ ਵਿਵਸਥਾ ਬਣਾ ਦਿੱਤੀ ਜਾਵੇਗੀ, ਜਿਸ ਵਿਚ ਕੁਝ ਨਾਗਰਿਕਾਂ ਕੋਲ ਬਾਕੀਆਂ ਦੇ ਮੁਕਾਬਲੇ ਵੱਧ ਹੱਕ ਹੋਣਗੇ। ਇਹ ਵੀ ਇਕ ਤਰ੍ਹਾਂ ਨਾਲ ਵਸੀਲਿਆਂ ਦੀ ਤੋਟ ਵਾਲੇ ਵਕਤ ਦੀ ਪੇਸ਼ਬੰਦੀ ਹੀ ਹੈ। ਹੱਨਾ ਅਰੈਂਟ ਨੇ ਕਿਹਾ ਸੀ ਕਿ ਨਾਗਰਿਕਤਾ ਹਾਸਲ ਕਰਨ ਦਾ ਹੱਕ ਹੈ।

ਵਾਤਾਵਰਣ ਸੰਕਟ ਦਾ ਪਹਿਲਾ ਸ਼ਿਕਾਰ 'ਆਜ਼ਾਦੀ, ਭਾਈਚਾਰਾ ਅਤੇ ਬਰਾਬਰੀ' ਦਾ ਵਿਚਾਰ ਬਣੇਗਾ। ਸੱਚ ਤਾਂ ਇਹ ਹੈ ਕਿ ਇਹ ਪਹਿਲਾਂ ਹੀ ਬਣ ਚੁਕਾ ਹੈ। ਮੈਂ ਕੋਸ਼ਿਸ਼ ਕਰਾਂਗੀ ਕਿ ਤਫਸੀਲ ਨਾਲ ਦੱਸਾਂ ਕਿ ਉਥੇ ਹੋ ਕੀ ਰਿਹਾ ਹੈ ਅਤੇ ਭਾਰਤ ਨੇ ਇਸ ਆਧੁਨਿਕ ਸੰਕਟ ਨੂੰ ਹੱਲ ਕਰਨ ਦਾ ਕਿਹੋ ਜਿਹਾ ਆਧੁਨਿਕ ਬੰਦੋਬਸਤ ਕੀਤਾ ਹੈ। ਇਸ ਬੰਦੋਬਸਤ ਦੀਆਂ ਜੜ੍ਹਾਂ ਸਾਡੇ ਇਤਿਹਾਸ ਦੇ ਖਤਰਨਾਕ ਅਤੇ ਘਿਨਾਉਣੇ ਤੰਤੂ ਨਾਲ ਜੁੜੀਆਂ ਹੋਈਆਂ ਹਨ।

ਸਮਾਵੇਸ਼ ਅਤੇ ਬਾਈਕਾਟ ਦੀ ਹਿੰਸਾ ਉਸ ਉਥਲ-ਪੁਥਲ ਦੀ ਆਹਟ ਹੈ, ਜੋ ਭਾਰਤ ਦੀਆਂ ਨੀਂਹਾਂ ਹਿਲਾ ਸਕਦੀ ਹੈ ਅਤੇ ਦੁਨੀਆਂ ਵਿਚ ਇਸ ਦੀ ਪਛਾਣ ਨੂੰ ਨਵੇਂ ਮਾਇਨੇ ਦੇ ਸਕਦੀ ਹੈ। ਭਾਰਤ ਦਾ ਸੰਵਿਧਾਨ ਮੁਲਕ ਨੂੰ ਧਰਮ ਨਿਰਪੱਖ, ਸਮਾਜਵਾਦੀ ਗਣਤੰਤਰ ਕਹਿੰਦਾ ਹੈ। ਸਾਡੇ ਲਈ 'ਧਰਮ ਨਿਰਪੱਖਤਾ' ਦੇ ਮਾਇਨੇ ਹਨ ਕਿ ਕਾਨੂੰਨ ਸਾਹਮਣੇ ਸਭ ਬਰਾਬਰ ਹਨ; ਪਰ ਵਿਹਾਰ ਵਿਚ ਭਾਰਤ ਨਾ ਕਦੇ ਧਰਮ ਨਿਰਪੱਖ ਸੀ ਤੇ ਨਾ ਕਦੇ ਸਮਾਜਵਾਦੀ ਸੀ। ਇਸ ਨੇ ਹਮੇਸ਼ਾ ਉਚੀਆਂ ਜਾਤੀਆਂ ਦੇ ਹਿੰਦੂ ਰਾਜ ਦੀ ਭੂਮਿਕਾ ਨਿਭਾਈ। ਉਂਜ, ਧਰਮ ਨਿਰਪੱਖਤਾ ਅਜਿਹਾ ਤਕਾਜ਼ਾ ਹੈ, ਜੋ ਭਾਰਤ ਨੂੰ ਭਾਰਤ ਹੋਣਾ ਸੰਭਵ ਬਣਾਉਂਦਾ ਹੈ। ਜੇ ਇਹ ਢੌਂਗ ਵੀ ਨਾ ਰਿਹਾ ਤਾਂ ਭਾਰਤ ਦਾ ਨਾਮੋ-ਨਿਸ਼ਾਨ ਮਿਟ ਜਾਵੇਗਾ।

ਮਈ 2019 ਵਿਚ ਆਮ ਚੋਣਾਂ ਵਿਚ ਦੂਜੀ ਵਾਰ ਜਿੱਤਣ ਪਿਛੋਂ ਭਾਸ਼ਣ ਦਿੰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਹੰਕਾਰ ਨਾਲ ਕਿਹਾ ਸੀ ਕਿ ਕੋਈ ਆਗੂ ਜਾਂ ਸਿਆਸੀ ਪਾਰਟੀ ਆਪਣੇ ਚੋਣ ਪ੍ਰਚਾਰ ਵਿਚ 'ਧਰਮ ਨਿਰਪੱਖ' ਲਫਜ਼ ਵਰਤਣ ਦੀ ਹਿੰਮਤ ਨਹੀਂ ਕਰ ਸਕੀ। ਮੋਦੀ ਨੇ ਕਿਹਾ ਕਿ ਧਰਮ ਨਿਰਪੱਖਤਾ ਦੀ ਟੈਂਕੀ ਖਾਲੀ ਹੋ ਗਈ ਹੈ। ਫਿਰ ਤਾਂ ਇਹ ਅਧਿਕਾਰਕ ਗੱਲ ਹੈ ਕਿ ਭਾਰਤ ਖਾਲੀ ਟੈਂਕੀ ਨਾਲ ਕੰਮ ਚਲਾ ਰਿਹਾ ਹੈ, ਤੇ ਅਸੀਂ ਦੇਰ ਨਾਲ ਪਖੰਡ ਨੂੰ ਸੰਜੋਣਾ ਸਿੱਖ ਰਹੇ ਹਾਂ; ਕਿਉਂਕਿ ਹੁਣ ਧਰਮ ਨਿਰਪੱਖਤਾ ਇਤਿਹਾਸ ਬਣ ਜਾਵੇਗੀ ਤਾਂ ਅਸੀਂ ਲੋਕ ਘੱਟੋ-ਘੱਟ ਉਸ ਦਿਖਾਵੇ ਦੇ ਬੀਤੇ ਦਿਨਾਂ ਨੂੰ ਸਲੀਕੇ ਨਾਲ ਚੇਤੇ ਕਰ ਸਕਾਂਗੇ।

ਦਰਅਸਲ, ਭਾਰਤ ਮਹਿਜ਼ ਇਕ ਮੁਲਕ ਨਹੀਂ ਹੈ, ਇਹ ਮਹਾਂਦੀਪ ਹੈ। ਯੂਰਪ ਦੇ ਮੁਕਾਬਲੇ ਇਥੇ ਕਈ ਭਾਸ਼ਾਵਾਂ (ਬੋਲੀਆਂ ਨੂੰ ਛੱਡ ਕੇ, ਆਖਰੀ ਗਿਣਤੀ ਕੀਤੇ ਜਾਣ ਤਕ 780 ਭਾਸ਼ਾਵਾਂ), ਬਹੁਤ ਸਾਰੀਆਂ ਕੌਮੀਅਤਾਂ ਤੇ ਉਪ-ਕੌਮੀਅਤਾਂ, ਕਈ ਆਦਿਵਾਸੀ ਭਾਈਚਾਰੇ ਅਤੇ ਧਰਮ ਹਨ। ਜ਼ਰਾ ਸੋਚੋ ਕਿ ਫਿਰ ਕੀ ਹੋਵੇਗਾ, ਜਦ ਵੰਨ-ਸਵੰਨਤਾ ਦੇ ਇਸ ਮਹਾਨ ਸਾਗਰ, ਇਸ ਮਲੂਕ, ਤਕਰਾਰਗ੍ਰਸਤ ਸਮਾਜੀ ਤਾਣੇ-ਬਾਣੇ ਨੂੰ ਅਚਾਨਕ ਹਿੰਦੂ ਸ੍ਰੇਸ਼ਟਤਾਵਾਦੀ ਜਥੇਬੰਦੀ ਵਲੋਂ ਚਲਾਉਣਾ ਸ਼ੁਰੂ ਕਰ ਦਿੱਤਾ ਜਾਵੇਗਾ, ਜੋ 'ਇਕ ਰਾਸ਼ਟਰ, ਇਕ ਭਾਸ਼ਾ, ਇਕ ਧਰਮ ਅਤੇ ਇਕ ਸੰਵਿਧਾਨ' ਵਿਚ ਯਕੀਨ ਰੱਖਦੀ ਹੈ।

ਮੈਂ ਰਾਸ਼ਟਰੀ ਸਵੈਮਸੇਵਕ ਸੰਘ (ਆਰ. ਐਸ. ਐਸ.) ਦੀ ਗੱਲ ਕਰ ਰਹੀ ਹਾਂ, ਜਿਸ ਦੀ ਸਥਾਪਨਾ 1925 ਵਿਚ ਕੀਤੀ ਗਈ ਸੀ; ਜੋ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਮਾਂ ਜਥੇਬੰਦੀ ਹੈ। ਆਰ. ਐਸ. ਐਸ. ਦੇ ਬਾਨੀ ਤੇ ਮੁਢਲੇ ਸਿਧਾਂਤਘਾੜਿਆਂ 'ਤੇ ਜਰਮਨ ਅਤੇ ਇਤਾਲਵੀ ਫਾਸ਼ੀਵਾਦ ਦਾ ਪ੍ਰਭਾਵ ਸੀ, ਜੋ ਭਾਰਤ ਦੇ ਮੁਸਲਮਾਨਾਂ ਨੂੰ 'ਜਰਮਨੀ ਦੇ ਯਹੂਦੀਆਂ' ਵਾਂਗ ਮੰਨਦੇ ਸਨ ਅਤੇ ਉਨ੍ਹਾਂ ਦਾ ਯਕੀਨ ਸੀ ਕਿ ਹਿੰਦੂ ਭਾਰਤ ਵਿਚ ਮੁਸਲਮਾਨਾਂ ਦੀ ਕੋਈ ਜਗ੍ਹਾ ਨਹੀਂ। ਅੱਜ ਆਰ. ਐਸ. ਐਸ. ਗਿਰਗਿਟ ਵਾਂਗ ਰੰਗ ਬਦਲ ਕੇ ਇਹ ਦਾਅਵਾ ਕਰਦੀ ਹੈ ਕਿ ਉਹ ਇਸ ਵਿਚਾਰ ਨੂੰ ਨਹੀਂ ਮੰਨਦੀ, ਪਰ ਉਸ ਦੀ ਨਜ਼ਰ ਵਿਚ ਮੁਸਲਮਾਨ ਪੱਕੇ ਧੋਖੇਬਾਜ਼ 'ਬਾਹਰਲੇ' ਲੋਕ ਹਨ। ਇਹ ਵਿਚਾਰ ਭਾਜਪਾ ਆਗੂਆਂ ਦੇ ਭਾਸ਼ਣਾਂ ਵਿਚ ਅਤੇ ਦੰਗਾ-ਫਸਾਦ ਕਰਨ ਵਾਲੇ ਹਜੂਮ 'ਚ ਨਾਅਰਾ 'ਮੁਸਲਮਾਨੋਂ ਕਾ ਏਕ ਸਥਾਨ, ਕਬਰਸਤਾਨ ਜਾਂ ਪਾਕਿਸਤਾਨ' ਵਾਰ-ਵਾਰ ਗੂੰਜਦਾ ਹੈ। ਇਸ ਸਾਲ ਅਕਤੂਬਰ ਵਿਚ ਆਰ. ਐਸ. ਐਸ. ਦੇ ਸਰਵਉਚ ਆਗੂ ਮੋਹਨ ਭਾਗਵਤ ਨੇ ਕਿਹਾ, "ਹਿੰਦੁਸਤਾਨ ਹਿੰਦੂ ਰਾਸ਼ਟਰ ਹੈ, ਇਸ ਨੂੰ ਲੈ ਕੇ ਕੋਈ ਸਮਝੌਤਾ ਨਹੀਂ ਕੀਤਾ ਜਾ ਸਕਦਾ।"

ਇਹ ਵਿਚਾਰ ਭਾਰਤ ਨਾਲ ਸਬੰਧਤ ਤਮਾਮ ਖੂਬਸੂਰਤ ਗੱਲਾਂ ਨੂੰ ਤੇਜ਼ਾਬ 'ਚ ਬਦਲ ਦਿੰਦਾ ਹੈ।

ਇਹ ਦਿਖਾਉਣਾ ਕਿ ਇਸ ਯੁਗ ਪਲਟਾਊ ਇਨਕਲਾਬ ਵਿਚ ਆਖਿਰਕਾਰ ਹਿੰਦੂ ਸਦੀਆਂ ਤੋਂ ਆਪਣੇ 'ਤੇ ਹੋਏ ਮੁਸਲਿਮ ਹੁਕਮਰਾਨਾਂ ਦੇ ਜ਼ੁਲਮਾਂ ਦਾ ਅੰਤ ਕਰ ਰਹੇ ਹਨ, ਆਰ. ਐਸ. ਐਸ. ਦੇ ਜਾਅਲੀ ਇਤਿਹਾਸ ਪ੍ਰਾਜੈਕਟ ਦਾ ਹਿੱਸਾ ਹੈ। ਸੱਚ ਤਾਂ ਇਹ ਹੈ ਕਿ ਲੱਖਾਂ ਭਾਰਤੀ ਮੁਸਲਮਾਨ ਉਨ੍ਹਾਂ ਲੋਕਾਂ ਦੀ ਔਲਾਦ ਹਨ, ਜੋ ਬੇਰਹਿਮ ਜਾਤੀਵਾਦੀ ਦਸਤੂਰ ਤੋਂ ਬਚਣ ਲਈ ਮੁਸਲਮਾਨ ਬਣ ਗਏ ਸਨ। ਧਰਮ-ਬਦਲੀ ਦਾ ਇਹੀ ਡਰ 1920 ਦੇ ਦਹਾਕੇ ਵਿਚ ਆਰ. ਐਸ. ਐਸ. ਦੇ ਪੈਦਾ ਹੋਣ ਦੀ ਵਜ੍ਹਾ ਬਣਿਆ।

ਨਾਜ਼ੀ-ਜਰਮਨੀ ਆਪਣੀ ਸੋਚ ਨੂੰ ਇਕ ਮਹਾਂਦੀਪ ਵਿਚ ਲਾਗੂ ਕਰਨਾ ਚਾਹੁੰਦਾ ਸੀ ਪਰ ਆਰ. ਐਸ. ਐਸ. ਸ਼ਾਸਿਤ ਭਾਰਤ ਇਸ ਤੋਂ ਉਲਟੀ ਦਿਸ਼ਾ ਵਿਚ ਚੱਲ ਰਿਹਾ ਹੈ। ਇਥੇ ਇਕ ਮਹਾਂਦੀਪ ਸੁੰਗੜ ਕੇ ਮੁਲਕ ਬਣ ਜਾਣਾ ਚਾਹੁੰਦਾ ਹੈ। ਨਹੀਂ ਨਹੀਂ, ਇਹ ਤਾਂ ਇਕ ਮੁਲਕ ਨੂੰ ਪਿਚਕਾ ਕੇ ਇਕ ਸੂਬੇ ਜਿੰਨਾ ਬਣਾ ਦੇਣਾ ਚਾਹੁੰਦਾ ਹੈ; ਇਕ ਆਦਿਕਾਲੀ, ਇਕ-ਨਸਲੀ ਧਾਰਮਿਕ ਰਾਜ। ਇਹ ਕਲਪਨਾ ਤੋਂ ਪਰੇ ਹਿੰਸਕ ਅਮਲ ਬਣ ਰਿਹਾ ਹੈ, ਇਹ ਇਕ ਤਰ੍ਹਾਂ ਦੀ ਧੀਮੀ-ਗਤੀ ਵਾਲੀ ਸਿਆਸੀ ਟੁੱਟ-ਭੱਜ ਹੈ, ਜਿਸ ਤੋਂ ਬਣਨ ਵਾਲੇ ਮਾਰੂ ਮਾਹੌਲ ਨੇ ਆਪਣੇ ਚਾਰ-ਚੁਫੇਰੇ ਦੀਆਂ ਤਮਾਮ ਚੀਜ਼ਾਂ ਨੂੰ ਪ੍ਰਭਾਵਿਤ ਕਰਨਾ ਸ਼ੁਰੂ ਕਰ ਦਿੱਤਾ ਹੈ।

ਕਿਸੇ ਹੋਰ ਸ੍ਰੇਸ਼ਟਤਾਵਾਦੀ ਅਤੇ ਦੁਨੀਆਂ ਭਰ ਵਿਚ ਵਧ ਰਹੇ ਨਵ-ਨਾਜ਼ੀ ਸਮੂਹਾਂ ਕੋਲ ਆਰ. ਐਸ. ਐਸ. ਜਿੱਡਾ ਢਾਂਚਾ ਨਹੀਂ ਹੈ। ਪੂਰੇ ਮੁਲਕ 'ਚ ਆਰ. ਐਸ. ਐਸ. ਦੀਆਂ 57,000 ਸ਼ਾਖਾਵਾਂ ਹਨ ਅਤੇ 6 ਲੱਖ ਸਮਰਪਿਤ ਹਥਿਆਰਬੰਦ ਸਵੈਮਸੇਵਕ ਹਨ। ਇਸ ਦੇ ਸਕੂਲਾਂ ਵਿਚ ਲੱਖਾਂ ਬੱਚੇ ਪੜ੍ਹਦੇ ਹਨ, ਇਸ ਦਾ ਆਪਣਾ ਮੈਡੀਕਲ ਮਿਸ਼ਨ, ਮਜ਼ਦੂਰ ਜਥੇਬੰਦੀ, ਕਿਸਾਨ ਜਥੇਬੰਦੀ, ਮੀਡੀਆ ਅਤੇ ਔਰਤਾਂ ਦੀ ਆਪਣੀ ਜਥੇਬੰਦੀ ਹੈ।

ਹਾਲ ਹੀ ਵਿਚ ਸੰਘ ਨੇ ਐਲਾਨ ਕੀਤਾ ਹੈ ਕਿ ਉਹ ਭਾਰਤੀ ਫੌਜ ਵਿਚ ਭਰਤੀ ਹੋਣ ਦੇ ਚਾਹਵਾਨ ਲੋਕਾਂ ਲਈ ਸਿਖਲਾਈ ਸਕੂਲ ਖੋਲ੍ਹੇਗਾ (ਇਸ ਵਲੋਂ ਪਹਿਲਾਂ ਹੀ ਭੋਂਸਲਾ ਮਿਲਟਰੀ ਸਕੂਲ ਅਤੇ ਹੋਰ ਸਕੂਲ ਚਲਾਏ ਜਾ ਰਹੇ ਹਨ)। ਇਸ ਦੇ ਭਗਵਾਂ ਝੰਡੇ ਥੱਲੇ ਐਸੀਆਂ ਕਈ ਤਰ੍ਹਾਂ ਦੀਆਂ ਅਤਿਵਾਦੀ ਸੱਜੇਪੱਖੀ ਜਥੇਬੰਦੀਆਂ ਦਾ ਹਜੂਮ ਜੁੜ ਚੁਕਾ ਹੈ, ਜਿਨ੍ਹਾਂ ਨੂੰ ਮਿਲਾ ਕੇ ਸੰਘ ਪਰਿਵਾਰ ਕਿਹਾ ਜਾਂਦਾ ਹੈ। ਇਹ ਜਥੇਬੰਦੀਆਂ, ਜਿਨ੍ਹਾਂ ਨੂੰ ਸ਼ੈਲ ਕੰਪਨੀਆਂ ਦਾ ਸਿਆਸੀ ਰੂਪ ਕਿਹਾ ਜਾ ਸਕਦਾ ਹੈ, ਘੱਟਗਿਣਤੀਆਂ 'ਤੇ ਹਿੰਸਕ ਹਮਲਿਆਂ ਲਈ ਜ਼ਿੰਮੇਵਾਰ ਹਨ, ਜਿਨ੍ਹਾਂ ਦੇ ਨਤੀਜੇ ਵਜੋਂ ਪਿਛਲੇ ਸਾਲਾਂ ਵਿਚ ਹਜ਼ਾਰਾਂ ਲੋਕ ਕਤਲ ਕੀਤੇ ਗਏ। ਇਨ੍ਹਾਂ ਦੀ ਮੁੱਖ ਰਣਨੀਤੀ ਹਿੰਸਾ, ਫਿਰਕੂ ਦੰਗੇ ਭੜਕਾਉਣਾ ਅਤੇ ਝੂਠੀ ਦੇਸ਼ਭਗਤੀ ਦੇ ਝੰਡੇ ਚੁੱਕ ਕੇ ਹਮਲੇ ਕਰਨਾ ਹੈ। ਇਹ ਭਗਵਾਂ ਮੁਹਿੰਮ ਦਾ ਕੇਂਦਰੀ ਕਾਰਜ ਹੈ।



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤਾਉਮਰ ਆਰ. ਐਸ. ਐਸ. ਦੇ ਮੈਂਬਰ ਰਹੇ। ਮੋਦੀ ਆਰ. ਐਸ. ਐਸ. ਦੀ ਕਾਢ ਹੈ; ਹਾਲਾਂਕਿ ਉਹ ਬ੍ਰਾਹਮਣ ਨਹੀਂ ਹੈ, ਪਰ ਉਸ ਨੇ ਹੋਰ ਕਿਸੇ ਦੇ ਮੁਕਾਬਲੇ ਇਸ ਜਥੇਬੰਦੀ ਨੂੰ ਭਾਰਤ ਵਿਚ ਸਭ ਤੋਂ ਵੱਧ ਤਾਕਤਵਰ ਬਣਾ ਦਿੱਤਾ ਹੈ ਅਤੇ ਹੁਣ ਉਹ ਇਸ ਜਥੇਬੰਦੀ ਦਾ ਸਭ ਤੋਂ ਅਸਰਦਾਰ ਅਧਿਆਏ ਲਿਖਣ ਵਾਲਾ ਹੈ। ਮੋਦੀ ਦੇ ਸੱਤਾ 'ਚ ਆਉਣ ਤੋਂ ਪਹਿਲੀ ਕਹਾਣੀ ਅਕਾਊ ਹੱਦ ਤਕ ਦੁਹਰਾਈ ਜਾ ਚੁਕੀ ਹੈ, ਪਰ ਇਸ ਕਹਾਣੀ ਨੂੰ ਕਿਉਂਕਿ ਅਧਿਕਾਰਤ ਤੌਰ 'ਤੇ ਭੁਲਾ ਦੇਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਇਸ ਕਰਕੇ ਇਸ ਨੂੰ ਦੁਹਰਾਉਣਾ ਜ਼ਿੰਮੇਵਾਰੀ ਹੈ।

ਮੋਦੀ ਦਾ ਸਿਆਸੀ ਕੈਰੀਅਰ ਅਮਰੀਕਾ ਵਿਚ 9/11 ਦੇ ਹਮਲਿਆਂ ਤੋਂ ਕੁਝ ਹਫਤੇ ਪਿਛੋਂ ਅਕਤੂਬਰ 2001 ਵਿਚ ਸ਼ੁਰੂ ਹੋਇਆ। ਭਾਜਪਾ ਨੇ ਗੁਜਰਾਤ ਦੇ ਚੁਣੇ ਹੋਏ ਮੁੱਖ ਮੰਤਰੀ ਨੂੰ ਹਟਾ ਕੇ ਮੋਦੀ ਨੂੰ ਉਸ ਦੀ ਥਾਂ ਲਾ ਦਿੱਤਾ। ਉਸ ਵਕਤ ਮੋਦੀ ਵਿਧਾਨ ਸਭਾ ਦਾ ਚੁਣਿਆ ਹੋਇਆ ਮੈਂਬਰ ਨਹੀਂ ਸੀ। ਉਸ ਦੇ ਪਹਿਲੇ ਕਾਰਜਕਾਲ ਦੇ ਪਹਿਲੇ ਤਿੰਨ ਮਹੀਨਿਆਂ 'ਚ ਹੀ ਵਹਿਸ਼ੀ, ਪਰ ਰਹੱਸਮਈ ਅੱਗਜ਼ਨੀ ਕਾਂਡ ਵਾਪਰਿਆ, ਜਿਸ 'ਚ ਰੇਲ ਡੱਬੇ ਵਿਚ ਸਵਾਰ 59 ਹਿੰਦੂ ਤੀਰਥ ਯਾਤਰੀ/ਕਾਰਸੇਵਕ ਜ਼ਿੰਦਾ ਸੜ ਗਏ। ਉਸ ਦਾ 'ਬਦਲਾ ਲੈਣ ਲਈ' ਹਿੰਦੂਆਂ ਦੇ ਬੇਲਗਾਮ ਹਜੂਮ ਨੇ ਗਿਣੇ-ਮਿਥੇ ਢੰਗ ਨਾਲ ਕਤਲੇਆਮ ਕੀਤਾ। ਕਰੀਬ 2500 ਲੋਕਾਂ, ਜਿਨ੍ਹਾਂ 'ਚ ਬਹੁਤੇ ਮੁਸਲਮਾਨ ਸਨ, ਨੂੰ ਦਿਨ-ਦਿਹਾੜੇ ਮਾਰ ਦਿੱਤਾ ਗਿਆ। ਇਸ ਤੋਂ ਤੁਰੰਤ ਪਿਛੋਂ ਮੋਦੀ ਨੇ ਵਿਧਾਨ ਸਭਾ ਚੋਣਾਂ ਦਾ ਐਲਾਨ ਕਰ ਦਿੱਤਾ ਅਤੇ ਚੋਣਾਂ ਜਿੱਤ ਲਈਆਂ। ਕਤਲੇਆਮ ਦੇ ਬਾਵਜੂਦ, ਨਹੀਂ ਸਗੋਂ ਕਤਲੇਆਮ ਦੀ ਵਜ੍ਹਾ ਨਾਲ ਮੋਦੀ ਨੇ ਚੋਣ ਜਿੱਤੀ ਸੀ। ਉਹ 'ਹਿੰਦੂ ਹਿਰਦੇ ਸਮਰਾਟ' ਬਣ ਗਿਆ ਅਤੇ ਇਸ ਪਿਛੋਂ ਉਹ ਲਗਾਤਾਰ ਤਿੰਨ ਵਾਰ ਮੁੱਖ ਮੰਤਰੀ ਬਣਿਆ।


2014 ਵਿਚ ਭਾਜਪਾ ਦੇ ਪ੍ਰਧਾਨ ਮੰਤਰੀ ਦੇ ਉਮੀਦਵਾਰ ਦੀ ਚੋਣ ਵੀ ਮੁਸਲਿਮ ਕਤਲੇਆਮ ਦੇ ਇਰਦ-ਗਿਰਦ ਹੀ ਲੜੀ ਗਈ, ਪਰ ਇਸ ਵਾਰ ਇਸ ਦਾ ਕੇਂਦਰ ਉਤਰ ਪ੍ਰਦੇਸ਼ ਦਾ ਮੁਜ਼ੱਫਰਨਗਰ ਸੀ। ਖਬਰ ਏਜੰਸੀ 'ਰਾਇਟਰਜ਼' ਦੇ ਇਕ ਪੱਤਰਕਾਰ ਨੇ ਜਦ ਨਰਿੰਦਰ ਮੋਦੀ ਨੂੰ ਪੁੱਛਿਆ ਕਿ ਕੀ ਉਸ ਨੂੰ 2002 ਦੇ ਕਤਲੇਆਮ ਦਾ ਪਛਤਾਵਾ ਹੈ ਤਾਂ ਨਰਿੰਦਰ ਮੋਦੀ ਨੇ ਪੂਰੀ ਇਮਾਨਦਾਰੀ ਨਾਲ ਜਵਾਬ ਦਿੱਤਾ, 'ਜੇ ਦੁਰਘਟਨਾ ਨਾਲ ਕੋਈ ਕੁੱਤਾ ਵੀ ਉਸ ਦੀ ਗੱਡੀ ਥੱਲੇ ਆ ਕੇ ਮਰ ਜਾਂਦਾ ਹੈ ਤਾਂ ਇਸ ਦਾ ਵੀ ਉਸ ਨੂੰ ਪਛਤਾਵਾ ਹੋਵੇਗਾ।' ਇਹ ਨਿਰੋਲ ਆਰ. ਐਸ. ਐਸ. ਦੀ ਸਿਖਲਾਈਯਾਫਤਾ ਜ਼ੁਬਾਨ ਸੀ।

ਜਦ ਮੋਦੀ ਨੇ ਭਾਰਤ ਦੇ 14ਵੇਂ ਪ੍ਰਧਾਨ ਮੰਤਰੀ ਦੇ ਤੌਰ 'ਤੇ ਸਹੁੰ ਚੁੱਕੀ, ਸਿਰਫ ਹਿੰਦੂ ਰਾਸ਼ਟਰਵਾਦੀਆਂ ਨੇ ਹੀ ਜਸ਼ਨ ਨਹੀਂ ਮਨਾਏ ਸਗੋਂ ਭਾਰਤ ਦੇ ਜਾਣੇ-ਪਛਾਣੇ ਉਦਯੋਗਪਤੀਆਂ ਅਤੇ ਕਾਰੋਬਾਰੀਆਂ ਨੇ ਵੀ ਉਸ ਦੇ ਸੱਤਾ ਵਿਚ ਆਉਣ ਦਾ ਸਵਾਗਤ ਕੀਤਾ। ਭਾਰਤ ਦੇ ਕਈ ਉਦਾਰਵਾਦੀਆਂ ਅਤੇ ਕੌਮਾਂਤਰੀ ਮੀਡੀਏ ਨੇ ਉਮੀਦ ਅਤੇ ਤਰੱਕੀ ਦੀ ਮਿਸਾਲ ਵਜੋਂ ਇਸ ਦਾ ਜਸ਼ਨ ਮਨਾਇਆ। ਇਨ੍ਹਾਂ ਲੋਕਾਂ ਨੂੰ ਮੋਦੀ ਵਿਚ ਭਗਵਾਂ ਪਹਿਰਾਵਾ ਪਹਿਨੀ ਮਸੀਹਾ ਨਜ਼ਰ ਆਇਆ, ਜੋ ਭਾਰਤ ਦੀ ਪ੍ਰਾਚੀਨ ਅਤੇ ਆਧੁਨਿਕ ਤਹਿਜ਼ੀਬ ਦਾ ਮਿਸ਼ਰਣ ਸੀ। ਮੋਦੀ ਨੂੰ ਹਿੰਦੂ ਰਾਸ਼ਟਰਵਾਦ ਅਤੇ ਬੇਲਗਾਮ ਖੁੱਲ੍ਹੀ ਮੰਡੀ ਸਰਮਾਏਦਾਰੀ ਦੇ ਚਿੰਨ੍ਹ ਦੇ ਰੂਪ ਵਿਚ ਦੇਖਿਆ ਗਿਆ।

ਇਨ੍ਹਾਂ ਸਾਲਾਂ ਵਿਚ ਮੋਦੀ ਨੇ ਹਿੰਦੂ ਰਾਸ਼ਟਰਵਾਦ ਦੇ ਮੋਰਚੇ 'ਤੇ ਚੰਗੀ ਕਾਰਗੁਜ਼ਾਰੀ ਦਿਖਾਈ ਹੈ, ਪਰ ਖੁੱਲ੍ਹੀ ਮੰਡੀ ਦੇ ਮੋਰਚੇ 'ਤੇ ਉਹ ਬੁਰੀ ਤਰ੍ਹਾਂ ਲੁੜਕ ਗਿਆ ਹੈ। 8 ਨਵੰਬਰ 2016 ਨੂੰ ਉਹ ਅਚਾਨਕ ਟੀ. ਵੀ. 'ਤੇ ਪ੍ਰਗਟ ਹੋਇਆ ਅਤੇ 500 ਤੇ 1000 ਦੇ ਸਾਰੇ ਨੋਟਾਂ 'ਤੇ ਪਾਬੰਦੀ ਲਾ ਦਿੱਤੀ। ਇਹ ਨੋਟ ਪ੍ਰਚਲਿਤ ਮੁਦਰਾ ਦਾ 80 ਫੀਸਦੀ ਸਨ। ਲੱਗਦਾ ਨਹੀਂ ਕਿ ਵਿੱਤ ਮੰਤਰੀ ਅਤੇ ਮੁੱਖ ਆਰਥਕ ਸਲਾਹਕਾਰ ਨੂੰ ਭਰੋਸੇ ਵਿਚ ਲਿਆ ਗਿਆ ਹੋਵੇ। ਮੋਦੀ ਨੇ ਇਸ 'ਨੋਟਬੰਦੀ' ਨੂੰ ਭ੍ਰਿਸ਼ਟਾਚਾਰ ਅਤੇ ਦਹਿਸ਼ਤਗਰਦਾਂ ਨੂੰ ਮਿਲ ਰਹੀ ਫੰਡਿੰਗ ਦੇ ਖਿਲਾਫ 'ਸਰਜੀਕਲ ਸਟਰਾਈਕ' ਦੱਸਿਆ। ਇਹ ਨਿਰੋਲ ਝੂਠਾ ਅਰਥ ਸ਼ਾਸਤਰ ਸੀ ਅਤੇ ਨੀਮ-ਹਕੀਮੀ ਦਾ ਇਹ ਘਰੇਲੂ ਨੁਸਖਾ ਇਕ ਅਰਬ ਜਨਤਾ 'ਤੇ ਥੋਪਿਆ ਗਿਆ। ਇਹ ਫੈਸਲਾ ਭਿਆਨਕ ਤ੍ਰਾਸਦੀ ਸਾਬਤ ਹੋਇਆ; ਪਰ ਕੋਈ ਦੰਗਾ-ਫਸਾਦ ਨਹੀਂ ਹੋਇਆ, ਕੋਈ ਵਿਰੋਧ ਨਹੀਂ ਹੋਇਆ। ਲੋਕ ਚੁੱਪ-ਚਾਪ ਬੀਬੇ ਬਣ ਕੇ ਬੈਂਕਾਂ ਵਿਚ ਕਤਾਰਾਂ ਬਣਾ ਕੇ ਪੁਰਾਣੇ ਨੋਟ ਜਮਾਂ ਕਰਾਉਣ ਦੀ ਆਪਣੀ ਵਾਰੀ ਉਡੀਕਦੇ ਰਹੇ। ਉਨ੍ਹਾਂ ਕੋਲ ਹੋਰ ਚਾਰਾ ਹੀ ਕੀ ਸੀ? ਰਾਤੋ-ਰਾਤ ਨੌਕਰੀਆਂ ਗਾਇਬ ਹੋ ਗਈਆਂ ਤੇ ਨਿਰਮਾਣ ਉਦਯੋਗ ਠੱਪ ਹੋ ਗਿਆ।

*(ਬਾਕੀ ਅਗਲੇ ਸਫੇ 'ਤੇ)*

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

# ਭਾਰਤ ਮਾਤਾ ਦੀ ਮਹਿਮਾ ਨੇ ਖੂੰਜੇ ਲਾਈ ਧਰਮ ਨਿਰਪੱਖਤਾ

ਮੇਰੇ ਸਾਹਮਣੇ ਭਾਰਤ ਦਾ ਸੰਵਿਧਾਨ ਪਿਆ ਹੈ, ਜੋ ਇਥੋਂ ਅਰੰਭ ਹੁੰਦਾ ਹੈ ਕਿ 'ਅਸੀਂ ਭਾਰਤ ਦੇ ਲੋਕ, ਭਾਰਤ ਨੂੰ ਇੱਕ (ਮੁਕੰਮਲ ਖੁਦ-ਮੁਖਤਾਰ ਸਮਾਜਵਾਦੀ ਧਰਮ ਨਿਰਪੱਖ ਲੋਕਤੰਤਰੀ ਗਣਰਾਜ) ਬਣਾਉਣ ਲਈ ਤੇ ਉਸ ਦੇ ਸਾਰੇ ਨਾਗਰਿਕਾਂ ਨੂੰ ਸਮਾਜੀ, ਆਰਥਕ ਤੇ ਰਾਜਸੀ ਨਿਆਂ, ਵਿਚਾਰ, ਪ੍ਰਗਟਾਵੇ, ਵਿਸ਼ਵਾਸ, ਧਰਮ ਤੇ ਉਪਾਸਨਾ ਦੀ ਆਜ਼ਾਦੀ, ਸਤਿਕਾਰ ਅਤੇ ਮੌਕਿਆਂ ਦੀ ਬਰਾਬਰੀ ਹਾਸਲ ਕਰਾਉਣ ਲਈ ਉਨ੍ਹਾਂ ਸਭਨਾਂ ਵਿਚਾਲੇ ਵਿਅਕਤੀ ਦੇ ਸਨਮਾਨ (ਤੇ ਦੇਸ਼ ਦੀ ਏਕਤਾ ਅਤੇ ਅਖੰਡਤਾ) ਯਕੀਨੀ ਬਣਾਉਣ ਲਈ ਭਾਈਚਾਰਾ ਵਧਾਉਣ ਲਈ' ਇਹ ਸੰਵਿਧਾਨ ਪ੍ਰਵਾਨ ਕੀਤਾ ਤੇ ਇਸ 'ਤੇ ਕਾਰਬੰਦ ਰਹਾਂਗੇ। ਇਸ ਦੀ ਪਹਿਲੀ ਬਰੈਕਿਟ ਵਿਚ 'ਸਮਾਜਵਾਦੀ ਧਰਮ ਨਿਰਪੱਖਤਾ' ਵਾਲੇ ਸ਼ਬਦ ਐਮਰਜੈਂਸੀ ਦੇ ਦੌਰ ਦੌਰਾਨ ਪਾਰਲੀਮੈਂਟ ਨੇ ਪਾਏ ਸੀ ਅਤੇ ਦੂਜੀ ਬਰੈਕਿਟ ਵਿਚ 'ਅਖੰਡਤਾ' ਦਾ ਸ਼ਬਦ ਵੀ ਓਸੇ 42ਵੀਂ ਸੋਧ ਦੇ ਨਾਲ ਸ਼ਾਮਲ ਕੀਤਾ ਗਿਆ ਸੀ।

ਅੱਜ ਦੇ ਦੌਰ ਤੱਕ ਬੜਾ ਕੁਝ ਬਦਲ ਚੁਕਾ ਹੈ। ਜਿਸ ਸੋਧ ਨੂੰ ਮੰਨਣ ਨਾਲ ਇਹ ਸ਼ਬਦ ਦੇਸ਼ ਦੇ ਸੰਵਿਧਾਨ ਵਿਚ ਪਾਏ ਗਏ ਸਨ, ਉਸ ਦਾ ਉਦੋਂ ਵੀ ਵਿਰੋਧ ਹੋਇਆ ਸੀ, ਪਿਛੋਂ ਵੀ ਹੋਇਆ, ਪਰ ਵਿਰੋਧ ਦਾ ਅਸਲ ਰੂਪ ਅੱਜ ਅਮਲ ਵਿਚ ਸਾਡੇ ਸਾਹਮਣੇ ਨਿੱਖਰ ਕੇ ਆਉਣ ਲੱਗਾ ਹੈ। ਮਹਾਰਾਸ਼ਟਰ ਵਿਚ ਭਾਜਪਾ ਦੀ ਸਰਕਾਰ ਦਾ ਬਿਸਤਰਾ ਲਪੇਟ ਕੇ ਤਿੰਨ ਪਾਰਟੀਆਂ ਦੇ ਗੱਠਜੋੜ ਦੀ ਨਵੀਂ ਸਰਕਾਰ ਬਣੀ ਹੈ, ਜਿਸ ਦੇ ਮੁੱਖ ਮੰਤਰੀ ਤੇ ਕੁਝ ਮੰਤਰੀਆਂ 'ਤੇ ਇਹ ਦੋਸ਼ ਲੱਗਾ ਹੈ ਕਿ ਉਨ੍ਹਾਂ ਨੇ ਸਹੁੰ ਚੁੱਕਣ ਵੇਲੇ ਸੰਵਿਧਾਨ ਵਿਚ ਦਰਜ ਸ਼ਬਦ ਬੋਲਦੇ ਵਕਤ ਆਪਣੀ ਇੱਛਾ ਮੁਤਾਬਕ ਕੁਝ ਸ਼ਬਦ ਜੋੜ ਲਏ ਅਤੇ ਇਸ ਤਰ੍ਹਾਂ ਸੰਵਿਧਾਨ ਦੀ ਉਲੰਘਣਾ ਹੋਈ ਹੈ।

ਇੰਦਰਾ ਗਾਂਧੀ ਜਦੋਂ ਪਹਿਲੀ ਵਾਰੀ ਕੁਰਸੀ ਛੱਡਣ ਨੂੰ ਮਜਬੂਰ ਹੋਈ, ਮੁਰਾਰਜੀ ਦੇਸਾਈ ਸਰਕਾਰ ਬਣੀ ਤਾਂ ਪਾਰਲੀਮੈਂਟ ਮੈਂਬਰਾਂ ਨੂੰ ਸਹੁੰ ਚੁਕਾਏ ਜਾਣ ਵੇਲੇ ਕੇਂਦਰ ਦੇ ਮੰਤਰੀ ਜਾਰਜ ਫਰਨਾਂਡੇਜ਼ ਤੇ ਕਈ ਹੋਰਨਾਂ ਨੇ ਵੀ ਇਹ ਕਿਹਾ ਸੀ ਕਿ ਉਹ ਆਪਣੇ ਅਹੁਦੇ ਲਈ ਸੰਵਿਧਾਨ ਦੀ ਸਹੁੰ '42ਵੀਂ ਸੋਧ ਦੇ ਬਗੈਰ' ਚੁਕਦੇ ਹਨ। ਸੰਵਿਧਾਨਕ ਉਲੰਘਣਾ ਦਾ ਉਦੋਂ ਵੀ ਬਥੇਰਾ ਰੌਲਾ ਪਿਆ, ਪਰ ਗੱਲ ਗੋਲ ਕਰ ਦਿੱਤੀ ਗਈ ਸੀ। ਜਿਨ੍ਹਾਂ ਲੋਕਾਂ ਨੇ ਉਦੋਂ 42ਵੀਂ ਸੋਧ ਦਾ ਵਿਰੋਧ ਕੀਤਾ ਸੀ, ਉਨ੍ਹਾਂ ਲਈ ਇਹ ਗੱਲ ਹਜ਼ਮ ਕਰਨੀ ਔਖੀ ਸੀ ਕਿ ਭਾਰਤ ਸਮਾਜਵਾਦੀ ਲੀਹ 'ਤੇ ਵੀ ਚੱਲੇ ਅਤੇ ਧਰਮ ਨਿਰਪੱਖ ਵੀ ਬਣੇ। ਉਹ ਲੋਕ ਓਨਾ ਇਸ 42ਵੀਂ ਸੋਧ ਦਾ ਵਿਰੋਧ ਨਹੀਂ ਸਨ ਕਰਦੇ, ਜਿੰਨਾ ਸੋਧ ਦੇ ਵਿਰੋਧ ਲਈ ਹੋਰਨਾਂ ਲੋਕਾਂ ਨੂੰ ਅੱਗੇ ਲਾ ਕੇ ਅਸਲ 'ਚ ਸਮਾਜਵਾਦ ਤੇ ਧਰਮ ਨਿਰਪੱਖਤਾ ਦਾ ਵਿਰੋਧ ਕਰਨ ਲਈ ਲਾਮਬੰਦੀ ਕਰਦੇ ਪਏ ਸਨ। ਉਹ ਸੋਚ ਅੱਜ ਸਾਫ ਹੋ ਰਹੀ ਹੈ।

ਬਦਲੇ ਹੋਏ ਸਮੇਂ ਵਿਚ ਉਨ੍ਹਾਂ ਲੋਕਾਂ ਦੀ ਅਗਲੀ ਪੀੜ੍ਹੀ ਦੇ ਵਾਰਸਾਂ ਨੇ ਆਪਣੇ ਚਾਲੇ ਬਦਲ ਲਏ ਤੇ ਇੰਦਰਾ ਗਾਂਧੀ ਵੇਲੇ ਦੀ ਕਾਂਗਰਸ ਪਾਰਟੀ ਅਤੇ ਉਦੋਂ ਦੇ ਪਾਰਲੀਮੈਂਟ ਮੈਂਬਰਾਂ ਦੀ ਅਗਲੀ ਪੀੜ੍ਹੀ ਵੀ ਧਰਮ ਨਿਰਪੱਖਤਾ ਦਾ ਮੁੱਦਾ ਛੱਡ ਕੇ ਗੱਦੀਆਂ ਪਿੱਛੇ ਦੌੜਨ ਜੋਗੀ ਹੋ ਕੇ ਰਹਿ ਗਈ। ਅੱਜ ਵਾਲਾ ਭਾਰਤ ਇਸ ਨਵੇਂ ਨਮੂਨੇ ਦੀ ਪੇਸ਼ਕਾਰੀ ਦੀ ਉਹ ਝਲਕ ਦੇਈ ਜਾ ਰਿਹਾ ਹੈ, ਜੋ ਅਗਲੇ ਦਿਨੀਂ ਪੇਸ਼ ਹੋਣ ਵਾਲੀ ਹੈ ਅਤੇ ਜਿਸ ਨੂੰ ਬਹੁਤਾ ਵਕਤ ਵੀ ਨਹੀਂ ਲੱਗਣਾ ਜਾਪਦਾ।

ਭਾਰਤ ਨੂੰ ਕੋਈ ਭਾਰਤ-ਮਾਤਾ ਆਖਦਾ ਰਹੇ ਤਾਂ ਸਾਨੂੰ ਲੋਕਾਂ ਨੂੰ ਇਸ ਨਾਲ ਪ੍ਰੇਸ਼ਾਨੀ ਨਹੀਂ, ਪੰਜਾਬੀ ਕਵੀ ਤੇਰਾ ਸਿੰਘ ਚੰਨ ਨੇ 'ਪਿਆਰੀ ਭਾਰਤ ਮਾਂ, ਤੈਨੂੰ ਅਸੀਂ ਸੀਸ ਨਿਵਾਂਦੇ ਹਾਂ, ਤੇਰੇ ਤੋਂ ਸਦਕੇ ਜਾਂਦੇ ਹਾਂ' ਲਿਖਿਆ ਸੀ ਤਾਂ ਕਿਸੇ ਨੂੰ ਕਿਸੇ ਤਰ੍ਹਾਂ ਦੀ ਪ੍ਰੇਸ਼ਾਨੀ ਨਹੀਂ ਸੀ ਹੋਈ। ਪ੍ਰੇਸ਼ਾਨੀ ਇਸ ਗੱਲ ਤੋਂ ਹੁੰਦੀ ਹੈ ਕਿ 'ਭਾਰਤ ਮਾਤਾ' ਦੇ ਸੰਕਲਪ ਵਜੋਂ ਇੱਕ ਧਰਮ ਦੇ ਪ੍ਰਤੀਕਾਂ ਦੀ ਵਰਤੋਂ ਕੀਤੀ ਜਾਣ ਲੱਗ ਪਈ ਹੈ।

ਹਰਿਆਣੇ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਕੁਰੂਕਸ਼ੇਤਰ ਵਿਚ 'ਭਾਰਤ ਮਾਤਾ' ਮੰਦਿਰ ਬਣਾਉਣ ਦਾ ਐਲਾਨ ਕਰ ਦਿੱਤਾ ਹੈ, ਜਿਸ ਵਿਚ ਪੂਜਾ ਕਿਸ ਦੀ ਹੋਵੇਗੀ ਤੇ ਕਿਸ ਤਰ੍ਹਾਂ ਦੀ ਹੋਵੇਗੀ ਜਾਂ ਫਿਰ ਕਰਨ ਵਾਸਤੇ ਪੁਜਾਰੀ ਕਿਹੜੇ ਵਰਗ ਤੋਂ ਆਵੇਗਾ, ਇਸ ਬਾਰੇ ਦੱਸਣ ਦੀ ਮਨੋਹਰ ਲਾਲ ਖੱਟਰ ਨੂੰ ਲੋੜ ਨਹੀਂ, ਲੋਕ ਖੁਦ ਵੀ ਸਮਝ ਸਕਦੇ ਹਨ। ਭਾਰਤ ਵਿਚ ਕਿੰਨੇ ਲੰਮੇ ਸਮੇਂ ਤੋਂ 'ਜੈ ਹਿੰਦ' ਦਾ ਨਾਅਰਾ ਲਾਇਆ ਜਾਂਦਾ ਰਿਹਾ ਹੈ ਤੇ ਆਜ਼ਾਦੀ ਦੇ ਸੰਗਰਾਮੀਆਂ ਦੀ ਆਜ਼ਾਦ ਹਿੰਦ ਫੌਜ ਦੇ ਮੁਖੀ ਸੁਭਾਸ਼ ਚੰਦਰ ਬੋਸ ਨੇ ਜਦੋਂ ਇਹ ਨਾਅਰਾ ਚੁਣਿਆ ਸੀ ਤਾਂ ਕਿਸੇ ਨੇ ਵੀ ਇਸ 'ਤੇ ਕਿੰਤੂ ਨਹੀਂ ਸੀ ਕੀਤਾ। ਉਸ ਫੌਜ ਨੇ ਜਦੋਂ ਇਹ ਨਾਅਰਾ ਲਾਇਆ ਸੀ ਤਾਂ ਉਸ ਦੇ ਨਾਲ ਦੇਸ਼ ਵਿਚ ਇਹ ਬੋਲ ਗੂੰਜਦਾ ਸੀ, 'ਸਾਰੇ ਦੇਸ਼ ਤੋਂ ਆਈ ਆਵਾਜ਼, ਸਹਿਗਲ ਢਿੱਲੋਂ ਸ਼ਾਹਨਵਾਜ਼।' ਇਨ੍ਹਾਂ ਵਿਚੋਂ ਇੱਕ ਜਣਾ ਪ੍ਰੇਮ ਸਹਿਗਲ ਸੀ, ਦੂਜਾ ਗੁਰਬਖਸ਼ ਸਿੰਘ ਢਿੱਲੋਂ ਤੇ ਤੀਜਾ ਸ਼ਾਹਨਵਾਜ਼ ਖਾਨ ਹੁੰਦਾ ਸੀ। ਉਨ੍ਹਾਂ ਲੋਕਾਂ ਦਾ ਦਿੱਤਾ ਇਹ ਨਾਅਰਾ ਵੀ ਪਿਛੋਂ ਫਿਰਕੂ ਸੁਰਾਂ ਦੀ ਮਾਰ ਹੇਠ ਵਿਤਕਰੇ ਦਾ ਪ੍ਰਤੀਕ ਬਣਾਇਆ ਜਾਣ ਲੱਗਾ ਸੀ।

ਵਿਤਕਰਾ ਉਸ ਵੇਲੇ ਸ਼ੁਰੂ ਹੁੰਦਾ ਹੈ, ਜਦੋਂ ਇੱਕ ਧਰਮ ਦੇ ਲੋਕਾਂ ਨੂੰ ਵਹਿਮ ਹੋ ਜਾਵੇ ਕਿ ਦੇਸ਼ 'ਤੇ ਰਾਜ ਕਰਨ ਦਾ ਸਾਡਾ ਹੱਕ ਹੈ, ਬਾਕੀ ਲੋਕਾਂ ਨੂੰ ਸਾਡੇ ਬਰਾਬਰ ਹੋਣ ਦਾ ਤਾਂ ਕੀ, ਏਦਾਂ ਸੋਚਣ ਦਾ ਵੀ ਹੱਕ ਨਹੀਂ। ਭਾਰਤ ਅੰਦਰ ਇਸ ਵਕਤ ਏਦਾਂ ਦੀ ਲਹਿਰ ਵਧ ਰਹੀ ਹੈ ਤੇ ਇਸ ਲਹਿਰ ਦੇ ਅੰਦਰ 'ਭਾਰਤ ਮਾਤਾ' ਦੇ ਪੁਰਾਣੇ ਸੰਕਲਪ ਵਾਸਤੇ ਸਤਿਕਾਰ ਰੱਖਦਿਆਂ ਵੀ ਇਸ ਦੀ ਫਿਰਕੂ ਪੁੱਠ ਚਾੜ੍ਹ ਕੇ ਰਾਜਸੀ ਲਾਭ ਲਈ ਵਰਤੋਂ ਹੋਣਾ ਚੁਭਦਾ ਹੈ। ਇਸ ਸੁਚੇਤ ਵਿਰੋਧ ਲਈ ਜਿਨ੍ਹਾਂ ਤੋਂ ਆਸ ਕੀਤੀ ਜਾ ਰਹੀ ਸੀ, ਉਹ ਨਹੀਂ ਰੜਕੇ।

ਜਦੋਂ ਫਿਲਮ 'ਪਿਆਸਾ' ਆਈ ਤਾਂ ਸਾਹਿਰ ਲੁਧਿਆਣਵੀ ਦਾ ਇਹ ਗੀਤ ਬਹੁਤ ਚਰਚਿਤ ਹੋਇਆ ਸੀ ਕਿ 'ਜਿਨਹੇਂ ਨਾਜ਼ ਹੈ ਹਿੰਦ ਪਰ, ਵੋ ਕਹਾਂ ਹੈਂ' ਅਤੇ ਅੱਜ ਇਹੋ ਗੱਲ ਉਨ੍ਹਾਂ ਲੋਕਾਂ ਬਾਰੇ ਪੁੱਛਣੀ ਪੈਂਦੀ ਹੈ, ਜੋ ਕੱਲ੍ਹ ਤੱਕ ਦਾਅਵਾ ਕਰਦੇ ਸਨ ਕਿ ਭਾਰਤ ਦੀ ਧਰਮ ਨਿਰਪੱਖਤਾ ਲਈ ਜਿਨ੍ਹਾਂ ਨੇ ਲਗਾਤਾਰ ਪਹਿਰਾ ਦਿੱਤਾ ਹੈ, ਇਸ ਦੀ ਨੀਂਹ ਬਚਾਈ ਰੱਖੀ ਹੈ, ਉਹ ਸਿਰਫ ਅਸੀਂ ਹਾਂ। ਇਹ ਗੱਲ ਕਾਂਗਰਸ ਦੇ ਆਗੂ ਵੀ ਕਹਿੰਦੇ ਸਨ, ਕਮਿਊਨਿਸਟ ਵੀ। ਆਪਣੀ ਚੜ੍ਹਤ ਦੀ ਸਿਖਰ 'ਤੇ ਜਾ ਕੇ ਬੇਸ਼ੱਕ ਗਲਤੀਆਂ ਕਮਿਊਨਿਸਟਾਂ ਨੇ ਵੀ ਕੀਤੀਆਂ ਸਨ, ਪਰ ਉਨ੍ਹਾਂ ਦੀਆਂ ਜੜ੍ਹਾਂ 'ਤੇ ਟੱਕ ਲਾਉਣ ਦਾ ਕੰਮ ਉਨ੍ਹਾਂ ਕਾਂਗਰਸੀਆਂ ਨੇ ਕੀਤਾ ਸੀ, ਜੋ ਅੱਜ ਉਂਗਲਾਂ ਟੁੱਕਦੇ ਉਸੇ ਸ਼ਿਵ ਸੈਨਾ ਦੇ ਪਿੱਛਲੱਗ ਬਣਨ ਨੂੰ ਮਜਬੂਰ ਹਨ, ਜੋ ਫਿਰਕੂਪੁਣੇ ਵਿਚ ਭਾਜਪਾ ਤੋਂ ਊਣੀ ਨਹੀਂ।

ਅਜਿਹੇ ਦਿਨ ਇਸ ਕਰ ਕੇ ਆਏ ਹਨ ਕਿ ਕਾਂਗਰਸ ਪਾਰਟੀ ਨੇ ਜਿਨ੍ਹਾਂ ਧਰਮ ਨਿਰਪੱਖ ਧਿਰਾਂ ਦੀ ਸਾਂਝ ਦੌਰਾਨ ਦੇਸ਼ ਦੇ ਸੰਵਿਧਾਨ ਵਿਚ ਧਰਮ ਨਿਰਪੱਖਤਾ ਅਤੇ ਸਮਾਜਵਾਦ ਦੇ ਸ਼ਬਦ ਜੋੜੇ ਸਨ, ਕੁਝ ਸਮੇਂ ਪਿਛੋਂ ਉਨ੍ਹਾਂ ਧਿਰਾਂ ਦੀ ਕਾਟ ਕਰਨ ਲਈ ਸਿਆਸੀ ਟੂਣੇ ਕਰਨ ਵਾਲੇ ਸਾਧਾਂ ਪਿੱਛੇ ਲੱਗ ਤੁਰੀ ਸੀ। ਅਗਲੇ ਦੌਰ ਵਿਚ ਉਹ ਹਿੰਦੂ ਧਰਮ ਲਈ ਸਮਰਪਣ ਦੀ ਮੁਕਾਬਲੇਬਾਜ਼ੀ ਵਿਚ ਪੈ ਗਈ ਤੇ ਜੋ ਬਾਬਰੀ ਮਸਜਿਦ ਦਾ ਢਾਂਚਾ ਉਥੇ ਮੂਰਤੀਆਂ ਰੱਖੇ ਜਾਣ ਦੇ ਦਿਨਾਂ ਤੋਂ ਬੰਦ ਪਿਆ ਸੀ, ਉਸ ਦਾ ਤਾਲਾ ਖੁਦ ਖੁਲ੍ਹਵਾਉਣ ਤੱਕ ਪਹੁੰਚ ਗਈ। ਅਗਲੇ ਦੌਰ ਵਿਚ ਜਦੋਂ ਉਸ ਦਾ ਮੁਕਾਬਲਾ ਨਰਿੰਦਰ ਮੋਦੀ ਜਿਹੇ ਤਿੱਖੇ ਹਿੰਦੂਤਵੀ ਆਗੂ ਨਾਲ ਹੋਇਆ ਤਾਂ ਕਾਂਗਰਸ ਦਾ ਕੱਚ-ਘਰੜ ਆਗੂ ਰਾਹੁਲ ਗਾਂਧੀ ਆਪਣਾ ਸਿਆਸੀ ਪਿਛੋਕੜ ਤੇ ਸਾਰੀ ਵਿਰਾਸਤ ਭੁੱਲ ਕੇ ਆਪਣੇ ਗਲ ਵਿਚ ਜਨੇਊ ਵਿਖਾਉਂਦਾ ਤੇ ਆਪਣੇ ਅੰਦਰ ਸ਼ੁੱਧ ਬ੍ਰਾਹਮਣ ਖੂਨ ਵਗਦਾ ਸਾਬਤ ਕਰਦਾ ਫਿਰਦਾ ਸੀ। ਭਲਾ ਪੰਡਤਾਊਪੁਣੇ ਵਿਚ ਉਹ ਮੋਦੀ ਨਾਲ ਮੁਕਾਬਲਾ ਕਿਵੇਂ ਕਰ ਸਕਦਾ ਸੀ!

ਇਸ ਵੇਲੇ ਮਹਾਰਾਸ਼ਟਰ ਵਿਚ ਸ਼ਿਵ ਸੈਨਾ ਅੱਗੇ ਹੈ ਤੇ ਦੂਜੀਆਂ ਦੋ ਧਿਰਾਂ ਉਸ ਦੇ ਓਹਲੇ ਖੜੀਆਂ ਹਨ। ਕਾਂਗਰਸ ਦੀ ਮਦਦ ਨਾਲ ਉਸ ਸ਼ਿਵ ਸੈਨਾ ਦਾ ਆਗੂ ਮੁੱਖ ਮੰਤਰੀ ਬਣ ਗਿਆ ਹੈ, ਜੋ ਕਹਿੰਦੀ ਰਹੀ ਹੈ ਕਿ ਭਾਜਪਾ ਆਗੂ ਤਾਂ ਐਵੇਂ ਫੋਕਾ ਸਿਹਰਾ ਭਾਲਦੇ ਹਨ, ਬਾਬਰੀ ਮਸਜਿਦ ਅਸੀਂ ਸ਼ਿਵ ਸੈਨਿਕਾਂ ਤੋਂ ਤੁੜਵਾਈ ਸੀ। ਉਹ ਕਾਂਗਰਸ ਪਾਰਟੀ ਇਸ ਵੇਲੇ ਪਿੱਛੇ ਖੜੀ ਹੈ, ਜੋ ਆਸਾਮ ਵਿਚ ਨਾਗਰਿਕਾਂ ਦੀ ਪੁਣ-ਛਾਣ ਵਾਲੇ ਐਨ. ਆਰ. ਸੀ. ਫਾਰਮੂਲੇ ਦਾ ਵਿਰੋਧ ਕਰਦੀ ਤੇ ਇਸ ਵਿਚ ਫਿਰਕੂਪੁਣਾ ਵੇਖਦੀ ਹੈ ਅਤੇ ਉਹ ਸ਼ਿਵ ਸੈਨਾ ਅੱਗੇ ਖੜੀ ਹੈ, ਜਿਸ ਨੇ ਕੁਝ ਸਾਲ ਪਹਿਲਾਂ ਆਪਣੀ ਅਗਵਾਈ ਵਾਲੇ ਦੌਰ ਦੌਰਾਨ ਮੁੰਬਈ ਤੋਂ ਪੱਛਮੀ ਬੰਗਾਲ ਦੇ ਮੁਸਲਮਾਨਾਂ ਨੂੰ ਬੰਗਲਾ ਦੇਸ਼ੀ ਕਹਿ ਕੇ ਭਜਾਇਆ ਸੀ। ਜਦੋਂ ਹਿੰਦੂਤਵ ਦੀ ਕੋਈ ਨਵੀਂ ਲਹਿਰ ਉਠੇਗੀ ਤੇ ਉਛਾਲੇ ਮਾਰੇਗੀ, ਸ਼ਿਵ ਸੈਨਾ ਉਸ ਵੇਲੇ ਕਾਂਗਰਸ ਨਾਲ ਖੜੋਤੀ ਧਰਮ ਨਿਰਪੱਖਤਾ ਦੀ ਝੰਡਾ ਬਰਦਾਰ ਨਹੀਂ ਬਣਨ ਲੱਗੀ, ਆਪਣੇ ਪੁਰਾਣੇ ਭਾਈਬੰਦਾਂ ਦੀ ਹਾਂ ਵਿਚ ਹਾਂ ਮਿਲਾਉਂਦੀ ਫਿਰ ਉਸੇ ਧੁਨ 'ਤੇ ਨੱਚੇਗੀ, ਜਿਸ 'ਤੇ ਨੱਚਦੀ ਰਹੀ ਹੈ।

ਭਾਜਪਾ ਦੀ ਬੀ-ਟੀਮ ਵਰਗੀ ਇਸ ਪਾਰਟੀ ਨਾਲ ਜਿਨ੍ਹਾਂ ਹਾਲਾਤ 'ਚ ਸਰਕਾਰ ਬਣਾਉਣੀ ਸੀ, ਬਣਾ ਲਈ, ਪਰ ਇਸ ਪਿਛੋਂ ਕਾਂਗਰਸ ਨੂੰ ਸੋਚਣਾ ਪਵੇਗਾ। ਉਤਰ ਪੂਰਬੀ ਰਾਜਾਂ ਦੇ ਜੋ ਹਾਲਾਤ ਇਸ ਵਕਤ ਹਨ, ਕਾਂਗਰਸ ਦੀਆਂ ਤਿਕੜਮੀ ਨੀਤੀਆਂ ਕਾਰਨ ਉਹ ਉਥੇ ਆਪਣਾ ਆਧਾਰ ਖੁਸ ਜਾਣ ਪਿੱਛੋਂ ਉਸੇ ਕਿਸਮ ਦੀ ਚੁਣੌਤੀ ਦਾ ਸਾਹਮਣਾ ਅਗਲੇ ਦਿਨਾਂ ਵਿਚ ਦੱਖਣੀ ਭਾਰਤ ਵੱਲ ਵੀ ਕਰਨ ਵਾਲੀ ਹੈ। ਆਂਧਰਾ ਪ੍ਰਦੇਸ਼ ਵਿਚ ਇਨ੍ਹਾਂ ਖੇਡਾਂ ਨਾਲ ਆਪਣਾ ਆਧਾਰ ਗੁਆ ਚੁਕੀ ਸਿਰਫ ਕਾਂਗਰਸ ਨਹੀਂ, ਕੇਰਲਾ 'ਚ ਖੱਬੇ ਪੱਖੀਆਂ ਲਈ ਵੀ ਵੱਡੀ ਚੁਣੌਤੀ ਪੇਸ਼ ਹੁੰਦੀ ਦਿਖਾਈ ਦਿੰਦੀ ਹੈ।

ਪੱਛਮੀ ਬੰਗਾਲ ਖੱਬੇ-ਪੱਖੀਆਂ ਤੋਂ ਖੋਹਣ ਵਿਚ ਜਿਨ੍ਹਾਂ ਲੋਕਾਂ ਨੇ ਮਮਤਾ ਬੈਨਰਜੀ ਦਾ ਸਾਥ ਦਿੱਤਾ ਸੀ, ਉਨ੍ਹਾਂ ਵਿਚ ਨਕਸਲੀਆਂ ਦੇ ਕੁਝ ਧੜੇ ਵੀ ਸਨ ਤੇ ਕਈ ਹੋਰ ਧਿਰਾਂ ਵਾਲੇ ਵੀ, ਉਹ ਸਾਰੇ ਅਗਲੀਆਂ ਚੋਣਾਂ ਵਕਤ ਖੂੰਜੇ ਲੱਗਦੇ ਜਾਪਦੇ ਹਨ ਤੇ ਆਪਸੀ ਖਹਿਬੜ ਅਜੇ ਵੀ ਇਹੋ ਜਿਹੀ ਹੈ, ਜਿਵੇਂ 'ਰੱਸੀ ਸੜ ਗਈ ਤੇ ਵੱਟ ਨਹੀਂ ਗਿਆ' ਦੀ ਕਹਾਵਤ ਸੱਚੀ ਸਾਬਤ ਕਰਨ ਦਾ ਇਰਾਦਾ ਹੋਵੇ। ਚੁਣੌਤੀ 'ਤੇ ਅੰਦਰਲਾ ਵੱਟ ਭਾਰੂ ਹੋਈ ਜਾਂਦਾ ਹੈ। ਅਗਲੇ ਸਮੇਂ ਵਿਚ ਜੇ ਹਰਿਆਣੇ ਤੋਂ ਪਿੱਛੋਂ ਹਰ ਰਾਜ ਵਿਚ 'ਭਾਰਤ ਮਾਤਾ ਮੰਦਿਰ' ਬਣਾਉਣ ਦੀ ਭਾਜਪਾ ਦੀ ਰਾਜਨੀਤੀ ਅਮਲ ਵਿਚ ਲਾਗੂ ਹੋਣ ਲੱਗ ਪਈ ਤਾਂ ਸ਼ਿਵ ਸੈਨਾ ਇਸ ਕੰਮ ਵਿਚ ਪਿੱਛੇ ਨਹੀਂ ਰਹਿਣੀ, ਆਪਣੇ ਰਾਜ ਮਹਾਰਾਸ਼ਟਰ ਵਿਚ ਇਸ ਦੇ ਨਾਲ ਮਿਲਦੀ-ਜੁਲਦੀ ਕੋਈ ਸਰਗਰਮੀ ਜ਼ਰੂਰ ਸ਼ੁਰੂ ਕਰੇਗੀ, ਉਸ ਬਾਰੇ ਕਾਂਗਰਸ ਹਾਲੇ ਨਹੀਂ ਸੋਚਣ ਲੱਗੀ।

ਹਾਲਾਤ ਨੂੰ ਵੇਖਣਾ ਅਤੇ ਸਮਝਣਾ ਹੀ ਨਹੀਂ, ਮੰਨਣਾ ਵੀ ਚਾਹੀਦਾ ਹੈ ਕਿ ਸਮਾਜਵਾਦ ਦਾ ਨਾਅਰਾ ਬਹੁਤ ਜ਼ਿਆਦਾ ਪਿਛਾਂਹ ਛੱਡਿਆ ਜਾ ਚੁਕਾ ਹੈ ਤੇ ਧਰਮ ਨਿਰਪੱਖਤਾ ਇਸ ਵਕਤ 'ਭਾਰਤ ਮਾਤਾ' ਸਮੇਤ ਕਈ ਤਰ੍ਹਾਂ ਦੇ ਨਵੇਂ ਸੰਕਲਪਾਂ ਦੇ ਪਿਛਵਾੜੇ ਲੁਕਣ ਦੀ ਥਾਂ ਭਾਲਦੀ ਫਿਰਦੀ ਹੈ। ਕਦੀ ਪੰਜਾਬੀ ਦੇ ਇੱਕ ਕਵੀ ਨੇ ਗਾਇਆ ਸੀ, 'ਇਕ ਕੁੜੀ, ਜੀਹਦਾ ਨਾਂ ਮੁਹੱਬਤ, ਗੁੰਮ ਹੈ, ਗੁੰਮ ਹੈ, ਗੁੰਮ ਹੈ।' ਸਮਾਂ ਬਹੁਤ ਅੱਗੇ ਦਾ, ਪਰ ਕੁਰਾਹੇ ਦਾ ਪੈਂਡਾ ਤੈਅ ਕਰ ਚੁਕਾ ਹੈ। ਅੱਜ ਇਹ ਗੱਲ ਕਹੀ ਜਾਣ ਦੇ ਦਿਨ ਨੇੜੇ ਜਾਪਦੇ ਹਨ ਕਿ 'ਦੇਸ਼ ਦੀ ਧਰਮ ਨਿਰਪੱਖਤਾ ਗੁੰਮ ਹੈ, ਗੁੰਮ ਹੈ।' ਕਹਿਣਾ ਬਹੁਤ ਔਖਾ ਹੈ ਤੇ ਕਿਹਾ ਹੋਇਆ ਜਰਨਾ ਵੀ ਸੌਖਾ ਨਹੀਂ, ਪਰ ਸੱਚੀ ਗੱਲ ਇਹੋ ਹੈ ਕਿ ਦੇਸ਼ ਇਸ ਵੇਲੇ ਇਸੇ ਪਾਸੇ ਵਧ ਰਿਹਾ ਹੈ।

# ਹਿੰਦੂ ਰਾਸ਼ਟਰ ਦਾ ਉਦੈ...

*(ਪਿਛਲੇ ਸਫੇ ਦੀ ਬਾਕੀ)*

ਸਾਡੇ ਜਿਹੇ ਕਈ ਲੋਕਾਂ ਨੇ ਬੜੀ ਮਾਸੂਮੀਅਤ ਨਾਲ ਮੰਨ ਲਿਆ ਕਿ ਇਹ ਮੋਦੀ ਦੇ ਅੰਤ ਦੀ ਸ਼ੁਰੂਆਤ ਹੈ; ਪਰ ਅਸੀਂ ਗਲਤ ਸਾਬਤ ਹੋਏ। ਇਉਂ ਲੱਗ ਰਿਹਾ ਸੀ, ਜਿਵੇਂ ਲੋਕਾਂ ਨੂੰ ਦਰਦ ਹੋਇਆ, ਪਰ ਦਰਦ ਨੂੰ ਮਜ਼ੇ ਵਿਚ ਤਬਦੀਲ ਕਰ ਦਿੱਤਾ ਗਿਆ ਹੈ।

ਕਈ ਅਰਥ ਸ਼ਾਸਤਰੀਆਂ ਨੇ ਨੋਟਬੰਦੀ ਅਤੇ ਜੀ. ਐਸ. ਟੀ. (ਗੁੱਡਜ਼ ਐਂਡ ਸਰਵਿਸਿਜ਼ ਟੈਕਸ), ਜਿਸ ਦਾ ਐਲਾਨ ਮੋਦੀ ਨੇ ਨੋਟਬੰਦੀ ਪਿਛੋਂ ਕੀਤਾ ਸੀ, ਨੂੰ ਤੇਜ਼ੀ ਨਾਲ ਚੱਲ ਰਹੀ ਕਾਰ ਦੇ ਪਹੀਆਂ ਵਿਚ ਗੋਲੀ ਮਾਰਨ ਜਿਹੀ ਕਾਰਵਾਈ ਦੱਸਿਆ ਸੀ। ਮੋਦੀ ਨੇ ਕਿਹਾ ਕਿ ਜੀ. ਐਸ. ਟੀ. 'ਇਕ ਰਾਸ਼ਟਰ, ਇਕ ਕਰ' ਦੇ ਵਾਅਦੇ ਦਾ ਸਾਕਾਰ ਰੂਪ ਹੈ। ਬਹੁਤਿਆਂ ਨੇ ਕਿਹਾ ਹੈ ਕਿ ਸਰਕਾਰ ਵਲੋਂ ਜਾਰੀ ਆਰਥਕ ਵਿਕਾਸ ਦੇ ਅੰਕੜੇ, ਜੋ ਪਹਿਲਾਂ ਹੀ ਕਾਫੀ ਨਿਰਾਸ਼ਾਜਨਕ ਸਨ, ਸੱਚਮੁੱਚ ਪ੍ਰਯੋਗਾਂ ਜਿਹੇ ਹਨ। ਇਥੋਂ ਤਕ ਕਿ ਸਰਕਾਰ ਵੀ ਮੰਨਦੀ ਹੈ ਕਿ 45 ਸਾਲ ਵਿਚ ਬੇਰੁਜ਼ਗਾਰੀ ਇਸ ਵਕਤ ਸਭ ਤੋਂ ਵੱਧ ਹੈ। 2019 ਦੇ ਆਲਮੀ ਭੁੱਖਮਰੀ ਸੂਚਕ ਅੰਕ ਵਿਚ 117 ਮੁਲਕਾਂ ਵਿਚ ਭਾਰਤ 102ਵੇਂ ਨੰਬਰ 'ਤੇ ਹੈ (ਇਸ ਸੂਚਕ ਅੰਕ ਵਿਚ ਨੇਪਾਲ 75ਵੇਂ, ਬੰਗਲਾਦੇਸ਼ 88ਵੇਂ ਅਤੇ ਪਾਕਿਸਤਾਨ 94ਵੇਂ ਨੰਬਰ 'ਤੇ ਹੈ)।

ਨੋਟਬੰਦੀ ਸਿਰਫ ਆਰਥਕ ਮਾਮਲਿਆਂ ਲਈ ਨਹੀਂ ਸੀ, ਇਹ ਵਫਾਦਾਰੀ ਦਾ ਇਮਤਿਹਾਨ ਸੀ, ਤੇ ਅਸੀਂ ਇਸ ਇਮਤਿਹਾਨ ਵਿਚ ਅੱਵਲ ਦਰਜੇ ਵਿਚ ਪਾਸ ਹੋਏ। ਜਿਸ ਵਕਤ ਅਸੀਂ ਲੋਕਾਂ ਨੇ ਨੋਟਬੰਦੀ ਨੂੰ ਕਬੂਲ ਕੀਤਾ, ਉਸੇ ਵਕਤ ਅਸੀਂ ਆਪਣੇ ਆਪ ਨੂੰ ਬੌਣੇ ਬਣਾ ਲਿਆ ਅਤੇ ਘਟੀਆ ਤਾਨਾਸ਼ਾਹ ਅੱਗੇ ਗੋਡੇ ਟੇਕ ਦਿੱਤੇ।

ਪਰ ਜੋ ਮੁਲਕ ਲਈ ਬੁਰਾ ਸੀ, ਉਹ ਭਾਜਪਾ ਲਈ ਅੱਛਾ ਸਾਬਤ ਹੋਇਆ। 2016-17 ਦਰਮਿਆਨ ਜਦ ਆਰਥਕਤਾ ਤਾਸ਼ ਦੇ ਪੱਤਿਆਂ ਵਾਂਗ ਢਹਿਢੇਰੀ ਹੋ ਰਹੀ ਸੀ, ਭਾਜਪਾ ਦੁਨੀਆਂ ਦੀ ਸਭ ਤੋਂ ਅਮੀਰ ਸਿਆਸੀ ਪਾਰਟੀ ਬਣ ਗਈ। ਇਸ ਦੀ ਕਮਾਈ ਵਿਚ 81 ਫੀਸਦੀ ਵਾਧਾ ਹੋਇਆ। ਉਹ ਆਪਣੀ ਸਭ ਤੋਂ ਨਜ਼ਦੀਕੀ ਸ਼ਰੀਕ ਪਾਰਟੀ ਕਾਂਗਰਸ ਤੋਂ ਪੰਜ ਗੁਣਾਂ ਅਮੀਰ ਪਾਰਟੀ ਬਣ ਗਈ, ਜਿਸ ਦੀ ਕਮਾਈ ਵਿਚ 14 ਫੀਸਦੀ ਗਿਰਾਵਟ ਆਈ ਸੀ। ਛੋਟੀਆਂ ਪਾਰਟੀਆਂ ਦੀਵਾਲੀਆ ਹੋ ਗਈਆਂ। ਉਤਰ ਪ੍ਰਦੇਸ਼ ਵਿਚ ਭਾਜਪਾ ਨੂੰ ਜਿੱਤ ਹਾਸਲ ਹੋਈ ਅਤੇ 2019 ਦੀਆਂ ਆਮ ਚੋਣਾਂ ਉਸ ਲਈ ਫਰਾਰੀ ਕਾਰ ਅਤੇ ਪੁਰਾਣੀ ਸਾਈਕਲ ਦੀ ਰੇਸ ਜਿੰਨੀਆਂ ਸੌਖੀਆਂ ਸਾਬਤ ਹੋਈਆਂ। ਚੋਣਾਂ ਕਿਉਂਕਿ ਧਨ ਦੇ ਜ਼ੋਰ ਲੜੀਆਂ ਜਾਂਦੀਆਂ ਹਨ ਅਤੇ ਸੱਤਾ ਤੇ ਸਰਮਾਏ ਦਾ ਸੰਗ੍ਰਿਹ ਇਕੋ ਸਿੱਕੇ ਦੇ ਦੋ ਪਾਸਿਆਂ ਵਾਂਗ ਹਨ, ਤਾਂ ਲੱਗਦਾ ਨਹੀਂ ਕਿ ਨੇੜ ਭਵਿਖ ਵਿਚ ਮੁਕਤ ਅਤੇ ਨਿਰਪੱਖ ਚੋਣਾਂ ਹੋਣਗੀਆਂ। ਵਾਕਈ ਨਹੀਂ ਲੱਗਦਾ ਕਿ ਨੋਟਬੰਦੀ ਵੱਡੀ ਗਲਤੀ ਸੀ।

ਮੋਦੀ ਦੇ ਦੂਜੇ ਕਾਰਜਕਾਲ ਵਿਚ ਆਰ. ਐਸ. ਐਸ. ਨੇ ਆਪਣੀ ਖੇਡ ਪਹਿਲਾਂ ਤੋਂ ਵੱਧ ਲੰਮੀ-ਚੌੜੀ ਬਣਾ ਲਈ ਹੈ। ਹੁਣ ਇਹ ਜਥੇਬੰਦੀ ਇਕ ਸ਼ੈਡੋ ਸਟੇਟ ਜਾਂ ਸਮਾਨੰਤਰ ਸਰਕਾਰ ਨਹੀਂ, ਸਗੋਂ ਅਸਲੀ ਸਟੇਟ ਹੈ। ਦਿਨੋ ਦਿਨ ਸਾਡੇ ਕੋਲ ਨਿਆਂਪਾਲਿਕਾ, ਮੀਡੀਆ, ਪੁਲਿਸ, ਖੁਫੀਆ ਏਜੰਸੀਆਂ ਵਿਚ ਇਸ ਦੀ ਭੂਮਿਕਾ ਦੀਆਂ ਮਿਸਾਲਾਂ ਸਾਹਮਣੇ ਆ ਰਹੀਆਂ ਹਨ। ਚਿੰਤਾਜਨਕ ਗੱਲ ਇਹ ਹੈ ਕਿ ਇਹ ਹਥਿਆਰਬੰਦ ਲਸ਼ਕਰਾਂ ਵਿਚ ਵੀ ਇਕ ਹੱਦ ਤਕ ਰਸੂਖ ਰੱਖਦੀ ਹੈ। ਵਿਦੇਸ਼ੀ ਕੂਟਨੀਤਕ ਅਤੇ ਸਫੀਰ ਇਸ ਦੇ ਨਾਗਪੁਰ ਸਥਿਤ ਸਦਰ-ਮੁਕਾਮ ਵਿਚ ਹਾਜ਼ਰੀ ਲਾ ਕੇ ਡੰਡੌਤ ਕਰਦੇ ਹਨ।

ਗੱਲ ਇਥੋਂ ਤੱਕ ਪਹੁੰਚ ਗਈ ਹੈ ਕਿ ਪ੍ਰਤੱਖ ਕੰਟਰੋਲ ਜ਼ਰੂਰੀ ਨਹੀਂ ਰਹਿ ਗਿਆ। ਚਾਰ ਸੌ ਤੋਂ ਵੱਧ ਟੀ. ਵੀ. ਸਮਾਚਾਰ ਚੈਨਲ, ਲੱਖਾਂ ਵੱਟਸ ਐਪ ਗਰੁਪ ਅਤੇ ਟਿਕ-ਟੌਕ ਵੀਡੀਓ ਆਵਾਮ



*ਆਰ.ਐਸ.ਐਸ. ਪ੍ਰਚਾਰਕ ਨਰਿੰਦਰ ਮੋਦੀ ਦੀ ਪੁਰਾਣੀ ਤਸਵੀਰ।*

ਨੂੰ ਧਾਰਮਿਕ ਜਨੂੰਨ ਦੇ ਸਰੂਰ ਵਿਚ ਡੁਬੋਈ ਰੱਖਦੇ ਹਨ।

ਨੌਂ ਨਵੰਬਰ ਨੂੰ ਭਾਰਤ ਦੀ ਸੁਪਰੀਮ ਕੋਰਟ ਨੇ 'ਦੁਨੀਆਂ ਦੇ ਸਭ ਤੋਂ ਅਹਿਮ' ਕਹੇ ਜਾ ਰਹੇ ਕੇਸ ਬਾਰੇ ਫੈਸਲਾ ਸੁਣਾਇਆ। ਛੇ ਦਸੰਬਰ 1992 ਨੂੰ ਅਯੁੱਧਿਆ ਵਿਚ ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਭਾਜਪਾ ਆਗੂਆਂ ਦੀ ਅਗਵਾਈ ਵਿਚ ਹਿੰਦੂ ਹੁੱਲੜਬਾਜ਼ਾਂ ਦੇ ਹਜੂਮ ਨੇ 450 ਸਾਲ ਪੁਰਾਣੀ ਇਕ ਮਸਜਿਦ ਤੋੜ ਦਿੱਤੀ ਸੀ। ਉਨ੍ਹਾਂ ਦਾ ਦਾਅਵਾ ਸੀ ਕਿ ਬਾਬਰੀ ਮਸਜਿਦ ਇਕ ਮੰਦਿਰ ਦੇ ਖੰਡਰਾਂ 'ਤੇ ਬਣਾਈ ਗਈ ਸੀ, ਜੋ ਭਗਵਾਨ ਰਾਮ ਦਾ ਜਨਮ ਸਥਾਨ ਸੀ। ਮਸਜਿਦ ਢਾਹੇ ਜਾਣ ਪਿਛੋਂ ਹੋਈ ਫਿਰਕੂ ਹਿੰਸਾ ਵਿਚ ਦੋ ਹਜ਼ਾਰ ਤੋਂ ਵੱਧ ਲੋਕ ਮਾਰੇ ਗਏ, ਜਿਨ੍ਹਾਂ ਵਿਚ ਬਹੁਤੇ ਮੁਸਲਮਾਨ ਸਨ।

ਨੌਂ ਨਵੰਬਰ ਦੇ ਫੈਸਲੇ ਵਿਚ ਅਦਾਲਤ ਨੇ ਕਿਹਾ ਕਿ ਕਾਨੂੰਨੀ ਤੌਰ 'ਤੇ ਮੁਸਲਮਾਨ ਮਸਜਿਦ 'ਤੇ ਆਪਣਾ ਵਾਹਦ ਅਤੇ ਨਿਰੰਤਰ ਮਾਲਕਾਨਾ ਹੱਕ ਸਾਬਤ ਨਹੀਂ ਕਰ ਸਕੇ। ਅਦਾਲਤ ਨੇ ਇਸ ਸਥਾਨ ਨੂੰ ਟਰੱਸਟ ਦੇ ਹਵਾਲੇ ਕਰ ਦਿੱਤਾ, ਜਿਸ ਦਾ ਗਠਨ ਭਾਜਪਾ ਸਰਕਾਰ ਕਰੇਗੀ ਅਤੇ ਉਸ ਨੂੰ ਮੰਦਿਰ ਬਣਾਉਣ ਦਾ ਜ਼ਿੰਮਾ ਸੌਂਪ ਦਿੱਤਾ ਗਿਆ। ਫੈਸਲੇ ਦਾ ਵਿਰੋਧ ਕਰਨ ਵਾਲੇ ਵੱਡੇ ਪੱਧਰ 'ਤੇ ਗ੍ਰਿਫਤਾਰ ਕੀਤੇ ਗਏ। ਵਿਸ਼ਵ ਹਿੰਦੂ ਪ੍ਰੀਸ਼ਦ ਨੇ ਆਪਣੇ ਇਸ ਪੁਰਾਣੇ ਬਿਆਨ ਤੋਂ ਪਿੱਛੇ ਹਟਣ ਤੋਂ ਨਾਂਹ ਕਰ ਦਿੱਤੀ ਹੈ ਕਿ ਹੁਣ ਉਹ ਬਾਕੀ ਮਸਜਿਦਾਂ 'ਤੇ ਦਾਅਵਾ ਕਰੇਗੀ। ਇਹ ਇਕ ਅਸੀਮ ਮੁਹਿੰਮ ਬਣ ਸਕਦਾ ਹੈ, ਤੇ ਬਣੇ ਵੀ ਕਿਉਂ ਨਾ, ਆਖਿਰਕਾਰ ਸਾਰੇ ਲੋਕ ਕਿਤਿਓਂ ਨਾ ਕਿਤਿਓਂ ਤਾਂ ਆਏ ਹੀ ਹਨ ਅਤੇ ਸਾਰੀਆਂ ਇਮਾਰਤਾਂ ਕਿਸੇ ਨਾ ਕਿਸੇ ਇਮਾਰਤ 'ਤੇ ਹੀ ਬਣੀਆਂ ਹੋਈਆਂ ਹਨ।

ਬੇਥਾਹ ਪੈਸਾ ਜਿਸ ਕਦਰ ਪ੍ਰਭਾਵ ਪੈਦਾ ਕਰਦਾ ਹੈ, ਉਸੇ ਦੇ ਜ਼ੋਰ ਭਾਜਪਾ ਨੇ ਆਪਣੇ ਸਿਆਸੀ ਸ਼ਰੀਕਾਂ ਨੂੰ ਆਪਣੇ ਨਾਲ ਰਲਾਇਆ, ਖਰੀਦਿਆ ਜਾਂ ਕੁਚਲ ਦਿੱਤਾ। ਇਸ ਦਾ ਸਭ ਤੋਂ ਵੱਧ ਨੁਕਸਾਨ ਉਤਰ ਪ੍ਰਦੇਸ਼ ਅਤੇ ਬਿਹਾਰ ਵਿਚ ਦਲਿਤ ਤੇ ਹੋਰ ਪੱਛੜੀਆਂ ਜਾਤਾਂ ਦੇ ਆਧਾਰ ਵਾਲੀਆਂ ਪਾਰਟੀਆਂ ਨੂੰ ਹੋਇਆ ਹੈ। ਇਨ੍ਹਾਂ ਪਾਰਟੀਆਂ (ਬਹੁਜਨ ਸਮਾਜ ਪਾਰਟੀ, ਰਾਸ਼ਟਰੀ ਜਨਤਾ ਦਲ ਤੇ ਸਮਾਜਵਾਦੀ ਪਾਰਟੀ) ਦੇ ਰਵਾਇਤੀ ਹਮਾਇਤੀਆਂ ਦਾ ਵੱਡਾ ਹਿੱਸਾ ਭਾਜਪਾ ਵਿਚ ਸ਼ਾਮਲ ਹੋ ਗਿਆ। ਇਨ੍ਹਾਂ ਜਾਤਾਂ 'ਚ ਉਚ-ਨੀਚ ਦਾ ਆਪਣਾ ਹੀ ਬ੍ਰਹਿਮੰਡ ਹੈ। ਜਾਤੀ ਬਾਰੇ ਭਾਜਪਾ ਦੀ ਡੂੰਘੀ ਤੇ ਸਾਜ਼ਿਸ਼ੀ ਸਮਝ ਅਤੇ ਇਸ ਕੋਲ ਬੇਥਾਹ ਧਨ ਨੇ ਜਾਤੀ ਸਿਆਸਤ ਦੇ ਪੁਰਾਣੇ ਚੋਣ ਸਮੀਕਰਨ ਪੂਰੀ ਤਰ੍ਹਾਂ ਬਦਲ ਦਿੱਤੇ ਹਨ।

ਦਲਿਤਾਂ ਅਤੇ ਪੱਛੜੀਆਂ ਜਾਤਾਂ ਦੀਆਂ ਵੋਟਾਂ ਖਿੱਚ ਲੈਣ ਪਿਛੋਂ ਭਾਜਪਾ ਨੇ ਸਿੱਖਿਆ ਤੇ ਸਿਹਤ ਦੇ ਖੇਤਰਾਂ ਦੇ ਨਿੱਜੀਕਰਨ ਦੀਆਂ ਨੀਤੀਆਂ ਨੂੰ ਅੱਗੇ ਵਧਾਇਆ ਹੈ ਅਤੇ ਉਹ ਰਾਖਵਾਂਕਰਨ ਤੋਂ ਮਿਲਣ ਵਾਲੇ ਲਾਭਾਂ ਨੂੰ ਤੇਜ਼ੀ ਨਾਲ ਖਤਮ ਕਰ ਰਹੀ ਹੈ। ਇਸ ਦੌਰਾਨ ਕੌਮੀ ਜੁਰਮ ਰਿਕਾਰਡ ਬਿਊਰੋ ਤੋਂ ਪਤਾ ਲੱਗਦਾ ਹੈ ਕਿ ਦਲਿਤਾਂ ਖਿਲਾਫ ਜ਼ੁਲਮ ਕਈ ਗੁਣਾ ਵਧ ਗਏ ਹਨ। ਇਸ ਸਾਲ ਸਤੰਬਰ ਵਿਚ ਜਦੋਂ ਗੇਟਸ ਫਾਊਂਡੇਸ਼ਨ ਨੇ ਮੋਦੀ ਨੂੰ ਹਿੰਦੁਸਤਾਨ ਨੂੰ ਖੁੱਲ੍ਹੇ ਵਿਚ ਪਖਾਨਾ ਜਾਣ ਤੋਂ ਮੁਕਤ ਕਰਨ ਲਈ ਸਨਮਾਨਿਤ ਕੀਤਾ, ਉਸੇ ਸਮੇਂ ਦੌਰਾਨ ਖੁੱਲ੍ਹੇ ਵਿਚ ਪਖਾਨਾ ਕਰਨ ਕਰਕੇ ਦੋ ਦਲਿਤ ਬੱਚਿਆਂ ਦਾ ਕਤਲ ਕਰ ਦਿੱਤਾ ਗਿਆ। ਕਿਸੇ ਪ੍ਰਧਾਨ ਮੰਤਰੀ ਦਾ ਸਫਾਈ ਲਈ ਸਨਮਾਨ ਕਰਨਾ ਜਦਕਿ ਲੱਖਾਂ ਦਲਿਤ ਅਜੇ ਵੀ ਹੱਥਾਂ ਨਾਲ ਮੈਲਾ ਢੋਅ ਰਹੇ ਹਨ, ਇਕ ਭੱਦਾ ਮਜ਼ਾਕ ਹੈ।

ਧਾਰਮਿਕ ਘੱਟਗਿਣਤੀਆਂ 'ਤੇ ਸ਼ਰੇਆਮ ਹਮਲਿਆਂ ਤੋਂ ਇਲਾਵਾ ਅੱਜ ਅਸੀਂ ਜਿਨ੍ਹਾਂ ਹਾਲਾਤ ਵਿਚੋਂ ਗੁਜ਼ਰ ਰਹੇ ਹਾਂ, ਉਹ ਇਹ ਹਨ ਕਿ ਜਮਾਤੀ ਅਤੇ ਜਾਤੀ ਯੁੱਧ ਭਿਆਨਕ ਰੂਪ ਅਖਤਿਆਰ ਕਰ ਰਿਹਾ ਹੈ।

(ਚਲਦਾ)

ਪੰਜਾਬ ਟਾਈਮਜ਼

ਸਨਿਚਰਵਾਰ, 7 ਦਸੰਬਰ 2019

# ਕੈਪਟਨ ਦੀ ਨਾਲਾਇਕੀ

ਪਾਕਿਸਤਾਨ ਦੇ ਰੇਲ ਮੰਤਰੀ ਸ਼ੇਖ ਰਸ਼ੀਦ ਦਾ ਬਿਆਨ ਆਉਣ ਪਿਛੋਂ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਇਕ ਵਾਰ ਫਿਰ ਨੀਂਦ 'ਚੋਂ ਜਾਗੇ ਹਨ ਤੇ ਉਨ੍ਹਾਂ ਪੈਂਦੀ ਸੱਟੇ ਹੀ ਕਰਤਾਰਪੁਰ ਲਾਂਘੇ ਬਾਰੇ ਬਿਆਨ ਦਾਗ ਦਿੱਤਾ ਹੈ। ਸ਼ੇਖ ਰਸ਼ੀਦ ਨੇ ਕਿਹਾ ਸੀ ਕਿ ਕਰਤਾਰਪੁਰ ਲਾਂਘਾ ਖੋਲ੍ਹਣ ਦੀ ਤਜਵੀਜ਼ ਪਾਕਿਸਤਾਨੀ ਫੌਜ ਦੇ ਮੁਖੀ ਜਨਰਲ ਕਮਰ ਜਾਵੇਦ ਬਾਜਵਾ ਦੇ ਦਿਮਾਗ ਦੀ ਕਾਢ ਸੀ। ਅਸਲ 'ਚ ਜਦੋਂ ਤੋਂ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਆਪਣੇ ਅਹੁਦੇ ਦਾ ਹਲਫ ਲਿਆ ਹੈ, ਉਦੋਂ ਤੋਂ ਹੀ ਕਰਤਾਰਪੁਰ ਲਾਂਘੇ ਬਾਰੇ ਲਗਾਤਾਰ ਸਿਆਸਤ ਹੋ ਰਹੀ ਹੈ। ਇਮਰਾਨ ਖਾਨ ਦੇ ਹਲਫਦਾਰੀ ਸਮਾਗਮ 'ਤੇ ਗਏ ਨਵਜੋਤ ਸਿੰਘ ਸਿੱਧੂ ਦੀ ਜਨਰਲ ਕਮਰ ਜਾਵੇਦ ਬਾਜਵਾ ਨਾਲ ਗਲਵੱਕੜੀ ਉਤੇ ਵੀ ਬਹੁਤ ਸਿਆਸਤ ਹੋਈ ਸੀ। ਇਸ ਗਲਵੱਕੜੀ ਪਿਛੋਂ ਹੀ ਕਰਤਾਰਪੁਰ ਲਾਂਘਾ ਖੋਲ੍ਹਣ ਬਾਰੇ ਗੱਲਾਂ ਚੱਲੀਆਂ ਸਨ। ਲਾਂਘਾ ਖੋਲ੍ਹਣ ਦੇ ਮਾਮਲੇ 'ਤੇ ਭਾਰਤ ਵਾਲੇ ਪਾਸਿਓਂ ਹਰ ਤਰ੍ਹਾਂ ਦੀ ਸਿਆਸਤ ਦੇ ਬਾਵਜੂਦ ਪਾਕਿਸਤਨ ਨੇ ਤਹੱਮਲ ਦਾ ਪੱਲਾ ਫੜੀ ਰੱਖਿਆ ਅਤੇ ਪਾਕਿਸਤਾਨ ਦੀ ਇਸੇ ਪਹੁੰਚ ਕਰਕੇ ਹੀ ਅੱਜ ਕਰਤਾਰਪੁਰ ਦਾ ਲਾਂਘਾ ਖੁੱਲ੍ਹਣ ਦਾ ਸੁਪਨਾ ਸਾਕਾਰ ਹੋ ਸਕਿਆ ਹੈ; ਨਹੀਂ ਤਾਂ ਭਾਰਤ ਸਰਕਾਰ ਤੇ ਕੈਪਟਨ ਅਮਰਿੰਦਰ ਸਿੰਘ ਜਿਹੇ ਆਗੂਆਂ ਨੇ ਅੜਿੱਕੇ ਡਾਹੁਣ ਦਾ ਕੋਈ ਮੌਕਾ ਗੁਆਇਆ ਨਹੀਂ।

ਇਹ ਨਹੀਂ ਕਿ ਇਸ ਮਸਲੇ 'ਤੇ ਪਾਕਿਸਤਾਨ ਵਾਲੇ ਪਾਸਿਓਂ ਕੋਈ ਸਿਆਸਤ ਨਹੀਂ ਹੋਈ; ਸਿਆਸੀ ਵਿਸ਼ੇਸ਼ਕਾਂ ਅਨੁਸਾਰ, ਮੁਲਕ ਦੀ ਡਾਵਾਂਡੋਲ ਆਰਥਕ ਹਾਲਤ ਅਤੇ ਮੋਦੀ ਸਰਕਾਰ ਦੇ ਲੜਾਈ ਵਾਲੇ ਰੁਖ ਕਰਕੇ ਪਾਕਿਸਤਾਨ ਦਬਾਅ ਹੇਠ ਹੈ, ਪਰ ਸੰਜੀਦਾ ਵਿਸ਼ਲੇਸ਼ਕ ਵਾਰ-ਵਾਰ ਦੁਹਰਾ ਰਹੇ ਹਨ ਕਿ ਦੋਹਾਂ ਮੁਲਕਾਂ ਵਿਚਾਲੇ ਪਈਆਂ ਤਰੇੜਾਂ ਨੂੰ ਕਰਤਾਰਪੁਰ ਦਾ ਲਾਂਘਾ ਭਰ ਸਕਦਾ ਹੈ। ਇਹ ਵੱਖਰੀ ਗੱਲ ਹੈ ਕਿ ਭਾਰਤ ਵਾਲੇ ਪਾਸਿਓਂ ਹੁਣ ਤਕ ਖੇਡ ਖਰਾਬ ਕਰਨ ਦੀ ਹੀ ਨੀਅਤ ਦਿਖਾਈ ਦਿੱਤੀ ਹੈ। ਇਸ ਮਾਮਲੇ 'ਤੇ ਕੈਪਟਨ ਅਮਰਿੰਦਰ ਸਿੰਘ ਨਿਰੀ ਕੇਂਦਰ ਸਰਕਾਰ ਵਾਲੀ ਬੋਲੀ ਹੀ ਬੋਲ ਰਿਹਾ ਹੈ। ਅਸਲ ਵਿਚ ਜਦੋਂ ਤੋਂ ਪੰਜਾਬ ਵਿਚ ਕੈਪਟਨ ਦੀ ਸਰਕਾਰ ਬਣੀ ਹੈ, ਇਸ ਨੇ ਲੋਕਾਂ ਨਾਲ ਜੁੜਿਆ ਇਕ ਵੀ ਕੰਮ ਨਹੀਂ ਕੀਤਾ ਹੈ। ਹੋਰ ਤਾਂ ਹੋਰ, ਵੱਖ-ਵੱਖ ਮਹਿਕਮਿਆਂ ਦਾ ਬੁਰਾ ਹਾਲ ਹੋਇਆ ਪਿਆ ਹੈ। ਇਨ੍ਹਾਂ ਮਹਿਕਮਿਆਂ ਦੇ ਮੁਲਾਜ਼ਮ ਧਰਨੇ-ਮੁਜਾਹਰੇ ਲਾ ਰਹੇ ਹਨ। ਬੇਰੁਜ਼ਗਾਰੀ ਦੀ ਮਾਰ ਕਾਰਨ ਪੰਜਾਬ ਦਾ ਨੌਜਵਾਨ ਵਿਦੇਸ਼ਾਂ ਵਲ ਮੂੰਹ ਕਰੀ ਬੈਠਾ ਹੈ। ਨਸ਼ਿਆਂ ਨੇ ਘਰਾਂ ਦੇ ਘਰ ਤਬਾਹ ਕਰਕੇ ਰੱਖ ਦਿੱਤੇ ਹਨ। ਸਿਹਤ ਅਤੇ ਸਿਖਿਆ ਸਹੂਲਤਾਂ ਆਮ ਬੰਦੇ ਦੀ ਪਹੁੰਚ ਤੋਂ ਬਾਹਰ ਹੋ ਰਹੀਆਂ ਹਨ। ਕੈਪਟਨ ਦੀ ਆਪਣੀ ਪਾਰਟੀ ਦੇ ਵਿਧਾਇਕ ਉਸ ਖਿਲਾਫ ਬਗਾਵਤਾਂ 'ਤੇ ਉਤਰ ਆਏ ਹਨ। ਇਨ੍ਹਾਂ ਸਾਰੇ ਮਸਲਿਆਂ ਨੂੰ ਲੁਕੋਣ ਅਤੇ ਆਪਣੀ ਸਰਕਾਰ ਚਲਦੀ ਰੱਖਣ ਦੇ ਮਨਸ਼ੇ ਨਾਲ ਕੈਪਟਨ ਅਮਰਿੰਦਰ ਸਿੰਘ ਲੋਕਾਂ ਨੂੰ ਮੁੜ ਅਤਿਵਾਦ ਸ਼ੁਰੂ ਹੋਣ ਦੇ ਡਰਾਵੇ ਦੇ ਰਿਹਾ ਹੈ।

ਕਰਤਾਰਪੁਰ ਲਾਂਘੇ ਬਾਰੇ ਹੁਣ ਤਕ ਕੈਪਟਨ ਅਮਰਿੰਦਰ ਸਿੰਘ ਦੇ ਜਿੰਨੇ ਵੀ ਬਿਆਨ ਆਏ ਹਨ, ਉਨ੍ਹਾਂ ਵਿਚ ਰੈਫਰੈਂਡਮ-2020 ਦਾ ਜ਼ਿਕਰ ਜ਼ਰੂਰ ਹੁੰਦਾ ਹੈ। ਇਸ ਨੂੰ ਉਹ ਅਗਾਂਹ ਪੰਜਾਬ ਵਿਚ ਮੁੜ ਅਤਿਵਾਦ ਨਾਲ ਜੋੜ ਲੈਂਦਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਵੀ ਕੈਪਟਨ ਦੇ ਇਸ ਬਿਆਨ ਦੀ ਨੁਕਤਾਚੀਨੀ ਕੀਤੀ ਹੈ, ਹਾਲਾਂਕਿ ਸ਼੍ਰੋਮਣੀ ਕਮੇਟੀ ਨੇ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਦੇ ਮਾਮਲੇ ਵਿਚ ਸਾਹਮਣੇ ਆ ਰਹੀਆਂ ਪੇਚੀਦਗੀਆਂ ਨੂੰ ਦੂਰ ਕਰਨ ਲਈ ਕੋਈ ਖਾਸ ਤਰੱਦਦ ਨਹੀਂ ਕੀਤਾ ਹੈ ਅਤੇ ਸ਼ਰਧਾਲੂ ਇਸ ਸਬੰਧੀ ਜਾਣਕਾਰੀ ਦੀ ਘਾਟ ਕਾਰਨ ਨਿੱਤ ਦਿਨ ਖੱਜਲ-ਖੁਆਰ ਹੋ ਰਹੇ ਹਨ। ਉਧਰ, ਰੈਫਰੈਂਡਮ-2020 ਵਾਲਿਆਂ ਦੀ ਆਪਣੀ ਸਿਆਸਤ ਹੈ। ਪੰਜਾਬ ਦਾ ਬੱਚਾ-ਬੱਚਾ ਜਾਣਦਾ ਹੈ ਕਿ ਰੈਫਰੈਂਡਮ-2020 ਵਾਲਿਆਂ ਵਲੋਂ ਅੱਡੀ-ਚੋਟੀ ਦਾ ਜ਼ੋਰ ਲਾਉਣ ਦੇ ਬਾਵਜੂਦ ਉਨ੍ਹਾਂ ਦਾ ਕਿਸੇ ਵੀ ਪਾਸੇ ਹੱਥ ਨਹੀਂ ਪੈ ਰਿਹਾ। ਪਰਦੇਸਾਂ ਵਿਚ ਇਸ ਦਾ ਥੋੜ੍ਹਾ-ਬਹੁਤ ਪ੍ਰਚਾਰ ਜ਼ਰੂਰ ਹੈ, ਪਰ ਪੰਜਾਬ ਦੇ ਲੋਕ ਇਸ ਵਕਤ ਜਿਨ੍ਹਾਂ ਮੁਸੀਬਤਾਂ ਨਾਲ ਜੂਝ ਰਹੇ ਹਨ, ਉਨ੍ਹਾਂ ਲਈ ਫਿਲਹਾਲ ਰੈਫਰੈਂਡਮ-2020 ਮੁੱਦਾ ਨਹੀਂ ਹੈ। ਜਾਹਰ ਹੈ ਕਿ ਦੋਹਾਂ ਧਿਰਾਂ ਨੂੰ ਹੀ ਇਹ ਮੁੱਦਾ ਸੂਤ ਬੈਠ ਰਿਹਾ ਹੈ। ਇਸੇ ਕਰਕੇ ਇਕ-ਦੂਜੇ ਵਲੋਂ ਇਸ ਬਾਰੇ ਬਿਆਨ ਲਗਾਤਾਰ ਆ ਰਹੇ ਹਨ।

ਕਰਤਾਰਪੁਰ ਖੁੱਲ੍ਹਣ ਦੀ ਉਡੀਕ ਸ਼ਰਧਾਲੂ ਦਹਾਕਿਆਂ ਤੋਂ ਕਰਦੇ ਆ ਰਹੇ ਹਨ। ਹੁਣ ਜਦੋਂ ਸ਼ਰਧਾਲੂਆਂ ਦਾ ਇਹ ਸੁਪਨਾ ਸਾਕਾਰ ਹੋ ਗਿਆ ਹੈ ਤਾਂ ਭਾਰਤ ਸਰਕਾਰ ਅਤੇ ਕੈਪਟਨ ਅਮਰਿੰਦਰ ਸਿੰਘ ਜਿਹੇ ਆਗੂ ਅੜਿੱਕੇ ਡਾਹੁਣ ਦੀ ਕੋਸ਼ਿਸ਼ ਕਰ ਰਹੇ ਹਨ ਅਤੇ ਇਸ ਨੂੰ ਦੇਸ਼ ਦੀ ਏਕਤਾ ਤੇ ਅਖੰਡਤਾ ਲਈ ਖਤਰਾ ਆਖ ਨੇ ਸ਼ਰਧਾਲੂਆਂ ਨੂੰ ਨਿਰਾਸ਼ ਕਰ ਰਹੇ ਹਨ। ਉਂਜ ਵੀ ਜੇ ਭਾਰਤ ਸਰਕਾਰ ਅਤੇ ਕੈਪਟਨ ਅਮਰਿੰਦਰ ਸਿੰਘ ਨੂੰ ਜਾਪ ਰਿਹਾ ਹੈ ਕਿ ਪਾਕਿਸਤਾਨ ਕਰਤਾਰਪੁਰ ਲਾਂਘੇ ਨੂੰ ਅਤਿਵਾਦ ਦੇ ਫੈਲਾਓ ਲਈ ਵਰਤ ਸਕਦਾ ਹੈ ਤਾਂ ਇਸ ਬਾਰੇ ਪੁਖਤਾ ਪ੍ਰਬੰਧ ਕਰਨ ਦੀ ਲੋੜ ਹੈ, ਬੇਲੋੜੀ ਬਿਆਨਬਾਜ਼ੀ ਦੀ ਨਹੀਂ। ਹਕੀਕਤ ਇਹ ਹੈ ਕਿ ਦੋਹਾਂ ਦੇਸ਼ਾਂ ਦੇ ਸਿਆਸੀ ਆਗੂਆਂ ਦੀ ਸਿਆਸਤ ਇਕ-ਦੂਜੇ ਖਿਲਾਫ ਨਫਰਤ ਦੇ ਤੀਰ ਚਲਾ ਕੇ ਹੀ ਚਲਦੀ ਰਹੀ ਹੈ। ਚੋਣਾਂ ਦੇ ਦਿਨਾਂ ਦੌਰਾਨ ਨਫਰਤ ਦਾ ਇਹ ਪ੍ਰਚਾਰ ਹੋਰ ਵੀ ਜ਼ਹਿਰੀਲਾ ਹੋ ਜਾਂਦਾ ਹੈ। ਜਦੋਂ ਤੋਂ ਕੇਂਦਰ ਵਿਚ ਨਰਿੰਦਰ ਮੋਦੀ ਦੀ ਅਗਵਾਈ ਹੇਠ ਸਰਕਾਰ ਬਣੀ ਹੈ, ਨਫਰਤ ਦੀ ਇਹ ਸਿਆਸਤ ਬਹੁਤ ਵੱਡੇ ਪੱਧਰ ਉਤੇ ਮਘਾਈ ਗਈ ਹੈ। ਸਰਕਾਰ ਖਿਲਾਫ ਬੋਲਣ ਵਾਲੇ ਨੂੰ ਦੇਸ਼ਧ੍ਰੋਹੀ ਤਕ ਆਖਿਆ ਜਾ ਰਿਹਾ ਹੈ। ਨਫਰਤ ਦੀ ਇਹ ਸਿਆਸਤ ਸਿਆਸੀ ਪਾਰਟੀਆਂ ਦੀ ਝੋਲੀ ਵੋਟਾਂ ਨਾਲ ਤਾਂ ਜ਼ਰੂਰ ਭਰ ਦਿੰਦੀ ਹੈ, ਪਰ ਇਸ ਨਾਲ ਲੋਕਾਂ ਵਿਚਾਲੇ ਜੋ ਪਾੜਾ ਪੈ ਰਿਹਾ ਹੈ, ਉਸ ਨਾਲ ਮਨੁੱਖਤਾ ਦਾ ਘਾਣ ਹੋ ਰਿਹਾ ਹੈ। ਹੁਣ ਸੁਘੜ-ਸਿਆਣੇ ਲੋਕਾਂ ਨੇ ਸੋਚਣਾ ਹੈ ਕਿ ਨਫਰਤ ਦੇ ਇਸ ਤੂਫਾਨ ਦਾ ਮੁਕਾਬਲਾ ਕਿਸ ਤਰ੍ਹਾਂ ਕਰਨਾ ਹੈ? ਨਫਰਤ ਨੂੰ ਕਾਟ ਕਰਨ ਵਾਲੀ ਸਿਆਸਤ ਹੀ ਮਨੁੱਖਤਾ ਅੰਦਰ ਮੁਹੱਬਤਾਂ ਦੇ ਦੀਵੇ ਬਾਲ ਸਕਦੀ ਹੈ ਅਤੇ ਕਰਤਾਰਪੁਰ ਲਾਂਘਾ ਇਸ ਸਬੰਧ ਵਿਚ ਮਿਸਾਲੀ ਹੋ ਸਕਦਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਸਿਆਸਤਾਂ ਬਨਾਮ ਦਿਲ ਦੀਆਂ ਬਾਤਾਂ*

ਤਿੰਨ ਸਾਲ ਹੋ ਗਏ ਹੱਥ ਸੂਬੇ ਦੀ ਕਮਾਨ ਹੈ, ਤੋੜਿਆ ਨਾ ਡੱਕਾ ਇਹੇ ਫੇਲ੍ਹ ਕਪਤਾਨ ਹੈ।
ਕੰਮ ਨਾ ਕੋਈ ਕੀਤਾ ਹੁਣ ਉਠਣ ਬਗਾਵਤਾਂ, ਜਾਪਦਾ ਹੈ ਏਦਾਂ ਵਿਕ ਚੁਕਿਆ ਸਮਾਨ ਹੈ।
ਲਾਂਘੇ ਬਾਰੇ ਦਾਗਦਾ ਬਿਆਨ ਹਰ ਤੀਜੇ ਦਿਨ, ਇਸ ਮਸਲੇ 'ਤੇ ਜਾਣੋ ਦਿਲ ਬੇਈਮਾਨ ਹੈ।
'ਬਾਬੇ ਕੀਆਂ ਰਹਿਮਤਾਂ' ਨੂੰ ਮਾਰਦਾ ਏਂ ਠੋਕਰਾਂ, ਦੱਸੀਂ ਜ਼ਰਾ ਰਾਜਿਆ ਕਾਹਦਾ ਇਹ ਗੁਮਾਨ ਹੈ।
ਛੱਡ ਕੇ ਸਿਆਸਤਾਂ ਤੂੰ ਦਿਲ ਦੀਆਂ ਬਾਤਾਂ ਸੁਣ, 'ਬਾਬਾ' 'ਬਾਬਾ' ਕੂਕਦੇ ਧਰਤ-ਅਸਮਾਨ ਹੈ।
ਪਈ ਗਲਵੱਕੜੀ ਏ ਨਿੱਘ ਦੀ ਸੌਗਾਤ ਮਿਲੀ, ਮੁਹੱਬਤੀ ਤਰਾਨਿਆਂ ਦਾ ਹੋਇਆ ਅਨੁਮਾਨ ਹੈ।

# ਸਿਹਤ ਸੰਭਾਲ ਨੂੰ ਖੋਰਾ

## ਸਰਕਾਰੀ ਮੈਡੀਕਲ ਕਾਲਜਾਂ ਦੇ ਨਿਜੀਕਰਨ ਵਲ ਕਦਮ

*ਪੰਜਾਬ ਵਿਚ ਪ੍ਰਸ਼ਾਸਨ ਹਾਲੋਂ-ਬੇਹਾਲ ਹੈ। ਹੋਰ ਖੇਤਰਾਂ ਵਾਂਗ ਸਿਹਤ ਮਹਿਕਮਾ ਵੀ ਰੀਂਗ ਰਿਹਾ ਹੈ। ਲੋਕ ਸਰਕਾਰ ਕੋਲੋਂ ਬੁਨਿਆਦੀ ਸਹੂਲਤਾਂ ਦੀ ਮੰਗ ਕਰ ਰਹੇ ਹਨ, ਆਪਣੀਆਂ ਮੰਗਾਂ ਲਈ ਧਰਨੇ-ਮੁਜਾਹਰੇ ਕਰ ਰਹੇ ਹਨ, ਪਰ ਸਰਕਾਰ ਨੂੰ ਸਾਰੀਆਂ ਸਮੱਸਿਆਵਾਂ ਦਾ ਇਕੋ-ਇਕ ਹੱਲ ਨਿੱਜੀਕਰਨ ਲਗਦਾ ਹੈ। ਅਮਰਿੰਦਰ ਸਰਕਾਰ ਹੁਣ ਤਲਵਾੜ ਕਮੇਟੀ ਦੀ ਸਲਾਹ 'ਤੇ ਸਰਕਾਰੀ ਕਾਲਜਾਂ ਨੂੰ ਪ੍ਰਾਈਵੇਟ ਹੱਥਾਂ ਵਿਚ ਸੌਂਪਣ ਦੀ ਤਿਆਰੀ ਕਰ ਰਹੀ ਹੈ। ਇਸ ਸਮੁੱਚੇ ਹਾਲਾਤ ਬਾਰੇ ਚਰਚਾ ਡਾ. ਪਿਆਰਾ ਲਾਲ ਗਰਗ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ। -ਸੰਪਾਦਕ*

ਪੰਜਾਬ ਦੇ ਸਰਕਾਰੀ ਮੈਡੀਕਲ, ਡੈਂਟਲ, ਨਰਸਿੰਗ ਕਾਲਜਾਂ ਦੇ ਵਿਦਿਆਰਥੀ ਤੇ ਫੈਕਲਟੀ ਅਤੇ ਇਨ੍ਹਾਂ ਨਾਲ ਜੁੜੇ ਹਸਪਤਾਲਾਂ ਦਾ ਹੋਰ ਅਮਲਾ-ਫੈਲਾ ਹੜਤਾਲ 'ਤੇ ਹੈ। ਉਨ੍ਹਾਂ ਦਾ ਰੋਸ ਹੈ ਕਿ ਤਲਵਾੜ ਕਮੇਟੀ ਦੀ ਸਲਾਹ ਮੰਨ ਕੇ ਪੰਜਾਬ ਸਰਕਾਰ ਇਨ੍ਹਾਂ ਕਾਲਜਾਂ ਤੇ ਹਸਪਤਾਲਾਂ ਨੂੰ ਸੁਸਾਇਟੀਆਂ ਹਵਾਲੇ ਕਰਕੇ ਸਵੈ-ਨਿਰਭਰ ਬਣਾਉਣ ਦੇ ਪਰਦੇ ਹੇਠ ਇਨ੍ਹਾਂ ਤੋਂ ਹੱਥ ਖਿੱਚ ਰਹੀ ਹੈ। ਇਸ ਕਦਮ ਨਾਲ ਫੀਸਾਂ ਵਿਚ ਭਾਰੀ ਵਾਧਾ ਹੋਣ ਦੇ ਨਾਲ ਨਾਲ ਮਰੀਜ਼ਾਂ ਦੇ ਇਲਾਜ, ਅਪਰੇਸ਼ਨਾਂ ਅਤੇ ਟੈਸਟਾਂ ਦੇ ਰੇਟ ਵੀ ਅਸਮਾਨ ਛੂਹ ਜਾਣਗੇ ਅਤੇ ਗਰੀਬਾਂ ਨੂੰ ਮਿਲਦਾ ਥੋੜ੍ਹਾ-ਬਹੁਤ ਉਚ ਪਾਏ ਦਾ ਇਲਾਜ ਵੀ ਬੰਦ ਹੋ ਜਾਵੇਗਾ।

ਅੰਮ੍ਰਿਤਸਰ ਤੇ ਪਟਿਆਲਾ ਵਿਖੇ ਇਨ੍ਹਾਂ ਕਾਲਜਾਂ ਵਿਚ ਸਾਲਾਨਾ ਐਮ.ਬੀ.ਬੀ.ਐਸ. ਦੀਆਂ 400, ਐਮ.ਡੀ./ਐਮ.ਐਸ. ਦੀਆਂ 281, ਬੀ.ਡੀ.ਐਸ. ਦੀਆਂ 80, ਨਰਸਿੰਗ ਦੀਆਂ 120 ਅਤੇ ਹੋਰ ਕਈ ਪੋਸਟ ਗਰੈਜੂਏਟ ਕੋਰਸਾਂ ਅਤੇ

ਡਾ. ਪਿਆਰਾ ਲਾਲ ਗਰਗ

ਡਿਪਲੋਮਾ ਆਦਿ ਦੀਆਂ ਸੀਟਾਂ ਹਨ। ਕਿਸੇ ਵੀ ਸਮੇਂ ਕੁੱਲ ਵਿਦਿਆਰਥੀਆਂ ਵਿਚ 2800 ਗਰੈਜੂਏਸ਼ਨ ਦੇ, 900 ਤੋਂ ਵੱਧ ਪੋਸਟ ਗਰੈਜੂਏਸ਼ਨ ਅਤੇ ਹੋਰ ਕਈ ਡਿਪਲੋਮਿਆਂ ਦੇ ਵਿਦਿਆਰਥੀ ਸਿਖਲਾਈ ਪ੍ਰਾਪਤ ਕਰਦੇ ਹਨ। ਇਨ੍ਹਾਂ ਨਾਲ ਜੁੜੇ ਉਚ ਇਲਾਜ ਵਾਲੇ 1100-1100 ਬੈੱਡ ਦੇ ਯਾਨੀ 2200 ਬੈੱਡਾਂ ਵਾਲੇ ਹਸਪਤਾਲ ਮਰੀਜ਼ਾਂ ਦੇ ਉਚ ਪਧਰੇ ਐਮਰਜੈਂਸੀ, ਆਊਟਡੋਰ ਅਤੇ ਇਨਡੋਰ ਇਲਾਜ ਤੇ ਸਿਖਲਾਈ ਵਿਚ ਲੱਗੇ ਰਹਿੰਦੇ ਹਨ।

ਇਨ੍ਹਾਂ ਵਿਚ ਸਿਖਲਾਈ ਪ੍ਰਾਪਤ ਕਰਦੇ ਵਿਦਿਆਰਥੀਆਂ ਅਤੇ ਐਮ.ਡੀ./ਐਮ.ਐਸ. ਕਰਦੇ ਡਾਕਟਰਾਂ ਦੀ ਜੇ ਸਰਕਾਰ ਵਲੋਂ ਪ੍ਰਾਈਵੇਟ ਕਾਲਜਾਂ ਵਾਸਤੇ ਮਨਜ਼ੂਰਸ਼ੁਦਾ ਫੀਸ ਅਤੇ ਹੋਸਟਲਾਂ ਆਦਿ ਦੇ ਨਿਰਧਾਰਤ ਖਰਚੇ ਅੱਜ ਦੀ ਦਰ 'ਤੇ ਗਿਣੇ ਜਾਣ ਤਾਂ ਦੋਵੇਂ ਕਾਲਜਾਂ ਦੇ ਐਮ.ਬੀ.ਬੀ.ਐਸ. ਵਾਸਤੇ ਕੀਤਾ ਕੰਮ ਸਰਕਾਰ ਵਲੋਂ ਨਿਰਧਾਰਤ ਭਾਅ ਮੁਤਾਬਕ 320 ਕਰੋੜ ਰੁਪਏ ਦਾ ਬਣਦਾ ਹੈ (ਆਦੇਸ਼ ਕਾਲਜ ਵਿਚ ਐਮ.ਬੀ.ਬੀ.ਐਸ. ਦੀ ਪ੍ਰਤੀ ਵਿਦਿਆਰਥੀ ਫੀਸ 80 ਲੱਖ ਰੁਪਿਆ ਹੈ)। ਇਸੇ ਤਰ੍ਹਾਂ ਐਮ.ਡੀ./ਐਮ.ਐਸ. ਦਾ ਕਰੀਬ 100 ਕਰੋੜ ਰੁਪਿਆ ਬਣਦਾ ਹੈ। ਡੈਂਟਲ ਦਾ ਤੇ ਹੋਰ ਕੋਰਸਾਂ ਦਾ ਪੈਸਾ ਪਾ ਕੇ ਸਰਕਾਰੀ ਰੇਟ ਤੇ ਇਹ ਕਾਲਜ 430 ਕਰੋੜ ਰੁਪਏ ਸਾਲਾਨਾ ਖਰਚੇ ਦੀ ਤਾਂ ਕੇਵਲ ਸਿਖਲਾਈ ਹੀ ਦੇ ਰਹੇ ਹਨ।

ਇਸ ਤੋਂ ਇਲਾਵਾ ਬਾਕੀ ਕੰਮ ਜਿਹੜਾ ਇਹ ਮਰੀਜ਼ਾਂ ਦਾ ਕਰਦੇ ਹਨ, ਉਹ ਵੀ ਜੇ ਕੇਵਲ ਉਸੇ ਪੱਧਰ ਦਾ ਜਿਹੋ ਜਿਹਾ ਇਹ ਕਰਦੇ ਹਨ, ਬਾਜ਼ਾਰ ਵਿਚੋਂ ਲੈਣਾ ਹੋਵੇ ਤਾਂ ਕਰੀਬ 125 ਕਰੋੜ ਰੁਪਏ ਦਾ ਬਣਦਾ ਹੈ। ਇਸ ਤਰ੍ਹਾਂ ਇਹ ਸੰਸਥਾਵਾਂ ਘੱਟੋ-ਘੱਟ 555 ਕਰੋੜ ਰੁਪਏ ਸਾਲਾਨਾ ਦਾ ਕੰਮ ਕਰਦੀਆਂ ਹਨ ਜਦਕਿ ਮੈਡੀਕਲ ਸਿਖਿਆ ਤੇ ਖੋਜ ਵਿਭਾਗ ਦਾ 2019-20 ਦਾ ਬਜਟ 467 ਕਰੋੜ ਰੁਪਏ ਹੈ ਜੋ ਪਿਛਲੇ ਸਾਲ 2018-19 ਦੇ 531 ਕਰੋੜ ਨਾਲੋਂ 64 ਕਰੋੜ ਘੱਟ ਹੈ। ਇਸ ਬਜਟ ਵਿਚ ਵੀ 68 ਕਰੋੜ ਰੁਪਏ ਦਾ ਖਰਚਾ ਬੇਲੋੜਾ ਅਤੇ ਫਾਲਤੂ ਹੈ, ਕਿਉਂ ਜੋ ਸਾਲ 2013 ਵਿਚ ਉਸ ਵਕਤ ਦੇ ਡਾਇਰੈਕਟਰ ਵੱਲੋਂ ਗਲਤ ਬਿਆਨੀਆਂ ਤੇ ਮੰਦਭਾਵਨਾ ਨਾਲ ਮੰਤਰੀ ਮੰਡਲ ਨੂੰ ਝੂਠੀ ਸੂਚਨਾ ਦੇ ਕੇ ਬੇਲੋੜੀਆਂ ਅਸਾਮੀਆਂ ਦੀ ਰਚਨਾ ਕਰਵਾ ਦਿੱਤੀ ਗਈ।

ਇਸ ਦੇ ਇਲਾਵਾ ਬਹੁਤ ਸਾਰੀਆਂ ਅਸਾਮੀਆਂ ਉਪਰ ਪੂਰੀ ਤਨਖਾਹ ਅਤੇ ਪੂਰੀ ਪੈਨਸ਼ਨ ਸਮੇਤ ਮੁੜ ਨਿਯੁਕਤੀਆਂ ਕਰਕੇ ਕਰੀਬ ਪੰਜ ਕਰੋੜ ਸਾਲਾਨਾ ਦਾ ਚੂਨਾ ਲਗਾਇਆ ਜਾ ਰਿਹਾ ਹੈ। ਸਹੀ ਮਾਇਨਿਆਂ ਵਿਚ ਤਾਂ ਬਜਟ ਕੇਵਲ 394 ਕਰੋੜ ਰੁਪਏ ਬਣਦਾ ਹੈ ਜਿਸ ਨਾਲ 550 ਕਰੋੜ ਦਾ ਕੰਮ ਤਾਂ ਨਿਰਧਾਰਤ ਸਰਕਾਰੀ ਫੀਸ ਵਾਲਾ ਹੀ ਹੋ ਰਿਹਾ ਹੈ। ਫੀਸਾਂ ਤੇ ਹਸਪਤਾਲ ਦਰਾਂ ਵਜੋਂ 40 ਕਰੋੜ ਤੋਂ ਵੱਧ ਦੀ ਸਾਲਾਨਾ ਆਮਦਨ ਵੀ ਹੈ।

ਡਾ. ਤਲਵਾੜ ਮੈਕਸ ਵਰਗੇ ਪ੍ਰਾਈਵੇਟ ਹਸਪਤਾਲਾਂ ਨਾਲ ਜੁੜੇ ਹੋਣ ਕਾਰਨ, ਹਿਤਾਂ ਦੇ ਟਕਰਾਅ ਦੇ ਬਾਵਜੂਦ ਪੰਜਾਬ ਸਰਕਾਰ ਦੇ ਸਿਹਤ ਅਤੇ ਮੈਡੀਕਲ ਸਿਖਿਆ ਵਿਚ ਪਿਛਲੇ ਦਹਾਕੇ ਤੋਂ ਸਲਾਹਕਾਰ ਬਣੇ ਆ ਰਹੇ। ਉਨ੍ਹਾਂ ਸਰਕਾਰੀ ਮੈਡੀਕਲ ਕਾਲਜਾਂ ਅਤੇ ਇਨ੍ਹਾਂ ਨਾਲ ਜੁੜੇ ਹਸਪਤਾਲਾਂ ਨੂੰ ਢਾਅ ਲਗਾ ਕੇ ਮਰੀਜ਼ਾਂ ਤੇ ਵਿਦਿਆਰਥੀਆਂ ਨੂੰ ਕਾਰਪੋਰੇਟਾਂ ਵਲ ਧੱਕਣ ਦਾ ਕੰਮ ਫੜਿਆ ਹੈ।

ਪ੍ਰਾਈਵੇਟ ਅਦਾਰਿਆਂ ਵਲੋਂ ਕਰਮਚਾਰੀਆਂ ਨੂੰ ਨਿਗੂਣੀਆਂ ਤਨਖ਼ਾਹਾਂ ਦੇ ਕੇ, ਮਰੀਜ਼ਾਂ ਨੂੰ ਮਹਿੰਗੇ ਤੇ ਕਈ ਵਾਰੀ ਬੇਲੋੜੇ ਇਲਾਜਾਂ-ਅਪਰੇਸ਼ਨਾਂ ਰਾਹੀਂ, ਵਿਦਿਆਰਥੀਆਂ ਨੂੰ ਬਹੁਤ ਭਾਰੀ ਫੀਸਾਂ ਰਾਹੀਂ ਦੋਹੀਂ ਹੱਥੀਂ ਲੁੱਟਿਆ ਜਾਂਦਾ ਹੈ। ਸਰਕਾਰ ਦੀ ਮਿਲੀਭੁਗਤ ਨਾਲ ਨਿਯਮਾਂ-ਕਾਨੂੰਨਾਂ, ਪਰਦਰਸ਼ਤਾ, ਜਵਾਬਦੇਹੀ ਤੇ ਜ਼ਿੰਮੇਵਾਰੀ ਤੋਂ ਮੂੰਹ ਮੋੜ ਕੇ ਰੱਖਿਆ ਜਾਂਦਾ ਹੈ। ਲੋਕਾਂ ਨਾਲੋਂ ਤੇ ਪੰਜਾਬ ਦੇ ਹਾਲਾਤ ਨਾਲੋਂ ਟੁੱਟੇ ਹੋਏ ਬਹੁਤੇ ਮਾਹਰ ਆਮ ਤੌਰ 'ਤੇ ਇਹੋ ਜਿਹੀਆਂ ਪੁੱਠੀਆਂ ਸਲਾਹਾਂ ਹੀ ਦਿੰਦੇ ਹਨ।

ਕੋਈ ਦੋ ਦਹਾਕੇ ਪਹਿਲਾਂ ਵੀ ਇਹੋ ਜਿਹੀ ਸਲਾਹ ਆਈ ਸੀ ਜਿਸਨੂੰ ਪੱਤਰ ਵਿਹਾਰ ਦੇ ਪੱਧਰ 'ਤੇ ਹੀ ਰੋਕ ਦਿੱਤਾ ਸੀ। ਫੈਕਲਟੀ ਨੂੰ ਕੋਈ ਰੋਸ ਵਿਖਾਵੇ ਨਹੀਂ ਸਨ ਕਰਨੇ ਪਏ। ਉਸ ਵਕਤ ਅਜਿਹੀਆਂ ਹੀ ਤਾਕਤਾਂ ਵੱਲੋਂ ਦੂਜੀ ਸਲਾਹ ਵੀ ਆ ਗਈ ਕਿ ਸਰਕਾਰੀ ਕਾਲਜਾਂ ਵਿਚ ਐਮ.ਬੀ.ਬੀ.ਐਸ., ਬੀ.ਡੀ.ਐਸ. ਅਤੇ ਬੀ.ਏ.ਐਮ.ਐਸ. (ਆਯੁਰਵੇਦ) ਦੀ ਫੀਸ 11000 ਰੁਪਏ ਸਾਲਾਨਾ ਤੋਂ ਵਧਾ ਕੇ 50000 ਰੁਪਏ ਸਾਲਾਨਾ ਕਰ ਦਿੱਤੀ ਜਾਵੇ ਅਤੇ ਹਰ ਸਾਲ 20% ਵਾਧਾ ਕੀਤਾ ਜਾਵੇ।

ਮੁੱਖ ਸਕੱਤਰ ਦੀ ਪ੍ਰਧਾਨਗੀ ਵਾਲੀ ਉਚ-ਤਾਕਤੀ ਕਮੇਟੀ ਨੇ ਹਰ ਮੀਟਿੰਗ ਦੌਰਾਨ ਚਰਚਾ ਕਰਨੀ ਤੇ ਆਖਰਕਾਰ ਉਸ ਵਕਤ ਦੇ ਮੁੱਖ ਸਕੱਤਰ ਵਲੋਂ ਤਜਵੀਜ਼ ਨਾ ਬਣਾਉਣ ਦਾ ਜਵਾਬ ਸੀ: 'ਕਮੇਟੀ ਦਾ ਫੈਸਲਾ ਥੋੜ੍ਹਾ ਹੀ ਤੋੜਿਆ ਜਾ ਸਕਦਾ ਹੈ' ਪਰ ਲਿਖਣ ਵੇਲੇ ਦਿਮਾਗ ਹੱਥ ਨੂੰ ਅਧਰੰਗ ਦੀ ਤਰ੍ਹਾਂ ਚੱਲਣ ਹੀ ਨਹੀਂ ਦਿੰਦਾ। ਫੈਸਲਾ ਹੋ ਗਿਆ ਕਿ ਤਜਵੀਜ਼ ਤਿਆਰ ਕੀਤੀ ਜਾਵੇ ਤੇ ਜੇ ਕੋਈ ਮੁਤਬਾਦਲ ਤਜਵੀਜ਼ ਹੋਵੇ ਤਾਂ ਉਹ ਵੀ ਨਾਲ ਹੀ ਮੰਤਰੀ-ਮੰਡਲ ਬ੍ਰਾਂਚ ਨੂੰ ਭੇਜ ਦਿੱਤੀ ਜਾਵੇ। ਇਸ ਨੇ ਉਲਝਣ ਪੈਦਾ ਕਰ ਦਿੱਤੀ ਮੁੱਖ ਸਕੱਤਰ ਨੇ ਇਸ ਦਾ ਹੱਲ ਇਹ ਕਹਿ ਕੇ ਕੀਤਾ ਕਿ ਸਮਾਂ ਥੋੜ੍ਹਾ ਹੈ, ਤਜਵੀਜ਼ ਭੇਜੋ, ਸਾਨੂੰ ਯਕੀਨ ਹੈ ਕਿ ਤਜਵੀਜ਼ ਫੈਸਲੇ ਮੁਤਾਬਕ ਹੀ ਹੋਵੇਗੀ।

*ਉਚੀ ਫੀਸ ਕਾਰਨ ਗਰੀਬ ਮਰੀਜ਼ ਉਨ੍ਹਾਂ ਕੋਲੋਂ ਇਲਾਜ ਹੀ ਨਹੀਂ ਕਰਵਾ ਸਕਣਗੇ, ਉਹ ਬਿਮਾਰ ਰਹਿਣਗੇ ਤੇ ਮੌਤ ਦੇ ਮੂੰਹ ਜਾ ਪੈਣਗੇ ਪਰ ਇਹੀ ਗਰੀਬ ਤਾਂ ਝੋਨਾ ਲਾਉਂਦੇ ਨੇ, ਕਣਕ ਵੱਢਦੇ ਨੇ, ਰੇੜ੍ਹੀ-ਰਿਕਸ਼ਾ, ਟੈਂਪੂ, ਟਰੱਕ, ਬਸ, ਕਾਰ, ਚਲਾਉਂਦੇ ਨੇ, ਕਾਰਖਾਨੇ ਵਿਚ ਕਾਮੇ ਨੇ, ਛੋਟੀ ਮੋਟੀ ਦੁਕਾਨ ਕਰਦੇ ਨੇ, ਮੁਰੰਮਤ ਆਦਿ ਵਾਲੇ ਮਿਸਤਰੀ ਨੇ, ਦਫਤਰੀ ਕੰਮ ਕਰਦੇ ਨੇ। ਜੇ ਇਹੀ ਬਿਮਾਰ ਰਹੇ ਤਾਂ ਦਿਹਾੜੀਆਂ ਟੁੱਟਣਗੀਆਂ ਤੇ ਕੰਮ ਦੇ ਦਿਨ ਅਜਾਈਂ ਜਾਣਗੇ। ਜੇ ਪੰਜਾਬ ਵਿਚ ਝੋਨਾ ਨਹੀਂ ਲਗਣਾ, ਕਣਕ ਨਹੀਂ ਕੱਟੀ ਜਾਣੀ, ਰੇੜ੍ਹੀ-ਰਿਕਸ਼ਾ ਨਹੀਂ ਚੱਲਣਾ ਹੋਰ ਜ਼ਰੂਰੀ ਕੰਮ ਨਹੀਂ ਹੋਣਗੇ ਤਾਂ ਪੰਜਾਬ ਦਾ ਅਰਥਚਾਰਾ ਕਿਥੋਂ ਆਏਗਾ? ਫੀਸਾਂ ਵਿਚ ਐਨਾ ਵਾਧਾ ਅਰਥਚਾਰੇ ਨੂੰ ਨੁਕਸਾਨ ਕਰੇਗਾ।*

ਤਜਵੀਜ਼ ਵਿਚ ਉਚ-ਤਾਕਤੀ ਕਮੇਟੀ ਦੀ 50000 ਰੁਪਏ ਸਾਲਾਨਾ ਫੀਸ ਅਤੇ 20% ਸਾਲਾਨਾ ਵਾਧੇ ਦਾ ਉਪਬੰਧ ਕਰ ਕੇ ਅਨੁਲੱਗ ਲਗਾ ਦਿਤਾ। ਵਿਆਖਿਆ ਕੀਤੀ ਗਈ ਸੀ ਕਿ ਇਸ ਤਰ੍ਹਾਂ ਗਰੈਜੂਏਸ਼ਨ ਕਰਦੇ ਇੱਕ ਵਿਦਿਆਰਥੀ ਦਾ ਕੁੱਲ ਸਾਲਾਨਾ ਖਰਚਾ ਕਰੀਬ ਇੱਕ ਲੱਖ ਵੀਹ ਹਜ਼ਾਰ ਬਣ ਜਾਵੇਗਾ ਪਰ ਡਾਕਟਰ ਦੀ ਤਨਖਾਹ ਹੈ ਕਰੀਬ ਦੋ ਲੱਖ ਸਾਲਾਨਾ। ਐਮ.ਏ. ਦਾ ਖਰਚਾ ਹੈ 10000 ਰੁਪਏ ਸਾਲਾਨਾ ਤੇ ਤਨਖਾਹ ਉਨ੍ਹਾਂ ਦੀ ਵੀ ਦੋ ਕੁ ਲੱਖ ਹੀ ਹੈ।

ਇਸ ਤਰ੍ਹਾਂ ਤਾਂ ਬੱਚੇ ਡਾਕਟਰੀ ਕਰਨਗੇ ਹੀ ਨਹੀਂ ਜਾਂ ਫਿਰ ਤਨਖਾਹ ਵੱਧ ਮੰਗਣਗੇ। ਫੀਸ ਵਧਾਉਣ ਨਾਲ ਕੋਈ ਵਿਤੀ ਲਾਭ ਨਹੀਂ ਹੋਵੇਗਾ। ਸਰਕਾਰ ਦਾ ਵਿਚਾਰ ਹੋ ਸਕਦਾ ਹੈ ਕਿ ਉਨ੍ਹਾਂ ਨੂੰ ਨੌਕਰੀ ਵਿਚ ਨਹੀਂ ਲਿਆ ਜਾਵੇਗਾ। ਉਸ ਨਾਲ ਹਸਪਤਾਲ ਖਾਲੀ ਹੋਣ ਕਰਕੇ ਜੋ ਸਿਆਸੀ ਤੇ ਪ੍ਰਸ਼ਾਸਨਕ ਉਲਝਣਾਂ ਪੈਦਾ ਹੋਣਗੀਆਂ ਉਨ੍ਹਾਂ ਵਿਚ ਨਾ ਵੀ ਜਾਈਏ ਤਾਂ ਵੀ ਇਹ ਡਾਕਟਰ ਪ੍ਰਾਈਵੇਟ ਹਸਪਤਾਲ ਹੀ ਤਾਂ ਖੋਹਲਣਗੇ, ਉਥੇ ਫੀਸ ਉਚੀ ਰੱਖਣਗੇ। ਉਚੀ ਫੀਸ ਕਾਰਨ ਗਰੀਬ ਮਰੀਜ਼ ਉਨ੍ਹਾਂ ਕੋਲੋਂ ਇਲਾਜ ਹੀ ਨਹੀਂ ਕਰਵਾ ਸਕਣਗੇ, ਉਹ ਬਿਮਾਰ ਰਹਿਣਗੇ ਤੇ ਮੌਤ ਦੇ ਮੂੰਹ ਜਾ ਪੈਣਗੇ ਪਰ ਇਹੀ ਗਰੀਬ ਤਾਂ ਝੋਨਾ ਲਾਉਂਦੇ ਨੇ, ਕਣਕ ਵੱਢਦੇ ਨੇ, ਰੇੜ੍ਹੀ-ਰਿਕਸ਼ਾ, ਟੈਂਪੂ, ਟਰੱਕ, ਬਸ, ਕਾਰ, ਚਲਾਉਂਦੇ ਨੇ, ਕਾਰਖਾਨੇ ਵਿਚ ਕਾਮੇ ਨੇ, ਛੋਟੀ ਮੋਟੀ ਦੁਕਾਨ ਕਰਦੇ ਨੇ, ਮੁਰੰਮਤ ਆਦਿ ਵਾਲੇ ਮਿਸਤਰੀ ਨੇ, ਦਫਤਰੀ ਕੰਮ ਕਰਦੇ ਨੇ। ਜੇ ਇਹੀ ਬਿਮਾਰ ਰਹੇ ਤਾਂ ਦਿਹਾੜੀਆਂ ਟੁੱਟਣਗੀਆਂ ਤੇ ਕੰਮ ਦੇ ਦਿਨ ਅਜਾਈਂ ਜਾਣਗੇ। ਜੇ ਪੰਜਾਬ ਵਿਚ ਝੋਨਾ ਨਹੀਂ ਲਗਣਾ, ਕਣਕ ਨਹੀਂ ਕੱਟੀ ਜਾਣੀ, ਰੇੜ੍ਹੀ-ਰਿਕਸ਼ਾ ਨਹੀਂ ਚੱਲਣਾ ਹੋਰ ਜ਼ਰੂਰੀ ਕੰਮ ਨਹੀਂ ਹੋਣਗੇ ਤਾਂ ਪੰਜਾਬ ਦਾ ਅਰਥਚਾਰਾ ਕਿਥੋਂ ਆਏਗਾ? ਫੀਸਾਂ ਵਿਚ ਐਨਾ ਵਾਧਾ ਅਰਥਚਾਰੇ ਨੂੰ ਨੁਕਸਾਨ ਕਰੇਗਾ। ਇਸ ਦਾ ਇਕ ਬਦਲ ਇਹ ਹੈ ਕਿ ਫੀਸ 11000 ਤੋਂ ਵਧਾ ਕੇ 13000 ਕਰ ਦਿੱਤੀ ਜਾਵੇ। ਹਸਪਤਾਲਾਂ ਦੇ ਖਰਚੇ ਵੀ ਕੁਝ ਕੁ ਵਧਾਏ ਗਏ ਸਨ।

ਮੰਤਰੀ ਪ੍ਰੀਸ਼ਦ ਦੀ ਮੀਟਿੰਗ ਵਿਚੋਂ ਭਾਗ ਲੈ ਕੇ ਆਉਣ 'ਤੇ ਵਿਭਾਗ ਦੇ ਪ੍ਰਮੁੱਖ ਸਕੱਤਰ ਦੀ ਟਿਪਣੀ ਸੀ ਕਿ 'ਸਾਰੇ ਕਹਿਣ ਕਿ ਅਨੁਲੱਗ 'ਬੀ' ਠੀਕ ਹੈ ਤੇ ਪਾਸ ਕਰ ਦਿੱਤਾ।' ਇਸ ਵਧੀ ਫੀਸ ਨੇ ਹਸਪਤਾਲਾਂ ਤੇ ਕਾਲਜਾਂ ਕੋਲ ਹੀ ਰਹਿਣਾ ਸੀ ਤੇ ਉਨ੍ਹਾਂ ਦੀ ਬਿਹਤਰੀ ਲਈ ਵਰਤਿਆ ਜਾਣਾ ਸੀ ਪਰ ਇੱਕ ਦੋ ਸਾਲਾਂ ਬਾਅਦ ਹੀ ਇਹ ਖਜ਼ਾਨੇ ਜਾਣੀ ਸ਼ੁਰੂ ਹੋ ਗਈ ਤੇ ਕਾਲਜਾਂ ਕੋਲੋਂ ਖੁੱਸ ਗਈ। ਇਹ 13000 ਰੁਪਏ ਦੀ ਫੀਸ 2013 ਤੱਕ ਹੌਲੀ-ਹੌਲੀ ਵਧਦੀ ਰਹੀ ਪਰ 2013 ਦੌਰਾਨ ਉਸ ਵਕਤ ਦੇ ਡਾਇਰੈਕਟਰ-ਕਮ-ਮੈਂਬਰ ਸਕੱਤਰ ਫੀਸ ਕਮੇਟੀ ਨੇ ਫੀਸਾਂ ਵਿਚ ਭਾਰੀ ਵਾਧੇ ਦਾ ਮੁੱਢ ਬੰਨ੍ਹ ਦਿੱਤਾ ਅਤੇ ਬੱਚਿਆਂ ਉਪਰ 80 ਕਰੋੜ ਸਾਲਾਨਾ ਦਾ ਬੋਝ ਵਧਾ ਦਿੱਤਾ। ਇਸ ਦੇ ਨਾਲ ਹੀ ਭ੍ਰਿਸ਼ਟਾਚਾਰ ਨਾਲ ਹੱਥ ਰੰਗ ਲਏ। ਨਿਜੀ ਹਿਤਾਂ ਦੀ ਪੂਰਤੀ ਦੇ ਇਨਾਮ ਵਜੋਂ ਪੜਤਾਲ ਵਿਚ ਦੋਸ਼ੀ ਪਾਏ ਜਾਣ ਦੇ ਬਾਵਜੂਦ ਉਹ ਅਧਿਕਾਰੀ ਸੇਵਾ ਮੁਕਤੀ ਤੋਂ ਬਾਅਦ ਬਿਨਾ ਲੋੜ ਦੇ ਪੁਨਰ ਨਿਯੁਕਤੀ ਕਰਵਾ ਗਿਆ ਹੈ। ਇਸ ਨੇ ਸਰਕਾਰੀ ਕਾਲਜਾਂ ਦੀ ਫੀਸ ਨੂੰ ਚੌਗੁਣੀ ਕਰਕੇ ਕਰੀਬ ਸਾਢੇ ਚਾਰ ਲੱਖ ਕਰਨ ਦਾ ਪ੍ਰਬੰਧ ਕਰ ਦਿੱਤਾ ਅਤੇ ਪ੍ਰਾਈਵੇਟਾਂ ਦੀ 20 ਤੋਂ 40 ਲੱਖ ਅਤੇ 68 ਲੱਖ ਕਰ ਦਿੱਤੀ ਗਈ। ਇਨ੍ਹਾਂ ਹੀ ਨੀਤੀਆਂ ਨੇ ਅੱਜ ਦੇ ਨਿਜੀਕਰਨ ਦੇ ਕਦਮ ਨੂੰ ਪੁਨਰ ਸੁਰਜੀਤ ਕਰਕੇ ਮੌਜੂਦਾ ਬੇਚੈਨੀ, ਰੋਸ ਵਿਖਾਵੇ ਤੇ ਹੜਤਾਲ ਦਾ ਮੁੱਢ ਬੰਨ੍ਹਿਆ ਹੈ।

# ਜੇ.ਐਨ.ਯੂ. ਹੋਣ ਦਾ ਮਤਲਬ

***ਭਗਵੇਂ ਸੱਤਾਧਾਰੀਆਂ ਨੇ ਜੇ.ਐਨ.ਯੂ. (ਨਵੀਂ ਦਿੱਲੀ) ਨੂੰ ਬਦਨਾਮ ਕਰਨ ਲਈ ਪੂਰਾ ਤਾਣ ਲਾਇਆ ਹੋਇਆ ਹੈ; ਪਰ ਇਹ ਨਿਆਰੀ ਯੂਨੀਵਰਸਿਟੀ ਸਮਾਜ ਲਈ ਕਿੰਨੀ ਅਹਿਮ ਹੈ, ਇਹ ਉਹੀ ਸਮਝ ਸਕਦੇ ਹਨ, ਜਿਨ੍ਹਾਂ ਨੇ ਇਸ ਨੂੰ ਨੇੜਿਓਂ ਦੇਖਿਆ ਹੈ। ਅੰਕਿਤ ਪਾਂਡੇ, ਜਿਸ ਨੇ ਐਮ. ਏ. ਉਤਰ ਪ੍ਰਦੇਸ਼ ਦੇ ਬਲਰਾਮਪੁਰ ਦੇ ਸਾਧਾਰਨ ਕਾਲਜ ਤੋਂ ਕੀਤੀ, ਵਲੋਂ ਬਿਆਨ ਕੀਤਾ ਅਨੁਭਵ ਇਸ ਯੂਨੀਵਰਸਿਟੀ ਦੇ ਮਹੱਤਵ ਦੀ ਗਵਾਹੀ ਹੈ। ਪੇਸ਼ ਹੈ, ਇਸ ਲਿਖਤ ਦਾ ਅਨੁਵਾਦ, ਜੋ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ। -ਸੰਪਾਦਕ***

2016 'ਚ ਜਦ ਮੈਂ ਪਹਿਲੀ ਵਾਰ ਜੇ. ਐਨ. ਯੂ. ਆਇਆ, ਚੇਤੇ ਆਉਂਦਾ ਹੈ ਉਹ ਪਹਿਲਾ ਦਿਨ ਜਦ ਮੈਂ ਸਾਬਰਮਤੀ ਢਾਬੇ 'ਤੇ ਲੈਫਟ, ਏ. ਬੀ. ਵੀ. ਪੀ., ਬਾਪਸਾ, ਓ.ਵੀ.ਸੀ. ਫੋਰਮ ਦੇ ਵਿਦਿਆਰਥੀ ਬਹਿਸ ਕਰਦੇ ਦੇਖੇ। ਸਾਰੇ ਮਿਲ ਕੇ ਲੈਫਟ ਦੀ ਆਲੋਚਨਾ ਕਰ ਰਹੇ ਸਨ ਤੇ ਲੈਫਟ ਦਾ ਵਿਦਿਆਰਥੀ ਹਲੀਮੀ ਨਾਲ ਸਫਾਈ ਦੇ ਰਿਹਾ ਸੀ।

ਮੈਨੂੰ ਸਮਝ ਨਹੀਂ ਸੀ ਆ ਰਿਹਾ ਕਿ ਇੰਨੇ ਸ਼ਿਸ਼ਟਾਚਾਰੀ ਲੜਕੇ ਦੀ ਖਿਚਾਈ ਕਿਉਂ ਹੋ ਰਹੀ ਹੈ, ਪਰ ਥੋੜ੍ਹੀ ਦੇਰ ਪਿਛੋਂ ਗੱਲ ਬਦਲ ਗਈ ਅਤੇ ਬਾਪਸਾ (ਬਿਰਸਾ ਅੰਬੇਡਕਰ ਫੂਲੇ ਸਟੂਡੈਂਟਸ ਐਸੋਸੀਏਸ਼ਨ) ਵਾਲੇ ਦਾ ਵੀ ਉਹੀ ਹਾਲ ਹੋਇਆ। ਉਹ ਵੀ ਸਫਾਈ ਦੇਣ ਲੱਗਾ। ਅਖੀਰ 'ਚ ਸਭ ਮਿਲ ਕੇ ਬ੍ਰਾਹਮਣਵਾਦ ਦੀ ਆਲੋਚਨਾ ਕਰਨ ਲੱਗੇ। ਹੁਣ ਮੈਂ ਖੁਦ ਨੂੰ ਰੋਕ ਨਹੀਂ ਸਕਿਆ ਲੇਕਿਨ ਕਰਦਾ ਵੀ ਕੀ। ਮੈਂ ਇਕੱਲਾ

ਅੰਕਿਤ ਪਾਂਡੇ
ਅਨੁਵਾਦ: ਬੂਟਾ ਸਿੰਘ
ਫੋਨ: +91-94634-74342

ਉਹ ਪੰਜ, ਮਾਰ ਵੀ ਨਹੀਂ ਸਕਦਾ ਸੀ, ਗੁੱਸੇ ਨਾਲ ਜ਼ਮੀਨ ਖੁਰਚਦਾ ਰਿਹਾ। ਜੇ.ਐਨ.ਯੂ. ਵਿਚ ਆਉਣ ਤੋਂ ਪਹਿਲਾਂ ਮੈਂ ਕੱਟੜ ਹਿੰਦੂਵਾਦੀ ਜਾਂ ਅੱਜ ਦੀ ਨਜ਼ਰ ਵਿਚ 'ਮੀਡੀਆ ਵਾਲਾ ਰਾਸ਼ਟਰਵਾਦੀ' ਸੀ।

ਉਸ ਪਹਿਲੀ ਘਟਨਾ ਨੇ ਮੈਨੂੰ ਹਿਲਾ ਦਿੱਤਾ। ਗੁੱਸੇ ਨਾਲ ਭਰਿਆ-ਪੀਤਾ ਕਮਰੇ ਵਿਚ ਗਿਆ, ਸਮਾਨ ਬੰਨ੍ਹਿਆ, ਦੋਸਤ ਨੂੰ ਬੋਲਿਆ ਕਿ ਇਨ੍ਹਾਂ ਦੇਸ਼ਧ੍ਰੋਹੀਆਂ ਨਾਲ ਰਹਿਣਾ ਹੈ ਯਾਰ? ਦੋਸਤ ਬੋਲਿਆ ਕਿ ਉਥੇ ਕੋਈ ਐਸੀ ਗੱਲ ਲੱਗੀ ਜਿਸ ਵਿਚ ਮੁਲਕ ਦੀ ਬੁਰਾਈ ਕੀਤੀ ਗਈ ਹੋਵੇ? ਮੁਲਕ ਦੀ ਬੁਰਾਈ ਅਤੇ ਮੁਲਕ ਦੇ ਅੰਦਰ ਸਰਕਾਰ ਦੀਆਂ ਨੀਤੀਆਂ ਦੀ ਬੁਰਾਈ ਵਿਚ ਬਹੁਤ ਫਰਕ ਹੈ। ਇਹ ਸੁਣ ਕੇ ਮੈਂ ਥੋੜ੍ਹਾ ਸੋਚਣ ਲਈ ਮਜਬੂਰ ਹੋ ਗਿਆ।

ਇਕ ਹੋਰ ਘਟਨਾ ਚੇਤੇ ਆਉਂਦੀ ਹੈ। ਜੇ.ਐਨ.ਯੂ. ਆਉਣ ਤੋਂ ਪਹਿਲਾਂ ਰੋਜ਼ ਸ਼ਾਮ ਨੂੰ ਅਸੀਂ ਪਿੰਡ ਵਿਚ ਚਾਚਿਆਂ ਅਤੇ ਹੋਰ ਬਜ਼ੁਰਗਾਂ ਨਾਲ ਬੈਠ ਕੇ ਦੇਸ਼-ਦੁਨੀਆ, ਕੰਮ ਅਤੇ ਤਮਾਮ ਮੁੱਦਿਆਂ ਉਪਰ ਚਰਚਾ ਕਰਦੇ ਹੁੰਦੇ ਸੀ। ਉਥੇ ਅਕਸਰ ਵੱਡੇ ਬੱਚਿਆਂ ਤੋਂ ਸਵਾਲ ਪੁੱਛਦੇ। ਜਵਾਬ ਨਾ ਦੇ ਸਕਣ 'ਤੇ ਪਿਛਲੀ ਸਾਰੀ ਪੜ੍ਹਾਈ ਨੂੰ ਰੱਦ ਕਰਕੇ ਜ਼ਲੀਲ ਕਰਨਾ ਆਮ ਗੱਲ ਸੀ। ਇਕ ਸ਼ਾਮ ਰਾਖਵਾਂਕਰਨ ਉਪਰ ਗੱਲ ਹੋ ਰਹੀ ਸੀ। ਚਾਚੇ ਨੇ ਪੁੱਛਿਆ- ਕਿੰਨਾ ਫੀਸਦੀ ਕਿਸ ਨੂੰ ਮਿਲਦਾ ਹੈ। ਮੈਂ ਦੱਸਿਆ ਜ਼ਰੂਰ, ਲੇਕਿਨ ਉਨ੍ਹਾਂ ਨੇ ਜੋ ਸੁਣਾਇਆ, ਉਸ ਤੋਂ ਲੱਗਿਆ ਕਿ ਗਲਤ ਹੀ ਹੋਵੇਗਾ। ਫਿਰ ਕਦੇ-ਕਦੇ ਸੋਚਦਾ ਸੀ ਕਿ ਕਿਤਾਬਾਂ ਲੈ ਕੇ ਆਵਾਂਗਾ, ਸਭ ਪੜ੍ਹ ਲਵਾਂਗਾ, ਫਿਰ ਸਾਰੇ ਸਵਾਲਾਂ ਦੇ ਜਵਾਬ ਦੇਵਾਂਗਾ; ਪਰ ਫਿਰ ਮਨ ਵਿਚ ਸਵਾਲ ਉਠਦਾ ਕਿ ਕਿਹੜੀ ਕਿਤਾਬ, ਹੋਰ ਕਿੰਨੀਆਂ ਕਿਤਾਬਾਂ ਪੜ੍ਹ ਲਵਾਂ, ਜਿਸ ਵਿਚ ਇਹ ਛੋਟੇ ਅਤੇ ਵਿਹਾਰਕ ਜਵਾਬ ਮਿਲ ਜਾਣ, ਜਿਸ ਨਾਲ ਉਨ੍ਹਾਂ ਲੋਕਾਂ ਦੇ ਹਰ ਸਵਾਲ ਦਾ ਜਵਾਬ ਮੇਰੇ ਕੋਲ ਹੋਵੇ।

ਹਾਲ ਹੀ ਵਿਚ ਜਦ ਰਾਖਵਾਂਕਰਨ ਉਪਰ ਚਰਚਾ ਹੋਣ ਲੱਗੀ ਤਾਂ ਮੈਂ ਉਨ੍ਹਾਂ ਨੂੰ ਦੱਸਿਆ ਕਿ ਕਿਹੜੇ ਰਾਜ ਵਿਚ ਰਾਖਵਾਂਕਰਨ ਕਿੰਨਾ, ਕਿਸ ਨੂੰ ਅਤੇ ਕਿਉਂ ਮਿਲਦਾ ਹੈ। ਉਹ ਲੋਕ ਗੰਭੀਰਤਾ ਨਾਲ ਸੁਣਨ ਲੱਗੇ ਅਤੇ ਉਨ੍ਹਾਂ ਦੇ ਹਰ ਸਵਾਲ ਦੇ ਮੈਂ ਦੋ-ਤਿੰਨ ਜਵਾਬ ਦਿੱਤੇ। ਉਸ ਜਵਾਬ ਉਪਰ ਵੀ ਸਵਾਲ ਕਰਨ ਲੱਗਾ। ਉਨ੍ਹਾਂ ਨੂੰ ਲੱਗਣ ਲੱਗਿਆ ਕਿ ਮੇਰੀ ਸਮਝਦਾਰੀ ਵਿਕਸਤ ਹੋ ਰਹੀ ਹੈ। ਹੁਣ ਸੋਚਦਾ ਹਾਂ ਕਿ ਅਸੀਂ ਉਨ੍ਹਾਂ ਸਭ ਮੁੱਦਿਆਂ ਉਪਰ ਤਾਂ ਕੋਈ ਕਿਤਾਬ ਪੜ੍ਹੀ ਨਹੀਂ, ਫਿਰ ਲੋਕਾਂ ਨਾਲ ਵਧੀਆ ਡਿਬੇਟ ਕਿਵੇਂ ਕਰ ਲਈ ਅਤੇ ਇਨ੍ਹਾਂ ਸਭ ਨਿੱਕੇ ਸਵਾਲਾਂ ਦਾ ਸਟੀਕ ਜਵਾਬ ਮੈਨੂੰ ਕਿਵੇਂ ਸੁੱਝ ਗਿਆ?

ਇਹ ਸਭ ਅਸੀਂ ਜੇ.ਐਨ.ਯੂ. ਦੇ ਢਾਬਿਆਂ ਉਪਰ ਪੰਜ ਰੁਪਏ ਦੀ ਚਾਹ ਪੀ ਕੇ, ਸਾਰੀ-ਸਾਰੀ ਰਾਤ 5-10 ਰਿਸਰਚ ਸਕਾਲਰਾਂ ਨਾਲ ਬੈਠ ਕੇ ਸਿੱਖਿਆ। ਹਾਸੇ ਮਜ਼ਾਕ ਵਿਚ ਦੇਸ਼ ਦੁਨੀਆ ਦੀ ਜਾਣਕਾਰੀ ਅਤੇ ਨਿਰਮਾਣਤਾ ਨਾਲ ਬਹਿਸ ਕਰਨਾ, ਨਾਲ ਹੀ ਘੱਟ ਜਾਣਕਾਰੀ ਉਪਰ ਵੀ ਤਰਕਪੂਰਨ ਗੱਲਾਂ ਨਾਲ ਬਹਿਸ ਵਿਚ ਡਟੇ ਰਹਿਣਾ, ਇਹ ਸਭ ਮੈਂ ਸਿੱਖਿਆ ਜੋ ਸ਼ਾਇਦ ਹੀ ਕੋਈ ਕਿਤਾਬ ਸਿਖਾ ਸਕੇ। ਜਿਨ੍ਹਾਂ ਮਹਾਨ ਲੇਖਕਾਂ ਦਾ ਨਾਮ ਵੀ ਮੈਂ ਨਹੀਂ ਸੁਣਿਆ, ਉਹ ਮਹਾਨ ਲੋਕ ਜੋ ਸਾਡੀਆਂ ਕਿਤਾਬਾਂ ਦੇ ਇਕ ਪੰਨੇ ਤਕ ਸਿਮਟ ਗਏ ਹਨ ਜਾਂ ਉਥੇ ਵੀ ਜਗ੍ਹਾ ਨਹੀਂ ਮਿਲੀ, ਐਸੇ ਸਾਰੇ ਲੋਕਾਂ ਦੀ ਪੂਰੀ ਸ਼ਖਸੀਅਤ, ਜੀਵਨ, ਉਨ੍ਹਾਂ ਦਾ ਸੰਘਰਸ਼ ਅਤੇ ਉਨ੍ਹਾਂ ਦੀਆਂ ਕਹੀਆਂ ਸਾਰੀਆਂ ਗੱਲਾਂ ਜੇ.ਐਨ.ਯੂ. ਦੀਆਂ ਦੀਵਾਰਾਂ ਉਪਰ ਲਗਾਏ ਪੋਸਟਰਾਂ ਨੂੰ ਪੜ੍ਹ ਕੇ ਅਸੀਂ ਜਾਣ ਸਕਦੇ ਹਾਂ।

ਜੇ.ਐਨ.ਯੂ. ਪ੍ਰਸ਼ਾਸਨ ਨੇ ਕੀ ਸੋਚ ਕੇ ਸਾਰੀਆਂ ਦੀਵਾਰਾਂ ਉਪਰੋਂ ਮੁਹਿੰਮ ਚਲਾ ਕੇ ਪੋਸਟਰ ਹਟਾ ਦਿੱਤੇ? ਸਾਰੇ ਢਾਬਿਆਂ ਨੂੰ 11 ਵਜੇ ਬੰਦ ਕਰਨ ਦਾ ਫਰਮਾਨ ਕਿਉਂ ਜਾਰੀ ਕੀਤਾ ਗਿਆ ਸਿਵਾਏ ਗੰਗਾ ਢਾਬਾ ਦੇ? ਸਮਝ ਨਹੀਂ ਆਉਂਦਾ। ਸਿਰਫ ਦੁੱਖ ਹੁੰਦਾ ਹੈ।

ਕਿੰਨੇ ਆਟੋ ਵਾਲੇ ਜਾਂ ਜੇ.ਐਨ.ਯੂ. ਦੇ ਬਾਹਰ ਰਹਿ ਰਹੇ ਵਿਦਿਆਰਥੀ ਇਥੇ ਮੈੱਸ ਵਿਚ ਖਾਂਦੇ ਹਨ, ਕਿਉਂਕਿ ਖਾਣਾ ਸਸਤਾ ਮਿਲਦਾ ਹੈ। ਪ੍ਰਸ਼ਾਸਨ ਨੂੰ ਇਹ ਵੀ ਹਜ਼ਮ ਨਹੀਂ ਹੋਇਆ। ਮੈੱਸ ਦੀ ਫੀਸ ਵਧਾ ਦਿੱਤੀ। ਵਿਦਿਆਰਥੀਆਂ ਨੇ ਵਿਰੋਧ ਕੀਤਾ। ਇਸੇ ਲਈ ਮੀਡੀਆ ਕਹਿ ਰਿਹਾ ਹੈ ਕਿ ਮੁਫਤ ਖਾਂਦੇ ਹਨ। ਪਾਰਲੀਮੈਂਟ ਕੈਂਟੀਨ ਵਿਚ ਜੇ.ਐਨ.ਯੂ. ਨਾਲੋਂ ਵੀ ਅੱਧੇ ਤੋਂ ਵੀ ਘੱਟ ਰੇਟ ਹਨ, ਕਿੰਨੇ ਲੋਕ ਗਏ ਉਥੇ ਖਾਣਾ ਖਾਣ? ਕਿੰਨੇ ਕੁ ਮੀਡੀਆ ਜਾਂ ਸੰਸਦ ਮੈਂਬਰਾਂ ਨੇ ਕਿਹਾ ਕਿ ਉਥੇ ਰੇਟ ਵਧਣੇ ਚਾਹੀਦੇ ਹਨ ਸਗੋਂ ਰੇਟ ਤਾਂ ਹੋਰ ਸਸਤੇ ਹੋ ਗਏ। ਜੇ ਇਹ ਜੇ.ਐਨ.ਯੂ. ਕਹਿ ਰਿਹਾ ਹੈ ਤਾਂ ਕੀ ਗਲਤ ਹੈ? ਹੁਣੇ ਜਿਹੇ ਫੀਸ ਵਧਾ ਦਿੱਤੀ ਗਈ, ਜੇ ਪੂਰੇ ਮਹੀਨੇ ਦਾ ਜੋੜ ਲਗਾ ਕੇ ਦੇਖੀਏ ਤਾਂ ਹਰ ਮਹੀਨੇ ਦਾ 7000 ਰੁਪਏ ਤੋਂ ਉਪਰ ਪਵੇਗਾ। ਸੋਚਣ ਵਾਲੀ ਗੱਲ ਹੈ ਕਿ ਭਾਰਤ ਵਿਚ ਵੱਡਾ ਸਮਾਜ ਐਸੇ ਲੋਕਾਂ ਦਾ ਹੈ ਜੋ ਲੜਕਿਆਂ ਦੀ ਪੜ੍ਹਾਈ ਅਤੇ ਲੜਕੀਆਂ ਦੇ ਵਿਆਹ ਦੇ ਲਈ ਪੈਸਾ ਬਚਾਉਂਦੇ ਹਨ। ਵਕਤ ਨਾਲ ਇਨ੍ਹਾਂ ਮਾਂ-ਬਾਪ ਵਿਚ ਐਨਾ ਕੁ ਬਦਲਾਓ ਜ਼ਰੂਰ ਆਇਆ



ਕਿ ਲੜਕੀਆਂ ਨੂੰ ਪੜ੍ਹਾਉਣ ਬਾਰੇ ਵੀ ਸੋਚਣ ਲੱਗੇ ਹਨ। ਜੇ.ਐਨ.ਯੂ. ਵਰਗੀਆਂ ਥਾਵਾਂ ਉਪਰ ਭੇਜਣ ਵਿਚ ਕੋਈ ਪ੍ਰੇਸ਼ਾਨੀ ਵੀ ਨਹੀਂ ਹੁੰਦੀ ਕਿਉਂਕਿ ਫੀਸ ਦਾ ਬੋਝ ਉਨ੍ਹਾਂ ਉਪਰ ਨਹੀਂ ਪੈਂਦਾ।

ਸੋਚ ਕੇ ਦੇਖੋ, ਕੋਈ 25-30 ਹਜ਼ਾਰ ਕਮਾਉਣ ਵਾਲਾ ਆਪਣੇ ਦੋ ਬੱਚਿਆਂ (ਇਕ ਲੜਕਾ, ਇਕ ਲੜਕੀ) ਨੂੰ ਉਚ ਸਿੱਖਿਆ ਦੇਣਾ ਚਾਹੇ ਤਾਂ ਜੇ.ਐਨ.ਯੂ. ਵਿਚ ਵੀਹ ਹਜ਼ਾਰ ਤੱਕ ਦੇਣਾ ਪਵੇ ਤਾਂ ਕੀ ਐਨਾ ਪੈਸਾ ਦੇ ਸਕੇਗਾ? ਜੇ ਨਹੀਂ ਤਾਂ ਕਿਸ ਨੂੰ ਘਰ ਵਾਪਸ ਬੁਲਾਏਗਾ? ਲੜਕੇ ਨੂੰ ਜਾਂ ਲੜਕੀ ਨੂੰ? ਕੀ ਇਹ ਨੀਤੀ 'ਬੇਟੀ ਬਚਾਓ, ਬੇਟੀ ਪੜ੍ਹਾਓ' ਦੇ ਨਾਅਰੇ ਨੂੰ ਸਾਕਾਰ ਕਰੇਗੀ?

ਦੂਸਰੀ ਗੱਲ, ਕਿੰਨੇ ਪੇਂਡੂ ਪਰਿਵਾਰ ਐਸੇ ਹਨ ਜੋ 25000 ਰੁਪਏ ਮਹੀਨਾ ਕਮਾਉਂਦੇ ਹਨ? ਜੇ.ਐਨ.ਯੂ. ਵਿਚ ਅਸੀਂ ਦੇਖਿਆ ਕਿ ਜ਼ਿਆਦਾਤਰ ਉਹ ਲੋਕ ਹਨ ਜਿਨ੍ਹਾਂ ਦੇ ਪਰਿਵਾਰ ਨੂੰ ਸ਼ਾਮ ਨੂੰ ਖਾਣਾ ਤਾਂ ਹੀ ਮਿਲਦਾ ਹੈ ਜੇ ਦਿਨ ਵੇਲੇ ਕੋਈ ਕੰਮ ਮਿਲ ਜਾਵੇ। ਸਾਨੂੰ ਯਕੀਨ ਨਹੀਂ ਆਉਂਦਾ ਕਿ ਇਥੇ ਅੱਧੇ ਤੋਂ ਜ਼ਿਆਦਾ ਜਾਂ 70 ਫੀਸਦੀ ਉਹ ਵਿਦਿਆਰਥੀ ਹਨ ਜਿਨ੍ਹਾਂ ਕੋਲ ਪੰਜ ਬਿੱਘੇ ਜ਼ਮੀਨ ਵੀ ਨਹੀਂ ਹੈ। ਕੀ ਇਨ੍ਹਾਂ ਲੋਕਾਂ ਨੂੰ ਪੜ੍ਹਨ ਦਾ ਹੱਕ ਨਹੀਂ ਹੈ? ਇਹ ਨੀਤੀ ਉਹ ਵਾਈਸ ਚਾਂਸਲਰ ਬਣਾ ਰਿਹਾ ਹੈ ਜਿਸ ਦੀ ਖੁਦ ਦੀ ਮਹੀਨਾਵਾਰ ਤਨਖਾਹ ਢਾਈ ਲੱਖ ਤੋਂ ਉਪਰ ਹੈ।

ਜੇ.ਐਨ.ਯੂ. ਮਹਿਜ਼ ਯੂਨੀਵਰਸਿਟੀ ਨਹੀਂ, ਭਾਰਤ ਦੇ ਅੰਦਰ ਐਸਾ ਨਿੱਕਾ ਭਾਰਤ ਹੈ ਜਿਥੇ ਹਰ ਰਾਜ ਦੇ ਵਿਦਿਆਰਥੀ, ਪ੍ਰੋਫੈਸਰ, ਆਈ.ਏ.ਐਸ., ਮੰਤਰੀ ਦੇ ਨਾਲ ਉਸੇ ਢਾਬੇ ਉਪਰ ਚਾਹ ਪੀ ਕੇ ਬਹਿਸ ਕਰਦੇ ਹਨ, ਬਗੈਰ ਊਚ ਨੀਚ, ਅਹੁਦੇ ਅਤੇ ਪੈਸੇ ਦੇ ਘੁਮੰਡ ਦੇ, ਨਿਮਰਤਾ ਅਤੇ ਹਾਸੇ-ਮਜ਼ਾਕ ਨਾਲ। ਜੋ ਗਿਆਨ, ਮਹਿੰਗੀਆਂ ਅਤੇ ਸੌਖਿਆਂ ਨਾ ਮਿਲ ਸਕਣ ਵਾਲੀਆਂ ਕਿਤਾਬਾਂ ਵਿਚ ਪੜ੍ਹੋਗੇ, ਉਹ ਜੇ.ਐਨ.ਯੂ. ਦੇ ਢਾਬਿਆਂ ਉਪਰ ਮੁਫਤ ਮਿਲਣਾ ਆਮ ਗੱਲ ਹੈ।

ਬਹੁਤ ਸਾਰੇ ਵਿਦਿਆਰਥੀ ਜੇ.ਐਨ.ਯੂ. ਵਿਚ ਵਿਦਿਆਰਥੀ ਨਹੀਂ ਹੁੰਦੇ, ਫਿਰ ਵੀ ਇਕ ਪਰਿਵਾਰ ਦੀ ਤਰ੍ਹਾਂ ਉਥੇ ਘੁਲ-ਮਿਲ ਕੇ ਰਹਿੰਦੇ ਹਨ। ਹਾਲ ਹੀ ਵਿਚ ਮੈਂ ਲਖਨਊ ਵਿਚ ਦਾਦੀ ਦਾ ਇਲਾਜ ਕਰਾਉਣ ਗਿਆ ਤਾਂ ਸੀਨੀਅਰ ਡਾਕਟਰ ਨੇ ਖੁਦ ਦੱਸਿਆ ਕਿ ਉਸ ਨੇ ਵੀ ਦੋ ਸਾਲ ਕਾਵੇਰੀ ਹੋਸਟਲ ਵਿਚ ਰਹਿ ਕੇ ਮੈਡੀਕਲ ਦੀ ਪੜ੍ਹਾਈ ਕੀਤੀ ਸੀ, ਕਿਉਂਕਿ ਬਾਹਰ ਰਹਿਣ ਦੀ ਹੈਸੀਅਤ ਨਹੀਂ ਸੀ। ਐਸੇ ਕਿੰਨੇ ਆਈ.ਏ.ਐਸ. ਮਿਲ ਜਾਣਗੇ ਜੋ ਜੇ.ਐਨ.ਯੂ. ਦੇ ਵਿਦਿਆਰਥੀ ਨਾ ਹੋ ਕੇ ਵੀ ਉਥੇ ਰਹਿ ਕੇ ਪੜ੍ਹਾਈ ਕਰਦੇ ਰਹੇ।

ਜੇ.ਐਨ.ਯੂ. ਦਾ ਵਿਰੋਧ ਕਰਨ ਵਾਲਿਆਂ ਨੂੰ ਦੱਸਣਾ ਚਾਹਾਂਗਾ ਕਿ ਜੇ ਤੁਸੀਂ ਖੁਦ ਇਥੇ ਨਹੀਂ ਆਏ, ਜਾਂ ਤੁਹਾਡਾ ਕੋਈ ਜਾਣ-ਪਛਾਣ ਵਾਲਾ ਇਥੇ ਨਹੀਂ ਹੈ ਤਾਂ ਬੇਨਤੀ ਹੈ ਕਿ ਮੀਡੀਆ ਦੀਆਂ ਗੱਲਾਂ ਵਿਚ ਆ ਕੇ ਜੇ.ਐਨ.ਯੂ. ਜਾਂ ਇਥੋਂ ਦੇ ਵਿਦਿਆਰਥੀਆਂ ਦੇ ਬਾਰੇ ਕੋਈ ਭਰਮ ਨਾ ਪਾਲੋ। ਮੀਡੀਆ ਬਿਨਾ ਤੱਥ, ਵੀਡੀਓ ਐਡਿਟ ਕਰਕੇ ਅਤੇ ਫੋਟੋ ਕੱਟ-ਪੇਸਟ ਕਰਕੇ ਦਿਖਾਉਂਦਾ ਹੈ ਕਿ ਆਹ ਦੇਖੋ ਜੇ.ਐਨ.ਯੂ. ਦੇ ਵਿਦਿਆਰਥੀ। ਮੀਡੀਆ ਨੂੰ ਵੀ ਦੱਸਣਾ ਚਾਹਾਂਗਾ ਕਿ ਇਕ ਘਰ ਦੀ ਪਹਿਲੀ ਜਾਂ ਦੂਸਰੀ ਲੜਕੀ ਹੀ ਪੜ੍ਹਨ ਲਈ ਘਰੋਂ ਬਾਹਰ ਨਿਕਲੀ ਹੈ, ਤੁਸੀਂ ਐਸਾ ਦਿਖਾ ਕੇ ਸੌ ਹੋਰ ਪਰਿਵਾਰਾਂ ਦੀਆਂ ਲੜਕੀਆਂ ਨੂੰ ਬਾਹਰ ਪੜ੍ਹਨ ਤੋਂ ਰੋਕ ਰਹੇ ਹੋ, ਉਹ ਜੋ ਤੁਹਾਡੀਆਂ ਖਬਰਾਂ ਦੇਖ ਰਹੇ ਹਨ।

ਖੁਦ ਮੇਰੇ ਘਰ ਵਾਲੇ ਮੇਰੀਆਂ ਭੈਣਾਂ ਨੂੰ ਕਾਫੀ ਮੁਸ਼ਕਿਲ ਨਾਲ 2-3 ਯੂਨੀਵਰਸਿਟੀਆਂ ਵਿਚ ਫਾਰਮ ਭਰਾਉਣ ਲਈ ਤਿਆਰ ਹੋਏ ਸਨ ਲੇਕਿਨ ਇਹ ਸਾਰੀਆਂ ਖਬਰਾਂ ਦੇਖ ਕੇ ਕਹਿ ਰਹੇ ਹਨ, ਰਹਿਣ ਦਿਓ ਘਰ ਵਿਚ ਹੀ ਠੀਕ ਹੈ। ਇਥੋਂ ਹੀ ਬੀ.ਏ. ਕਰ ਲੈਣਗੀਆਂ।

ਜੇ.ਐਨ.ਯੂ. ਦੇ ਬਾਰੇ ਵਿਚ ਬੋਲਣ ਤੋਂ ਪਹਿਲਾਂ ਇਥੇ ਆਓ, ਸਿਰਫ ਕਿਰਾਇਆ ਲੱਗੇਗਾ, ਕੋਈ ਵੀ ਵਿਦਿਆਰਥੀ ਤੁਹਾਨੂੰ ਖਾਣਾ ਖਵਾ ਕੇ ਆਪਣੇ ਨਾਲ ਰੱਖਣ ਲਈ ਤਿਆਰ ਹੋ ਜਾਵੇਗਾ। ਯਕੀਨ ਮੰਨੋ, ਬਾਹਰ ਤੁਹਾਡੀ ਕੋਈ ਵੀ ਹੈਸੀਅਤ ਹੋਵੇ, ਇਥੇ ਕਿਸੇ ਨਾਲ ਗੱਲ ਕਰੋਗੇ ਤਾਂ ਪਹਿਲੇ ਸੰਬੋਧਨ ਵਿਚ 'ਜੀ ਸਰ' ਸੁਣ ਕੇ ਤੁਹਾਡੀ ਸੋਚ ਬਦਲ ਜਾਵੇਗੀ।

ਕੀ ਕਿਤਾਬਾਂ ਰਟ ਲੈਣਾ ਹੀ ਪੜ੍ਹਨਾ ਹੈ? ਕੀ ਡਿਬੇਟ ਦੀ ਜ਼ਿੰਦਗੀ ਵਿਚ ਕੋਈ ਜ਼ਰੂਰਤ ਨਹੀਂ? ਕੀ ਸਰਕਾਰ ਦੀਆਂ ਨੀਤੀਆਂ ਦੀ ਆਲੋਚਨਾ ਨਹੀਂ ਕੀਤੀ ਜਾਣੀ ਚਾਹੀਦੀ? ਕੀ ਸਾਨੂੰ ਉਹੀ ਪੜ੍ਹਨ ਦਾ ਹੱਕ ਹੈ ਜੋ ਸਿਲੇਬਸ ਸਰਕਾਰ ਬਣਾ ਕੇ ਦੇਵੇ? ਕੀ ਅਸੀਂ ਉਹੀ ਸੋਚਣਾ ਹੈ ਜੋ ਮੀਡੀਆ ਸਾਨੂੰ ਦਿਖਾਵੇ? ਕੀ ਮੁਲਕ ਵਿਚ ਬਿਨਾ ਸਕੂਲ, ਕਾਲਜ ਜਾਂ ਯੂਨੀਵਰਸਿਟੀ 'ਚ ਦਾਖਲਾ ਲਏ ਪੜ੍ਹਾਈ ਕਰਨ ਦਾ ਹੱਕ ਨਹੀਂ ਹੈ?

ਜੇ ਐਸਾ ਹੈ ਤਾਂ ਬੰਦ ਕਰ ਦਿਓ ਮੁਲਕ ਦੀਆਂ ਸਾਰੀਆਂ ਯੂਨੀਵਰਸਿਟੀਆਂ ਅਤੇ ਇਕ ਐਸੀ ਸੰਸਥਾ ਬਣਾਓ ਜਿਸ ਵਿਚ ਤੁਸੀਂ ਲੋਕਾਂ ਦੀ ਸੋਚ ਨੂੰ ਮਾਰ ਕੇ ਆਪਣੀ ਕਮਾਂਡ ਥੋਪ ਕੇ ਰਿਮੋਟ ਆਪਣੇ ਕੋਲ ਰੱਖ ਲਵੋ। ਜਦੋਂ ਆਨ ਕਰੋ ਤਾਂ ਹੀ ਬੋਲੇ।

ਇਹ ਸਭ ਮੈਂ ਇਸ ਲਈ ਲਿਖ ਰਿਹਾ ਹਾਂ ਕਿਉਂਕਿ ਮੈਂ ਜੇ.ਐਨ.ਯੂ. ਦੇ ਲਾਗੇ ਰਹਿ ਕੇ, ਜੇ.ਐਨ.ਯੂ. ਦੇ ਲੋਕਾਂ ਨੂੰ ਮਿਲ ਕੇ ਆਪਣੀ ਇਕ ਸਮਝ ਵਿਕਸਤ ਕੀਤੀ ਹੈ ਅਤੇ ਜੇ.ਐਨ.ਯੂ. ਨੇ ਮੈਨੂੰ ਬਰਾਬਰੀ ਦਾ ਤਰਕ ਸਿਖਾਇਆ ਹੈ। ਜੇ.ਐਨ.ਯੂ. ਸਿਰਫ ਉਥੋਂ ਦੇ ਵਿਦਿਆਰਥੀਆਂ ਦੇ ਲਈ ਹੀ ਨਹੀਂ, ਸਮਾਜ ਦੇ ਲਈ ਵੀ ਬਹੁਤ ਜ਼ਰੂਰੀ ਹੈ। ਮੈਂ ਜੇ.ਐਨ.ਯੂ. ਦਾ ਵਿਦਿਆਰਥੀ ਨਹੀਂ ਹਾਂ ਅਤੇ ਨਾ ਹੀ ਕਦੇ ਬਣਾਂਗਾ, ਲੇਕਿਨ ਜੇ.ਐਨ.ਯੂ. ਨੇ ਮੈਨੂੰ ਜੋ ਦਿੱਤਾ ਹੈ, ਉਹ ਅਣਮੁੱਲ ਹੈ।

---

# ਅਗਿਆਤ ਔਰਤਾਂ ਵਾਲਾ ਸਮਾਜ?

ਗੱਲ 1912 ਦੀ ਹੈ। ਫਿਰੋਜ਼ਪੁਰ ਦੇ ਸਿੱਖ ਕੰਨਿਆ ਮਹਾਵਿਦਿਆਲਾ ਦੇ ਮੈਗਜ਼ੀਨ 'ਪੰਜਾਬੀ ਭੈਣ' ਵਿਚ ਇਕ ਵਿਦਿਆਰਥਣ ਨੇ ਲਿਖਿਆ: "ਜੇ ਤੁਸੀਂ ਕੁੜੀਆਂ ਨੂੰ ਵਿਦਿਆ ਨਹੀਂ ਦੇਵੋਗੇ ਤਾਂ ਇਸਤਰੀ ਡਾਕਟਰ, ਅਧਿਆਪਕ ਕਿਥੋਂ ਲਿਆਵੋਗੇ?" 2019 ਵਿਚ ਇਹ ਦਲੀਲ ਬਚਕਾਨਾ ਲੱਗ ਸਕਦੀ ਹੈ ਪਰ ਉਸ ਸਮੇਂ ਇਸ ਕਦਰ ਆਪਣੇ 'ਵੀਰਾਂ' ਨੂੰ ਸਵਾਲ ਕਰਨਾ ਬੜੀ ਹੈਰਾਨੀ ਅਤੇ ਜਿਗਰੇ

ਨਿਕਿਤਾ ਆਜ਼ਾਦ

ਵਾਲੀ ਗੱਲ ਸੀ। ਅੱਜ ਬਹੁਤੀਆਂ ਕੁੜੀਆਂ ਨੂੰ ਪੜ੍ਹਨ ਲਈ ਸਮਾਜ ਨੂੰ ਵੰਗਾਰ ਪਾਉਣ ਦੀ ਲੋੜ ਨਹੀਂ ਮਹਿਸੂਸ ਹੁੰਦੀ, ਕਿਉਂਕਿ ਆਰਥਿਕਤਾ ਅਤੇ ਸਮਾਜਿਕ ਵਿਵਸਥਾ ਵਿਚ ਵਿਦਿਆ ਅਹਿਮ ਢਾਂਚਾ ਬਣ ਗਈ ਹੈ। ਇਸਤਰੀ ਅੰਦੋਲਨਾਂ ਅਤੇ ਸਮਾਜ ਦੀ ਵਧਦੀ ਚੇਤਨਾ ਨੇ ਵੀ ਇਸ ਤਬਦੀਲੀ ਵਿਚ ਖਾਸ ਭੂਮਿਕਾ ਨਿਭਾਈ ਹੈ।

ਇਨ੍ਹਾਂ ਤੱਥਾਂ ਨੂੰ ਸਮਝਦਿਆਂ ਮੈਂ ਇਹ ਦਲੀਲ ਪੇਸ਼ ਕਰ ਰਹੀ ਹਾਂ ਕਿ ਜੇ.ਐਨ.ਯੂ. ਵਰਗੀਆਂ ਸਿੱਖਿਆ ਸੰਸਥਾਵਾਂ ਵਿਚ ਫੀਸ ਵਧਣ ਦਾ ਸਭ ਤੋਂ ਵੱਧ ਅਸਰ ਹਾਸ਼ੀਏ ਤੇ ਵਿਚਰਦੇ ਤਬਕਿਆਂ ਦੀਆਂ ਕੁੜੀਆਂ ਉਤੇ ਪਵੇਗਾ। ਸਮਾਜਿਕ ਤਾਣੇ ਬਾਣੇ ਵਿਚ ਆਏ ਲੱਖਾਂ ਬਦਲਾਵਾਂ ਤੋਂ ਬਾਅਦ ਵੀ ਵਿਆਹ ਅਜਿਹੀ ਸੰਸਥਾ ਹੈ ਜੋ ਕੁੜੀਆਂ ਲਈ 1912 ਵਿਚ ਵੀ ਅੰਤਮ ਟੀਚਾ ਸੀ ਅਤੇ ਅੱਜ ਵੀ ਹੈ। ਉਪਰ ਜਿਸ ਲੇਖ ਦਾ ਜ਼ਿਕਰ ਕੀਤਾ ਹੈ, ਉਹਦੇ ਅੰਤ ਵਿਚ ਸਾਡੀ ਗੁੰਮਨਾਮ (ਅਨਾਮ) ਲੇਖਕ ਕਹਿੰਦੀ ਹੈ, "ਸਮਾਜ ਦੀ ਤ੍ਰਾਸਦੀ ਇਹ ਹੈ ਕਿ ਅਸੀਂ ਚਾਹੁੰਦੇ ਹਾਂ, ਇਸਤਰੀਆਂ ਇੰਨਾ ਕੁ ਪੜ੍ਹ ਜਾਣ ਕਿ ਬੱਚੇ ਸਾਂਭ ਲੈਣ ਜਾਂ ਦੋ ਪੈਸੇ ਕਮਾ ਲੈਣ।" ਲੇਖ ਤਾਂ ਇਥੇ ਖਤਮ ਹੋ ਜਾਂਦਾ ਹੈ ਪਰ ਇਹ ਤ੍ਰਾਸਦੀ ਕੁੜੀਆਂ ਨਾਲ ਅੱਜ ਦੀ ਘੜੀ ਵੀ ਮੌਜੂਦ ਹੈ। ਵਿਆਹ ਅੱਜ ਵੀ ਅੰਤਮ ਟੀਚਾ ਹੈ ਅਤੇ ਵਿਦਿਆ ਤੇ ਨੌਕਰੀ ਉਸ ਨੂੰ ਬਣਾਈ ਰੱਖਣ, ਪਰਿਵਾਰ ਚਲਾਉਣ ਦਾ ਜ਼ਰੀਆ ਹੈ।

ਵੈਸੇ ਸਿੱਖਿਆ ਦਾ ਸਾਡੇ ਸਮਾਜ ਵਿਚ ਕੋਈ ਮੁੱਲ ਨਹੀਂ ਹੈ। ਸਿੱਖਿਆ ਪੈਸੇ ਕਮਾਉਣ ਦਾ ਸਾਧਨ ਹੈ। ਸਿੱਖਿਆ ਦਾ ਅਸਲ ਮੰਤਵ ਤਾਂ ਹੈ ਮਨੁੱਖ ਨੂੰ ਮਨੁੱਖਤਾ ਦੇ ਤਮਾਮ ਅਹਿਸਾਸਾਂ ਤੇ ਅਭਿਆਸਾਂ ਨਾਲ ਜੋੜਨਾ: ਸਵਾਲ ਕਰਨਾ, ਖੋਜ ਕਰਨਾ, ਵਿਸ਼ਲੇਸ਼ਣ ਕਰਨਾ, ਸਾਹਿਤ ਦੀ ਡੂੰਘਾਈ ਨੂੰ ਸਮਝਣਾ, ਕਲਾ ਨੂੰ ਮੁਹੱਬਤ ਕਰਨਾ, ਜ਼ਿੰਦਗੀ ਜਿਊਣ ਦੀ ਜਾਚ ਸਿੱਖਣਾ, ਅਤੇ ਖੁਦਮੁਖਤਾਰ ਹੋਣਾ ਪਰ ਸਮਾਜ ਲਈ ਇਹ ਸਿਰਫ਼ ਨੌਕਰੀ ਅਤੇ ਪਰਿਵਾਰ ਤਕ ਪੁੱਜਣ ਦਾ ਜ਼ਰੀਆ ਮਾਤਰ ਹੀ ਹੈ।

ਅਜਿਹੇ ਮਾਹੌਲ ਵਿਚ ਬਹੁਤ ਘੱਟ ਵਿਦਿਆਰਥੀ ਖੋਜ ਅਤੇ ਉੱਚ ਵਿਦਿਆ ਵਿਚ ਦਾਖਲ ਹੋਣਾ ਚਾਹੁੰਦੇ ਹਨ। ਇਸ ਵਿਚ ਪੀ.ਐਚ.ਡੀ. ਕਰਨ ਵਾਲੇ ਵਿਦਿਆਰਥੀ ਹੋਰ ਵੀ ਘਟ ਜਾਂਦੇ ਹਨ। ਸਰਕਾਰੀ ਅੰਕੜਿਆਂ ਅਨੁਸਾਰ ਪੀ.ਐਚ.ਡੀ. ਕਰਨ ਵਾਲੇ ਵਿਦਿਆਰਥੀਆਂ ਵਿਚ ਤਕਰੀਬਨ 66% ਮਰਦ ਅਤੇ 33% ਔਰਤਾਂ ਹਨ, ਭਾਵ ਮਰਦਾਂ ਦੀ ਗਿਣਤੀ ਔਰਤਾਂ ਨਾਲੋਂ ਦੁੱਗਣੇ। ਇਹਦਾ ਸਭ ਤੋਂ ਵੱਡਾ ਕਾਰਨ ਵਿਆਹ ਅਤੇ ਪਰਿਵਾਰ ਦਾ ਦਬਾਅ ਬਣਦਾ ਹੈ ਕਿਉਂਕਿ ਵਿਦਿਆ ਦੇ ਰਸਤੇ ਤੋਂ ਹੁੰਦੇ ਹੋਏ ਕੁੜੀ ਲਈ ਵਿਆਹ ਹੀ ਅੰਤਮ ਮੰਜ਼ਿਲ ਮੰਨੀ ਜਾਂਦੀ ਹੈ। ਪੀ.ਐਚ.ਡੀ. ਕਰਨਾ 5-7 ਸਾਲ ਦੀ ਪ੍ਰਤੀਬੱਧਤਾ ਦਾ ਸਵਾਲ ਹੈ ਅਤੇ ਕੁੜੀਆਂ ਲਈ 30-31 ਸਾਲਾਂ ਤਕ ਪੜ੍ਹਾਈ ਕਰਦੇ ਰਹਿਣਾ ਉਸ ਸਮਾਜ ਨੂੰ ਛੇਤੀ ਮਨਜ਼ੂਰ ਨਹੀਂ ਹੁੰਦਾ, ਜਿਥੇ ਕੁੜੀ ਦੇ 25 ਟੱਪਦੇ ਹੀ ਮਾਪਿਆਂ ਨੂੰ ਹੱਥਾਂ ਪੈਰਾਂ ਦੀ ਪੈ ਜਾਂਦੀ ਹੈ। ਕੁੜੀਆਂ ਅਕਸਰ ਮਾਪਿਆਂ ਨਾਲ ਲੜ ਕੇ ਪੀ.ਐਚ.ਡੀ. ਦਾ ਰਸਤਾ ਚੁਣਦੀਆਂ ਹਨ ਅਤੇ ਆਪਣੇ ਸੁਪਨੇ ਪੂਰੇ ਕਰਦੀਆਂ ਹਨ।

ਉਨ੍ਹਾਂ ਲਈ ਸਿੱਖਿਆ ਕਿਉਂਕਿ, ਕੇਵਲ ਪੈਸੇ ਕਮਾਉਣ ਦਾ ਨਹੀਂ ਸਗੋਂ ਗਿਆਨ ਦੀ ਪਿਆਸ 'ਵਧਾਉਣ' ਦਾ ਵਸੀਲਾ ਹੈ (ਇਹ ਬੁਝਦੀ ਕਦੇ ਨਹੀਂ) ਅਤੇ ਤਾਉਮਰ ਖੋਜ ਕਰਦੇ ਤੇ ਸਿੱਖਦੇ ਰਹਿਣ ਦਾ ਕਰਾਰ ਹੈ, ਉਹ ਘਰ ਬਾਰ ਛੱਡ ਕੇ ਸਕਾਲਰਸ਼ਿਪ ਉਤੇ ਪੜ੍ਹ ਕੇ ਜਾਂ ਪਾਰਟ-ਟਾਇਮ ਨੌਕਰੀ ਕਰਕੇ ਵੀ ਪੀ.ਐਚ.ਡੀ. ਕਰਦੀ ਰਹਿੰਦੀਆਂ ਹਨ। ਉਹ ਪੜ੍ਹਨ ਲਈ, ਖੋਜ ਕਰਨ ਲਈ, ਆਪਣੇ ਮਾਨਸ ਨੂੰ ਵਿਕਸਿਤ ਕਰਨ ਲਈ ਪੜ੍ਹਦੀਆਂ ਹਨ। ਇਸ ਪੜ੍ਹਾਈ ਵਿਚ ਉਨ੍ਹਾਂ ਦਾ ਸਭ ਤੋਂ ਵੱਡਾ ਹੌਂਸਲਾ ਹੁੰਦਾ ਹੈ ਜਨਤਕ ਯੂਨੀਵਰਸਿਟੀਆਂ, ਜਿਨ੍ਹਾਂ ਵਿਚ ਜੇ.ਐਨ.ਯੂ. ਅਜਿਹੀ ਸੰਸਥਾ ਹੈ ਜਿਥੇ ਜਾਣ ਦਾ ਖਵਾਬ ਭਾਰਤ ਦੀ ਹਰ ਖੋਜਾਰਥੀ ਦੇਖਦੀ ਹੋਵੇਗੀ।

ਸਿੱਖਿਆ ਦੇ ਵਪਾਰੀਕਰਨ ਨੇ ਭਾਰਤ ਵਿਚ ਬਹੁਤ ਘੱਟ ਅਜਿਹੀਆਂ ਯੂਨੀਵਰਸਟੀਆਂ ਛੱਡੀਆਂ ਹਨ ਜਿਥੇ ਆਮ ਘਰਾਂ ਦੀਆਂ ਕੁੜੀਆਂ ਜਾਂ ਉਹ ਕੁੜੀਆਂ ਪੜ੍ਹ ਸਕਣ ਜਿਨ੍ਹਾਂ ਨੂੰ ਆਪਣੇ ਪਰਿਵਾਰਾਂ ਵਲੋਂ ਕੋਈ ਸਹਾਇਤਾ ਨਹੀਂ ਮਿਲਦੀ। ਜੇ.ਐਨ.ਯੂ. ਅਜਿਹੀ ਸੰਸਥਾ ਹੈ ਜੋ ਨਾ ਕੇਵਲ ਕੁੜੀਆਂ ਲਈ ਫੀਸ ਪੱਖੋਂ ਆਦਰਸ਼ ਹੈ ਬਲਕਿ ਖੋਜ ਵਿਚ ਵੀ ਹਰ ਸਾਲ ਭਾਰਤ ਦੀਆਂ ਪਹਿਲੀਆਂ ਤਿੰਨ ਯੂਨੀਵਰਸਟੀਆਂ ਵਿਚ ਗਿਣੀ ਜਾਂਦੀ ਹੈ। ਜੇਕਰ ਜੇ.ਐਨ.ਯੂ. ਵਿਚ ਵੀ ਪ੍ਰਾਈਵੇਟ ਯੂਨੀਵਰਸਿਟੀਆਂ ਵਾਲਾ ਫੀਸ ਸਟਰਕਚਰ ਲਾਗੂ ਹੋ ਗਿਆ ਤਾਂ ਕੁੜੀਆਂ ਕੋਲੋਂ - ਖਾਸ ਕਰ ਉਹ ਜੋ ਖੁਦਮੁਖਤਾਰ ਹੋ ਪੜ੍ਹਨਾ ਅਤੇ ਖੋਜ ਕਰਨਾ ਚਾਹੁੰਦੀਆਂ ਹਨ - ਭਾਰਤ ਦੀ ਇਕ ਅੱਵਲ ਖੋਜ ਯੂਨੀਵਰਸਿਟੀ ਵਿਚ ਪੜ੍ਹਨ ਦਾ ਮੌਕਾ ਖੁੰਝ ਜਾਵੇਗਾ।

ਇਸ ਲਈ ਜਦੋਂ ਯੂ.ਜੀ.ਸੀ. ਨੇ 2014 ਵਿਚ ਨਾਨ-ਐਨ.ਈ.ਟੀ. ਫੈਲੋਸ਼ਿਪ ਬੰਦ ਕਰਨ ਦਾ ਐਲਾਨ ਕੀਤਾ ਸੀ ਤਾਂ ਹਜ਼ਾਰਾਂ ਕੁੜੀਆਂ ਨੇ ਦਿੱਲੀ ਦੀਆਂ ਸੜਕਾਂ ਉਤੇ ਅਤੇ ਯੂ.ਜੀ.ਸੀ. ਦਫਤਰ ਅੱਗੇ ਧਰਨਾ ਲਾਇਆ। ਅੱਜ ਵੀ ਜੇ.ਐਨ.ਯੂ. ਦੇ ਧਰਨਿਆਂ ਵਿਚ ਕੁੜੀਆਂ ਵਧ ਚੜ੍ਹ ਕੇ ਹਿੱਸਾ ਲੈ ਰਹੀਆਂ ਹਨ, ਉਹ ਜਾਣਦੀਆਂ ਹਨ ਕਿ ਭਾਰਤ ਵਰਗੇ ਲਿੰਗਕ ਭੇਦਭਾਵ ਨਾਲ ਭਰੇ ਸਮਾਜ ਵਿਚ ਉਨ੍ਹਾਂ ਲਈ ਖੋਜ ਕਰਨ ਅਤੇ ਸੁਤੰਤਰ ਜੀਵਨ ਜੀਅ ਸਕਣ ਦੀਆਂ ਸੰਭਾਵਨਾਵਾਂ ਬੇਹੱਦ ਸੀਮਿਤ ਹਨ।

ਸ਼ਾਇਦ ਇਹੀ ਕਾਰਨ ਹੈ ਕਿ ਸਾਡੀ 1912 ਦੀ ਲੇਖਕ ਗੁੰਮਨਾਮ ਰਹਿ ਗਈ। ਜੇ ਉਸ ਨੂੰ ਚੰਗੀ ਯੂਨੀਵਰਸਿਟੀ ਵਿਚ ਕੋਈ ਵਜ਼ੀਫਾ ਮਿਲਿਆ ਹੁੰਦਾ ਤਾਂ ਸ਼ਾਇਦ ਉਹ ਆਪਣੇ ਸਮਾਜ ਦੇ ਦਬਾਅ ਤੋਂ ਮੁਕਤ ਆਪਣੇ ਸੁਪਨੇ ਪੂਰੇ ਕਰ ਸਕਦੀ ਅਤੇ ਆਪਣੀ ਰਚਨਾ ਉਤੇ ਹੱਕ ਜਮਾ ਸਕਦੀ। ਅੱਜ ਜੇਕਰ ਖੋਜ ਕਰਵਾਉਣ ਵਾਲੀਆਂ ਚੰਦ ਕੁ ਯੂਨੀਵਰਸਿਟੀਆਂ ਵਿਚ ਵੀ ਕੁੜੀਆਂ ਨੂੰ ਪੜ੍ਹਨ ਦਾ ਮੌਕਾ ਨਹੀਂ ਮਿਲੇਗਾ ਤਾਂ ਉਹ ਅੱਜ ਦੇ ਸਮਾਜ ਵਿਚ ਅਗਿਆਤ ਅਤੇ ਅਨਾਮ ਜੀਵਨ ਜਿਊਣ ਲਈ ਮਜਬੂਰ ਹੋ ਜਾਣਗੀਆਂ।

ਇਸ ਲਈ ਫੀਸ ਵਾਧੇ ਦੇ ਖਿਲਾਫ ਜੰਗ ਜਿੰਨੀ ਪੂੰਜੀਵਾਦ ਨੂੰ ਲਲਕਾਰਨ ਲਈ ਜ਼ਰੂਰੀ ਹੈ, ਓਨੀ ਹੀ ਸਮਾਜ ਵਿਚ ਔਰਤਾਂ ਨੂੰ ਮਿਲੀ ਥੋੜ੍ਹੀ-ਬਹੁਤੀ ਸਪੇਸ ਬਚਾਉਣ ਲਈ ਵੀ ਮਹੱਤਵਪੂਰਨ ਹੈ। ਵਰਜੀਨੀਆ ਵੂਲਫ ਨੇ ਠੀਕ ਹੀ ਲਿਖਿਆ ਹੈ, "ਇਤਿਹਾਸ ਦੇ ਪੰਨਿਆਂ ਵਿਚ 'ਅਗਿਆਤ' ਹਮੇਸ਼ਾ ਔਰਤ ਹੀ ਸੀ।" ਅੱਜ ਦੀ ਲੜਾਈ ਔਰਤ ਨੂੰ ਮੁੜ ਅਗਿਆਤ ਬਣਨ ਤੋਂ ਬਚਾਉਣ ਦੀ ਲੜਾਈ ਹੈ।

# ਸਮਕਾਲੀ ਦੌਰ 'ਚ ਗੁਰੂ ਨਾਨਕ ਬਾਣੀ ਅਤੇ ਫਲਸਫੇ ਦੀ ਪ੍ਰਸੰਗਿਕਤਾ

**ਬਰੈਂਪਟਨ, ਕੈਨੇਡਾ (ਬਿਊਰੋ):** 'ਸਮਕਾਲੀ ਦੌਰ ਵਿਚ ਗੁਰੂ ਨਾਨਕ ਬਾਣੀ ਅਤੇ ਫਲਸਫੇ ਦੀ ਪ੍ਰਸੰਗਿਕਤਾ' ਵਿਸ਼ੇ 'ਤੇ ਇਕ ਰੋਜ਼ਾ ਕੌਮਾਂਤਰੀ ਸੈਮੀਨਾਰ ਵਿਸ਼ਵ ਪੰਜਾਬੀ ਕਾਨਫਰੰਸ (ਰਜਿ.) ਟੋਰਾਂਟੋ ਵੱਲੋਂ ਲੰਘੀ 23 ਨਵੰਬਰ ਨੂੰ ਕਰਵਾਇਆ ਗਿਆ। ਪ੍ਰਧਾਨਗੀ ਮੰਡਲ ਵਿਚ ਭਾਰਤ ਤੋਂ ਆਏ ਨਾਮਧਾਰੀ ਸੰਪਰਦਾਇ ਦੇ ਮੁਖੀ ਠਾਕਰ ਦਲੀਪ ਸਿੰਘ, ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਡਾ. ਮੋਹਨ ਸਿੰਘ ਤਿਆਗੀ,

## ਸੈਮੀਨਾਰ ਰਿਪੋਰਟ

ਪਾਕਿਸਤਾਨ ਤੋਂ ਲੇਖਕ ਮੁਹੰਮਦ ਖਾਲਿਦ, ਨਾਮੀ ਲੇਖਕ ਡਾ. ਵਰਿਆਮ ਸਿੰਘ ਸੰਧੂ, ਅਮਰੀਕਾ ਤੋਂ ਦਿਲਵੀਰ ਦਿਲ ਨਿੱਜਰ, ਵਿਸ਼ਵ ਪੰਜਾਬੀ ਕਾਨਫਰੰਸ (ਰਜਿ.) ਟੋਰਾਂਟੋ ਦੇ ਚੇਅਰਪਰਸਨ ਗਿਆਨ ਸਿੰਘ ਕੰਗ, ਪ੍ਰਧਾਨ ਕਮਲਜੀਤ ਸਿੰਘ ਲਾਲੀ ਕਿੰਗ ਅਤੇ ਮੀਤ ਪ੍ਰਧਾਨ ਸੁਰਜੀਤ ਕੌਰ ਸ਼ਾਮਲ ਸਨ। ਇਸ ਮੌਕੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਰਜਿਸਟਰਾਰ ਡਾ. ਮਨਜੀਤ ਸਿੰਘ ਦਾ ਭੇਜਿਆ ਸੰਦੇਸ਼ ਪੜ੍ਹ ਕੇ ਸੁਣਾਇਆ ਗਿਆ।

ਡਾ. ਮੋਹਨ ਤਿਆਗੀ ਨੇ ਕੁੰਜੀਵਤ ਭਾਸ਼ਣ ਵਿਚ ਗੁਰੂ ਨਾਨਕ ਦੇਵ ਜੀ ਨੂੰ ਕਰਮਯੋਗੀ, ਯਥਾਰਥਵਾਦੀ, ਗਰੀਬਾਂ ਦੇ ਸੱਚੇ ਸਾਥੀ ਤੇ ਹਮਦਰਦ ਕਰਾਰ ਦਿੰਦਿਆਂ ਚਾਰ ਉਦਾਸੀਆਂ ਦੌਰਾਨ ਵੱਖ-ਵੱਖ ਧਰਮਾਂ ਤੇ ਸੰਪਰਦਾਵਾਂ ਦੇ ਆਗੂਆਂ, ਜੋਗੀਆਂ, ਸਿੱਧਾਂ, ਨਾਥਾਂ, ਕਾਜ਼ੀਆਂ, ਮੁੱਲਾਂ ਤੇ ਪੰਡਿਤਾਂ ਨਾਲ ਉਨ੍ਹਾਂ ਵਲੋਂ ਸੰਵਾਦ ਰਚਾਉਣ ਦੀ ਗੱਲ ਬੜੇ ਖੂਬਸੂਰਤ ਸ਼ਬਦਾਂ ਵਿਚ ਕੀਤੀ। ਉਨ੍ਹਾਂ ਗੁਰੂ ਨਾਨਕ ਬਾਣੀ ਵਿਚ ਸਚਿਆਰ, ਭੈਅ, ਭਾਉ, ਬਰਾਬਰੀ, ਸਾਂਝੀਵਾਲਤਾ, ਕੁਦਰਤ, ਵਾਤਾਵਰਣ ਆਦਿ ਦਾ ਵਰਣਨ ਬਾਖੂਬੀ ਉਭਾਰਿਆ ਅਤੇ ਅਜੋਕੇ ਪ੍ਰਸੰਗ ਵਿਚ ਇਨ੍ਹਾਂ ਦੀ ਮਹੱਤਤਾ ਨੂੰ ਵਧੀਆ ਤਰੀਕੇ ਨਾਲ ਪੇਸ਼ ਕੀਤਾ।

ਡਾ. ਗੁਰਨਾਮ ਕੌਰ ਨੇ ਆਪਣੇ ਪਰਚੇ 'ਗੁਰੂ ਨਾਨਕ ਅਤੇ ਨਾਰੀਵਾਦ' ਵਿਚ ਗੁਰੂ ਨਾਨਕ ਵੱਲੋਂ ਉਚਾਰੇ ਗਏ ਸ਼ਬਦ 'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨਿ' ਨੂੰ ਆਧਾਰ ਬਣਾਉਂਦਿਆਂ ਕਿਹਾ ਕਿ ਗੁਰੂ ਜੀ ਨੇ ਔਰਤ ਜਾਤ ਦਾ ਭਰਪੂਰ ਸਨਮਾਨ ਕੀਤਾ ਹੈ। ਉਨ੍ਹਾਂ ਗੁਰੂ ਨਾਨਕ ਬਾਣੀ ਵਿਚ ਆਏ ਗ੍ਰਹਿਸਥੀ ਜੀਵਨ ਅਤੇ ਔਰਤ ਜਾਤ ਨਾਲ ਸਬੰਧਿਤ ਚਿੰਨ੍ਹਾਂ-ਸੁਹਾਗਣ, ਸੋਭਾਵੰਤੀ, ਨਾਰ ਆਦਿ ਦੀ ਵਿਆਖਿਆ ਕਰਦਿਆਂ ਕਿਹਾ ਕਿ ਗੁਰੂ ਸਾਹਿਬ ਨੇ ਉਸ ਮਾਲਕ ਪਰਮਾਤਮਾ ਨੂੰ ਪੁਰਸ਼ ਅਤੇ ਧਰਤੀ ਦੇ ਜੀਵਾਂ (ਮਨੁੱਖਾਂ) ਨੂੰ ਔਰਤ ਰੂਪ ਵਿਚ ਦਰਸਾਇਆ ਹੈ। ਉਨ੍ਹਾਂ ਦਾਈ ਦੌਲਤਾਂ ਤੇ ਗੁਰੂ ਨਾਨਕ ਦੀ ਭੈਣ ਬੇਬੇ ਨਾਨਕੀ ਦਾ ਵਿਸ਼ੇਸ਼ ਜ਼ਿਕਰ ਕੀਤਾ ਕਿ ਉਹ ਬਾਲਕ ਗੁਰੂ ਨਾਨਕ ਨੂੰ ਪਛਾਣਨ ਵਾਲੀਆਂ ਪਹਿਲੀਆਂ ਔਰਤਾਂ ਸਨ।

ਡਾ. ਸੁਖਦੇਵ ਸਿੰਘ ਝੰਡ ਨੇ ਆਪਣੇ ਪੇਪਰ 'ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਦੀ ਪ੍ਰਸੰਗਿਕਤਾ' ਵਿਚ ਗੁਰੂ ਨਾਨਕ ਨੂੰ ਜੀਵਨ ਵਿਚ ਅਧਿਆਤਮਵਾਦੀ ਤੇ ਯਥਾਰਥਵਾਦੀ ਪਹੁੰਚ ਵਾਲਾ 'ਪਰਮ-ਮਨੁੱਖ' ਕਿਹਾ ਅਤੇ ਉਨ੍ਹਾਂ ਦੀਆਂ ਸਿੱਖਿਆਵਾਂ-ਕਿਰਤ ਕਰੋ, ਨਾਮ ਜਪੋ ਤੇ ਵੰਡ ਛਕੋ 'ਤੇ ਜ਼ੋਰ ਦਿੰਦਿਆਂ ਇਨ੍ਹਾਂ ਦੀ ਅਜੋਕੇ ਯੁੱਗ ਵਿਚ ਸਫਲਤਾ ਨਾਲ ਚੱਲ ਰਹੀ ਲੰਗਰ ਦੀ ਪ੍ਰਥਾ ਅਤੇ 'ਖਾਲਸਾ-ਏਡ', 'ਸੇਵਾ ਫੂਡ', 'ਯੂਨਾਈਟਿਡ ਸਿੱਖਸ', 'ਸਿੱਖ ਨੌਜੁਆਨ ਸਭਾ ਮਲੇਸ਼ੀਆ' ਵਰਗੀਆਂ ਨਿਸ਼ਕਾਮ ਸੇਵਾ-ਸੰਸਥਾਵਾਂ ਦਾ ਵਿਸ਼ੇਸ਼ ਜ਼ਿਕਰ ਕੀਤਾ।

ਪਰਮ ਸਰਾਂ ਨੇ ਆਪਣੇ ਪੇਪਰ 'ਗੁਰੂ ਨਾਨਕ ਦੀ ਵਿਚਾਰਧਾਰਾ ਤੇ ਅਸੀਂ" ਵਿਚ ਕਿਹਾ ਕਿ ਅਸੀਂ ਉਨ੍ਹਾਂ ਦੀ ਵਿਚਾਰਧਾਰਾ ਨੂੰ ਭੁੱਲ ਕੇ ਪਤਾ ਨਹੀਂ ਕਿੱਧਰ ਨੂੰ ਜਾ ਰਹੇ ਹਾਂ ਅਤੇ ਆਪਣੇ ਜੀਵਨ ਵਿਚ ਠੋਕਰਾਂ ਖਾ ਰਹੇ ਹਾਂ। ਉਨ੍ਹਾਂ ਬਾਣੀ ਵਿਚ ਗੁਰੂ ਜੀ ਵੱਲੋਂ ਦਿੱਤੀ ਗਈ ਸੇਧ 'ਤੇ ਚੱਲਣ 'ਤੇ ਜ਼ੋਰ ਦਿੱਤਾ।



ਡਾ. ਮੋਹਨ ਤਿਆਗੀ



ਡਾ. ਵਰਿਆਮ ਸਿੰਘ ਸੰਧੂ



ਪੁਸਤਕ 'ਗੁਰੂ ਨਾਨਕ ਬਾਣੀ: ਚਿੰਤਨ, ਸਿਧਾਂਤ ਤੇ ਵਿਹਾਰ' ਲੋਕ ਅਰਪਿਤ ਕਰਦਿਆਂ

ਡਾ. ਡੀ. ਪੀ. ਸਿੰਘ ਨੇ 'ਨਾਨਕ ਬਾਣੀ ਵਿਚ ਸੰਸਾਰ-ਅਮਨ ਤੇ ਸਾਂਝੀਵਾਲਤਾ' ਦੇ ਪਰਿਪੇਖ ਵਿਚ ਕਿਹਾ ਕਿ ਸਾਰੀ ਦੁਨੀਆਂ ਵਿਚ ਇਸ ਸਮੇਂ ਅਮੀਰੀ-ਗਰੀਬੀ ਦਾ ਵੱਡਾ ਪਾੜਾ ਹੈ ਅਤੇ ਇਹ ਵਿਕਾਸਸ਼ੀਲ ਦੇਸ਼ਾਂ ਵਿਚ ਹੋਰ ਵੀ ਵੱਧ ਹੈ। ਰਿਸ਼ਵਤਖੋਰੀ, ਨਸ਼ੇਖੋਰੀ, ਚੋਰ-ਬਾਜ਼ਾਰੀ ਅਤੇ ਲੁੱਟ-ਖਸੁੱਟ ਅੱਜਕੱਲ੍ਹ ਆਮ ਗੱਲ ਹੈ। ਉਨ੍ਹਾਂ ਗੁਰਬਾਣੀ ਦੀਆਂ ਕਈ ਤੁਕਾਂ ਦੇ ਹਵਾਲੇ ਨਾਲ ਇਨ੍ਹਾਂ ਤੋਂ ਦੂਰ ਰਹਿਣ ਦੀ ਗੱਲ ਬਾਖੂਬੀ ਕੀਤੀ।

ਸੁਰਜੀਤ ਕੌਰ ਨੇ ਆਪਣੇ ਪੇਪਰ 'ਗੁਰੂ ਨਾਨਕ ਬਾਣੀ ਅਤੇ ਫਲਸਫੇ ਦੀ ਪ੍ਰਸੰਗਿਕਤਾ' ਵਿਚ ਕਿਹਾ ਕਿ ਅਸੀਂ ਅੱਜ ਵੀ ਉਸੇ ਤਰ੍ਹਾਂ ਜਾਤਾਂ-ਪਾਤਾਂ ਤੇ ਧਰਮਾਂ ਵਿਚ ਵੰਡੇ ਹੋਏ ਹਾਂ ਅਤੇ ਕੁਦਰਤ ਦਾ ਨਿਰਾਦਰ ਕਰ ਰਹੇ ਹਾਂ। ਸਾਡੀਆਂ ਨਾਲਾਇਕੀਆਂ ਦੇ ਕਾਰਨ ਹੀ ਹਵਾ ਤੇ ਪਾਣੀ ਦੂਸ਼ਿਤ ਹੋ ਰਹੇ ਹਨ ਅਤੇ ਪਾਣੀ ਦੇ ਸਰੋਤ ਸੁੱਕਦੇ ਤੇ ਮੁੱਕਦੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਸਾਨੂੰ ਗੁਰਬਾਣੀ ਤੋਂ ਸੇਧ ਲੈ ਕੇ ਇਨ੍ਹਾਂ ਦੁਸ਼ਵਾਰੀਆਂ ਤੋਂ ਨਿਜਾਤ ਪਾਉਣੀ ਚਾਹੀਦੀ ਹੈ।

ਦਿਲਵੀਰ ਦਿਲ ਨਿੱਜਰ ਨੇ ਜਨਮ-ਸਾਖੀਆਂ ਵਿਚ ਗੁਰੂ ਨਾਨਕ ਨਾਲ ਜੁੜੀਆਂ ਕਰਾਮਾਤਾਂ ਅਤੇ ਕੈਨੇਡੀਅਨ ਪੰਜਾਬੀ ਸਾਹਿਤ ਸਭਾ, ਟੋਰਾਂਟੋ ਦੇ ਚੇਅਰਪਰਸਨ ਕਰਨ ਅਜਾਇਬ ਸਿੰਘ ਸੰਘਾ ਨੇ ਗੁਰੂ ਨਾਨਕ ਦੀਆਂ ਸਿੱਖਿਆਵਾਂ ਤੋਂ ਦੂਰ ਹੋਣ ਦੀ ਗੱਲ ਕੀਤੀ। ਪਾਕਿਸਤਾਨੀ ਲੇਖਕ ਮੁਹੰਮਦ ਖਾਲਿਦ ਨੇ ਪਾਕਿਸਤਾਨ ਵਿਚ ਗੁਰੂ ਨਾਨਕ ਨਾਲ ਸਬੰਧਿਤ ਗੁਰਦੁਆਰਿਆਂ ਬਾਰੇ ਤਿਆਰ ਆਪਣੀ ਸਚਿੱਤਰ ਅੰਗਰੇਜ਼ੀ ਪੁਸਤਕ 'ਵਾਕਿੰਗ ਵਿਦ ਨਾਨਕ' ਸਬੰਧੀ ਵਿਚਾਰ ਪੇਸ਼ ਕੀਤੇ।

ਸੈਮੀਨਾਰ ਦੀ ਕਾਰਵਾਈ ਨੂੰ ਖੂਬਸੂਰਤੀ ਨਾਲ ਸਮੇਟਦਿਆਂ ਡਾ. ਵਰਿਆਮ ਸਿੰਘ ਸੰਧੂ ਨੇ ਕਿਹਾ ਕਿ ਸਾਰੇ ਹੀ ਬੁਲਾਰਿਆਂ ਨੇ ਆਪਣੇ ਵਿਚਾਰ ਬੜੇ ਵਧੀਆ ਢੰਗ ਨਾਲ ਪੇਸ਼ ਕੀਤੇ ਹਨ। ਬੇਸ਼ਕ ਹਰ ਬੁਲਾਰੇ ਦਾ ਨਜ਼ਰੀਆ ਅਤੇ ਕਹਿਣ ਦਾ ਤਰੀਕਾ ਆਪੋ-ਆਪਣਾ ਹੁੰਦਾ ਹੈ, ਪਰ ਉਨ੍ਹਾਂ ਦੇ ਵਿਚਾਰ ਗੁਰੂ ਜੀ ਦੀਆਂ ਸਿੱਖਿਆਵਾਂ ਦੇ ਇਰਦ-ਗਿਰਦ ਹੀ ਰਹੇ ਹਨ। ਉਨ੍ਹਾਂ ਆਪਣੇ ਦੋ ਵਾਰ ਪਾਕਿਸਤਾਨ ਜਾ ਕੇ ਨਨਕਾਣਾ ਸਾਹਿਬ ਦੀ ਧਰਤੀ ਨੂੰ ਨਤਮਸਤਕ ਹੋਣ ਦੀ ਗੱਲ ਬੜੇ ਖੂਬਸੂਰਤ ਸ਼ਬਦਾਂ ਵਿਚ ਕਹੀ ਅਤੇ ਗੁਰੂ ਜੀ ਦੀਆਂ ਚਹੁੰਆਂ ਉਦਾਸੀਆਂ ਦੌਰਾਨ ਭਾਈ ਮਰਦਾਨੇ ਦੇ ਡੂੰਘੇ ਸਾਥ ਤੇ ਚੌਥੀ ਉਦਾਸੀ ਦੇ ਅਖੀਰਲੇ ਸਮੇਂ ਉਸ ਦੇ ਸਾਥ ਦੇ ਛੱਡ ਜਾਣ ਦਾ ਬਿਆਨ ਬੜੇ ਭਾਵੁਕ ਸ਼ਬਦਾਂ ਵਿਚ ਕੀਤਾ। ਉਨ੍ਹਾਂ ਕਿਹਾ ਕਿ ਕਿੰਨੀ ਵਿਡੰਬਨਾ ਦੀ ਗੱਲ ਹੈ ਕਿ ਭਾਈ ਮਰਦਾਨਾ, ਜੋ ਏਨਾ ਲੰਮਾ ਸਮਾਂ ਗੁਰੂ ਜੀ ਦੇ ਸ਼ਬਦਾਂ ਨੂੰ ਰਬਾਬ ਨਾਲ ਸੰਗੀਤਕ ਸਾਥ ਦਿੰਦਾ ਰਿਹਾ, ਦੇ ਵਾਰਸਾਂ ਨੂੰ ਅੱਜ ਹਰਿਮੰਦਰ ਸਾਹਿਬ ਵਿਚ ਕੀਰਤਨ ਕਰਨ ਦੀ ਆਗਿਆ ਨਹੀਂ ਹੈ।

ਇਸ ਦੌਰਾਨ ਵਿਸ਼ਵ ਪੰਜਾਬੀ ਕਾਨਫਰੰਸ ਵੱਲੋਂ ਇਸੇ ਸਾਲ ਜੂਨ ਮਹੀਨੇ ਬਰੈਂਪਟਨ ਵਿਚ ਕਰਵਾਈ ਗਈ 'ਦੋ ਰੋਜ਼ਾ ਵਿਸ਼ਵ ਪੰਜਾਬੀ ਕਾਨਫਰੰਸ' ਵਿਚ ਪੜ੍ਹੇ ਗਏ ਖੋਜ-ਪੱਤਰਾਂ ਦੀ ਡਾ. ਮੋਹਨ ਤਿਆਗੀ ਅਤੇ ਡਾ. ਕੰਵਰ ਜਸਮਿੰਦਰਪਾਲ ਸਿੰਘ ਵੱਲੋਂ ਸੰਪਾਦਿਤ ਪੁਸਤਕ 'ਗੁਰੂ ਨਾਨਕ ਬਾਣੀ: ਚਿੰਤਨ, ਸਿਧਾਂਤ ਤੇ ਵਿਹਾਰ' ਲੋਕ ਅਰਪਿਤ ਕੀਤੀ ਗਈ। ਮਾਸਿਕ ਰਿਸਾਲੇ 'ਅੱਖਰ' ਦਾ ਅਕਤੂਬਰ ਅੰਕ ਵੀ ਰਿਲੀਜ਼ ਕੀਤਾ ਗਿਆ।

ਇਸ ਮੌਕੇ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਹੋਏ ਕਵੀ ਦਰਬਾਰ ਵਿਚ ਦੇਸ਼-ਵਿਦੇਸ਼ ਤੋਂ ਆਏ ਕਵੀਆਂ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਮਨਜੀਤ ਇੰਦਰਾ ਦੀ ਤਰੰਨਮ ਵਿਚ ਗਾਈ ਕਵਿਤਾ 'ਸੰਧਿਆ ਵੇਲੇ ਠਾਕਰ ਦੁਆਰੇ, ਕੋਈ ਦੀਪ ਧਰੇ' ਅਤੇ ਰਵਿੰਦਰ ਸਹਿਰਾਅ ਦੀ ਕਵਿਤਾ 'ਨਾਨਕ ਤੂੰ ਸਾਥੋਂ ਰੁੱਸਿਆ ਰੁੱਸਿਆ ਕਿਉਂ ਹੈ?' ਨੇ ਤਾਂ ਸਰੋਤਿਆਂ ਨੂੰ ਇਕ ਤਰ੍ਹਾਂ ਕੀਲ ਹੀ ਲਿਆ। ਅਮਰਜੀਤ ਪੰਛੀ, ਪ੍ਰੀਤਮ ਧੰਜਲ, ਗੁਰਦੇਵ ਚੌਹਾਨ, ਪਰਮਜੀਤ ਢਿੱਲੋਂ, ਹਰਮੇਸ਼, ਸੁਰਿੰਦਰਜੀਤ, ਜਤਿੰਦਰ ਰੰਧਾਵਾ, ਪਿਆਰਾ ਸਿੰਘ ਕੁੱਦੋਵਾਲ, ਹਰਦਿਆਲ ਝੀਤਾ, ਮੱਲ ਸਿੰਘ ਬਾਸੀ, ਅਵਤਾਰ ਸਿੰਘ ਅਰਸ਼ੀ, ਇਕਬਾਲ ਛੀਨਾ, ਅਨੂਪ ਬਸਰਾ, ਅਜਮੇਰ ਪਰਦੇਸੀ, ਹਰਜਿੰਦਰ ਸਿੰਘ ਭਸੀਨ ਸਮੇਤ ਕਰੀਬ 40 ਕਵੀਆਂ ਨੇ ਆਪੋ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ।

ਸੈਮੀਨਾਰ ਦੇ ਮੁੱਖ ਪ੍ਰਬੰਧਕਾਂ-ਸਰਪ੍ਰਸਤ ਗਿਆਨ ਸਿੰਘ ਕੰਗ ਅਤੇ ਪ੍ਰਧਾਨ ਕਮਲਜੀਤ ਸਿੰਘ ਲਾਲੀ ਕਿੰਗ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ। ਮੰਚ ਸੰਚਾਲਕ ਪ੍ਰੋ. ਜਗੀਰ ਸਿੰਘ ਕਾਹਲੋਂ, ਡਾ. ਅਮਰਦੀਪ ਸਿੰਘ ਬਿੰਦਰਾ ਅਤੇ ਸੁਰਜੀਤ ਕੌਰ ਨੇ ਕੀਤਾ।

# ਨਾਭੇ ਦੀ ਕਰੀਤੀ ਬਾਂਸਲ ਨੇ 'ਐਲਿਸ ਇਨ ਵੰਡਰਲੈਂਡ' ਦੀ ਤਰਜ 'ਤੇ ਰਚਿਆ ਮਿੰਨੀ ਨਾਵਲ


**ਨਾਭਾ (ਸੁਕੰਨਿਆ ਭਾਰਦਵਾਜ):** ਸਥਾਨਕ 16 ਸਾਲਾ ਨਾਵਲਕਾਰਾ ਬੀਬਾ ਕਰੀਤੀ ਬਾਂਸਲ ਦਾ ਉਸ ਦੇ ਪਲੇਠੇ ਨਾਵਲ 'ਵੈਰੋਨੀਕਾ ਐਂਡ ਦੀ ਗੋਲਡਨ ਡੋਰ' (ਵੈਰੋਨੀਕਾ ਤੇ ਸੁਨਹਿਰੀ ਦਰਵਾਜਾ) ਦੀ ਰਚਨਾ 'ਤੇ ਕਮਿਊਨਿਟੀ ਡਿਵੈਲਪਮੈਂਟ ਫਾਊਂਡੇਸ਼ਨ ਨਾਭਾ ਵਲੋਂ ਸਨਮਾਨ ਕੀਤਾ ਗਿਆ।

ਇਸ ਮੌਕੇ ਫਾਊਂਡੇਸ਼ਨ ਦੇ ਚੇਅਰਮੈਨ ਸੇਵਾ ਮੁਕਤ ਮੇਜਰ ਜਨਰਲ ਸੁਰੇਸ਼ ਤਿਵਾੜੀ ਨੇ ਕਿਹਾ ਕਿ ਜਿਥੇ ਅੱਜ ਦੀ ਨੌਜਵਾਨ ਪੀੜ੍ਹੀ ਕਿਤਾਬਾਂ ਪੜ੍ਹਨ ਅਤੇ ਸਾਹਿਤ ਦੇ ਰੁਝਾਨ ਵਿਚੋਂ ਨਿਕਲ ਕੇ ਅੱਧੇ ਅਧੂਰੇ ਗਿਆਨ ਸ਼ੋਸਲ ਮੀਡੀਆ, ਟਵੀਟਰ, ਫੇਸ ਬੁੱਕ ਆਦਿ ਵਿਚ ਉਲਝ ਕੇ ਰਹਿ ਗਈ ਹੈ, ਉਥੇ ਅੱਲੜਪੁਣੇ ਦੇ ਪਹਿਲੇ ਡੰਡੇ 'ਤੇ ਪੈਰ ਧਰਦਿਆਂ ਕਰੀਤੀ ਨੇ ਵਿਸ਼ਵ ਪ੍ਰਸਿੱਧ ਬਾਲ-ਸਾਹਿਤਕਾਰ ਲੈਵਿਸ ਦੇ 'ਐਲਿਸ ਇਨ ਵੰਡਰਲੈਂਡ' ਦੀ ਤਰਜ 'ਤੇ ਅਜਿਹੀ ਰਚਨਾ ਰਚ ਦਿੱਤੀ, ਜਿਸ ਦੀ ਮਿਸਾਲ ਸਾਹਿਤਕ ਹਲਕਿਆਂ 'ਚ ਏਨੀ ਛੋਟੀ ਉਮਰੇ ਬਹੁਤ ਘੱਟ ਦੇਖਣ ਨੂੰ ਮਿਲਦੀ ਹੈ। ਬਾਰਵੀਂ 'ਚ ਪੜ੍ਹਦੀ ਕਰੀਤੀ 'ਤੇ ਨਾਭਾ ਨਿਵਾਸੀਆਂ ਨੂੰ ਮਾਣ ਹੈ।

ਕਰੀਤੀ ਬਾਂਸਲ ਦੇ ਪਿਤਾ ਰਾਜੀਵ ਬਾਂਸਲ ਨੇ ਕਿਹਾ ਕਿ ਚੁਪਚਾਪ ਤੇ ਅੰਤਰਮੁਖੀ ਰਹਿਣ ਵਾਲੀ ਕਰੀਤੀ ਬਾਰੇ ਉਹ ਸੋਚ ਵੀ ਨਹੀਂ ਸੀ ਸਕਦੇ ਕਿ ਇੱਕ ਦਿਨ ਉਹ ਨਾਵਲ ਲਿਖ ਦੇਵੇਗੀ। ਲਗਦਾ ਹੈ ਕਿ ਕਰੀਤੀ ਦੀ ਇਹ ਕ੍ਰਿਤ ਮਾਪਿਆਂ ਤੇ ਬੱਚਿਆਂ ਦੇ ਆਪਸੀ ਰਿਸ਼ਤਿਆਂ ਨੂੰ ਖਾਸ ਕਰਕੇ ਮਨੋਵਿਗਿਆਨਕ ਤੌਰ 'ਤੇ ਸਮਝਣ ਵਿਚ ਅਹਿਮ ਰੋਲ ਅਦਾ ਕਰੇਗੀ।

ਕਰੀਤੀ ਨੇ ਕਿਹਾ ਕਿ ਅਜੋਕੇ ਵਿਦਿਅਕ ਸਮਾਜਕ ਮੁਕਾਬਲੇ ਤੇ ਦਿਖਾਵੇ ਦੀ ਹੋੜ ਵਿਚ ਮਾਪੇ ਆਪਣੀਆਂ ਅਧੂਰੀਆਂ ਇੱਛਾਵਾਂ ਦੀ ਪੂਰਤੀ ਲਈ ਬੱਚਿਆਂ 'ਤੇ ਬੇਲੋੜਾ ਦਬਾਅ ਬਣਾਉਂਦੇ ਹਨ, ਜਿਸ ਕਾਰਨ ਬੱਚੇ ਦੀ ਪ੍ਰਤਿਭਾ ਦਬ ਕੇ ਰਹਿ ਜਾਂਦੀ ਹੈ। ਸਮਾਜ ਤੇ ਮਾਪਿਆਂ ਦਾ ਇਹ ਵਰਤਾਰਾ ਬੱਚੇ ਨੂੰ ਨੀਰਸ ਦੁਨੀਆਂ ਵੱਲ ਧੱਕਦਾ ਚਲਿਆ ਜਾਂਦਾ ਹੈ ਤੇ ਉਹ ਕਾਲਪਨਿਕ ਦੁਨੀਆਂ ਦੀ ਧਾਰਨਾ ਸਿਰਜਦਾ ਹੈ, ਪਰ ਇਥੇ ਵੀ ਉਨ੍ਹਾਂ ਨੂੰ ਆਪਣੇ ਪਰਿਵਾਰ ਤੇ ਮਾਪਿਆਂ ਦਾ ਮੋਹ ਟਿਕਣ ਨਹੀਂ ਦਿੰਦਾ ਤੇ ਇਸ ਸਵਰਗ ਜਿਹੇ ਵਾਤਾਵਰਣ ਵਿਚੋਂ ਨਿਕਲ ਉਹ ਮੁੜ ਮਾਪਿਆਂ ਕੋਲ ਪਰਤਣ ਨੂੰ ਤਰਜੀਹ ਦਿੰਦੇ ਹਨ।

ਕਰੀਤੀ ਬਾਂਸਲ ਦਾ ਕਹਿਣਾ ਹੈ ਕਿ ਮਾਪਿਆਂ



ਲੇਖਿਕਾ ਕਰੀਤੀ ਬਾਂਸਲ ਆਪਣੇ ਪਲੇਠੇ ਨਾਵਲ 'ਵੈਰੋਨੀਕਾ ਐਂਡ ਦਾ ਗੋਲਡਨ ਡੋਰ' ਨਾਲ।


ਨੂੰ ਆਪਣੀ ਫੋਕੀ ਸ਼ੁਹਰਤ ਵਿਚੋਂ ਨਿਕਲ ਕੇ ਬੱਚਿਆਂ ਦੀਆਂ ਰੁਚੀਆਂ, ਕਾਬਲੀਅਤ, ਭਾਵਨਾਵਾਂ ਨੂੰ ਸਮਝ ਕੇ ਹੀ ਭਵਿਖੀ ਕੈਰੀਅਰ ਦਾ ਫੈਸਲਾ ਕਰਨਾ ਚਾਹੀਦਾ ਹੈ ਅਤੇ ਬੱਚੇ 'ਤੇ ਆਪਣੀ ਰਾਏ ਠੋਸਣ ਦੀ ਥਾਂ ਉਸ ਨੂੰ ਆਪਣਾ ਫੈਸਲਾ ਆਪ ਲੈਣ ਵਿਚ ਮਦਦ ਕਰਨੀ ਚਾਹੀਦੀ ਹੈ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਮੁਖ ਮਹਿਮਾਨ ਜੈ ਸਿੰਘ ਗਿੱਲ (ਸਾਬਕਾ ਮੁਖ ਸਕੱਤਰ ਪੰਜਾਬ ਸਰਕਾਰ), ਫਾਊਂਡੇਸ਼ਨ ਚੇਅਰਮੈਨ ਸੁਰੇਸ਼ਵਰ ਤਿਵਾੜੀ (ਸੇਵਾ ਮੁਕਤ ਮੇਜਰ ਜਨਰਲ) ਅਤੇ ਮੇਜਰ ਏ. ਪੀ. ਸਿੰਘ (ਪੜਪੋਤਰਾ 'ਮਹਾਨ ਸ਼ਬਦ-ਕੋਸ਼' ਰਚੈਤਾ ਭਾਈ ਕਾਨ੍ਹ ਸਿੰਘ ਨਾਭਾ) ਹਾਜ਼ਰ ਸਨ।

# ਪ੍ਰੋਫੈਸਰ ਜੋੜੀ ਵੱਲੋਂ ਧੀ ਦੇ ਵਿਆਹ 'ਤੇ ਨਿਵੇਕਲੀ ਪਹਿਲ

**ਪਟਿਆਲਾ (ਅਰਸ਼ਦੀਪ ਸਿੰਘ ਚਹਿਲ):** ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਪੰਜਾਬੀ ਵਿਭਾਗ ਦੇ ਸਾਬਕਾ ਮੁਖੀ ਤੇ ਪ੍ਰੋ. ਰਾਜਿੰਦਰਪਾਲ ਸਿੰਘ ਬਰਾੜ ਅਤੇ ਪ੍ਰੋ. ਚਰਨਜੀਤ ਕੌਰ ਨੇ ਆਪਣੀ ਧੀ ਵਿਵੇਕਜੋਤ ਬਰਾੜ ਦੇ ਵਿਆਹ ਨੂੰ ਯਾਦਗਾਰੀ ਤੇ ਸਾਹਿਤਕ ਰੰਗਤ ਦਿੰਦਿਆਂ ਅਨੋਖੀ ਪਹਿਲਕਦਮੀ ਕਰਦਿਆਂ ਧੀ ਦੇ ਵਿਆਹ ਦਾ ਸੱਦਾ ਪੱਤਰ ਇੱਕ ਪੁਸਤਕ ਦੇ ਰੂਪ 'ਚ ਤਿਆਰ ਕੀਤਾ ਹੈ, ਜਿਸ ਨੂੰ 'ਆਏ ਦਿਨ ਸੁਹਾਵੇ' ਦਾ ਸਿਰਲੇਖ ਦਿੱਤਾ ਹੈ।

ਲੋਕ ਗੀਤ ਪ੍ਰਕਾਸ਼ਨ ਵੱਲੋਂ ਛਾਪੇ ਗਏ ਪੁਸਤਕ ਰੂਪੀ ਸੱਦਾ ਪੱਤਰ ਦੇ 88 ਸਫੇ ਹਨ, ਜਿਸ ਦੇ ਪਹਿਲ ਸਫੇ 'ਤੇ ਸੱਦਾ ਪੱਤਰ ਦਰਜ ਹੈ ਅਤੇ ਉਸ ਪਿਛੋਂ ਪੰਜਾਬੀ ਮੁਟਿਆਰਾਂ ਦੇ ਵਿਆਹ ਨਾਲ ਸਬੰਧਤ ਲੋਕ ਗੀਤਾਂ ਨੂੰ ਵਿਆਹ ਦੀਆਂ ਰਸਮਾਂ ਦੀ ਤਰਤੀਬ ਵਿਚ ਛਾਪਿਆ ਗਿਆ ਹੈ। ਸਭ ਤੋਂ ਪਹਿਲਾਂ ਵਿਆਹ ਦੇ ਸਾਹੇ ਨਾਲ ਸਬੰਧਤ ਲੋਕ ਗੀਤ ਹਨ। ਉਪਰੰਤ ਵਿਆਹ ਨਿਸ਼ਚਿਤ ਹੋਣ ਪਿਛੋਂ ਲੜਕੀ, ਉਸ ਦੇ ਮਾਪਿਆਂ ਤੇ ਸਹੇਲੀਆਂ ਦੀ ਮਨੋਦਸ਼ਾ ਨੂੰ ਦਰਸਾਉਂਦੇ ਗੀਤ ਸ਼ਾਮਲ ਕੀਤੇ ਗਏ ਹਨ। ਕੁਝ ਦਹਾਕੇ ਪਹਿਲਾਂ ਪੰਜਾਬ ਦੇ ਪਿੰਡਾਂ 'ਚ ਵਿਆਹ ਤੋਂ ਪਹਿਲਾਂ ਗਾਏ ਜਾਂਦੇ ਲੰਮੀ ਹੇਕ ਦੇ ਗੀਤ (ਸੁਹਾਗ) ਸ਼ਾਮਲ ਕੀਤੇ ਗਏ ਹਨ। ਵਿਆਹ ਦੀਆਂ ਰਸਮਾਂ ਨਾਲ ਸਬੰਧਤ ਲੋਕ ਗੀਤ ਤਰਤੀਬਵਾਰ ਪੇਸ਼ ਕੀਤੇ ਗਏ




ਹਨ, ਜਿਨ੍ਹਾਂ 'ਚ ਲਾੜੀ ਦੀਆਂ ਮੀਢੀਆਂ ਖੋਲ੍ਹਣ, ਵਟਣਾ ਮਲਣ, ਨੁਹਾਈ-ਧੋਈ, ਚੂੜੀਆਂ ਚੜ੍ਹਾਉਣ, ਸਿੱਠਣੀਆਂ, ਡੋਲੀ, ਡੋਲੀ ਤੁਰਨ ਪਿੱਛੋਂ ਦੇ ਗੀਤ ਅਤੇ ਗਿੱਧੇ ਦੀਆਂ ਬੋਲੀਆਂ ਸ਼ਾਮਲ ਕੀਤੀਆਂ ਗਈਆਂ ਹਨ।

ਇਸ ਉਪਰੰਤ ਲੜਕੇ ਦੇ ਵਿਆਹ ਨਾਲ ਸਬੰਧਤ ਰਸਮਾਂ-ਘੋੜੀ, ਜੰਨ ਚੜ੍ਹਨ ਤੇ ਗਿੱਧੇ ਦੀਆਂ ਬੋਲੀਆਂ, ਡੋਲਾ ਉਤਾਰਨ ਤੇ ਪਿਆਲਾ ਦੇਣ ਸਮੇਂ ਦੇ ਗੀਤ, ਨਾਨਕਾ ਮੇਲ ਦੀ ਆਮਦ ਸਬੰਧੀ ਅਤੇ ਨਾਨਕੇ-ਦਾਦਕੇ ਪਰਿਵਾਰਾਂ ਦੇ ਗੀਤਾਂ ਰਾਹੀਂ ਹੋਣ ਵਾਲੇ ਮੁਕਾਬਲੇ ਦੇ ਗੀਤ ਵੀ ਇਸ ਪੁਸਤਕ ਦਾ ਸ਼ਿੰਗਾਰ ਬਣੇ ਹਨ। ਨਾਨਕੇ ਮੇਲ ਦੀ ਵਿਦਾਇਗੀ ਵਾਲੇ ਗੀਤਾਂ ਨਾਲ ਪੁਸਤਕ ਨੇਪਰੇ ਚੜ੍ਹਦੀ ਹੈ।

ਬਰਾੜ ਜੋੜੀ ਦਾ ਇਹ ਉਦਮ ਜਿੱਥੇ ਉਨ੍ਹਾਂ ਦੀ ਧੀ ਦੇ ਵਿਆਹ ਨੂੰ ਯਾਦਗਾਰੀ ਬਣਾਉਂਦਾ ਹੈ, ਉਥੇ ਸਾਡੀਆਂ ਅਮੀਰ ਰਵਾਇਤਾਂ ਤੇ ਰਸਮਾਂ ਪ੍ਰਤੀ ਵੀ ਸੁਚੇਤ ਕਰਦਾ ਹੈ। ਲੋਕਧਾਰਾ ਦੇ ਸੁਹਾਵੇ ਬਾਗ ਵਿਚੋਂ ਕੁਝ ਫੁੱਲਾਂ ਵਰਗੇ ਗੀਤਾਂ ਦੀ ਸੱਭਿਆਚਾਰਕ ਰਸਮਾਂ ਦੇ ਧਾਗੇ ਨਾਲ ਤਿਆਰ ਕੀਤੀ ਇਹ ਸ਼ਬਦ-ਸੁਰਾਂ ਦੀ ਮਾਲਾ ਇੱਕ ਸ਼ਲਾਘਾਯੋਗ ਉਦਮ ਹੈ। ਇੱਥੇ ਹੀ ਬੱਸ ਨਹੀਂ! ਬਰਾੜ ਪਰਿਵਾਰ ਵਲੋਂ ਕੱਪੜੇ ਦੇ ਬਣੇ ਝੋਲੇ 'ਚ ਮਿਠਾਈ ਅਤੇ ਸੱਦਾ ਪੱਤਰ ਰੂਪੀ ਪੁਸਤਕ ਪਾ ਕੇ ਸੱਜਣਾਂ-ਮਿੱਤਰਾਂ ਨੂੰ ਵਿਆਹ ਲਈ ਨਿਉਂਦਾ ਦਿੱਤਾ ਗਿਆ ਹੈ।

# ਸ਼ੌਕਤ, ਸ਼ਬਾਨਾ ਤੇ ਕੈਫੀ ਆਜ਼ਮੀ

ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
Sandhugulzar@yahoo.com

ਇਨ੍ਹੀਂ ਦਿਨੀਂ ਸ਼ਬਾਨਾ ਆਜ਼ਮੀ ਦੀ ਮਾਂ ਤੇ ਕੈਫੀ ਆਜ਼ਮੀ ਦੀ ਹਮ ਸਫਰ ਸ਼ੌਕਤ ਆਜ਼ਮੀ ਦੇ ਅਕਾਲ ਚਲਾਣੇ ਉਤੇ ਮੈਨੂੰ ਡੂੰਘਾ ਅਹਿਸਾਸ ਹੋਇਆ ਕਿ ਮੇਰੀਆਂ ਤਿੰਨ ਪਸੰਦੀਦਾ ਹਸਤੀਆਂ ਵਿਚੋਂ ਹੁਣ ਕੇਵਲ ਸ਼ਬਾਨਾ ਹੀ ਪਿੱਛੇ ਰਹਿ ਗਈ ਹੈ। ਇਥੇ ਸਿਰਫ ਸ਼ੌਕਤ ਆਜ਼ਮੀ ਨੂੰ ਚੇਤੇ ਕੀਤਾ ਗਿਆ ਹੈ। 10-12 ਸਾਲ ਪਹਿਲਾਂ ਚੰਡੀਗੜ੍ਹ ਦੇ ਗ੍ਰਾਮੀਣ ਤੇ ਉਦਯੋਗਿਕ ਵਿਕਾਸ ਕੇਂਦਰ ਵਿਚ ਸ਼ੌਕਤ-ਕੈਫੀ ਦੀ ਸਵੈਜੀਵਨੀ 'ਯਾਦ ਕੀ ਰਾਹ ਗੁਜ਼ਰ' ਦੀ ਘੁੰਡ ਚੁਕਾਈ ਸਮੇਂ ਉਨ੍ਹਾਂ ਨੂੰ ਨੇੜਿਉਂ ਤੱਕਿਆ ਤੇ ਫੇਰ ਇਸੇ ਸਾਲ ਅਕਤੂਬਰ ਮਹੀਨੇ ਖੁਸ਼ਵੰਤ ਸਿੰਘ ਸਾਹਿਤ ਮੇਲੇ 'ਚ ਕਸੌਲੀ ਵਿਖੇ ਨਸਰੀਨ ਰਹਿਮਾਨ ਦੀ ਕੈਫੀ ਆਜ਼ਮੀ ਦੀ ਜਨਮ ਸ਼ਤਾਬਦੀ ਮੌਕੇ ਅੰਗਰੇਜ਼ੀ ਭਾਸ਼ਾ ਵਿਚ ਲਿਖੀ ਪੁਸਤਕ 'ਕੈਫੀ ਐਂਡ ਆਈ' ਉਤੇ ਚਰਚਾ ਸੁਣੀ।

ਚਿਹਰੇ ਮੁਹਰੇ ਵਜੋਂ ਸ਼ੌਕਤ ਆਜ਼ਮੀ ਆਪਣੀ ਬੇਟੀ ਤੇ ਖਾਵੰਦ-ਦੋਹਾਂ ਨਾਲੋਂ ਸੋਹਣੀ ਤੇ ਬਣਦੀ ਫਬਦੀ ਸੀ। ਉਸ ਨੂੰ ਉਰਦੂ ਜ਼ੁਬਾਨ 'ਤੇ ਅਬੂਰ ਹਾਸਲ ਸੀ ਤੇ ਸ਼ੈਲੀ 'ਤੇ ਕਮਾਲ। ਹਥਲੇ ਲੇਖ ਵਿਚ ਸਿਰਫ ਸ਼ੌਕਤ ਰਚਿਤ ਸਵੈਜੀਵਨੀ ਦਾ ਸਾਰ ਹੈ, ਖਾਸ ਕਰਕੇ ਸ਼ੌਕਤ ਤੇ ਕੈਫੀ ਦੇ ਮੁਢਲੇ ਸਫਰ ਦਾ। ਕੈਫੀ ਆਜ਼ਮੀ ਐਨਾ ਪਿਆਰਾ ਪਿਤਾ ਸੀ ਕਿ ਕਸੌਲੀ ਵਾਲੇ ਸਮਾਗਮ ਵਿਚ ਨਸਰੀਨ ਰਹਿਮਾਨ ਵਲੋਂ ਪੁੱਛੇ ਗਏ ਸਵਾਲਾਂ ਦਾ ਉਤਰ ਦਿੰਦਿਆਂ ਸ਼ਬਾਨਾ ਆਜ਼ਮੀ ਆਪਣੇ ਬਾਪ ਦਾ ਨਾਂ ਲੈਂਦੇ ਸਮੇਂ ਸਿਰਫ 'ਕੈਫੀ' ਹੀ ਕਹਿੰਦੀ ਰਹੀ, ਵਾਲਦ ਸਾਹਿਬ ਜਾਂ ਅੱਬਾ ਜਾਨ ਉਕਾ ਹੀ ਨਹੀਂ।

ਕੈਫੀ ਦੀ ਸ਼ੌਕਤ ਨਾਲ ਪਹਿਲੀ ਭੇਟ ਅਗਾਂਹ ਵਧੂ ਕਵੀਆਂ ਦੇ ਇਕ ਮੁਸ਼ਾਇਰੇ ਵਿਚ ਹੋਈ, ਹੈਦਰਾਬਾਦ ਵਿਖੇ। ਸ਼ਿਰਕਤ ਕਰਨ ਵਾਲਿਆਂ ਵਿਚ ਕੈਫੀ ਆਜ਼ਮੀ ਤੋਂ ਬਿਨਾ ਸਰਦਾਰ ਜਾਫਰੀ, ਸੱਜਦ ਜ਼ਹੀਰ, ਸਾਹਿਰ ਲੁਧਿਆਣਵੀ, ਜਾਂਨਿਸਾਰ ਅਖਤਰ, ਮਜਰੂਹ ਸੁਲਤਾਨਪੁਰੀ ਮਖਦੂਮ ਆਦਿ ਅਗਾਂਹਵਧੂ ਕਵੀ ਸਨ। ਸ਼ੌਕਤ ਦੇ ਅੱਬਾ ਪਹਿਲਾਂ ਵਾਂਗ ਹੀ ਬਾਲ ਪਰਿਵਾਰ ਸਮੇਤ ਉਥੇ ਪਹੁੰਚੇ ਹੋਏ ਸਨ। ਸਾਰੇ ਇਕ ਦੂਜੇ ਦੇ ਜਾਣੂ ਸਨ। ਸ਼ੌਕਤ ਸੱਜਾਦ ਜ਼ਹੀਰ ਨੂੰ ਬੰਨੇ ਭਾਈ ਕਹਿ ਕੇ ਸੰਬੋਧਨ ਕਰਦੀ ਸੀ ਤੇ ਸਰਦਾਰ ਜਾਫਰੀ ਤੇ ਜਾਂਨਿਸਾਰ ਨੂੰ ਅਖਤਰ ਭਾਈ ਕਹਿ ਕੇ। ਮੁਸ਼ਾਇਰਾ ਖਤਮ ਹੋਇਆ ਤਾਂ ਸ਼ੌਕਤ ਵੀ ਹੋਰਨਾਂ ਕੁੜੀਆਂ ਵਾਂਗ ਕਵੀਆਂ ਤੋਂ ਆਟੋਗਰਾਫ ਲੈਣ ਪਹੁੰਚ ਗਈ। ਕੈਫੀ ਨੂੰ ਕੁੜੀਆਂ ਦੇ ਝੁਰਮਟ ਵਿਚ ਘਿਰਿਆ ਵੇਖ ਸ਼ੌਕਤ ਸਰਦਾਰ ਜਾਫਰੀ ਵਲ ਵਧ ਗਈ। ਭੀੜ ਘੱਟ ਹੋਈ ਤਾਂ ਸ਼ੌਕਤ ਤੇ ਉਸ ਦੀ ਸਹੇਲੀ ਜ਼ਕੀਆ ਕੈਫੀ ਦੇ ਸਾਹਮਣੇ ਆ ਗਈਆਂ। ਕੈਫੀ ਨੇ ਸ਼ੌਕਤ ਲਈ ਤਾਂ ਅਤਿਅੰਤ ਮੁਸ਼ਕਿਲ ਸ਼ਬਦਾਂ ਵਾਲਾ ਸ਼ਿਅਰ ਲਿਖਿਆ ਤੇ ਜ਼ਕੀਆ ਲਈ ਸੌਖਾ ਤੇ ਸਮਝ ਆਉਣ ਵਾਲਾ। ਸ਼ੌਕਤ ਨੇ ਗੁੱਸਾ ਦਿਖਾਇਆ ਤਾਂ ਕੈਫੀ ਨੇ ਮੁਸਕਰਾ ਕੇ ਉਤਰ ਦਿੱਤਾ ਕਿ ਉਹ ਵੀ ਤਾਂ ਕੈਫੀ ਤੋਂ ਪਹਿਲਾਂ ਸਰਦਾਰ ਕੋਲ ਚਲੀ ਗਈ ਸੀ। ਬਸ ਫੇਰ...।

ਸਾਰੇ ਕਵੀਆਂ ਦਾ ਰਾਤ ਦਾ ਖਾਣਾ ਅਖਤਰ ਦੇ ਘਰ ਸੀ। ਕੈਫੀ ਦੇਰ ਨਾਲ ਆਇਆ। ਸ਼ੌਕਤ ਨੂੰ ਪਾਣੀ ਦੀ ਸੁਰਾਹੀ ਕੋਲ ਖੜੀ ਦੇਖ ਕੇ ਕਹਿਣ ਲੱਗਾ, ਮੈਨੂੰ ਅੰਤਾਂ ਦੀ ਤ੍ਰੇਹ ਲੱਗੀ ਹੋਈ ਹੈ। ਕੈਫੀ ਇੱਕ ਇੱਕ ਕਰਕੇ ਚਾਰ ਕਟੋਰੇ ਪੀ ਗਿਆ, ਪਰ ਫਿਰ ਵੀ ਕਹੀ ਜਾਵੇ ਕਿ ਪਿਆਸ ਨਹੀਂ ਬੁਝੀ। ਸ਼ੌਕਤ ਸ਼ਰਮਾ ਕੇ ਉਥੋਂ ਭੱਜੀ ਤੇ ਔਰਤਾਂ ਦੀ ਭੀੜ ਵਿਚ ਜਾ ਵੜੀ। ਖਾਣੇ ਤੋਂ ਪਿੱਛੋਂ ਘਰੇਲੂ ਮੁਸ਼ਾਇਰਾ ਹੋਇਆ। ਸ਼ੌਕਤ ਦੇ ਦਿਲ ਵਿਚ ਸ਼ਾਇਰਾਂ ਦੀ ਇੱਜਤ ਧੁਰ ਅੰਦਰ ਤੱਕ ਉਤਰ ਚੁਕੀ ਸੀ। ਘਰੇਲੂ ਮੁਸ਼ਾਇਰੇ ਦੇ ਅੰਤ ਵਿਚ ਸਾਹਿਰ ਲੁਧਿਆਣਵੀ ਨੂੰ 'ਤਾਜ ਮਹਿਲ' ਕਵਿਤਾ ਸੁਣਾਉਣ ਦੀ ਫਰਮਾਇਸ਼ ਪਾਈ ਗਈ ਤੇ ਕੈਫੀ ਨੂੰ 'ਔਰਤ'। ਸ਼ੌਕਤ ਦੇ ਲਿਖਣ ਅਨੁਸਾਰ ਕੈਫੀ ਪੂਰੇ ਵਿਸ਼ਵਾਸ ਨਾਲ ਸਾਹਮਣੇ ਆਏ। ਆਪਣੇ ਕੰਬਦੇ ਹੱਥਾਂ ਨਾਲ ਸਿਗਰਟ ਸੁਲਘਾਈ, ਸਿਰ ਦੇ ਵਾਲ ਸੰਵਾਰੇ ਤੇ 'ਔਰਤ' ਨਜ਼ਮ ਸੁਣਾਈ। ਹਰ ਇੱਕ ਸ਼ਿਅਰ ਔਰਤ ਦੀ ਉਸਤਤ ਕਰ ਰਿਹਾ ਸੀ। ਜਿਵੇਂ,

ਕਦਰ ਅਬ ਤੱਕ ਤੇਰੀ,
ਤਾਰੀਖ ਨੇ ਜਾਨੀ ਹੀ ਨਹੀਂ।
ਤੁਝ ਮੇਂ ਸ਼ੋਅਲੇ ਭੀ ਹੈ,
ਬਸ ਅਸ਼ਕ ਫਸਾਨੀ ਹੀ ਨਹੀਂ।
ਤੂੰ ਹਕੀਕਤ ਭੀ ਹੈ,
ਦਿਲਚਸਪ ਕਹਾਨੀ ਹੀ ਨਹੀਂ।
ਤੇਰੀ ਹਸਤੀ ਭੀ ਹੈ ਏਕ ਚੀਜ਼,
ਜਵਾਨੀ ਹੀ ਨਹੀਂ।
ਅਪਨੀ ਤਾਰੀਖ ਕਾ
ਅਨੁਮਾਨ ਬਦਲਨਾ ਹੈ ਤੁਝੇ।
ਉਠ ਮੇਰੀ ਜਾਨ
ਮੇਰੇ ਸਾਥ ਹੀ ਚਲਨਾ ਹੈ ਤੁਝੇ।

ਸ਼ੌਕਤ ਦੇ ਦਿਲ ਵਿਚ ਇਹ ਨਜ਼ਮ ਆਟੋਗਰਾਫ ਦੇ ਪ੍ਰਸੰਗ ਵਿਚ ਬੋਲੇ ਗਏ ਸ਼ਬਦਾਂ ਨਾਲੋਂ ਵੀ ਡੂੰਘੀ ਉਤਰ ਗਈ। ਏਨੀ ਕਿ ਦੋਹਾਂ ਵਿਚ ਚਿੱਠੀ ਪੱਤਰ ਸ਼ੁਰੂ ਹੋ ਗਿਆ।

ਸ਼ੌਕਤ ਘਰ ਵਿਚ ਕੰਮ ਕਰਨ ਵਾਲੀ ਦਾਸੀ ਦੇ ਹੱਥ ਚਿੱਠੀ ਭੇਜ ਦਿੰਦੀ ਤੇ ਉਹ ਲੈਟਰ ਬਾਕਸ ਦੀ ਭੇਟ ਕਰ ਆਉਂਦੀ। ਕੈਫੀ ਉਸ ਦਾ ਉਤਰ ਸ਼ੌਕਤ ਦੇ ਸਵਰਗਵਾਸੀ ਚਾਚੇ ਦੇ ਪੁੱਤ ਅਕਬਰ ਦੇ ਸਕੂਲ ਵਾਲੇ ਪਤੇ ਉਤੇ ਭੇਜ ਦਿੰਦਾ। ਕੈਫੀ ਸੱਤ ਸਾਲ ਵੱਡਾ ਸੀ, ਪਰ ਸ਼ੌਕਤ ਦੇ ਸੁਹਪਣ ਤੇ ਜਵਾਨੀ ਉਤੇ ਫਿਦਾ। ਸ਼ੌਕਤ ਦੇ ਮਨ ਵਿਚ ਕੈਫੀ ਦੀ ਸ਼ਾਇਰੀ ਤੇ ਫਲਸਫਾ ਘਰ ਕਰ ਚੁਕੇ ਸਨ। 'ਸ਼ੌਕਤ ਦੇ ਨਾਮ' ਲਿਖੀ ਇੱਕ ਨਜ਼ਮ ਦੇ ਬੰਦ,

ਵੋਹ ਚਾਂਦ ਜਿਸ ਕੀ
ਤਮੰਨਾ ਥੀ ਮੇਰੀ ਰਾਤੋਂ ਕੋ
ਤੁਮ ਹੀ ਵੁਹ ਚਾਂਦ ਹੋ
ਇਸ ਚਾਂਦ ਸੀ ਜੁਬੀ ਕੀ ਕਸਮ।
ਵੁਹ ਫੂਲ ਜਿਸ ਕੇ ਲੀਏ
ਮੈਂ ਚਮਨ ਚਮਨ ਮੇਂ ਗਯਾ,
ਤੁਮ ਹੀ ਵੋਹ ਫੂਲ ਹੋ
ਰੁਖਸਾਰ-ਏ-ਅਹਿਮਰੀ ਕੀ ਕਸਮ।


ਸ਼ੌਕਤ ਦਾ ਉਤਰ ਵੀ ਘੱਟ ਭਾਵੁਕ ਨਹੀਂ ਸੀ, "ਕੈਫੀ ਮੁਝੇ ਤੁਮ ਸੇ ਮੁਹੱਬਤ ਹੈ, ਬੇਪਨਾਹ ਮੁਹੱਬਤ। ਦੁਨੀਆਂ ਕੀ ਕੋਈ ਤਾਕਤ ਮੁਝੇ ਤੁਮ ਤਕ ਪਹੁੰਚਨੇ ਸੇ ਨਹੀਂ ਰੋਕ ਸਕਤੀ। ਪਹਾੜ, ਦਰਿਆ, ਸਮੁੰਦਰ, ਲੋਕ, ਆਸਮਾਨ, ਫਰਿਸ਼ਤੇ, ਖੁਦਾ...ਔਰ ਪਤਾ ਨਹੀਂ ਕਿਆ ਕਿਆ।"

ਇਸ ਭੇਤ ਨੇ ਇੱਕ ਦਿਨ ਖੁਲ੍ਹਣਾ ਹੀ ਸੀ ਤੇ ਖੁਲ੍ਹ ਗਿਆ। ਪਹਿਰੇ ਤੇ ਪਾਬੰਦੀਆਂ ਦੀ ਹਾਲਤ ਇਹ ਹੋ ਗਈ ਕਿ ਸ਼ੌਕਤ ਕੋਲ ਤਾਂ ਕੈਫੀ ਦੇ ਖੱਤ ਸਕੂਲ ਦੇ ਪਤੇ ਰਾਹੀਂ ਪਹੁੰਚਦੇ ਰਹੇ, ਪਰ ਉਨ੍ਹਾਂ ਦਾ ਉਤਰ ਕੈਫੀ ਕੋਲ ਪਹੁੰਚਣਾ ਉਕਾ ਹੀ ਬੰਦ ਹੋ ਗਿਆ। ਕੈਫੀ ਨੂੰ ਜਾਪਿਆ ਕਿ ਸ਼ੌਕਤ ਨੇ ਉਹਦੇ ਵਲੋਂ ਲਿਖੇ ਕਿਸੇ ਸ਼ਬਦ ਜਾਂ ਵਾਕ ਦਾ ਗੁੱਸਾ ਕਰ ਲਿਆ ਹੈ।

ਫਿਰ ਕੈਫੀ ਦਾ ਇੱਕ ਖਤ ਉਹ ਵੀ ਮਿਲਿਆ, ਜਿਸ ਵਿਚ ਦਰਜ ਸੀ, "ਸਮਝ ਨਹੀਂ ਆਤਾ ਕਿ ਅਪਨੀ ਮੁਹੱਬਤ ਕਾ ਕੈਸੇ ਯਕੀਨ ਦਿਲਾਊਂ। ਆਖਿਰ ਬਲੇਡ ਲੇ ਕਰ ਅਪਨੀ ਕਲਾਈ ਕੇ ਊਪਰ ਏਕ ਗਹਿਰਾ ਜ਼ਖਮ ਕੀਆ। ਅਬ ਅਪਨੇ ਖੂਨ ਸੇ ਖਤ ਲਿਖ ਰਹਾ ਹੂੰ। ਪਹਿਲੇ ਤੁਮਹਾਰੀ ਮੁਹੱਬਤ ਮੇਂ ਆਂਸੂ ਬਹਾਏ ਥੇ, ਅਬ ਖੂਨ। ਆਗੇ ਆਗੇ ਦੇਖੀਏ ਹੋਤਾ ਹੈ ਕਯਾ!"

ਖਤ ਵਿਚ ਹੋਰ ਵੀ ਬਹੁਤ ਕੁਝ ਸੀ। ਏਧਰ ਸ਼ੌਕਤ ਵੀ ਜਾਣ ਚੁਕੀ ਸੀ ਕਿ ਉਸ ਦੇ ਵੱਡੇ ਪਰਿਵਾਰ ਵਿਚੋਂ ਕੇਵਲ ਦੋ ਛੋਟੀਆਂ ਭੈਣਾਂ ਤੇ ਅਕਬਰ ਤੋਂ ਬਿਨਾ ਹੋਰ ਕਿਸੇ ਨੂੰ ਉਹਦੇ ਨਾਲ ਹਮਦਰਦੀ ਨਹੀਂ ਸੀ। ਮਾਂ ਦੀ ਘਰ ਵਿਚ ਚਲਦੀ ਨਹੀਂ ਸੀ। ਉਸ ਨੂੰ ਸਿਰਫ ਆਪਣੇ ਅੱਬਾ ਉਤੇ ਵਿਸ਼ਵਾਸ ਸੀ। ਹਾਰ ਕੇ ਉਸ ਨੇ ਉਹ ਖਤ ਆਪਣੇ ਅੱਬਾ ਨੂੰ ਪੜ੍ਹਨ ਲਈ ਦਿੱਤਾ। ਉਹ ਪੜ੍ਹ ਕੇ ਮੁਸਕਰਾਏ ਤੇ ਕਹਿਣ ਲੱਗੇ, ਇਹ ਸ਼ਾਇਰ ਲੋਕ ਬੜੇ ਢੌਂਗੀ ਹੁੰਦੇ ਹਨ। ਜਾਨਵਰ ਦੇ ਖੂਨ ਨੂੰ ਆਪਣਾ ਕਹਿ ਸਕਦੇ ਹਨ। ਜੇ ਤੂੰ ਉਹਦੇ ਬਿਨਾ ਨਹੀਂ ਰਹਿ ਸਕਦੀ, ਮੈਂ ਕਿਸੇ ਬਿਧ ਤੈਨੂੰ ਬੰਬਈ ਲਿਜਾ ਕੇ ਚੁੱਪ-ਚੁਪੀਤੇ ਤੇਰਾ ਕੈਫੀ ਨਾਲ ਨਿਕਾਹ ਪੜ੍ਹਾ ਆਉਂਦਾ ਹਾਂ। ਜਦ ਬੇਟੀ ਟਸ ਤੋਂ ਮਸ ਨਾ ਹੋਈ, ਪਿਤਾ ਨੇ ਵਚਨ ਨਿਭਾਇਆ ਤੇ ਧੀ ਨੂੰ ਸ਼ਾਇਰ ਦੇ ਪੱਲੇ ਲਾ ਕੇ ਪਰਤ ਆਇਆ।





*(ਖੱਬੇ) ਕੈਫੀ ਆਜ਼ਮੀ ਅਤੇ (ਸੱਜੇ) ਸ਼ੌਕਤ ਤੇ ਸ਼ਬਾਨਾ ਆਜ਼ਮੀ*

ਸਵੈਜੀਵਨੀ ਵਿਚ ਹੋਰ ਵੀ ਬਹੁਤ ਕੁਝ ਹੈ-ਪੜ੍ਹਨ ਤੇ ਮਾਣਨ ਵਾਲਾ। ਏਨੀ ਸੌਖੀ ਤੇ ਸਰਲ ਭਾਸ਼ਾ ਵਿਚ ਕਿ ਮੇਰੀ ਬੀਵੀ, ਜਿਸ ਨੂੰ ਆਪਣੇ ਬਚਪਨ ਵਿਚ ਪੜ੍ਹੀ ਉਰਦੂ ਭੁੱਲ ਚੁਕੀ ਸੀ, ਇੱਕ ਇੱਕ ਅਖਰ ਉਠਾ ਕੇ ਸਾਰੀ ਦੀ ਸਾਰੀ ਪੜ੍ਹ ਗਈ। ਇਹ ਰਚਨਾ ਮੈਂ ਵੀ ਪੜ੍ਹੀ ਅਤੇ ਕਹਿ ਸਕਦਾ ਹਾਂ ਕਿ ਕਸੌਲੀ ਵਾਲੇ ਮੇਲੇ ਵਿਚ ਸ਼ਬਾਨਾ ਆਪਣੀ ਮਾਂ ਦਾ ਉਹ ਚਿੱਤਰ ਨਹੀਂ ਪੇਸ਼ ਕਰ ਸਕੀ, ਜੋ ਉਹ ਸੀ। ਕਿਵੇਂ ਉਸ ਨੇ ਕੈਫੀ ਨਾਲ ਵਿਆਹ ਤੋਂ ਪਿੱਛੋਂ ਕਮਿਊਨਿਸਟਾਂ ਦੇ ਕਮਿਊਨ ਵਿਚ ਰਹਿ ਕੇ ਤੰਗੀ ਕੱਟੀ ਤੇ ਸੀ ਨਹੀਂ ਸੀ ਕੀਤੀ। ਜਾਣਨ ਵਾਲੇ ਜਾਣਦੇ ਹਨ ਕਿ ਸ਼ੌਕਤ ਸਿਰਫ ਸੋਹਣੀ ਹੀ ਨਹੀਂ, ਦ੍ਰਿੜ੍ਹ ਤੇ ਅਨੋਖੀ ਹਸਤੀ ਸੀ। ਇੱਕ ਵੱਧੀਆ ਅਦਾਕਾਰਾ ਵੀ। 'ਉਮਰਾਓ ਜਾਨ' ਤੇ 'ਗਰਮ ਹਵਾ' ਫਿਲਮਾਂ ਵਿਚ ਉਸ ਦਾ ਰੋਲ ਅੱਜ ਵੀ ਫਿਲਮ ਰਸੀਆਂ ਦੀ ਜ਼ੁਬਾਨ 'ਤੇ ਹੈ। ਉਹ ਕੈਫੀ ਨੂੰ ਕਿੰਨਾ ਪਿਆਰ ਕਰਦੀ ਸੀ, ਪਤੀ ਦੀ ਜਨਮ ਸ਼ਤਾਬਦੀ ਦੇ ਦਿਨਾਂ ਵਿਚ ਪਤੀ ਦੀ ਮਹਿਮਾ ਸੁਣ ਕੇ ਉਸ ਦਾ ਤੁਰ ਜਾਣਾ ਇਸ ਦਾ ਸਬੂਤ ਹੈ।

ਜਾਂਦੇ ਜਾਂਦੇ ਪੰਜਾਬੀ ਪਾਠਕਾਂ ਨੂੰ ਇਹ ਵੀ ਚੇਤੇ ਕਰਵਾ ਦਿਆਂ ਕਿ ਸ਼ੌਕਤ ਦੀ ਸਵੈਜੀਵਨੀ ਵਿਚਲੇ ਪਾਤਰਾਂ ਦੀ ਪੰਜਾਬੀ ਲੇਖਕਾਂ ਨਾਲ ਵੀ ਭਾਵੁਕ ਸਾਂਝ ਹੈ। ਸਰਦਾਰ ਜਾਫਰੀ ਦੀ ਬੀਵੀ ਸੁਲਤਾਨਾ ਦੀ ਭੈਣ ਆਇਸ਼ਾ ਨੇ ਕਰਤਾਰ ਸਿੰਘ ਦੁੱਗਲ ਨਾਲ ਸ਼ਾਦੀ ਕੀਤੀ ਤੇ ਸਾਹਿਰ ਲੁਧਿਆਣਵੀ ਨੇ ਅੰਮ੍ਰਿਤਾ ਪ੍ਰੀਤਮ ਨੂੰ ਮੋਹਿਆ। ਉਨ੍ਹਾਂ ਵੇਲਿਆਂ ਦੇ ਮੁਸ਼ਾਇਰਿਆਂ ਵਿਚ ਹਿੱਸਾ ਲੈਣ ਵਾਲੇ ਸਾਰੇ ਸ਼ਾਇਰ ਪੰਜਾਬੀ ਪਾਠਕਾਂ ਤੇ ਸਰੋਤਿਆਂ ਨੂੰ ਉਨੇ ਹੀ ਪਿਆਰੇ ਸਨ, ਜਿੰਨੇ ਉਰਦੂ ਵਾਲਿਆਂ ਨੂੰ। ਉਰਦੂ ਜ਼ੁਬਾਨ ਤੇ ਸ਼ੌਕਤ ਪਰਿਵਾਰ ਜ਼ਿੰਦਾਬਾਦ!

**ਅੰਤਿਕਾ: ਕੈਫੀ ਆਜ਼ਮੀ ਵਲੋਂ ਸ਼ੌਕਤ ਨੂੰ ਲਿਖੇ ਇਕ ਖਤ ਵਿਚੋਂ**

ਇਤਨੀ ਮੁੱਦਤ ਸੇ
ਮੇਰੀ ਜਾਨ ਜੁਦਾ ਹੋ ਮੁਝ ਸੇ।
ਯੇਹ ਭੀ ਮਾਲੂਮ ਨਹੀਂ
ਖੁਸ਼ ਹੋ, ਖਫਾ ਹੋ ਮੁਝ ਸੇ!
ਸੁਭਾ ਕੋ ਆਂਖੇ ਜੋ
ਖੁਲ ਜਾਤੀ ਹੈ, ਝਲਾਤਾ ਹੂੰ
ਦੂਰ ਨਜ਼ਦੀਕ ਕਹੀਂ
ਤੁਮ ਕੋ ਨਹੀਂ ਪਾਤਾ ਹੂੰ।
ਚਾਏ ਗੋਪਾਲ ਪਿਲਾਤਾ ਹੈ
ਪੀਏ ਜਾਤਾ ਹੂੰ
ਯੇਹ ਕੋਈ ਜੀਨਾ ਨਹੀਂ
ਫਿਰ ਭੀ ਜੀਏ ਜਾਤਾ ਹੂੰ।
ਜਬ ਜ਼ਿਆਦਾ ਕਭੀ
ਤਨਹਾਈ ਮੇ ਘਬਰਾਤਾ ਹੂੰ
ਕੋਈ ਸਮਝਾਏ, ਨਾ ਸਮਝਾਏ
ਸਮਝ ਜਾਤਾ ਹੂੰ।
ਖੁਦ ਅਮਨ ਕੀਏ ਕੀ
ਮੈਂ ਸਜ਼ਾ ਪਾਤਾ ਹੂੰ
ਬੰਬਈ ਛੋੜ ਕਰ ਕਿਉਂ ਆ ਗਿਆ,
ਪਛਤਾਤਾ ਹੂੰ!

# ਆਸ






**ਸੁਰਿੰਦਰ ਕੌਰ ਮਰੋਕ**

ਅਮਰੀਕਾ ਵਸਦੇ ਢਿੱਲੇ-ਮੱਠੇ ਜਿਹੇ ਰਹਿੰਦੇ ਆਪਣੇ ਵੱਡੇ ਭਰਾ ਨੂੰ ਮਿਲਣ ਲਈ ਵੀਜ਼ਾ ਲਵਾਉਣ ਤੀਜੀ ਵਾਰ ਦਿੱਲੀ ਦੀ ਅੰਬੈਸੀ ਗਈ ਤਾਂ ਉਥੋਂ ਇਨਕਾਰ ਹੋਣ 'ਤੇ ਜੀਅ ਖੁੱਸਣੋਂ ਨਾ ਹਟੇ। ਬੱਸ ਜਮਾਂ ਚੈਨ ਨਾ ਆਵੇ। ਮੇਰੇ ਨਾਲ ਪਟਿਆਲੇ ਤੋਂ ਮੇਰੀ ਛੋਟੀ ਭੈਣ ਅਤੇ ਉਸ ਦੇ ਪਤੀ, ਜੋ ਮੇਰੇ ਸਹੁਰਿਆਂ ਵਿਚੋਂ ਮਾਮੇ-ਭੂਆ ਦੇ ਪੁੱਤ ਹੋਣ ਕਰਕੇ ਮੇਰੇ ਦਿਓਰ ਵੀ ਲਗਦੇ ਹਨ, ਵੀ ਸਨ। ਉਹ ਮੇਰੇ ਵੀਜ਼ੇ ਕਰਕੇ ਆਏ ਸਨ। ਅਸੀਂ ਦਿੱਲੀ ਵਾਲੀ ਮੇਰੀ ਛੋਟੀ ਭੈਣ ਦੀ ਨਣਦ ਦੇ ਘਰ ਰੁਕੇ ਹੋਏ ਸਾਂ। ਉਹ ਵੀ ਕਹਿਣ ਲੱਗੇ ਕਿ ਵੀਜ਼ਾ ਲੱਗ ਜਾਂਦਾ ਤਾਂ ਚੰਗਾ ਸੀ। ਫਿਰ ਸ਼ਾਮੀਂ ਅਸੀਂ ਸਮਾਂ ਬਿਤਾਉਣ ਲਈ ਲਾਗੇ ਹੀ ਬਾਜ਼ਾਰ ਚਲੇ ਗਏ। ਬਾਜ਼ਾਰ ਜਾ ਕੇ ਸਭ ਕੁਝ ਦੇਖ ਕੇ ਵੀ ਕੁਝ ਚੰਗਾ ਜਿਹਾ ਨਾ ਲੱਗਾ। ਸ਼ਾਮ ਦਾ ਵੇਲਾ ਸੀ, ਗੁਰਦੁਆਰੇ ਰਹਿਰਾਸ ਦਾ ਪਾਠ ਚੱਲ ਰਿਹਾ ਸੀ। ਜਾ ਕੇ ਮੱਥਾ ਟੇਕਿਆ, ਸਤਿਗੁਰਾਂ ਦੀ ਹਜ਼ੂਰੀ ਬੈਠ ਕੇ ਗੁਰਬਾਣੀ ਸੁਣੀ, ਤਾਂ ਕਿਤੇ ਜਾ ਕੇ ਜੀਅ ਨੂੰ ਟਿਕਾਅ ਜਿਹਾ ਆਇਆ।

ਅਗਲੇ ਦਿਨ ਸਵੇਰੇ ਭੈਣ ਜੀ ਦੇ ਘਰੋਂ ਚਾਹ-ਪਾਣੀ ਪੀ ਕੇ ਪਟਿਆਲੇ ਘਰ ਨੂੰ ਚੱਲ ਪਏ। ਰਸਤੇ ਵਿਚ ਛੋਟੀ ਭੈਣ ਕਹਿਣ ਲੱਗੀ, "ਹੁਣ ਨਹੀਂ ਤੇਰਾ ਵੀਜ਼ਾ ਲੱਗ ਸਕਦਾ। ਘਰ ਜਾ ਕੇ ਆਪਣਾ ਕੰਮ ਸਾਂਭ।" ਮੈਂ ਭਾਵੇਂ ਆਪਣੀ ਛੋਟੀ ਭੈਣ ਨੂੰ ਆਖ ਦਿੱਤਾ ਸੀ ਕਿ ਚਲੋ ਕੋਈ ਨਾ, ਤੁਸੀਂ ਸਾਰੇ ਜਣੇ ਮਿਲ ਕੇ ਮੈਨੂੰ ਵੀ ਭਾਜੀ ਦੀ ਰਾਜ਼ੀ-ਖੁਸ਼ੀ ਦਾ ਦੱਸ ਦਿਆ ਕਰਨਾ, ਮੇਰੀ ਇਸੇ ਤਰ੍ਹਾਂ ਹੀ ਤਸੱਲੀ ਹੋ ਜਾਇਆ ਕਰੂ; ਫਿਰ ਵੀ ਪਤਾ ਨਹੀਂ ਕਿਧਰੋਂ ਆਸ ਦੀ ਕਿਰਨ ਮੇਰੇ ਮਨ ਵਿਚ ਚਾਨਣਾ ਪਾਉਣ ਤੋਂ ਹਟ ਨਹੀਂ ਰਹੀ ਸੀ। ਵਾਹਿਗੁਰੂ ਦੇ ਰੰਗ ਦਾ ਕੋਈ ਪਤਾ ਨਹੀਂ, ਸ਼ਾਇਦ ਕਦੇ ਸੂਤ ਬਣਾ ਹੀ ਦੇਵੇ।

ਦੋ ਕੁ ਮਹੀਨੇ ਬੀਤਣ 'ਤੇ ਇਕ ਦਿਨ ਸ਼ਾਮੀਂ ਫੇਰ ਛੋਟੀ ਭੈਣ ਦਾ ਫੋਨ ਆਇਆ ਕਿ ਭਾਬੀ ਨਾਲ ਗੱਲ ਹੋਈ ਹੈ, ਹੁਣ ਤੇਰਾ ਵੀਜ਼ਾ ਲੱਗ ਜਾਵੇਗਾ, ਕਹੇਂ ਤਾਂ ਅਪਲਾਈ ਕਰ ਦਈਏ। ਕੰਮ ਬਣ ਗਿਆ ਤਾਂ ਸਾਡੇ ਨਾਲ ਹੀ ਭਰਾ ਨੂੰ ਮਿਲ ਆਵੀਂ। ਮੈਂ ਹਾਂ ਕਰ ਦਿੱਤੀ। ਚਲੋ ਇਕ ਵਾਰ ਫੇਰ ਮੇਰੇ ਭਾਣਜੇ ਹਰਸਿਮਰਨਦੀਪ ਨੇ ਵੀਜ਼ੇ ਲਈ ਅਪਲਾਈ ਕਰਕੇ ਅੰਬੈਸੀ ਵਾਲਿਆਂ ਤੋਂ ਟਾਈਮ ਲੈ ਲਿਆ। ਵਕਤ ਆਉਣ 'ਤੇ ਇਸ ਵਾਰ ਫਿਰ ਮੇਰੀ ਛੋਟੀ ਭੈਣ ਆਪਣੇ ਪਤੀ ਨੂੰ ਨਾਲ ਲੈ ਕੇ ਮੇਰੇ ਨਾਲ ਵੀਜ਼ਾ ਲਵਾਉਣ ਚੱਲ ਪਈ।

ਇਸ ਵਾਰ ਅਸੀਂ ਦਿੱਲੀ ਪਹੁੰਚ ਕੇ ਗੁਰਦੁਆਰਾ ਬੰਗਲਾ ਸਾਹਿਬ ਰੁਕੇ। ਦਰਸ਼ਨ ਕੀਤੇ। ਅਗਲੇ ਦਿਨ ਅੰਬੈਸੀ ਵਾਲਿਆਂ ਸਾਨੂੰ ਸਵੇਰੇ ਅੱਠ ਵਜੇ ਦਾ ਟਾਈਮ ਦਿੱਤਾ ਹੋਇਆ ਸੀ। ਅਸੀਂ ਸਮੇਂ ਸਿਰ ਤਿਆਰ ਹੋ ਕੇ ਗੁਰੂ ਚਰਨਾਂ ਵਿਚ ਸੀਸ ਝੁਕਾ ਕੇ ਅੰਬੈਸੀ ਨੂੰ ਚੱਲ ਪਏ। ਉਸ ਸਮੇਂ ਮੇਰੇ ਮਨ ਵਿਚ ਨਾ ਕੋਈ ਚਾਅ ਸੀ, ਨਾ ਡਰ। ਬਸ ਆਪਣੇ ਵਾਹਿਗੁਰੂ 'ਤੇ ਆਸ ਭਰਿਆ ਭਰੋਸਾ ਸੀ। ਉਥੇ ਪਹੁੰਚਣ 'ਤੇ ਕੁਝ ਦੇਰ ਬਾਅਦ ਵੀਜ਼ੇ ਲਈ ਸਾਰਿਆਂ ਨੂੰ ਆਵਾਜ਼ ਪੈਣ 'ਤੇ ਲਾਈਨ ਵਿਚ ਲੱਗ ਗਈ ਅਤੇ ਦੂਜਿਆਂ ਦੇ ਪਿੱਛੇ-ਪਿੱਛੇ ਅੰਦਰ ਪਹੁੰਚ ਗਈ। ਪਹਿਲੀਆਂ ਤਿੰਨ ਵਾਰੀਆਂ ਦੌਰਾਨ ਮੇਰੇ ਅੱਗੇ-ਪਿੱਛੇ ਖੜ੍ਹੀਆਂ ਪੰਜਾਬਣਾਂ ਮੈਨੂੰ ਪੁੱਛਣ ਲੱਗ ਜਾਂਦੀਆਂ, 'ਤੁਸੀਂ ਕਿਸ ਨੂੰ ਮਿਲਣ ਜਾਣਾ?', ਪਰ ਇਸ ਵਾਰੀ ਮੇਰਾ ਕਿਸੇ ਨਾਲ ਗੱਲ ਕਰਨ ਦਾ ਜੀਅ ਨਾ ਕੀਤਾ ਸਗੋਂ ਆਪਣੇ ਹੱਥਾਂ ਵਿਚ ਪਾਸਪੋਰਟ ਤੇ ਡਾਕੂਮੈਂਟ ਵੀ ਇਕੱਠੇ ਜਿਹੇ ਕਰ ਲਏ।

ਮੇਰੇ ਅੱਗੇ ਵਾਲੇ ਅਜੇ ਦੋ-ਚਾਰ ਜਣੇ ਹੀ ਇੰਟਰਵਿਊ ਲਈ ਬੁਲਾਏ ਸਨ ਕਿ ਇਕ ਪੰਜਾਬੀ ਕੁੜੀ ਹੋਰਾਂ ਨਾਲੋਂ ਮੈਨੂੰ ਲਾਈਨ ਵਿਚੋਂ ਕੱਢ ਕੇ ਬਹੁਤ ਸੋਹਣੇ ਢੰਗ ਨਾਲ ਕਹਿਣ ਲੱਗੀ, "ਅੰਟੀ, ਤੁਸੀਂ ਇਸ ਕਾਊਂਟਰ ਦੇ ਸਾਹਮਣੇ ਖਲੋਵੋ।" ਉਥੇ ਤੀਹ ਕੁ ਸਾਲ ਦੇ ਮੁੰਡੇ ਨੇ ਹਿੰਦੀ ਵਿਚ ਮੇਰੇ ਕੋਲੋਂ ਦੋ ਕੁ ਸਵਾਲ ਪੁੱਛੇ। ਇੰਨੇ ਨੂੰ ਫਿਰ ਉਹੀ ਪੰਜਾਬਣ ਕੁੜੀ ਮੇਰੇ ਕੋਲ ਆ ਕੇ ਕਹਿਣ ਲੱਗੀ, "ਤੁਸੀਂ ਤੇਈ ਨੰਬਰ ਕਾਊਂਟਰ 'ਤੇ ਚੱਲੋ, ਤੁਹਾਡੀ ਇੰਟਰਵਿਊ ਉਥੇ ਲਈ ਜਾਵੇਗੀ।"

ਜਦੋਂ ਮੈਂ ਉਸ ਦੇ ਦੱਸੇ ਟਿਕਾਣੇ 'ਤੇ ਪਹੁੰਚੀ ਤਾਂ ਉਥੇ ਦੋ ਕੁੜੀਆਂ-ਇਕ ਅੰਗਰੇਜ਼ ਤੇ ਦੂਜੀ ਪੰਜਾਬੀ। ਪੰਜਾਬੀ ਕੁੜੀ ਮੇਰੇ ਕੋਲੋਂ ਪੰਜਾਬੀ ਵਿਚ ਪੁੱਛਦਿਆਂ ਅੰਗਰੇਜ਼ ਕੁੜੀ ਨੂੰ ਅੰਗਰੇਜ਼ੀ ਵਿਚ ਦੱਸ ਰਹੀ ਸੀ ਕਿ ਮੇਰੇ ਵੱਡੇ ਭਰਾ ਅਤੇ ਮੇਰੇ ਭਤੀਜੇ ਦਾ ਇਸ ਵਾਰ ਮੈਨੂੰ ਬੁਲਾਉਣ ਲਈ ਪੂਰਾ ਜ਼ੋਰ ਲੱਗਾ ਹੋਇਆ ਸੀ। ਸਿਫਾਰਿਸ਼ੀ ਵੀਜ਼ਾ ਸੀ, ਫਿਰ ਵੀ ਉਨ੍ਹਾਂ ਦੋਵਾਂ ਕੁੜੀਆਂ ਨੇ ਮੇਰੇ ਕੋਲੋਂ ਕਿੰਨਾ ਕੁਝ ਪੁਛਿਆ। ਮੈਂ ਪਹਿਲਾਂ ਹੀ ਉਨ੍ਹਾਂ ਦੋਹਾਂ ਨੂੰ ਆਖ ਦਿੱਤਾ ਸੀ ਕਿ ਮੈਂ ਜੋ ਵੀ ਬੋਲਾਂਗੀ, ਸੱਚ ਹੀ ਬੋਲਾਂਗੀ। ਕੁੜੀਆਂ ਦੇ ਪੁੱਛੇ ਸਵਾਲਾਂ ਦੇ ਜਵਾਬ ਦੇਣ ਲਈ ਮੈਂ ਸੱਚ ਦਾ ਪੱਲਾ ਨਹੀਂ ਛੱਡਿਆ। ਇੱਕ-ਇੱਕ ਸਵਾਲ ਉਨ੍ਹਾਂ ਮੇਰੇ ਕੋਲੋਂ ਦੋ-ਦੋ ਵਾਰ ਪੁਛਿਆ।

ਅੱਧੇ-ਪੌਣੇ ਘੰਟੇ ਦੀ ਪੁੱਛ-ਗਿੱਛ ਪਿਛੋਂ ਦੋਹਾਂ ਕੁੜੀਆਂ ਨੇ ਪੂਰੀ ਤਰ੍ਹਾਂ ਖੁਸ਼ ਹੁੰਦਿਆਂ ਪਾਸਪੋਰਟ ਆਪਣੇ ਹੱਥਾਂ ਵਿਚੋਂ ਦਿਖਾਉਂਦਿਆਂ ਵਾਰੋ-ਵਾਰੀ ਆਖ ਦਿੱਤਾ ਕਿ ਤੁਹਾਡਾ ਵੀਜ਼ਾ ਲੱਗ ਚੁਕਾ ਹੈ। ਇਹ ਜਾਣ ਕੇ ਮੈਂ ਕਾਊਂਟਰ 'ਤੇ ਹੀ ਸਿਰ ਰੱਖ ਕੇ ਦੋਵੇਂ ਹੱਥ ਜੋੜ ਕੇ ਆਪਣੇ ਸਤਿਗੁਰੂ ਅਕਾਲ ਪੁਰਖ ਬਾਬੇ ਨਾਨਕ ਦਾ ਸ਼ੁਕਰਾਨਾ ਕੀਤਾ, ਜਿਸ ਨੇ ਆਪਣੀ ਮਿਹਰ ਸਦਕਾ ਮੇਰੇ ਮਨ ਦੀ ਆਸ ਦੀ ਲੋਅ ਨੂੰ ਮੱਧਮ ਨਹੀਂ ਸੀ ਪੈਣ ਦਿੱਤਾ।

# ਸੰਗੀਤ ਦੀ ਕਰਾਮਾਤ

***ਸੰਗੀਤ ਭਾਸ਼ਾ ਤੋਂ ਪਾਰ ਜਾਂਦਾ ਹੈ। ਵੱਖ-ਵੱਖ ਭਾਸ਼ਾਵਾਂ ਬੋਲਣ ਤੇ ਇਕ ਦੂਜੇ ਦੀ ਭਾਸ਼ਾ ਨਾ ਸਮਝਣ ਵਾਲੇ ਲੋਕ ਸੰਗੀਤ ਦੀ ਭਾਸ਼ਾ ਨੂੰ ਸਹਿਜੇ ਹੀ ਸਮਝ ਲੈਂਦੇ ਹਨ। ਤਾਨਸੈਨ, ਮੋਜ਼ਾਰਟ, ਬੀਥੋਵਨ, ਰਵੀਸ਼ੰਕਰ ਅਤੇ ਹਰ ਵੱਡੇ ਸੰਗੀਤਕਾਰ ਦੇ ਸੰਘਰਸ਼ ਦੀ ਗਾਥਾ ਵੱਖ ਵੱਖ ਹੈ। ਪੋਲੈਂਡ ਦੇ ਸੰਗੀਤਕਾਰ ਸ਼ਪੀਲਮਾਨ ਦਾ ਸੰਗੀਤ ਉਨ੍ਹਾਂ ਸਮਿਆਂ ਵਿਚ ਉਗਮਿਆ, ਜਦੋਂ ਨਾਜ਼ੀਵਾਦ ਸੰਸਾਰ 'ਤੇ ਹਾਵੀ ਹੋ ਰਿਹਾ ਸੀ। ਬਲਤੇਜ ਨੇ ਆਪਣੇ ਇਸ ਲੇਖ ਵਿਚ ਸ਼ਪੀਲਮਾਨ ਦੇ ਜੀਵਨ ਅਤੇ ਸੰਗੀਤ ਦੀ ਤਾਕਤ ਦੀ ਕਥਾ ਬਿਆਨ ਕੀਤੀ ਹੈ। -ਸੰਪਾਦਕ***

ਕੁਝ ਤਰੀਕਾਂ ਇਤਿਹਾਸ ਦੇ ਪੰਨਿਆਂ 'ਚ ਵੀ ਦਰਜ ਹੋ ਜਾਂਦੀਆਂ ਹਨ, ਜਿਨ੍ਹਾਂ ਵਿਚੋਂ ਕੁਝ ਮਨੁੱਖਤਾ ਦੀ ਮਹਾਨਤਾ ਅਤੇ ਕੁਝ ਉਸ ਦੀਆਂ ਬੇਵਕੂਫੀਆਂ ਦੀ ਗਵਾਹੀ ਭਰਦੀਆਂ ਹਨ। ਸਾਨੂੰ ਉਨ੍ਹਾਂ ਤਰੀਕਾਂ ਨੂੰ ਖਾਸ ਤੌਰ 'ਤੇ ਯਾਦ ਕਰਨਾ ਚਾਹੀਦਾ ਹੈ, ਜਦੋਂ ਮਨੁੱਖਤਾ ਸ਼ਰਮਸਾਰ ਹੋਈ ਹੋਵੇ। ਕੁਝ ਅਜਿਹਾ ਹੀ ਪਹਿਲੀ ਸਤੰਬਰ 1939 ਨੂੰ ਵਾਪਰਿਆ।

ਪੋਲੈਂਡ ਲਈ ਸਤੰਬਰ ਖੂਬਸੂਰਤ ਪੱਤਝੜ ਲੈ ਕੇ ਬਹੁੜਦਾ ਹੈ, ਪਰ ਉਸ ਖੂਬਸੂਰਤੀ ਨੂੰ ਬਦਸੂਰਤੀ ਵਿਚ ਬਦਲਣ ਦੀਆਂ ਸਾਜ਼ਿਸ਼ਾਂ ਹੋ ਚੁਕੀਆਂ ਸਨ। ਪੋਲਿਸ਼ ਰੇਡੀਓ 'ਤੇ 28 ਕੁ ਸਾਲਾਂ ਦਾ ਗੱਭਰੂ ਆਪਣੇ ਤਿੱਖੇ ਨੱਕ ਹੇਠੋਂ ਨਰਮ ਬੁੱਲ੍ਹਾਂ 'ਚੋਂ ਨਿੰਮਾ-ਨਿੰਮਾ ਹੱਸਦਾ, ਪਿਆਨੋ 'ਤੇ 'ਸ਼ੋਪੀਨ' ਦਾ ਸੰਗੀਤ ਵਜਾ ਰਿਹਾ ਸੀ। ਮਧੁਰ ਧੁਨਾਂ ਵਿਚ ਬੇਸੁਰੀਲੀ ਧਮਕ ਸੁਣਨ ਲੱਗੀ। ਵਾਰਸਾਅ ਉਤੇ ਹਿਟਲਰ ਦੀਆਂ ਫੌਜਾਂ ਚੜ੍ਹ ਆਈਆਂ ਸਨ। ਬਾਹਰ ਬੰਬ ਫਟਣ ਲੱਗੇ, ਪਰ ਪਿਆਨੋ ਵੱਜਣੋਂ ਨਾ ਹਟਿਆ। ਜਿਵੇਂ ਪਿਆਨੋ ਵਜਾਉਣ ਵਾਲਾ ਬੰਬਾਂ ਦਾ ਮੁਕਾਬਲਾ ਸੰਗੀਤ ਨਾਲ ਕਰਨਾ ਚਾਹੁੰਦਾ ਹੋਵੇ, ਪਰ ਹਥਿਆਰ ਵਕਤੀ ਤੌਰ 'ਤੇ ਜੇਤੂ ਹੋ ਨਿਬੜੇ। ਰੇਡੀਓ ਸਟੇਸ਼ਨ ਦੇ ਬਾਹਰ ਬੰਬ ਫਟਿਆ। ਸਭ ਉਥੋਂ ਨਿਕਲ ਗਏ। ਪਿਆਨੋ ਦੀਆਂ ਕੁੰਜੀਆਂ ਉਸ ਮਗਰੋਂ ਲੰਮਾ ਚਿਰ ਉਨ੍ਹਾਂ ਨਰਮ ਹੱਥਾਂ ਦੀ ਛੋਹ ਨੂੰ ਉਡੀਕਦੀਆਂ ਰਹੀਆਂ।



**ਬਲਤੇਜ**
**ਫੋਨ: +91-95018-97266**

ਪਿਆਨੋ ਵਜਾਉਣ ਵਾਲਾ ਉਹ ਗੱਭਰੂ ਵਲਾਦੀਸਲਾਅ ਸ਼ਪੀਲਮਾਨ ਸੀ। ਮੱਧ ਵਰਗੀ ਪਰਿਵਾਰ 'ਚ ਜੰਮੇ ਸ਼ਪੀਲਮਾਨ ਦੇ ਮਾਂ-ਪਿਓ ਵੀ ਸੰਗੀਤਕਾਰ ਸਨ ਅਤੇ ਭਰਾ ਫਿਲਾਸਫੀ ਦਾ ਵਿਦਿਆਰਥੀ ਤੇ ਭੈਣ ਵਕੀਲ ਸੀ। ਇਸ ਮੱਧ ਵਰਗੀ ਪਰਿਵਾਰ ਤੋਂ ਇਕ ਜਨਮ ਜਾਤ 'ਕੁਤਾਹੀ' ਹੋਈ ਕਿ ਇਹ ਪਰਿਵਾਰ ਯਹੂਦੀ ਸੀ। ਹਿਟਲਰ ਦੀਆਂ ਫੌਜਾਂ ਨੇ ਵਾਰਸਾਅ 'ਤੇ ਕਬਜ਼ੇ ਪਿਛੋਂ ਐਲਾਨ ਕੀਤਾ ਕਿ ਯਹੂਦੀ ਹੁਣ ਵੱਖਰਾ ਚਿੰਨ੍ਹ ਪਾ ਕੇ ਤੁਰਨ ਤਾਂ ਜੋ ਵੱਖਰੇ ਪਛਾਣੇ ਜਾ ਸਕਣ। ਯਹੂਦੀਆਂ ਨੂੰ ਉਨ੍ਹਾਂ ਦੇ ਆਪਣੇ ਸ਼ਹਿਰ ਦੀਆਂ ਸੜਕਾਂ 'ਤੇ ਜ਼ਲੀਲ ਕੀਤਾ ਗਿਆ। ਆਮ ਪੋਲਿਸ਼ ਨਾਗਰਿਕਾਂ ਨਾਲੋਂ ਉਨ੍ਹਾਂ ਦੇ ਹੱਕ ਘਟਾ ਦਿੱਤੇ ਗਏ।

ਹੋਰ ਬਹੁਤ ਸਾਰੇ ਲੋਕਾਂ ਵਾਂਗ ਸ਼ਪੀਲਮਾਨ ਦੀ ਨੌਕਰੀ ਚਲੀ ਗਈ। ਜੰਗ ਤੋਂ ਪਹਿਲਾਂ ਉਹ ਚੰਗੇ ਪੈਸੇ ਕਮਾ ਰਿਹਾ ਸੀ। ਉਸ ਨੇ ਕਰੀਬ 25,000 ਜ਼ਲੋਤੀਸ਼ ਆਪਣਾ ਘਰ ਬਣਾਉਣ ਲਈ ਜੋੜੇ ਹੋਏ ਸਨ। ਸਰਕਾਰੀ ਫਰਮਾਨ ਨਿਕਲੇ ਕਿ ਕੋਈ ਯਹੂਦੀ ਪਰਿਵਾਰ 2,000 ਜ਼ਲੋਤੀਸ਼ ਤੋਂ ਵੱਧ ਰਕਮ ਆਪਣੇ ਘਰ ਨਹੀਂ ਰੱਖ ਸਕਦਾ। ਸ਼ਪੀਲਮਾਨ ਨੇ ਇਸ ਆਸ ਵਿਚ ਸਿਰਫ 500 ਜ਼ਲੋਤੀਸ਼ ਹੀ ਕਢਵਾਏ ਕਿ ਬਾਕੀ ਪੈਸੇ ਉਹ ਬਚਾ ਲਵੇਗਾ। ਇਹ ਵੱਖਰੀ ਗੱਲ ਹੈ ਕਿ ਬਾਕੀ ਰਕਮ ਬਾਰੇ ਮੁੜ ਉਹ ਰਹਿੰਦੀ ਜ਼ਿੰਦਗੀ ਤਕ ਸੋਚ ਵੀ ਨਾ ਸਕਿਆ।

ਐਲਾਨ ਹੋਇਆ ਕਿ ਯਹੂਦੀਆਂ ਨੂੰ ਸ਼ਹਿਰ ਦੇ ਵੱਖਰੇ ਹਿੱਸੇ ਵਿਚ ਇਕੱਠਿਆਂ ਰੱਖਿਆ ਜਾਵੇਗਾ। 'ਗੈਟੋ' (ਸ਼ਹਿਰ ਤੋਂ ਬਾਹਰ ਵਿਸ਼ੇਸ਼ ਤੌਰ 'ਤੇ ਬਣਾਈਆਂ ਵੱਖਰੀਆਂ ਬਸਤੀਆਂ) ਵਿਚ ਸਾਰੇ ਯਹੂਦੀ ਇਕੱਠੇ ਕੀਤੇ ਗਏ। ਸ਼ਪੀਲਮਾਨ ਨੇ ਉਥੇ ਆਪਣੀ ਜਾਣ-ਪਛਾਣ ਦੇ ਮੱਧ ਵਰਗੀ ਲੋਕ ਦੋ ਰੋਟੀਆਂ ਲਈ ਸੜਕਾਂ 'ਤੇ ਰੁਲਦੇ ਦੇਖੇ। ਉਹ ਕੁਝ ਸਮਾਂ ਆਪਣੇ ਭਰਾ ਨਾਲ ਮਿਲ ਕੇ ਕਿਤਾਬਾਂ ਵੇਚ ਕੇ ਪੈਸੇ ਕਮਾਉਣ ਬਾਰੇ ਸੋਚਦਾ ਰਿਹਾ। ਇਥੇ ਲੋਕਾਂ ਦੀਆਂ ਇੱਛਾਵਾਂ ਸੁੰਗੜ ਕੇ ਹੁਣ ਸਿਰਫ ਜਿਉਂਦੇ ਰਹਿਣ ਤਕ ਦੀਆਂ ਰਹਿ ਗਈਆਂ ਸਨ।

ਸ਼ਪੀਲਮਾਨ ਨੇ ਕੈਫੇ ਨੋਵੋਸ਼ੇਸਨਾ ਵਿਚ ਕੰਮ ਲੱਭ ਲਿਆ। ਉਥੇ ਉਚ ਘਰਾਣੇ ਦੇ ਯਹੂਦੀ ਅਫਸਰ ਆਉਂਦੇ। ਉਹ ਉਥੇ ਸਿਰਫ ਇਕ ਮਹੀਨਾ ਹੀ ਪਿਆਨੋ ਵਜਾ ਸਕਿਆ। ਹੋਇਆ ਇੰਜ ਕਿ ਇਕ ਦਿਨ ਸ਼ਪੀਲਮਾਨ ਨੂੰ ਇਕ ਸਰੋਤੇ ਨੇ ਦੋ ਕੁ ਮਿੰਟ ਸੰਗੀਤ ਰੋਕਣ ਨੂੰ ਕਿਹਾ ਤੇ ਆਪਣੀ ਜੇਬ੍ਹ 'ਚੋਂ ਸੋਨੇ ਦਾ ਰੂਬਲ ਕੱਢ ਕੇ ਉਤਾਂਹ ਨੂੰ ਉਛਾਲਿਆ, ਉਦੋਂ ਹੀ ਇਕ ਬਿਹਤਰੀਨ ਪੇਂਟਰ ਰੋਮਨ ਕਰਾਮਸੀਟੀਕ ਪੋਲੈਂਡ ਘੁੰਮਣ ਆਇਆ ਹੋਇਆ ਸੀ। 22 ਜੁਲਾਈ ਨੂੰ ਫੁਰਮਾਨ ਆਇਆ ਕਿ ਲੋਕਾਂ ਨੂੰ ਹੁਣ ਕਿਤੇ ਹੋਰ ਭੇਜਿਆ ਜਾਣਾ ਹੈ। ਲੋਕਾਂ ਨੂੰ ਸੜਕਾਂ 'ਤੇ ਮਾਰਚ ਕਰਵਾ ਕੇ ਫੌਜੀ ਟੁਕੜੀਆਂ ਦੀ ਦੇਖ-ਰੇਖ 'ਚ ਲਿਜਾਇਆ ਜਾਂਦਾ। ਕਰਾਮਸੀਟੀਕ ਠਰ੍ਹੰਮੇ ਵਾਲਾ ਬੰਦਾ ਸੀ, ਸਰੀਰ ਦਾ ਥੋੜ੍ਹਾ ਭਾਰਾ ਵੀ ਸੀ, ਜਿਸ ਕਰਕੇ ਹੌਲੀ ਤੁਰਦਾ ਸੀ। ਪੁਲਿਸ ਨੇ ਬਸ ਉਸ ਨੂੰ ਇਸੇ ਲਈ ਗੋਲੀ ਮਾਰ ਦਿੱਤੀ। ਬਹਾਦਰ ਸੀ। ਉਹਨੇ ਸ਼ਪੀਲਮਾਨ ਨੂੰ ਆਪਣੇ ਸਟੂਡੀਓ ਵਿਚ ਰੱਖਿਆ ਤੇ ਆਪ ਇਹ ਹਦਾਇਤ ਦੇ ਕੇ ਚਲਾ ਗਿਆ ਕਿ ਕਿਸੇ ਕਿਸਮ ਦੀ ਅਜਿਹੀ ਹਰਕਤ ਨਾ ਕਰੇ, ਜਿਸ ਨਾਲ ਕਿਸੇ ਨੂੰ ਉਸ ਦੀ ਹੋਂਦ ਦਾ ਅਹਿਸਾਸ ਵੀ ਹੋਵੇ। ਸ਼ਪੀਲਮਾਨ ਹਰ ਰੋਜ਼ ਪਿਆਨੋ ਖੋਲ੍ਹਦਾ, ਉਸ ਦੀਆਂ ਕੁੰਜੀਆਂ ਨਿਹਾਰਦਾ ਤੇ ਬਿਨਾ ਉਨ੍ਹਾਂ ਨੂੰ ਛੂਹੇ ਹਵਾ ਵਿਚ ਉਂਗਲਾਂ ਹਿਲਾਉਂਦਾ ਆਪਣੇ ਮਨ ਅੰਦਰ ਹੀ ਸੰਗੀਤ ਵਜਾਉਂਦਾ।

ਸ਼ਪੀਲਮਾਨ ਕੋਲ ਕੋਈ ਕੰਮ ਨਹੀਂ ਸੀ।





*ਜਵਾਨੀ ਵੇਲੇ ਸ਼ਪੀਲਮਾਨ ਅਤੇ (ਸੱਜੇ) ਉਮਰ ਦੇ ਆਖਰੀ ਪੜਾਅ ਦੀ ਤਸਵੀਰ।*

ਫਿਰ ਆਪਣੀ ਜੁੰਡਲੀ ਸਮੇਤ ਮੇਜ ਨੂੰ ਕੰਨ ਲਾ ਲਿਆ। ਜਦ ਤਕ ਸਿੱਕਾ ਟੁਣਕਣੋਂ ਨਾ ਹਟਿਆ, ਉਹ ਸ਼ਾਂਤ ਰਹੇ। ਉਨ੍ਹਾਂ ਦੀਆਂ ਅੱਖਾਂ ਵਿਚ ਸਕੂਨਦੇਹ ਚੈਨ ਆਇਆ ਤੇ ਉਹ ਹਿੜ-ਹਿੜ ਕਰਦੇ ਸ਼ਪੀਲਮਾਨ ਨੂੰ ਮੁੜ ਸੰਗੀਤ ਵਜਾਉਣ ਲਈ ਕਹਿਣ ਲੱਗੇ। ਉਸ ਨੂੰ ਬੜੀ ਕੋਫਤ ਹੋਈ। ਉਨ੍ਹੀਂ ਦਿਨੀਂ ਸੰਗੀਤ ਦੀ ਇਹੋ ਕਦਰ ਸੀ। ਫਿਰ ਉਸ ਨੇ ਛੇ ਕੁ ਮਹੀਨੇ ਕੈਫੇ ਸੀਏਨਾ ਤੇ ਕੈਫੇ ਸ਼ਟੂਕਾ, ਜੋ 'ਗੈਟੋ' ਵਿਚ ਹੀ ਸਨ, ਵਿਚ ਨੌਕਰੀ ਕੀਤੀ। ਉਥੇ ਵੀ ਯਹੂਦੀ ਪੁਲਿਸ ਅਫਸਰ ਤੇ ਹੋਰ ਚੰਗੇ ਘਰਾਂ ਦੇ ਸਰੋਤੇ ਹੀ ਆਉਂਦੇ, ਪਰ ਸ਼ਪੀਲਮਾਨ ਨੂੰ ਇਨ੍ਹਾਂ ਯਹੂਦੀਆਂ ਨਾਲ ਆਪਣੀ ਕੋਈ ਸਾਂਝ ਨਾ ਲੱਗਦੀ।

ਇਕ ਵਾਰ ਸ਼ਪੀਲਮਾਨ ਦੇ ਫਿਲਾਸਫਰ ਭਰਾ ਨੂੰ ਕਿਤਾਬਾਂ ਵੇਚਦਿਆਂ ਯਹੂਦੀ ਪੁਲਿਸ ਨੇ ਫੜ ਲਿਆ। ਸ਼ਪੀਲਮਾਨ ਦੀ ਪੁਲਿਸ ਕਮਿਸ਼ਨਰ ਨਾਲ ਜਾਣ-ਪਛਾਣ ਸੀ, ਜਿਸ ਕਰਕੇ ਉਹ ਆਪਣੇ ਭਰਾ ਨੂੰ ਛੁਡਾ ਲਿਆਇਆ। ਜਦ ਉਹ ਆਪਣੇ ਭਰਾ ਨਾਲ ਥਾਣੇ ਤੋਂ ਪਰਤ ਰਿਹਾ ਸੀ ਤਾਂ ਉਸ ਦੇ ਭਰਾ ਨੇ ਉਸ ਨਾਲ ਹੱਥ ਮਿਲਾਉਣ ਤੋਂ ਇਹ ਕਹਿ ਕੇ ਨਾਂਹ ਕਰ ਦਿੱਤੀ ਕਿ "ਤੂੰ ਉਸ ਸੂਰ ਕੋਲ ਸਿਫਾਰਸ਼ ਕੀਤੀ।" ਇਹ ਉਹ ਨਫਰਤ ਸੀ, ਜਿਸ ਦੇ ਬੀਜ ਹਿਟਲਰ ਦੀਆਂ ਫੌਜਾਂ ਨੇ ਬੀਜੇ ਅਤੇ ਇਸ ਫਸਲ ਨੂੰ ਕੁਚਲਣ ਲਈ ਲੋਕ ਓਨੀ ਹੀ ਨਫਰਤ ਤੇ ਖਿਝ ਨਾਲ ਤਤਪਰ ਸਨ।

ਉਨ੍ਹੀਂ ਦਿਨੀਂ ਰੋਜ਼ ਸੜਕਾਂ 'ਤੇ ਲਾਸ਼ਾਂ ਅਖਬਾਰਾਂ ਨਾਲ ਢਕੀਆਂ ਪਈਆਂ ਮਿਲਦੀਆਂ। ਲੋਕਾਂ ਨੂੰ ਹੁਣ 'ਵੱਡੇ ਗੈਟੋ' ਤੋਂ 'ਛੋਟੇ ਗੈਟੋ' ਵੱਲ ਲਿਜਾਇਆ ਗਿਆ। ਸ਼ਪੀਲਮਾਨ ਦਾ ਸਾਰਾ ਪਰਿਵਾਰ ਹੁਣ ਇਕ ਹੀ ਕਮਰੇ ਵਿਚ ਸੀ ਅਤੇ ਉਸ ਦਾ ਪਿਤਾ ਸਿਰਫ ਇਸੇ ਲਈ ਖੁਸ਼ ਸੀ ਕਿ 'ਘੱਟੋ-ਘੱਟ ਆਪਾਂ ਇਕੱਠੇ ਤਾਂ ਹਾਂ।' 16 ਅਗਸਤ ਨੂੰ ਜਰਮਨਾਂ ਨੇ ਸਾਰੇ ਲੋਕਾਂ ਨੂੰ ਇਕੋ ਥਾਂ ਸੱਦਿਆ ਅਤੇ ਉਮਰ ਤੇ ਸਰੀਰਾਂ ਦੇ ਹਿਸਾਬ ਨਾਲ ਦੋ ਹਿੱਸਿਆਂ ਵਿਚ ਵੰਡਣਾ ਸ਼ੁਰੂ ਕਰ ਦਿੱਤਾ। ਇਉਂ ਉਸ ਦੇ ਪਿਤਾ ਦੀ ਇਕੋ-ਇਕ ਖੁਸ਼ੀ ਵੀ ਖੋਹ ਲਈ ਗਈ। ਇਕ ਹਿੱਸੇ ਵਿਚ ਸ਼ਪੀਲਮਾਨ ਤੇ ਉਸ ਦੇ ਮਾਂ-ਪਿਓ ਸਨ ਅਤੇ ਦੂਜੇ ਵਿਚ ਉਸ ਦੀ ਭੈਣ ਤੇ ਭਰਾ। ਪੁਲਿਸ ਲੋਕਾਂ ਨੂੰ ਵੱਖੋ-ਵੱਖਰੀਆਂ ਰੇਲ ਗੱਡੀਆਂ ਵਿਚ ਤੁੰਨ ਰਹੀ ਸੀ। ਇਕ ਵਿਚ ਉਹ ਲੋਕ ਸਨ, ਜਿਨ੍ਹਾਂ ਨੂੰ ਜਰਮਨ ਫੈਕਟਰੀ ਵਿਚ ਕੰਮ ਲਈ ਲਿਜਾਇਆ ਜਾ ਰਿਹਾ ਸੀ ਅਤੇ ਇਕ ਵਿਚ ਬਜੁਰਗ, ਕਮਜ਼ੋਰ ਨੌਜਵਾਨ ਤੇ ਬੱਚੇ ਸਨ।

ਜਦੋਂ ਸ਼ਪੀਲਮਾਨ ਭੀੜ ਵਿਚ ਰੇਲ ਗੱਡੀ ਵੱਲ ਜਾ ਰਿਹਾ ਸੀ ਤਾਂ ਉਥੇ ਖਲੋਤੇ ਇਕ ਪੁਲਿਸ ਵਾਲੇ ਨੇ ਸ਼ਪੀਲਮਾਨ ਨੂੰ ਪਛਾਣ ਲਿਆ ਅਤੇ ਭੀੜ 'ਚੋਂ ਬਾਹਰ ਧੱਕ ਦਿੱਤਾ। ਉਥੋਂ ਨੱਠ ਕੇ ਸ਼ਪੀਲਮਾਨ ਦੀ ਮੁਸ਼ਕਿਲ ਹੋਰ ਵਧ ਗਈ। ਉਸ ਦੇ ਸਾਹਮਣੇ ਤਬਾਹ ਹੋਇਆ ਉਸ ਦਾ ਸ਼ਹਿਰ। ਖਾਲੀ ਜੇਬ੍ਹ ਤੇ ਅਵਾਰਾ ਉਹ ਆਪ ਸੀ।

ਇਕ ਪੁਰਾਣੇ ਜਾਣਕਾਰ ਕੈਫੇ ਮਾਲਕ ਜ਼ਰੀਏ ਉਸ ਨੂੰ ਇੱਟਾਂ ਸਾਫ ਕਰਨ ਦਾ ਕੰਮ ਮਿਲ ਗਿਆ। ਕੋਈ ਮਹੀਨਾ ਕੁ ਸਿਰਫ ਬਰੈਡ ਬਦਲੇ ਕੰਮ ਕੀਤਾ। ਫਿਰ ਉਸ ਨੇ 'ਗੈਟੋ' ਦੇ ਇਕ ਸਟੋਰ ਲਈ ਆਲੂ ਢੋਣ ਦਾ ਕੰਮ ਕੀਤਾ। ਆਲੂ ਦੀਆਂ ਬੋਰੀਆਂ ਵਿਚ ਉਹ ਜਰਮਨਾਂ ਖਿਲਾਫ ਲੜਨ ਲਈ ਤਿਆਰ ਹੋ ਰਹੀ ਗੁਪਤ ਫੌਜ ਵਾਸਤੇ ਬੰਦੂਕਾਂ 'ਗੈਟੋ' ਵਿਚ ਲਿਜਾਂਦਾ। ਸ਼ਪੀਲਮਾਨ ਭਾਰੇ ਕੰਮ ਕਰਨ ਦਾ ਆਦੀ ਨਹੀਂ ਸੀ, ਜਿਸ ਕਰਕੇ ਥੋੜ੍ਹੇ ਚਿਰ ਪਿਛੋਂ ਹੀ ਡਾਢਾ ਬਿਮਾਰ ਹੋ ਗਿਆ। ਸਟੋਰ ਦੇ ਕਾਰਿੰਦੇ ਨੇ ਉਸ ਨੂੰ ਇਕ ਵਰਕਸ਼ਾਪ ਵਿਚ ਲੁਕਣ ਦੀ ਥਾਂ ਦੇ ਦਿੱਤੀ, ਜਿਥੇ ਠੰਢ ਕਾਰਨ ਉਸ ਦੀ ਹਾਲਤ ਹੋਰ ਵਿਗੜਨ ਲੱਗੀ। ਜਨੀਨਾ ਬੋਗਿਓਕਾ ਉਸ ਲਈ ਭੋਜਨ ਦਾ ਪ੍ਰਬੰਧ ਕਰਦੀ ਰਹੀ ਤੇ ਉਹ ਉਥੇ ਕਰੀਬ ਦੋ ਕੁ ਹਫਤੇ ਰਿਹਾ।

ਇਸ ਪਿਛੋਂ ਸ਼ਪੀਲਮਾਨ ਦੀ ਬਿਲਕੁਲ ਨਵੀਂ ਤੇ ਲੁਕਵੀਂ ਜਿਹੀ ਜ਼ਿੰਦਗੀ ਸ਼ੁਰੂ ਹੋ ਗਈ। ਇਕ ਰਾਤ ਉਹ ਰੇਡੀਓ ਇੰਜੀਨੀਅਰ ਕੋਲ ਰਿਹਾ, ਉਥੋਂ ਉਹਨੂੰ ਲਵੀਸਕੀ ਆਪ ਖਤਰਾ ਸਹੇੜ ਕੇ ਆਪਣੇ ਨਾਲ ਲੈ ਗਿਆ। ਲਵੀਸਕੀ ਲੁਕਵੇਂ ਤੌਰ 'ਤੇ ਕੰਮ ਕਰਦਾ ਸੀ। ਇਸ ਕਰਕੇ ਇਸ ਮਸਲੇ ਵਿਚ ਉਨ੍ਹੀਂ ਦਿਨੀਂ ਉਸ ਨੇ 1500 ਕਿਤਾਬਾਂ ਪੜ੍ਹ ਲਈਆਂ। ਨਿੱਘਾ ਜਿਹਾ ਮੌਸਮ ਸੀ। ਸਭ ਕੁਝ ਠੀਕ ਚੱਲ ਰਿਹਾ ਸੀ। ਅਚਾਨਕ ਲਵੀਸਕੀ ਉਥੇ ਘਬਰਾਇਆ ਹੋਇਆ ਆਇਆ ਤੇ ਕਹਿਣ ਲੱਗਾ, "ਨਾਜ਼ੀਆਂ ਦੀ ਖੁਫੀਆ ਪੁਲਿਸ ਮੈਨੂੰ ਲੱਭ ਰਹੀ ਹੈ। ਮੈਂ ਹੁਣ ਨਹੀਂ ਆਉਣਾ। ਤੂੰ ਰਹਿ ਸਕਦਾ ਏਂ, ਪਰ ਜੇ ਪੁਲਿਸ ਆਵੇ ਤਾਂ ਜਿਉਂਦਾ ਉਨ੍ਹਾਂ ਦੇ ਹੱਥ ਨਾ ਆਵੀਂ, ਖਿੜਕੀ 'ਚੋਂ ਛਾਲ ਮਾਰ ਦੇਵੀਂ।" ਸ਼ਪੀਲਮਾਨ ਲਈ ਪੰਜਵੀਂ ਮੰਜ਼ਿਲ ਤੋਂ ਛਾਲ ਮਾਰਨਾ ਔਖਾ ਸੀ ਤਾਂ ਉਹਨੇ ਫਾਂਸੀ ਲੱਗਣ ਦਾ ਹੀ ਮਨ ਬਣਾਇਆ।

ਹੁਣ ਸ਼ਪੀਲਮਾਨ ਕੋਲ ਕੋਈ ਨਾ ਆਉਂਦਾ। ਤਿੰਨ ਹਫਤੇ ਉਹ ਭੁੱਖਣ ਭਾਣਾ ਸਿਰਫ ਪਾਣੀ 'ਤੇ ਰਿਹਾ। ਸਬਜ਼ੀਆਂ ਨੂੰ ਉਹ ਬਸ ਖਿੜਕੀ 'ਚੋਂ ਦੇਖ ਸਕਦਾ। ਪਤਾ ਨਹੀਂ ਕਿਉਂ, ਉਹ ਜਿਉਣ 'ਤੇ ਇੰਨਾ ਉਤਾਰੂ ਸੀ। ਸ਼ਾਇਦ ਮਨੁੱਖ ਦਾ ਬਿਹਤਰ ਭਵਿਖ ਦਾ ਸੁਪਨਾ ਕੋਈ ਹਾਕਮ ਨਹੀਂ ਖੋਹ ਸਕਦਾ।

ਇਕ ਦਿਨ ਦਰਵਾਜੇ 'ਤੇ ਖੜਾਕ ਹੋਇਆ। ਸ਼ਪੀਲਮਾਨ ਨੇ ਫਾਂਸੀ ਲੱਗਣ ਲਈ ਕੱਪੜੇ ਲੱਭ ਲਏ, ਪਰ ਇਹ ਲਵੀਸਕੀ ਦਾ ਭਰਾ ਸੀ, ਜੋ ਕਮਰੇ ਦੇ ਹਾਲਾਤ ਦੇਖਣ ਆਇਆ ਸੀ। ਉਹ ਕਿਸੇ ਨੂੰ ਭੇਜਣ ਦਾ ਵਾਅਦਾ ਕਰਕੇ ਚਲਾ ਗਿਆ। ਦਸ ਦਿਨ ਹੋਰ ਬੀਤੇ, ਉਥੇ ਕੋਈ ਨਾ ਆਇਆ। ਆਖਰ ਇਕ ਰੇਡੀਓ ਇੰਜੀਨੀਅਰ ਆਇਆ। ਉਹ ਪਹਿਲਾ ਬੰਦਾ ਸੀ, ਜਿਸ ਨੂੰ ਦੇਖ ਕੇ ਲੱਗਦਾ ਸੀ ਕਿ ਇਹ ਮਦਦ ਕਰਨ ਆਇਆ ਨਹੀਂ, ਇਸ ਨੂੰ ਭੇਜਿਆ ਗਿਆ ਹੈ। ਸ਼ਪੀਲਮਾਨ ਨੇ ਖਾਣੇ ਦਾ ਪ੍ਰਬੰਧ ਕਰਨ ਬਦਲੇ ਉਸ ਨੂੰ ਘੜੀ ਦਿੱਤੀ।

ਹੁਣ ਸ਼ਪੀਲਮਾਨ ਨੇ ਉਥੋਂ ਜਾਣਾ ਚੰਗਾ ਸਮਝਿਆ ਤੇ ਆਪਣੇ ਹੱਡਲ ਮੂੰਹ 'ਤੇ ਮਰੀਅਲ ਜਿਹੇ ਹੱਥਾਂ ਨਾਲ ਸ਼ੇਵ ਕਰਕੇ ਬਾਹਰ ਆ ਗਿਆ। ਪਤਾ ਨਹੀਂ ਕਿਉਂ, ਜਰਮਨਾਂ ਨੇ ਉਸ ਵੱਲ ਧਿਆਨ ਨਾ ਦਿੱਤਾ। ਉਹ ਕਿਸੇ ਵੀ ਪਾਸਿਓਂ ਸਾਧਾਰਨ ਨਹੀਂ ਸੀ ਲੱਗ ਰਿਹਾ। ਲੁਕਦਿਆਂ ਛੁਪਦਿਆਂ ਉਹਨੇ ਦਸ ਮਿੰਟ ਦਾ ਪਲਾਸਕਾ ਤੋਂ ਨਰਬੂਤਾ ਦਾ ਰਾਹ ਦੋ ਘੰਟੇ ਵਿਚ ਪਾਰ ਕੀਤਾ ਤੇ ਉਥੇ ਇਕ ਪੁਰਾਣੇ ਸਹਿਕਰਮੀ ਦੇ ਘਰ ਜਾਣ ਦੀ ਸੋਚੀ। ਉਸ ਦਾ ਜਾਣਕਾਰ ਉਥੇ ਆਪਣੀ ਸੱਸ ਅਤੇ ਪਤਨੀ ਨਾਲ ਨਿੱਕੇ ਜਿਹੇ ਫਲੈਟ 'ਚ ਰਹਿੰਦਾ ਸੀ। ਸ਼ਪੀਲਮਾਨ ਨੇ ਬੂਹਾ ਖੜਕਾਇਆ ਤਾਂ ਬਜ਼ੁਰਗ ਔਰਤ ਘਰੇ ਇਕੱਲੀ ਸੀ। ਉਹ ਉਸ ਨੂੰ ਦੇਖ ਕੇ ਤ੍ਰਬਕ ਗਈ, ਉਸ ਦੇ ਭਾਅ ਦਾ ਕੋਈ ਨਰਕ ਦਾ ਦੂਤ ਆਇਆ ਹੋਵੇ, ਪਰ ਉਹਨੇ ਤਾਂ ਵੀ ਅੰਦਰ ਆਉਣ ਨੂੰ ਕਿਹਾ ਤੇ ਅੱਧੇ ਕੁ ਘੰਟੇ ਪਿਛੋਂ ਉਸ ਦਾ ਮਿੱਤਰ ਪਹੁੰਚ ਗਿਆ।

ਰੋਟੀ ਖਾਣ ਪਿਛੋਂ ਉਸ ਦੇ ਮਿੱਤਰ ਨੇ ਉਸ ਨੂੰ ਪੋਲੈਂਡ ਦਾ ਕੌਮੀ ਤਰਾਨਾ ਵਜਾਉਣ ਨੂੰ ਕਿਹਾ। ਉਥੇ ਨਿੱਕੇ ਜਿਹੇ ਫਲੈਟ ਵਿਚ ਜਿਵੇਂ ਕਿਵੇਂ ਰਾਤ ਕੱਟ ਕੇ ਸਵੇਰੇ ਉਨ੍ਹਾਂ ਨੇ ਜਾਵੋਰਸਕੀ ਨਾਂ ਦੇ ਬੰਦੇ ਨੂੰ ਸੱਦਿਆ। ਜਾਵੋਰਸਕੀ ਜੰਗ ਤੋਂ ਪਹਿਲਾਂ ਰੇਡੀਓ ਵਿਚ ਔਡੀਸ਼ਨ ਇੰਸਪੈਕਟਰ ਸੀ ਤੇ ਹੁਣ ਆਪਣੀ ਪਤਨੀ ਨਾਲ ਗੁਲਬੋਵਨਿਕਾ ਵਿਚ ਰਹਿੰਦਾ ਸੀ। ਉਸ ਦੀ ਪਤਨੀ ਬੜੀ ਖੁਸ਼ਮਿਜ਼ਾਜ, ਬਹਾਦਰ ਪੋਲਿਸ਼ ਔਰਤ ਸੀ। ਉਨ੍ਹੀਂ ਦਿਨੀਂ ਯਹੂਦੀਆਂ ਦੀ ਗੁਪਤ ਫੌਜ ਨੇ 'ਗੈਟੋ' ਦੀ ਇਕ ਇਮਾਰਤ ਵਿਚੋਂ ਬਾਹਰ ਤਾਇਨਾਤ ਜਰਮਨ ਫੌਜੀਆਂ ਖਿਲਾਫ ਹਥਿਆਰਬੰਦ ਘੋਲ ਸ਼ੁਰੂ ਕੀਤਾ। ਕੋਈ ਮਹੀਨਾ ਕੁ ਦੋਹਾਂ ਪਾਸਿਓਂ ਮੁਕਾਬਲੇ ਵਿਚ ਯਹੂਦੀ ਮਾਰੇ ਗਏ ਅਤੇ ਜਰਮਨਾਂ ਦਾ ਵੀ ਕਾਫੀ ਨੁਕਸਾਨ ਹੋਇਆ। ਸ਼ਪੀਲਮਾਨ ਨੂੰ ਇਸ ਬਾਰੇ ਪਤਾ ਲੱਗਾ ਤਾਂ ਉਹ ਬੜਾ ਦੁਖੀ ਹੋਇਆ, ਪਰ ਜਾਵੋਰਸਕੀ ਦੀ ਪਤਨੀ ਨੂੰ ਇਸ ਗੱਲ ਦਾ ਮਾਣ ਸੀ ਕਿ ਯਹੂਦੀ ਸਵੈ-ਮਾਣ ਨਾਲ ਮਰੇ। ਉਸ ਨੂੰ ਆਸ ਸੀ ਕਿ ਹੁਣ ਬਾਕੀ ਪੋਲੈਂਡ ਦੇ ਲੋਕਾਂ ਵਿਚ ਵੀ ਲੜਨ ਦੀ ਪ੍ਰੇਰਨਾ ਆਵੇਗੀ। ਜਰਮਨ ਕਾਫੀ ਡਰ ਗਏ ਸਨ। ਉਨ੍ਹਾਂ ਮੁਸ਼ਤੈਦੀ ਹੋਰ ਵਧਾ ਦਿੱਤੀ। ਜਾਵੋਰਸਕੀ ਤੇ ਉਸ ਦੀ ਪਤਨੀ ਨੂੰ ਉਥੋਂ ਭੱਜਣਾ ਪਿਆ ਤੇ ਉਥੇ ਵੀ ਸ਼ਪੀਲਮਾਨ ਕੁਝ ਹੀ ਦਿਨ ਦਾ ਪ੍ਰਾਹੁਣਾ ਸੀ।

ਹੁਣ ਉਹ ਜਾਵੋਰਸਕੀ ਦੀ ਕਿਸੇ ਰਿਸ਼ਤੇਦਾਰ ਕੋਲ ਰਿਹਾ। ਉਥੇ ਸਿਰਫ ਇਕ ਕਮਰਾ, ਗੁਸਲਖਾਨਾ ਤੇ ਇਕ ਸਟੋਵ ਸੀ; ਪਖਾਨਾ ਉਥੇ ਨਹੀਂ ਸੀ। ਸ਼ਪੀਲਮਾਨ ਨੂੰ ਉਥੇ ਰਹਿਣ ਦੀ ਥਾਂ ਦੇਣ ਲਈ ਉਹ ਔਰਤ ਆਪਣੀ ਭੈਣ ਕੋਲ ਚਲੀ ਗਈ। ਇਥੇ ਉਸ ਕੋਲ ਭੋਜਨ ਸੀ, ਪਰ ਇਕ ਮੁਸ਼ਕਿਲ ਸੀ ਕਿ ਪਖਾਨਾ ਨਾ ਹੋਣ ਕਾਰਨ ਉਸ ਔਰਤ ਨੂੰ ਸ਼ਪੀਲਮਾਨ ਕੋਲ ਸਵੇਰੇ ਆਉਣਾ ਪੈਂਦਾ ਤੇ ਉਸ ਨੂੰ ਬਾਹਰ ਲਿਜਾਣਾ ਪੈਂਦਾ। ਆਖਰ ਪੱਕਾ ਹੱਲ ਇਹ ਕੱਢਿਆ ਕਿ ਸ਼ਪੀਲਮਾਨ ਆਪਣਾ ਮਲ ਸਟੋਵ 'ਤੇ ਮਚਾ ਦਵੇ। ਦਿਨ, ਹਫਤੇ ਤਦ ਤਕ ਸਹੀ ਨਿਕਲੇ, ਜਦ ਤਕ ਉਸ ਨੂੰ ਕਿਸੇ ਬਿਮਾਰੀ ਨੇ ਨਹੀਂ ਆਣ ਘੇਰਿਆ। ਬੜੀ ਮੁਸ਼ਕਿਲ ਨਾਲ ਇਕ ਭਰੋਸੇਯੋਗ ਡਾਕਟਰ ਲੱਭਿਆ ਗਿਆ ਤਾਂ ਪਤਾ ਲੱਗਾ ਕਿ ਸ਼ਪੀਲਮਾਨ ਦਾ ਗੁਰਦਾ ਫੁੱਲ ਕੇ ਗੁਬਾਰਾ ਹੋ ਗਿਆ ਹੈ।

ਕੁਝ ਦਿਨ ਉਹ ਉਥੇ ਅਧਮਰਿਆ ਪਿਆ ਰਿਹਾ ਤੇ ਉਹੀ ਔਰਤ ਆਈ ਜਿਸ ਨੇ ਦੱਸਿਆ ਕਿ ਜਰਮਨ ਇਮਾਰਤਾਂ ਖਾਲੀ ਕਰਵਾ ਰਹੇ ਹਨ, ਅਸੀਂ ਹੁਣ ਨਹੀਂ ਆ ਸਕਾਂਗੇ। 13 ਤਰੀਕ ਨੂੰ ਜਰਮਨ ਇਮਾਰਤਾਂ ਨੂੰ ਅੱਗਾਂ ਲਾਉਣ ਲੱਗੇ। ਸ਼ਪੀਲਮਾਨ ਹੁਣ ਇਕ ਵੱਖਰੀ ਹੀ ਬੇਫਿਕਰੀ ਦੇ ਆਲਮ ਵਿਚ ਸੀ, ਜਿਸ ਵਿਚ ਮਨੁੱਖ ਦੀਆਂ ਸੱਭੇ ਆਸਾਂ ਧੁੰਦਲੀਆਂ ਹੋ ਰਹੀਆਂ ਹੋਣ। ਉਸ ਨੇ ਨੀਂਦ ਦੀਆਂ ਤੀਹ ਗੋਲੀਆਂ ਖਾਧੀਆਂ ਤੇ ਸੋਫੇ 'ਤੇ ਲੇਟ ਗਿਆ। ਉਹ ਤਿੰਨ ਦਿਨ ਬੇਹੋਸ਼ੀ ਦੀ ਹਾਲਤ ਵਿਚ ਪਿਆ ਰਿਹਾ। ਜਦ ਉਹ ਉਠਿਆ ਤਾਂ ਇੰਜ ਉਠਿਆ ਜਿਵੇਂ ਮਰ ਕੇ ਭਸਮ ਹੋਏ ਨਰਕ ਵਿਚੋਂ ਉਠਿਆ ਹੋਵੇ। ਸਭ ਕੁਝ ਤਬਾਹ ਹੋਇਆ ਪਿਆ ਸੀ। ਇਕ ਵੀ ਇਮਾਰਤ ਸਲਾਮਤ ਨਹੀਂ ਸੀ। ਉਹ ਰੀਂਗਦਾ ਹੋਇਆ ਬਾਹਰ ਗਿਆ। ਸੜਕਾਂ 'ਤੇ ਸਿਵਿਆਂ ਜਿਹੀ ਚੁੱਪ ਸੀ। ਉਹ ਕੋਈ ਤਿੰਨ ਚਾਰ ਕਿਲੋਮੀਟਰ ਰੀਂਗਿਆਂ ਤੇ ਖਾਲੀ ਪਈ ਫੌਜੀ ਕੰਟੀਨ ਦੇ ਪਿਛਲੇ ਪਾਸੇ ਚਲਾ ਗਿਆ। ਉਥੇ ਬੁਸਦਾ ਪਾਣੀ ਪੀਤਾ, ਕੂੜੇ ਦੇ ਢੇਰ 'ਚੋਂ ਚੂਸੇ ਹੋਏ ਫਲਾਂ ਦੇ ਬੀਜ ਤੇ ਛਿਲਕੇ ਇਕੱਠੇ ਕਰਕੇ ਕਿਸੇ ਠਾਹਰ ਦੀ ਭਾਲ ਵਿਚ ਚਲਾ ਗਿਆ।

ਸ਼ਹਿਰ ਦੀਆਂ ਇਮਾਰਤਾਂ ਤੋਂ ਉਚੇ ਹੋਣ ਦਾ ਮਾਣ, ਸੜਕਾਂ ਤੋਂ ਉਨ੍ਹਾਂ ਦਾ ਨਾਮ ਤੇ ਲੋਕਾਂ ਤੋਂ ਉਨ੍ਹਾਂ ਦੀ ਜ਼ਿੰਦਗੀ ਸਭ ਕੁਝ ਖੋਹ ਲਿਆ ਗਿਆ ਸੀ। ਸ਼ਪੀਲਮਾਨ ਬੇਨਾਮੀ ਸੜਕ ਦੀ ਇਕ ਬੇਨਾਮੀ ਇਮਾਰਤ ਵਿਚ, ਜੋ ਬਾਕੀਆਂ ਨਾਲੋਂ ਥੋੜ੍ਹੀ ਸਲਾਮਤ ਸੀ, ਵਿਚ ਚਲਾ ਗਿਆ। ਉਥੇ ਉਹ ਆਪਣੇ 'ਖਾਣੇ' ਸਮੇਤ ਪੜਛੱਤੀ ਜਿਹੀ ਵਿਚ ਰਹਿਣ ਲੱਗਾ। ਸਿਆਲ ਸ਼ੁਰੂ ਹੋ ਚੁਕੇ ਸਨ। ਸ਼ਪੀਲਮਾਨ ਭੋਜਨ ਦੀ ਭਾਲ ਵਿਚ ਇਮਾਰਤ ਵਿਚ ਫਿਰ ਰਿਹਾ ਸੀ ਕਿ ਅਚਾਨਕ ਆਵਾਜ਼ ਆਈ, "ਹੱਥ ਉਤੇ।" ਲੰਮੇ ਕੱਦ ਤੇ ਫੁਰਤੀਲੇ ਹਾਵ-ਭਾਵਾਂ ਵਾਲਾ ਇਹ ਨੌਜਵਾਨ ਜਰਮਨ ਫੌਜ ਦਾ ਅਫਸਰ ਸੀ।

ਸ਼ਪੀਲਮਾਨ ਸਭ ਤਰ੍ਹਾਂ ਦੇ ਹਥਿਆਰ ਸੁੱਟ ਗਿਆ, ਜਿਉਣ ਦੀ ਆਸ ਵੀ। ਉਹ ਸਿਰਫ ਇੰਨਾ ਚਾਹੁੰਦਾ ਸੀ ਕਿ ਸੱਚ ਬੋਲ ਕੇ ਮਰਿਆ ਜਾਵੇ। ਜਰਮਨ ਨੇ ਠਰ੍ਹੰਮੇ ਨਾਲ ਉਸ ਦਾ ਨਾਮ ਅਤੇ ਕਿੱਤਾ ਪੁੱਛਿਆ। ਉਸ ਨੇ ਦੱਸਿਆ ਕਿ ਉਹ ਜੰਗ ਤੋਂ ਪਹਿਲਾਂ ਰੇਡੀਓ ਲਈ ਪਿਆਨੋ ਵਜਾਉਂਦਾ ਸੀ। ਅਫਸਰ ਉਸ ਨੂੰ ਉਥੇ ਇਮਾਰਤ ਦੇ ਖੰਡਰ ਜਿਹੇ

***(ਬਾਕੀ ਅਗਲੇ ਸਫੇ 'ਤੇ)***



*ਨਿਰਦੇਸ਼ਕ ਰੋਮਨ ਪੋਲੰਸਕੀ ਵਲੋਂ ਸ਼ਪੀਲਮਾਨ ਦੀ ਸਵੈ-ਜੀਵਨੀ ਦੇ ਆਧਾਰ 'ਤੇ ਬਣਾਈ ਫਿਲਮ 'ਦਿ ਪਿਆਨਿਸਟ' ਦੀ ਝਲਕ।*

# ਆਖ ਦਮੋਦਰ ਅੱਖੀਂ ਡਿੱਠਾ...

ਲਹਿੰਦੇ ਪੰਜਾਬ ਦੇ ਸ਼ਹਿਰ ਝੰਗ ਸਿਆਲ ਦੇ ਕਬਰਿਸਤਾਨ ਵਿਚ ਇਕ ਉਚਾ ਢਾਂਚਾ ਬਣਿਆ ਹੋਇਆ ਹੈ, ਜਿਸ ਦੀ ਮਾਈ ਹੀਰ ਅਤੇ ਮੀਆਂ ਰਾਂਝੇ ਦੀ ਮਜ਼ਾਰ ਹੋਣ ਵਜੋਂ ਮਾਨਤਾ ਹੈ। ਹੀਰ ਸਿਆਲ ਗੋਤ/ਕਬੀਲੇ ਵਿਚੋਂ ਸੀ, ਜੋ ਲੰਬੇ ਸਮੇਂ ਤੋਂ ਇਲਾਕੇ ਦਾ ਬੜਾ ਤਕੜਾ ਕਬੀਲਾ ਸੀ ਅਤੇ ਅੱਜ ਵੀ ਉਹ ਬਹੁਤ ਤਾਕਤਵਰ ਹਨ। ਜੇ ਉਨ੍ਹਾਂ ਦੀ ਹਾਜ਼ਰੀ ਵਿਚ ਹੀਰ ਜਾਂ ਸਾਹਿਬਾਂ ਦਾ ਜ਼ਿਕਰ ਕੀਤਾ ਜਾਂਦਾ ਹੈ ਤਾਂ ਉਹ ਸ਼ਰਮਿੰਦਗੀ ਮਹਿਸੂਸ ਕਰਦੇ ਹਨ।

ਸਾਲ 1976 ਵਿਚ ਸਈਦਾ ਆਬਿਦਾ ਹੁਸੈਨ ਨੇ ਝੰਗ ਵਿਚ ਵਾਰਿਸ ਸ਼ਾਹ ਦੀ ਯਾਦ ਵਿਚ ਹੋਣ ਵਾਲੇ ਸਮਾਗਮ ਦੀ ਸਦਾਰਤ ਕਰਨੀ ਸੀ। ਹੋਰ ਸ਼ਹਿਰਾਂ ਤੋਂ ਵੀ ਅਨੇਕਾਂ ਲੇਖਕ ਝੰਗ ਪੁੱਜੇ ਹੋਏ ਸਨ ਅਤੇ ਉਹ ਇਹ ਦੇਖ ਕੇ ਹੈਰਾਨ ਰਹਿ ਗਏ ਕਿ ਸਮਾਗਮ ਦੇ ਮੁਕਾਮੀ ਪ੍ਰਬੰਧਕ ਬੜੀ ਬਦਹਵਾਸੀ ਦੀ ਹਾਲਤ ਵਿਚ ਸਨ। ਉਨ੍ਹਾਂ ਨੂੰ ਪਤਾ ਲੱਗਾ ਕਿ ਬੀਬੀ ਸਈਦਾ ਸਮਾਗਮ ਦੀ ਪ੍ਰਧਾਨਗੀ

**ਸ਼ਫਕਤ ਤਨਵੀਰ ਮਿਰਜ਼ਾ**

ਦਾ ਆਪਣਾ ਪ੍ਰੋਗਰਾਮ ਰੱਦ ਕਰ ਕੇ ਸ਼ਹਿਰ ਤੋਂ ਚਲੀ ਗਈ ਸੀ। ਉਸ ਨੇ ਅਜਿਹਾ ਸਿਆਲਾਂ ਦੇ ਦਬਾਅ ਕਾਰਨ ਕੀਤਾ ਸੀ, ਜੋ ਸਿਆਸੀ ਤੌਰ 'ਤੇ ਉਸ ਦੇ ਹਮਾਇਤੀ ਸਨ। ਆਖਰ ਇਕ ਸਾਬਕਾ ਐਮ. ਐਲ. ਏ. ਸ਼ੇਖ ਸਈਦ ਤੇ ਸਿਆਲ ਸ਼ਾਇਰ ਸਫਦਰ ਸਲੀਮ ਪ੍ਰਬੰਧਕਾਂ ਦੀ ਮਦਦ 'ਤੇ ਆਏ ਅਤੇ ਸੈਮੀਨਾਰ ਤੇ ਮੁਸ਼ਾਇਰਾ ਕਰਵਾਇਆ ਪਰ ਇਹ ਸਭ ਉਨ੍ਹਾਂ ਦੀ ਮੁੱਖ ਸਰਪ੍ਰਸਤ ਸਈਦਾ ਆਬਿਦਾ ਹੁਸੈਨ ਦੀ ਗੈਰ ਹਾਜ਼ਰੀ ਵਿਚ ਹੋਇਆ।

ਇਹ ਗੱਲ ਹੀਰ ਸਿਆਲ ਅਤੇ ਧੀਦੋ ਰਾਂਝੇ ਦੀ ਪ੍ਰੀਤ ਕਹਾਣੀ ਦੇ ਸੱਚੀ ਹੋਣ ਦਾ ਪੁਖਤਾ ਸਬੂਤ ਪੇਸ਼ ਕਰਦੀ ਹੈ। ਇਸ ਤਰ੍ਹਾਂ ਇਸ ਬਾਰੇ ਗਿਲਾਨੀ ਕਾਮਰਾਨ ਜਿਹੇ ਬੁੱਧੀਜੀਵੀਆਂ ਦੀਆਂ ਇਹ ਸਾਬਤ ਕਰਨ ਦੀਆਂ ਕੋਸ਼ਿਸ਼ਾਂ ਬੁਰੀ ਤਰ੍ਹਾਂ ਨਾਕਾਮ ਹੋ ਜਾਂਦੀਆਂ ਹਨ ਕਿ ਇਥੇ ਕੋਈ ਹੀਰ ਜਾਂ ਰਾਂਝਾ ਹੋਇਆ ਹੀ ਨਹੀਂ ਅਤੇ ਅਸਲ ਵਿਚ ਇਹ ਕਹਾਣੀ ਅਰਬ ਜਾਂ ਯੂਨਾਨ ਨਾਲ ਤੁਅੱਲਕ ਰੱਖਦੀ ਹੈ। ਇਹ ਵੀ ਦੱਸਣਯੋਗ ਹੈ ਕਿ ਝੰਗ ਦੇ ਕਬਰਿਸਤਾਨ ਵਿਚ ਬਣੇ ਹੋਏ ਢਾਂਚੇ ਦੀ ਉਸਾਰੀ ਇਕ ਸਿਆਲ ਸਰਦਾਰ ਨੇ ਕਰਵਾਈ ਸੀ, ਜਿਸ ਨੂੰ ਉਸ ਦੀ ਅੰਮੀ ਨੇ ਅਜਿਹਾ ਕਰਨ ਲਈ ਆਖਿਆ ਸੀ। ਦੱਸਿਆ ਜਾਂਦਾ ਹੈ ਕਿ ਉਸ ਦੀ ਅੰਮੀ ਨੂੰ ਖੁਦ ਹੀਰ ਨੇ ਸੁਫਨੇ ਵਿਚ ਆ ਕੇ ਆਪਣੀ ਕਬਰ ਦਾ ਖਿਆਲ ਰੱਖਣ ਲਈ ਆਖਿਆ ਸੀ। ਇਹ ਵੀ ਅਜਿਹਾ ਇਤਿਹਾਸ ਹੈ, ਜਿਸ ਦਾ ਅੱਜ ਤੱਕ ਕਿਸੇ ਸਿਆਲ ਨੇ ਖੰਡਨ ਨਹੀਂ ਕੀਤਾ।

ਉਂਜ ਕਹਾਣੀ ਦਾ ਇਕ ਪੱਖ ਅਜੇ ਤਕ ਸਪਸ਼ਟ ਨਹੀਂ ਹੈ ਕਿ ਇਹ ਪ੍ਰੀਤ ਕਹਾਣੀ ਕਿਸ ਸਮੇਂ ਦੌਰਾਨ ਵਾਪਰੀ। ਕੁਝ ਮਾਹਿਰਾਂ ਦਾ ਖਿਆਲ ਹੈ ਕਿ ਇਹ ਪ੍ਰੀਤ ਕਹਾਣੀ ਪਠਾਣ ਦੌਰ ਦੇ ਆਖਰੀ ਸਮੇਂ ਦੌਰਾਨ ਵਾਪਰੀ। ਕੁਝ ਹੋਰਨਾਂ ਦਾ ਖਿਆਲ ਹੈ ਕਿ ਇਹ ਅਕਬਰ ਦੇ ਸਮੇਂ ਦੀ ਘਟਨਾ ਹੈ, ਜਿਸ ਦੌਰ 'ਚ ਸ਼ਾਹ ਹੁਸੈਨ ਤੇ ਦਮੋਦਰ ਜਿਹੇ ਮਸ਼ਹੂਰ ਪੰਜਾਬੀ ਸ਼ਾਇਰ ਹੋਏ ਹਨ। ਇਹ ਵੀ ਸਮਝਿਆ ਜਾਂਦਾ ਹੈ ਕਿ ਦਮੋਦਰ ਹੀ ਅਜਿਹਾ ਪਹਿਲਾ ਪੰਜਾਬੀ ਸ਼ਾਇਰ ਸੀ, ਜਿਸ ਨੇ ਹੀਰ-ਰਾਂਝੇ ਦੀ ਪ੍ਰੇਮ ਕਹਾਣੀ ਲਿਖੀ। ਦਮੋਦਰ ਇਹ




*ਮਸ਼ਹੂਰ ਚਿੱਤਰਕਾਰ ਅਬਦੁੱਲ ਰਹਿਮਾਨ ਚੁਗਤਾਈ ਵਲੋਂ ਬਣਾਏ ਹੀਰ-ਰਾਂਝਾ (ਖੱਬੇ) ਅਤੇ ਹੀਰ ਦੇ ਚਿੱਤਰ।*

ਦਾਅਵਾ ਵੀ ਕਰਦਾ ਹੈ ਕਿ ਇਸ ਪਿਆਰ ਕਹਾਣੀ ਦੇ ਸਾਰੇ ਪਾਤਰ ਉਸ ਨੇ ਅੱਖੀਂ ਡਿੱਠੇ ਸਨ:

ਆਖ ਦਮੋਦਰ ਮੈਂ ਅੱਖੀਂ ਡਿੱਠਾ
ਜੋ ਲੰਮੇ ਤਰਫ ਸਿਧਾਏ,
ਜੇ ਕੋਹ ਤ੍ਰੈ ਗਏ ਅਗੇਰੇ
ਤਾਂ ਅਸੀਂ ਭੀ ਨਾਲੇ ਆਹੇ।

ਦਮੋਦਰ ਆਖਦਾ ਹੈ ਕਿ ਉਸ ਨੇ ਅੱਖੀਂ ਦੇਖਿਆ, ਹੀਰ ਤੇ ਰਾਂਝਾ ਦੱਖਣ ਵੱਲ ਜਾ ਰਹੇ ਸਨ। ਮੈਂ ਵੀ ਸਾਢੇ ਚਾਰ ਮੀਲ ਤੱਕ ਉਨ੍ਹਾਂ ਨਾਲ ਗਿਆ। ਦਮੋਦਰ ਹੋਰ ਆਖਦਾ ਹੈ,

ਅੱਖੀਂ ਡਿੱਠਾ ਕਿੱਸਾ ਕੀਤਾ
ਮੈਂ ਤਾਂ ਗਣੀ ਨਾ ਕੋਈ,
ਅਸਾਂ ਮੂੰਹੋਂ ਅਲਾਇਆ ਓਹੋ
ਜੋ ਕੁਛ ਨਜ਼ਰ ਪਿਓਈ।

ਜੋ ਮੈਂ ਦੇਖਿਆ, ਲਿਖ ਦਿੱਤਾ, ਮੈਂ ਕੋਈ ਸ਼ਾਇਰ ਹੋਣ ਦਾ ਦਾਅਵਾ ਨਹੀਂ ਕਰਦਾ। ਜੋ ਵੀ ਮੈਂ ਆਖਿਆ ਹੈ, ਅੱਖੀਂ ਦੇਖਿਆ ਹੈ।

ਦਮੋਦਰ ਇਹ ਵੀ ਦਾਅਵਾ ਕਰਦਾ ਹੈ ਕਿ ਉਹ ਅਕਬਰ ਦੇ ਦੌਰ ਦੌਰਾਨ ਰਹਿੰਦਾ ਸੀ। ਇਸ ਕਾਰਨ ਹੀਰ ਤੇ ਰਾਂਝਾ ਵੀ ਅਕਬਰ ਦੇ ਦੌਰ 'ਚ ਹੀ ਜੀਵੇ ਤੇ ਮਰੇ। ਇਕ ਹੋਰ ਸ਼ਿਅਰ ਵਿਚ ਦਮੋਦਰ ਲਿਖਦਾ ਹੈ ਕਿ ਇਹ ਦੋਵੇਂ ਪ੍ਰੇਮੀ 1529 ਬਿਕਰਮੀ ਸੰਮਤ ਵਿਚ ਹੋਏ, ਜੋ ਈਸਵੀ ਸੰਨ 1472 ਬਣਦਾ ਹੈ, ਪਰ ਅਕਬਰ ਦਾ ਕਾਲ 1556 ਤੋਂ ਸ਼ੁਰੂ ਹੋ ਕੇ 1605 ਵਿਚ ਖਤਮ ਹੋਇਆ।

ਦੂਜੇ ਪਾਸੇ ਨੂਰ ਮੁਹੰਮਦ ਚੇਲਾ ਦੀ 'ਆਬਸਾਂ-ਉਲ-ਮਕਲ' ਵਿਚ ਹੀਰ ਦੀ ਮੌਤ 1452 ਵਿਚ ਹੋਈ ਦੱਸੀ ਗਈ ਹੈ। ਇਸੇ ਤਰ੍ਹਾਂ ਬਿਲਾਲ ਜ਼ੁਬੈਰੀ ਦਾ ਦਾਅਵਾ ਹੈ ਕਿ ਹੀਰ ਦੀ ਮੌਤ 1471 ਵਿਚ ਹੋਈ, ਜੋ ਬਹਿਲੋਲ ਲੋਧੀ (1450-1488) ਦਾ ਜ਼ਮਾਨਾ ਸੀ। ਇਸ ਤੋਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਹੀਰ ਤੇ ਰਾਂਝਾ ਅਕਬਰ ਦੇ ਜ਼ਮਾਨੇ ਵਿਚ ਨਹੀਂ ਹੋਏ। ਫਾਰਸੀ ਸ਼ਾਇਰ ਕੋਲਾਬੀ (ਮੌਤ 1559) ਨੇ ਇਹ ਕਹਾਣੀ ਕਿਤੇ ਪਹਿਲਾਂ ਲਿਖੀ ਹੈ ਅਤੇ ਅਕਬਰ ਦੇ ਦੌਰ ਦੇ ਦੋ ਹਿੰਦੀ ਕਵੀਆਂ-ਹਰਿਆ ਤੇ ਗੰਗ ਭੱਟ ਨੇ ਵੀ ਇੰਜ ਹੀ ਕੀਤਾ। ਕੋਲਾਬੀ ਦੀ ਮੌਤ ਅਕਬਰ ਦੇ ਹਕੂਮਤ ਸੰਭਾਲਣ ਤੋਂ 3 ਵਰ੍ਹੇ ਪਿਛੋਂ ਹੋਈ। ਉਹ ਲਿਖਦਾ ਹੈ,

ਦਰਹਿੰਦਜ਼ ਹੀਰ-ਵ-ਰਾਂਝਾ ਗੋਗਾਸਤ,
ਕਾ ਫਸਾਨਾ-ਏ-ਹਰ ਦੂ ਦਰ ਜ਼ਬਾਨਹਾਸਤ
ਅਫਸਾਨਾ ਇਸ਼ਕ-ਏ-ਸ਼ਾਹ ਸ਼ਨੀਦਮ,
ਆਹ ਅਜ਼ ਦਿਲ-ਏ-ਨਾਤਵਾਂਕਸ਼ੀਦਮ।

ਹਿੰਦ ਵਿਚ ਹੀਰ ਅਤੇ ਰਾਂਝੇ ਦੀ ਕਹਾਣੀ ਬੜੀ ਮਕਬੂਲ ਹੈ। ਇਹ ਲੋਕ ਪੱਧਰ ਤੱਕ ਮਕਬੂਲੀਅਤ ਹਾਸਲ ਕਰ ਗਈ ਹੈ। ਜਦੋਂ ਮੈਂ ਕਹਾਣੀ ਪੜ੍ਹੀ ਤਾਂ ਮੈਂ ਉਨ੍ਹਾਂ ਦੀ ਸੱਚਾਈ ਤੋਂ ਬੜਾ ਪ੍ਰਭਾਵਿਤ ਹੋਇਆ।

ਇਨ੍ਹਾਂ ਹਵਾਲਿਆਂ ਤੋਂ ਮੁਹੰਮਦ ਆਸਿਫ ਖਾਨ ('ਇਬਾਰਤ' ਦੇ ਸੰਪਾਦਕ) ਨੇ ਇਹ ਸਿੱਟਾ ਕੱਢਿਆ ਕਿ ਉਨ੍ਹਾਂ ਦਾ ਸਮਾਂ ਬਹਿਲੋਲ ਲੋਧੀ ਵਾਲਾ ਜਾਂ ਉਸ ਤੋਂ ਕੁਝ ਪਹਿਲਾਂ ਦਾ ਸੀ। ਇਹ ਕਹਾਣੀ ਉਸ ਪਿਛੋਂ ਲੋਕਾਂ ਵਿਚ ਪ੍ਰਚਲਿਤ ਹੋਣ ਲੱਗੀ ਅਤੇ ਹਮਾਯੂੰ, ਸ਼ੇਰ ਸ਼ਾਹ ਸੂਰੀ ਤੇ ਅਕਬਰ ਦੇ ਦੌਰ ਤਕ ਮਕਬੂਲੀਅਤ ਦੀਆਂ ਬੁਲੰਦੀਆਂ 'ਤੇ ਪੁੱਜ ਗਈ। ਇਸ ਪਿਛੋਂ ਹੀਰ-ਰਾਂਝਾ ਰੂਹਾਨੀ ਤੇ ਰਹੱਸਵਾਦੀ ਪ੍ਰਤੀਕ ਬਣ ਗਏ। ਉਨ੍ਹਾਂ ਨੂੰ ਇਸ ਰੂਪ ਵਿਚ ਸ਼ੇਰਗੜ੍ਹ (ਜਿਲਾ ਓਕਾੜਾ) ਦੇ ਦਾਊਦ ਕਿਰਮਾਨੀ ਤੇ ਲਾਹੌਰ ਦੇ ਸ਼ਾਹ ਹੁਸੈਨ ਨੇ ਵਰਤਿਆ ਹੈ।

ਦਮੋਦਰ, ਅਕਬਰ ਤੇ ਜਹਾਂਗੀਰ ਦੇ ਜ਼ਮਾਨੇ 'ਚ ਝੰਗ ਸ਼ਹਿਰ ਵਿਚ ਰਹਿੰਦਾ ਸੀ। ਉਸ ਵੱਲੋਂ 'ਅੱਖੀਂ ਡਿੱਠਾ' ਆਖ ਕੇ ਲਿਖਿਆ ਬਿਰਤਾਂਤ ਅਸਲ ਵਿਚ ਉਹ ਹੈ, ਜੋ ਉਸ ਨੇ ਝੰਗ ਜਾਂ ਹੋਰ ਆਸੇ-ਪਾਸੇ ਦੇ ਬਜੁਰਗਾਂ ਤੋਂ ਸੁਣਿਆ ਸੀ। ਉਸ ਨੇ ਆਪਣੇ ਸ਼ਾਇਰਾਨਾ ਬਿਰਤਾਂਤ ਦੀ ਤਸਦੀਕ ਲਈ ਵਾਕਅੰਸ਼ 'ਮੈਂ ਡਿੱਠਾ' ਦਾ ਇਸਤੇਮਾਲ ਕੀਤਾ ਹੈ ਅਤੇ ਸ਼ਾਇਰੀ ਵਿਚ ਅਜਿਹੇ ਢੰਗ-ਤਰੀਕੇ ਉਦੋਂ ਹੀ ਨਹੀਂ, ਬਾਅਦ ਦੇ ਸਮਿਆਂ ਦੌਰਾਨ ਵੀ ਆਮ ਗੱਲ ਸਨ। ਸ਼ਾਹਜਹਾਂ ਦੇ ਦੌਰ ਦਾ ਇਕ ਹੋਰ ਫਾਰਸੀ ਸ਼ਾਇਰ ਸਈਦ ਸਈਦੀ ਆਖਦਾ ਹੈ,

ਦੀਦਮ ਪਿਦਰ ਸ਼ਮੁਕਦਮ
ਦਹਿਰਨਾਮਿਸ਼ਮੋਜੋ ਮਿਆਨ ਮਰਦਾਂ
ਅਫਸਾਨਾ-ਏ-ਹੀਰ ਕਸ ਨ ਗੁਫਤਸਤਅਜ਼
ਕਸ ਨ ਸ਼ਨੀਦਮਏਂ ਹਿਕਾਇਤ
ਅਜ਼ਤ ਬਅਕਸ਼ੀਦਮਏਂ ਹਿਕਾਇਤ।

ਮੈਂ ਹੀਰ ਦੇ ਅੱਬਾ ਨੂੰ ਦੇਖਿਆ, ਜੋ ਚੋਟੀ ਦਾ ਅਹਿਲਕਾਰ ਸੀ। ਉਹ ਮੌਜੂ ਦਾ ਵਾਕਫਕਾਰ ਸੀ। ਹੀਰ ਦੀ ਕਹਾਣੀ ਮੈਨੂੰ ਕਿਸੇ ਨੇ ਨਹੀਂ ਦੱਸੀ; ਮੈਂ ਇਸ ਨੂੰ ਕਿਸੇ ਹੋਰ ਤੋਂ ਨਹੀਂ ਸੁਣਿਆ। ਇਹ ਮੇਰੀ ਆਪਣੀ ਕਲਪਨਾ ਦਾ ਸਿੱਟਾ ਹੈ। ਹੋਰ ਵੀ ਅਨੇਕਾਂ ਅਜਿਹੇ ਤੱਥ ਹਨ, ਜੋ ਸਾਬਤ ਕਰਦੇ ਹਨ ਕਿ ਦਮੋਦਰ ਨੇ ਜਿਸ ਢੰਗ ਨਾਲ ਕਹਾਣੀ ਬਿਆਨੀ ਹੈ, ਉਹ ਉਸ ਵਕਤ ਦਾ ਆਮ ਢੰਗ-ਤਰੀਕਾ ਸੀ।

ਦਮੋਦਰ ਬਿਨਾ ਸ਼ੱਕ ਅਜਿਹਾ ਪਹਿਲਾ ਪੰਜਾਬੀ ਸੀ, ਜਿਸ ਨੇ ਨਾ ਸਿਰਫ ਹੀਰ ਦੀ ਅਪਨਾਈ ਜਾਣ ਵਾਲੀ ਕਹਾਣੀ ਦੀ ਬੁਨਿਆਦ ਰੱਖੀ, ਜਿਸ ਨੂੰ ਪਿਛੋਂ ਹੋਰ ਸੈਂਕੜੇ ਪੰਜਾਬੀ ਸ਼ਾਇਰਾਂ ਨੇ ਅਪਨਾਇਆ, ਸਗੋਂ ਉਹ ਇਸ ਵਿਸ਼ੇ ਦਾ ਪਹਿਲਾ ਵੱਡਾ ਮਾਹਿਰ ਸੀ।

ਉਸ ਦੀ ਕਹਾਣੀ ਲਗਪਗ ਉਹੋ ਹੈ, ਜੋ ਆਮ ਕਰਕੇ ਮਕਬੂਲ ਹੈ ਤੇ ਕਿਰਦਾਰ ਵੀ ਉਹੋ ਹਨ। ਉਸ ਦਾ ਅੰਦਾਜ਼-ਏ-ਬਿਆਨ ਬਾਕਮਾਲ ਹੈ ਅਤੇ ਕਈ ਵਾਰ ਤਾਂ ਉਹ ਸ਼ਾਇਰੀ ਦੀ ਕਲਾ ਦੀਆਂ ਸਿਖਰਾਂ ਛੋਹ ਜਾਂਦਾ ਹੈ। ਉਸ ਵੱਲੋਂ ਵਰਤੀ ਭਾਸ਼ਾ ਵੀ ਉਹੋ ਹੈ, ਜੋ ਝੰਗ, ਫਾਲੀਆ (ਗੁਜਰਾਤ), ਸਰਗੋਧਾ ਤੇ ਮੁਜ਼ੱਫਰਗੜ੍ਹ ਵਿਚ ਬੋਲੀ ਜਾਂਦੀ ਹੈ। ਉਸ ਦਾ ਛੰਦ ਪੂਰੀ ਤਰ੍ਹਾਂ ਵੱਖਰਾ ਹੈ, ਜੋ ਵਿਸ਼ੇਸ਼ ਹੈ ਤੇ ਵਾਰ ਵਜੋਂ ਜਾਣਿਆ ਜਾਂਦਾ ਹੈ। ਹੀਰ-ਰਾਂਝਾ ਦੇ ਨਾਮੀ ਸ਼ਾਇਰਾਂ ਸਮੇਤ ਮਕਬੂਲ ਤੇ ਵਾਰਿਸ ਸ਼ਾਹ ਨੇ ਦਮੋਦਰ ਨਾਲੋਂ ਬਿਲਕੁਲ ਵੱਖਰੇ ਛੰਦ ਦੀ ਵਰਤੋਂ ਕੀਤੀ ਹੈ। ਹੁਣ ਦੇਖੋ ਬੰਦ ਦੀਆਂ ਚਾਰ ਆਖਰੀ ਸਤਰਾਂ,

ਸੁਣ ਕਾਜ਼ੀ ਹਿਕ ਅਰਜ਼ ਅਸਾਡੀ
ਏਹ ਅਕਥ ਕਹਾਣੀ,
ਲੋਹ, ਕਲਮ, ਨ ਅਰਸ਼ ਨ ਕਰਸੀ
ਨ ਨਜ਼ਰੀਂ ਆਵੇ ਪਾਣੀ।
ਜ਼ਮੀਨ, ਜ਼ਮਾਨਾ, ਚੰਦ ਨ ਸੂਰਜ
ਜੋਤੀ ਖੂਬ ਸਮਾਣੀ,
ਸਾਹਬ ਦੀ ਸਹੁੰ, ਸੁਣ ਤੂੰ ਕਾਜ਼ੀ
ਮੈਂ ਰਾਂਝੇ ਦਸਤ ਵਿਕਾਣੀ।

ਐ ਕਾਜ਼ੀ, ਮੇਰੀ ਕਹਾਣੀ ਸੁਣ, ਜੋ ਪਹਿਲਾਂ ਕਦੇ ਨਹੀਂ ਸੁਣਾਈ ਗਈ। ਨਾ ਇਹ ਯਾਦ ਕਿਤਾਬ ਹੈ, ਨਾ ਸੰਕੇਤਕ ਹੈ; ਇਸ ਦਾ ਵਿਸ਼ਾ-ਵਸਤੂ ਨਾ ਸਵਰਗ ਹੈ, ਨਾ ਸ਼ੋਹਰਤ ਦੀ ਥਾਂ; ਨਾ ਸਮੁੰਦਰ ਹੈ, ਨਾ ਧਰਤੀ, ਨਾ ਅਸਮਾਨ, ਨਾ ਸੂਰਜ ਹੈ, ਨਾ ਹੀ ਚੰਦ ਹੈ। ਮੇਰੀ ਕਹਾਣੀ ਸਦੀਵੀ ਰੌਸ਼ਨੀ ਨਾਲ ਜਗਮਗ ਕਰਦੀ ਹੈ। ਦੁਨੀਆਂ ਬਣਾਉਣ ਵਾਲੇ ਕਾਦਰ ਨੇ ਹੀਰ ਦੀ ਰੂਹ ਰਾਂਝੇ ਦੇ ਨਾਂ ਕੀਤੀ ਹੈ।

# ਸੰਗੀਤ ਦੀ ਕਰਾਮਾਤ

***(ਪਿਛਲੇ ਸਫੇ ਦੀ ਬਾਕੀ***

ਕਮਰੇ 'ਚ ਲੈ ਗਿਆ, ਜਿਥੇ ਸਿਰਫ ਪਿਆਨੋ ਹੀ ਸਲਾਮਤ ਸੀ ਅਤੇ ਉਸ ਨੂੰ ਪਿਆਨੋ ਵਜਾਉਣ ਨੂੰ ਕਿਹਾ। ਫਿਰ ਅਫਸਰ ਨੇ ਉਸ ਨੂੰ ਆਖਿਆ ਕਿ ਕਿਸੇ ਹੋਰ ਦੇ ਆਉਣ 'ਤੇ ਉਹ ਭੱਜ ਜਾਵੇ।

ਅਰਸੇ ਪਿੱਛੋਂ ਇਨ੍ਹਾਂ ਅੱਖਾਂ ਨੇ ਪਿਆਨੋ ਦੀਆਂ ਕੁੰਜੀਆਂ ਨੂੰ ਦੇਖਣਾ ਸੀ। ਬੇਸਬਰ ਹੱਥਾਂ ਵਿਚ ਇਕਦਮ ਫੁਰਤੀ ਆਈ। ਬੜੇ ਹੀ ਪੇਸ਼ੇਵਰ ਢੰਗ ਨਾਲ ਉਸ ਨੇ ਕੁੰਜੀਆਂ ਨੂੰ ਛੁਹਿਆ ਤੇ ਹਵਾਦਾਰ ਖਿੜਕੀਆਂ 'ਚੋਂ 'ਸ਼ੋਪੀਨ' ਦੇ ਸੰਗੀਤ ਦੀਆਂ ਧੁਨਾਂ ਬਾਹਰ ਜਾਣ ਲੱਗੀਆਂ। ਖਬਰੇ ਦੁਸ਼ਮਣ ਦੇ ਕੰਨ ਸੰਗੀਤ ਸੁਣਨ ਵਾਲੇ ਨਹੀਂ ਸਨ ਜਾਂ ਕੋਈ ਤੌਖਲਾ ਸੀ ਕਿ ਬਾਹਰ ਖੜ੍ਹੀ ਫੌਜੀ ਟੁਕੜੀ 'ਚੋਂ ਕੋਈ ਅੰਦਰ ਨਾ ਆਇਆ। ਅਫਸਰ ਨੇ ਸ਼ਪੀਲਮਾਨ ਵੱਲ ਦੋਸਤੀਨੁਮਾ ਹੱਥ ਵਧਾਇਆ ਤੇ ਕਿਹਾ, "ਬੱਸ ਕੁਝ ਦਿਨ ਹੋਰ। ਅਸੀਂ ਜੰਗ ਹਾਰ ਰਹੇ ਹਾਂ, ਲਾਲ ਫੌਜ ਚੜ੍ਹਤ 'ਤੇ ਹੈ।" ਉਸ ਪਿਛੋਂ ਤਿੰਨ ਕੁ ਵਾਰ ਉਹ ਸ਼ਪੀਲਮਾਨ ਕੋਲ ਆਇਆ ਤੇ ਭੋਜਨ, ਕੰਬਲ ਅਤੇ ਠੰਢ ਤੋਂ ਬਚਣ ਲਈ ਫੌਜੀ ਕੋਟ ਦੇ ਕੇ ਗਿਆ।

20-21 ਜਨਵਰੀ ਨੂੰ ਨਿਪੋਦਲੀਓਸਕੀ ਐਵੇਨਿਓ ਦੀਆਂ ਸੜਕਾਂ ਲੋਕਾਂ ਦੀ ਭੀੜ ਨਾਲ ਭਰੀਆਂ ਸਨ। ਪੋਲੈਂਡ ਦਾ ਕੌਮੀ ਤਰਾਨਾ ਵੱਜ ਰਿਹਾ ਸੀ। ਸ਼ਪੀਲਮਾਨ ਭੱਜ ਕੇ ਲਾਲ ਫੌਜ ਦੇ ਸਿਪਾਹੀ ਕੋਲ ਗਿਆ ਤੇ ਉਸ ਦੇ ਪਹਿਲੇ ਬੋਲ ਸਨ, "ਕੀ ਮੈਂ ਹੁਣ ਵਾਰਸਾਅ ਜਾ ਸਕਦਾ ਹਾਂ?" ਸਿਪਾਹੀਆਂ ਜਰਮਨ ਕੋਟ ਪਹਿਨਿਆ ਹੋਣ ਕਰਕੇ ਉਸ ਨੂੰ ਜਰਮਨ ਸਮਝ ਲਿਆ ਤੇ ਬੰਦੂਕਾਂ ਤਾਣ ਲਈਆਂ। ਸ਼ਪੀਲਮਾਨ ਨੇ ਆਪਣੇ ਸ਼ਹਿਰ, ਕੰਮ ਤੇ ਜਾਣਕਾਰਾਂ ਦੇ ਕਈ ਹਵਾਲਿਆਂ ਨਾਲ ਆਪਣੇ ਪੋਲਿਸ਼ ਹੋਣ ਦਾ ਯਕੀਨ ਦਿਵਾਇਆ। ਲਾਲ ਫੌਜ ਨੇ ਪੂਰੇ ਸ਼ਹਿਰ ਵਿਚ ਮਾਰਚ ਕਰਕੇ ਬਹਾਲੀ ਦਾ ਸੰਕੇਤ ਦਿੱਤਾ। ਸ਼ਪੀਲਮਾਨ ਨੂੰ ਇਹ ਬਹਾਲੀ ਨਾਲੋਂ ਬਹੁਤਾ ਪੁਨਰ ਜਨਮ ਲੱਗ ਰਿਹਾ ਸੀ। ਇੰਜ ਦਾ ਜਨਮ, ਜੋ ਅਨਾਥ ਨਿਆਣਿਆਂ ਦਾ ਹੁੰਦਾ ਹੈ।

ਪੋਲੈਂਡ ਦੀ ਉਸ ਸਮੇਂ ਦੀ ਹਾਲਤ ਦੇਖ ਕੇ ਲੱਗਦਾ ਸੀ ਕਿ ਇਹ ਖੰਡਰ ਹੁਣ ਮੁੜ ਕਦੇ ਨਹੀਂ ਵੱਸਣਾ, ਇਥੇ ਰੇਡੀਓ ਤੇ ਪਿਆਨੋ ਹੁਣ ਕਿਸੇ ਨਹੀਂ ਸੁਣਨਾ, ਪਰ ਸਮਾਂ ਲੰਘਿਆ ਤੇ ਸ਼ਪੀਲਮਾਨ ਨੇ ਉਸ ਪਿਛੋਂ ਕਈ ਨਾਮੀ ਫਿਲਮਾਂ ਵਿਚ ਸੰਗੀਤ ਦਿੱਤਾ, ਰੇਡੀਓ ਵਿਚ ਮੁੜ ਨੌਕਰੀ ਸ਼ੁਰੂ ਕੀਤੀ ਅਤੇ 6 ਜੁਲਾਈ 2000 ਤਕ ਜੀਵਿਆ।

ਕਦੇ ਕਦੇ ਖਿਆਲ ਆਉਂਦਾ ਹੈ ਕਿ ਸ਼ਪੀਲਮਾਨ ਹੋਰ ਯਹੂਦੀਆਂ ਜਾਂ ਲੜਾਕਿਆਂ ਵਾਂਗ ਮਰਿਆ ਕਿਉਂ ਨਹੀਂ? ਜਦੋਂਕਿ ਉਸ ਦੇ ਸੰਪਰਕ ਵਿਚ ਗੁਪਤ ਤੌਰ 'ਤੇ ਕੰਮ ਕਰਨ ਵਾਲੇ ਕਈ ਲੋਕ ਆਏ ਤੇ ਇੰਨੇ ਸਾਰੇ ਲੋਕਾਂ ਨੇ ਆਪਣੀ ਜ਼ਿੰਦਗੀ ਜੋਖਮ ਵਿਚ ਪਾ ਕੇ ਉਸ ਨੂੰ ਕਿਉਂ ਸਾਂਭਿਆ? ਫਿਰ ਲੱਗਦਾ ਹੈ ਕਿ ਸ਼ਾਇਦ ਲੋਕਾਂ ਦੀ ਬਿਹਤਰ ਭਵਿਖ ਦੀ ਇੱਛਾ ਹੋਰ ਪ੍ਰਬਲ ਹੋਈ ਹੋਵੇ ਤੇ ਉਹ ਇਹ ਸੋਚ ਕੇ ਸ਼ਪੀਲਮਾਨ ਦੀ ਮਦਦ ਕਰਦੇ ਰਹੇ ਹੋਣ ਕਿ ਉਸ ਸਮੇਂ ਦੀਆਂ ਖੌਫਨਾਕ ਸੱਚਾਈਆਂ ਦਾ ਕੋਈ ਗਵਾਹ ਜਿਉਂਦਾ ਰਹਿਣਾ ਚਾਹੀਦਾ ਹੈ!

## ਕਾਵਿ-ਜਗਤ

### ਜਵਾਨੀ

ਸੁਫਨੇ ਵਾਂਗੂ ਕਦੋਂ ਲੰਘ ਗਈ
ਰੰਗਲੀ ਰੁੱਤ ਜਵਾਨੀ ਦੀ,
ਪਿਛਾਂਹ ਝਾਤ ਮਾਰ ਕੇ ਵੇਹਨਾਂ
ਲੱਗੇ ਇਕ ਕਹਾਣੀ ਜਿਹੀ।

ਕਿਹੋ ਜਿਹੀ ਅਨਮੋੜ ਰੁੱਤ ਸੀ
ਮੋੜਿਆਂ ਨਹੀਂ ਸੀ ਮੁੜਦੀ,
ਗਿੱਠ ਗਿੱਠ ਪੈਰ ਜ਼ਮੀਨੋਂ ਉਚੇ
ਸੀ ਪੱਬਾਂ ਪਰਨੇ ਟੁਰਦੀ।

ਕੰਧਾਂ, ਕੌਲਿਆਂ ਨਾਲ ਖਹਿੰਦੀ
ਮੋੜ ਗਲੀਆਂ ਦੇ ਮੁੜਦੀ,
ਰਾਹ ਜਾਂਦਿਆਂ ਸਿੰਗ ਫਸਾਉਂਦੀ
ਕਿਸੇ ਦੀ ਗੱਲ ਨਾ ਸੁਣਦੀ।

ਪੈਰੀਂ ਖੁੱਸਾ, ਧੂਹਵਾਂ ਚਾਦਰਾ
ਪੱਗ ਐਫ ਛਿਹੱਤਰ ਦੀ,
ਲੁਸ ਲੁਸ ਕਰਦਾ ਸੋਹਣਾ ਪਿੰਡਾ
ਮਹਿਕ ਛੱਡੇ ਇਤਰ ਦੀ।

ਕੁੰਢੀਆਂ ਮੁੱਛਾਂ, ਚੌੜਾ ਸੀਨਾ
ਹੱਥ ਵਿਚ ਖੂੰਡਾ ਫੱਬਦਾ,
ਉਚਾ ਸ਼ਮਲਾ, ਗਲ ਵਿਚ ਕੈਂਠਾ
ਚਿਹਰਾ ਦਗ ਦਗ ਕਰਦਾ।

ਮਨ ਦੀ ਮਰਜ਼ੀ ਪੂਰੀ ਕਰਦੀ
ਜਿਧਰ ਵੀ ਜੀਅ ਕਰਦਾ,
ਜੁਅਰਤ ਨਹੀਂ ਸੀ ਕੋਈ ਅੱਗੋਂ
ਅੜਨ ਦੀ ਹਾਮੀ ਭਰਦਾ।

ਹਾਥੀ ਵਰਗੀ ਮਸਤ ਚਾਲ ਸੀ
ਦਹਾੜ ਸੀ ਸ਼ੇਰਾਂ ਵਰਗੀ,
ਧਰਤੀ ਥਲਿਉਂ ਪਾਣੀ ਸਿੰਮਦਾ
ਜਿਸ ਥਾਂ ਪੈਰ ਸੀ ਧਰਦੀ।

ਦਰਿਆਵਾਂ ਅੱਗੇ ਬੰਨ੍ਹ ਮਾਰਦੀ
ਸੀ ਹਨੇਰੀ ਵਾਂਗੂ ਚੜ੍ਹਦੀ,
ਨਾਲ ਪਹਾੜਾਂ ਮੱਥਾ ਲਾਉਣ ਤੋਂ
ਰਤਾ ਗੁਰੇਜ਼ ਨਾ ਕਰਦੀ।

ਪੱਗ ਵਟਾਉਂਦੀ ਯਾਰ ਬਣਾਉਂਦੀ
ਸੱਜੀ ਬਾਂਹ ਬਣ ਜਾਂਦੀ।
ਮੁੜ੍ਹਕੇ ਦੀ ਥਾਂ ਖੂਨ ਡੋਲ੍ਹਦੀ
ਯਾਰੀ ਤੋੜ ਨਿਭਾਉਂਦੀ।

ਲੱਥੀ ਚੜ੍ਹੀ ਦੀ ਫਿਕਰ ਨਾ ਕੋਈ
ਝੋਰਾ ਨਹੀਂ ਸੀ ਲਾਉਂਦੀ,
ਹੜ੍ਹ ਦੇ ਪਾਣੀਆਂ ਵਾਂਗੂ ਵਗਦੀ
ਉਡਦੇ ਪੰਛੀ ਫਾਹੁੰਦੀ।

ਜਿਸਮ ਵਿਚੋਂ ਸੀ ਰੱਤ ਸਿੰਮਦੀ
ਅੱਖੀਆਂ ਵਿਚ ਖੁਮਾਰੀ,
ਜਿਧਰ ਵੀ ਅੱਖ ਭਰ ਕੇ ਤੱਕਦੀ
ਸਭ ਜਾਂਦੇ ਸਦਕੇ ਵਾਰੀ।

ਹੁਸਨ, ਜਵਾਨੀ ਆਹਮੋ ਸਾਹਵੇਂ
ਜਦ ਵੀ ਕਦੀ ਹੋ ਜਾਂਦੇ,
ਜੱਗੋਂ ਤੇਹਰਵੀਂ, ਜੁਗੋਂ ਨਿਰਾਲੀ
ਨਵੀਂ ਕਹਾਣੀ ਪਾਉਂਦੇ।

ਦੁਨੀਆਂ ਦੀ ਪਰਵਾਹ ਨਾ ਕਰਦੀ
ਲੱਗੀਆਂ ਤੋੜ ਨਿਭਾਉਂਦੀ,
ਪੱਟ ਚੀਰਦੀ, ਥਲਾਂ 'ਚ ਰੁਲਦੀ
ਕੱਚਿਆਂ 'ਤੇ ਤਰ ਜਾਂਦੀ।

ਚੱਟਾਨ ਵਰਗੀ ਅਹਿਲ ਜਵਾਨੀ
ਜਿੱਥੇ ਵੀ ਜਾ ਖੜ੍ਹਦੀ,
ਜਾਨ ਵਾਰ ਕੇ ਕੌਲ ਨਿਭਾਉਂਦੀ
ਹੱਸ ਹੱਸ ਸੂਲੀ ਚੜ੍ਹਦੀ।

ਅਕਾਸ਼, ਪਤਾਲ, ਸਮੁੰਦਰ ਸਾਰੇ
ਸਭ ਪੈਰਾਂ ਹੇਠ ਲਿਤਾੜੇ,
ਅਨਹੋਣੀ ਨੂੰ ਸੀ ਹੋਣੀ ਕਰਦੀ
ਮਾਰਦੀ ਸੀ ਲਲਕਾਰੇ।

ਫੜਦੇ ਫੜਦੇ ਇੰਜ ਲੰਘ ਗਈ
ਮੁੱਠ 'ਚੋਂ ਰੇਤਾ ਕਿਰਦੀ,
ਚੇਤਿਆਂ ਵਿਚੋਂ ਵਿਸਰਦੀ ਜਾਵੇ
ਰਫਤਾ ਰਫਤਾ ਚਿਰ ਦੀ।

**-ਚੰਨ**
***ਫੋਨ: 908-788-8427***

# ਰੇਮਬ੍ਰਾਂਟ ਦੀਆਂ ਕਲਾ ਕਿਰਤਾਂ


ਰੇਮਬ੍ਰਾਂਟ ਦਾ ਚਿੱਤਰ 'ਡਾਕਟਰ ਤੁਲਪ ਦਾ ਸਰੀਰਕ ਸੰਰਚਨਾ ਬਾਰੇ ਪਾਠ'।


ਚਿੱਤਰਕਾਰ ਰੇਮਬ੍ਰਾਂਟ

ਕਲਾ ਪਰਿਕਰਮਾ

ਪਿਛਲੇ ਅੰਕ ਵਿਚ ਅਸੀਂ ਬਰੋਕ ਕਲਾ ਦੇ ਸਮੇਂ ਅਤੇ ਉਸ ਸਮੇਂ ਦੇ ਸਮਾਜਿਕ, ਸਿਆਸੀ, ਧਾਰਮਿਕ ਅਤੇ ਸਭਿਆਚਾਰਕ ਹਾਲਾਤ ਬਾਰੇ ਗੱਲ ਕੀਤੀ ਸੀ, ਐਤਕੀਂ ਬਰੋਕ ਕਲਾ ਦੇ ਮੁੱਖ ਕਲਾਕਾਰਾਂ ਵਿਚੋਂ ਇਕ ਰੇਮਬ੍ਰਾਂਟ ਹਰਮੇਸਨ ਵੈਨ ਰੇਇਨ ਅਤੇ ਉਸ ਦੀ ਕਲਾ ਬਾਰੇ ਗੱਲ ਕਰਾਂਗੇ। ਹਾਲਾਂਕਿ ਰੇਮਬ੍ਰਾਂਟ ਨੂੰ ਡਚ ਬਰੋਕ ਕਾਲ ਦੇ ਅਹਿਮ ਕਲਾਕਾਰ ਵਜੋਂ ਹੀ ਜਾਣਿਆ ਜਾਂਦਾ ਹੈ ਪਰ ਉਸ ਨੂੰ ਸਿਰਫ ਬਰੋਕ ਕਲਾ ਹੀ ਨਹੀਂ ਸਗੋਂ ਸਮੁੱਚੀ ਪੱਛਮੀ ਕਲਾ ਦੇ ਇਤਿਹਾਸ ਵਿਚ ਘਟਾ ਕੇ ਆਂਕਣਾ ਬਹੁਤ ਮੁਸ਼ਕਿਲ ਹੋਵੇਗਾ।

ਰੇਮਬ੍ਰਾਂਟ ਬਾਰੇ ਕਿਹਾ ਜਾਂਦਾ ਹੈ ਕਿ ਜੇਕਰ ਉਹ ਚਿੱਤਰਕਾਰ ਨਾ ਵੀ ਹੁੰਦਾ ਤਾਂ ਵੀ ਉਹ ਅੱਜ ਤੱਕ ਦਾ ਉਘਾ ਛਾਪਾ ਕਲਾਕਾਰ (print maker) ਹੈ। ਆਪਣੇ 40 ਸਾਲਾਂ ਦੇ ਪੇਸ਼ਾਵਰ ਜੀਵਨ ਵਿਚ ਉਹਨੇ 400 ਤੇਲ ਰੰਗ ਚਿਤਰ, 1000



ਰਣਦੀਪ ਮੱਦੋਕੇ
ਫੋਨ: +91-98146-93368

ਤੋਂ ਵੱਧ ਰੇਖਾ ਚਿੱਤਰ ਅਤੇ 300 ਦੇ ਕਰੀਬ ਧਾਤ ਪਲੇਟਾਂ ਉਪਰ ਰਸਾਇਣਕ ਕਿਰਿਆ ਰਾਹੀਂ ਕਸੀਦਾਕਾਰੀਆਂ (engravings) ਕੀਤੀਆਂ। ਰੇਮਬ੍ਰਾਂਟ ਦੀ ਮੁਢਲੀ ਸਿਖਿਆ ਲੇਇਡਨ ਵਿਚ ਲਾਤੀਨੀ ਸਕੂਲ ਤੋਂ ਹੋਈ; ਬਾਅਦ ਵਿਚ ਉਸ ਨੂੰ ਸੁਝਾਅ ਦਿੱਤਾ ਗਿਆ ਕਿ ਉਸ ਨੂੰ ਕਲਾ ਦੀ ਬਜਾਇ ਵਣਜ ਸਿਖਿਆ ਵਿਚ ਕਿਸਮਤ ਅਜ਼ਮਾਉਣੀ ਚਾਹੀਦੀ ਹੈ ਪਰ ਉਸ ਨੇ 7 ਸਾਲ ਦੀ ਉਮਰ ਵਿਚ ਹੀ ਚਿੱਤਰਕਾਰ ਅਤੇ ਨਕਸ਼ਾ-ਨਵੀਸ ਬਣਨ ਦੀ ਠਾਣੀ ਹੋਈ ਸੀ।

1631 ਵਿਚ ਰੇਮਬ੍ਰਾਂਟ ਐਮਸਟਰਡਮ (ਹਾਲੈਂਡ) ਚਲਾ ਗਿਆ ਅਤੇ ਇਹ ਉਸ ਦਾ ਸਿਆਣਪ ਵਾਲਾ ਫੈਸਲਾ ਸੀ। ਐਮਸਟਰਡਮ ਯੂਰਪ ਦੇ ਵੱਡੇ ਸ਼ਹਿਰਾਂ ਵਿਚੋਂ ਇਕ ਸੀ ਅਤੇ ਇਥੇ ਹੀ ਉਹਨੂੰ ਚਿੱਤਰ ਬਣਾਉਣ ਦਾ ਪਹਿਲਾ ਕੰਮ ਮਿਲਿਆ। ਵੈਸੇ ਰੇਮਬ੍ਰਾਂਟ ਨੇ ਆਪਣੀ ਜ਼ਿੰਦਗੀ ਦਾ ਜ਼ਿਆਦਾ ਸਮਾਂ ਅਲਪਸ ਦੇ ਉਤਰੀ ਇਲਾਕੇ ਵਿਚ ਬਿਤਾਇਆ।

ਰੇਮਬ੍ਰਾਂਟ ਪੁਨਰ ਸੁਰਜੀਤੀ ਲਹਿਰ ਤੋਂ ਬਾਅਦ 17ਵੀਂ ਸਦੀ ਦੇ ਪਹਿਲੇ ਅੱਧ ਵਿਚ ਹਾਲੈਂਡ ਦੇ ਲੇਇਡਨ ਵਿਚ 1606 ਈਸਵੀ ਵਿਚ ਪੈਦਾ ਹੋਇਆ। ਉਸ ਸਮੇਂ ਉਥੇ ਨਵੀਂ ਮੱਧਵਰਗੀ ਅਤੇ ਵਪਾਰੀ ਜਮਾਤ ਉਭਰ ਰਹੀ ਸੀ। ਬਰੋਕ ਕਾਲ ਵਿਚ ਕੈਥੋਲਿਕ ਮੱਤ ਉਲਟ-ਸੁਧਾਰਵਾਦ ਦੇ ਪੱਖ ਵਿਚ ਧਰਮ ਦੀ ਮਹਿਮਾ ਕਰਵਾਉਣ ਲਈ ਇਤਾਲਵੀ ਕਲਾਕਾਰਾਂ ਨੂੰ ਸਹੂਲਤਾਂ ਦੇ ਕੇ ਵੱਡ-ਆਕਾਰੀ ਕਲਾ ਯੋਜਨਾਵਾਂ ਨੂੰ ਉਤਸ਼ਾਹਿਤ ਰਿਹਾ ਸੀ ਪਰ ਹਾਲੈਂਡ ਵਿਚ ਧਰਮਿਕ ਸੁਧਾਰਵਾਦੀ ਪ੍ਰੋਟੈਸਟੈਂਟ ਅਤੇ ਉਭਰਦੀ ਧਨੀ ਤੇ ਮੱਧਵਰਗੀ ਜਮਾਤ ਨੇ ਡਚ ਕਲਾਕਾਰਾਂ ਦੀ ਸਹਾਇਤਾ ਕੀਤੀ।

ਇਸ ਸਮੇਂ ਪੁਰਾਣੇ ਸਮਿਆਂ ਦੇ ਉਲਟ ਚਿੱਤਰਕਲਾ ਵਿਚ ਨਵੇਂ ਵਿਸ਼ੇ ਪ੍ਰਚਲਿਤ ਹੋਏ, ਜਿਵੇਂ ਸਮੂਹਿਕ ਪੋਰਟਰੇਟ, ਸਥਿਰ ਵਸਤੂ ਚਿੱਤਰ (still life) , ਭੂ-ਦ੍ਰਿਸ਼ ਚਿੱਤਰ (landscape), ਛਾਪਾ (print paking), ਰੋਜ਼ਾਨਾ ਜੀਵਨ ਦੇ ਛੋਟੇ ਚਿੱਤਰ। ਇਸ ਤਰ੍ਹਾਂ ਦੀਆਂ ਕਲਾ ਕਿਰਤਾਂ ਮੱਧਵਰਗ ਦੀ ਪਹੁੰਚ ਵਿਚ ਸਨ ਅਤੇ ਇਸ ਦੀ ਸਾਂਭ-ਸੰਭਾਲ ਵੀ ਆਸਾਨ ਸੀ।

## ਚਿੱਤਰਕਾਰ ਰੇਮਬ੍ਰਾਂਟ ਦੀਆਂ ਅਹਿਮ ਕਿਰਤਾਂ


ਰਸੋਈ ਘਰ ਦੀ ਨੌਕਰਾਣੀ।


ਹੋਮਰ ਦੇ ਬੁੱਤ ਨਾਲ ਅਰਸਤੂ।


ਗਲੀਲੀ ਸਾਗਰ ਵਿਚ ਤੂਫਾਨ।

'ਡਾਕਟਰ ਤੁਲਪ ਵੱਲੋਂ ਸਰੀਰਕ ਸੰਰਚਨਾ ਬਾਰੇ ਪਾਠ' (The Anatomy Lesson of Dr. Tulp) ਰੇਮਬ੍ਰਾਂਟ ਦੇ ਬਹੁਤ ਹੀ ਅਹਿਮ ਚਿੱਤਰਾਂ ਵਿਚੋਂ ਇਕ ਸੀ। ਇਹ ਐਮਸਟਰਡਮ ਦੇ ਇਕ ਸਰਜਨ ਸੰਘ ਦਾ ਸਮੂਹਿਕ ਚਿੱਤਰ ਸੀ ਜਿਸ ਵਿਚ ਡਾਕਟਰ ਤੁਲਪ ਸੰਘ ਦੇ ਸਾਥੀ ਡਾਕਟਰਾਂ ਨੂੰ ਸਰੀਰਕ ਸੰਰਚਨਾ ਬਾਰੇ ਪਾਠ ਪੜ੍ਹਾ ਰਿਹਾ ਹੈ ਅਤੇ ਡਾਕਟਰ ਸੰਘ ਦੇ ਮੈਂਬਰ ਬੜੇ ਗਹੁ ਨਾਲ ਡਾਕਟਰ ਨਿਕੋਲਿਸ ਤੁਲਪ ਨੂੰ ਸੁਣ ਅਤੇ ਦੇਖ ਰਹੇ ਹਨ। ਹਨੇਰੇ ਅੰਦਰੂਨੀ ਚੌਗਿਰਦੇ ਵਿਚ ਸਮੂਹ ਦੇ ਚਿਹਰਿਆਂ ਉਪਰ ਸੱਜੇ ਪਾਸਿਓਂ ਉਪਰੋਂ ਰੌਸ਼ਨੀ ਪੈ ਰਹੀ ਹੈ, ਹਨੇਰੇ ਵਿਚੋਂ ਸ਼ਵੇਤ (ਗੋਰੇ) ਚਿਹਰਿਆਂ 'ਤੇ ਪੈਂਦੀ ਰੌਸ਼ਨੀ ਇਨ੍ਹਾਂ ਦੇ ਦਗਦੇ ਹੋਣ ਦਾ ਆਭਾਸ ਪੈਦਾ ਕਰ ਰਹੀ ਹੈ ਜੋ ਚਿੱਤਰ ਨੂੰ ਰੂਪਕ ਪੱਖ ਤੋਂ ਬਹੁਤ ਸੁਹਜ ਭਰਪੂਰ ਬਣਾ ਰਹੀ ਹੈ। ਸਿਖਾਂਦਰੂ ਕਲਾਕਾਰ ਵਜੋਂ ਰੇਮਬ੍ਰਾਂਟ ਲਈ ਇਹ ਕੰਮ ਹਾਸਿਲ ਹੋਣਾ ਬਹੁਤ ਅਹਿਮ ਗੱਲ ਸੀ।

'ਰਸੋਈ ਘਰ ਦੀ ਨੌਕਰਾਣੀ' (The Kitchen Maid) ਵੀ ਰੇਮਬ੍ਰਾਂਟ ਦੇ ਉਤਮ ਚਿੱਤਰਾਂ ਵਿਚੋਂ ਇਕ ਹੈ। ਲਾਲ ਨਿੱਘੀ ਭਾਅ ਵਾਲੇ ਭੂਰੇ ਪੀਲੇ ਅਤੇ ਚਮਕੀਲੇ ਰੰਗ ਇਸ ਚਿੱਤਰ ਨੂੰ ਉਤਮ ਰਚਨਾ ਬਣਾਉਂਦੇ ਹਨ। ਬਰੋਕ ਕਾਲ ਵਿਚ ਭਾਵੇਂ ਰਾਜਕੀ ਅਦਾਰਿਆਂ ਵਿਚ ਕੰਮ ਕਰਦੇ ਸਮਾਜ ਦੇ ਨਿਮਨ ਵਰਗ ਦੇ ਕਰਿੰਦਿਆਂ ਦੇ ਕਾਫੀ ਚਿੱਤਰ ਬਣੇ ਸਨ, 'ਰਸੋਈ ਘਰ ਦੀ ਨੌਕਰਾਣੀ' ਚਿੱਤਰ ਹੋਰ ਵੀ ਅਹਿਮ ਸੀ ਜਿਸ ਵਿਚ ਸਭ ਤੋਂ ਹੇਠਲੇ ਪਾਏਦਾਨ ਵਾਲੇ ਲੋਕਾਂ ਦੀ ਥਾਂ, ਕਲਾਕਾਰ ਦੀ ਕੈਨਵਸ 'ਤੇ ਪਹਿਲੀ ਵਾਰ ਦਰਜ ਹੋਈ।

'ਹੋਮਰ ਦੇ ਬੁੱਤ ਨਾਲ ਅਰਸਤੂ' (Aristotle with a Bust of Homer), 'ਗਲੀਲੀ ਸਾਗਰ ਵਿਚ ਤੂਫਾਨ' (The Storm On The Sea Of Galilee) ਆਦਿ ਰੇਮਬ੍ਰਾਂਟ ਦੀਆਂ ਬੇਹਤਰ ਸਿਰਜਨਾਵਾਂ ਹਨ। ਰੇਮਬ੍ਰਾਂਟ ਦੀ ਸਿਰਜਣਾ ਬਰੋਕ ਕਲਾ ਦੇ ਮੂਲ ਨਾਲੋਂ ਕਿਸੇ ਹੱਦ ਤੱਕ ਵਖਰੇਵਾਂ ਰਖਦੀ ਸੀ, ਭਾਵੇਂ ਉਸ ਨੇ ਵੀ ਕੁਝ ਧਾਰਮਿਕ ਚਿੱਤਰ ਬਣਾਏ ਪਰ ਇਨ੍ਹਾਂ ਦੀ ਦ੍ਰਿਸ਼ ਭਾਸ਼ਾ (Visual Language) ਕਾਫੀ ਸਰਲ ਅਤੇ ਰਹੱਸਵਾਦ ਤੋਂ ਦੂਰ ਸੀ।

ਰੇਮਬ੍ਰਾਂਟ ਨੇ ਜ਼ਿਆਦਾਤਰ ਚਿੱਤਰ ਤਰਕਸੰਗਤ ਵਿਸ਼ਿਆਂ 'ਤੇ ਹੀ ਬਣਾਏ ਹਨ; ਜਿਵੇਂ ਅਸੀਂ ਦੇਖਿਆ ਹੈ ਕਿ ਬਰੋਕ ਕਲਾ ਦੋ ਪੱਖਾਂ ਵਿਚ ਵੰਡੀ ਹੋਈ ਸੀ: ਇਕ ਕੈਥੋਲਿਕ ਪ੍ਰਤੀਕਿਰਿਅਵਾਦੀਆਂ ਅਤੇ ਦੂਜੀ ਪ੍ਰੋਟੈਸਟੈਂਟ ਧਾਰਮਿਕ ਸੁਧਾਰਵਾਦੀਆਂ ਤੇ ਮਧਯੁਗੀ ਵਰਤਾਰੇ ਵਿਰੁਧ ਉਭਰ ਰਹੀ ਪ੍ਰਗਤੀਵਾਦੀ ਧਿਰ ਸੀ। 'ਕਲਾ ਕਲਾ ਲਈ' ਦੀ ਹਾਮੀ ਜਮਾਤ ਦਾ ਇਹ ਭਰਮ-ਭੁਲੇਖਾ ਹੈ ਜਾਂ ਬੇਈਮਾਨੀ ਪਰ ਕਲਾ ਅਚੇਤ ਸੁਚੇਤ ਸਮਾਜ ਵਿਚਲੀ ਕਿਸੇ ਇਕ ਧਿਰ ਦਾ ਪੱਖ ਪੂਰਦੀ ਹੈ। ਇਹ ਖਲਾਅ ਵਿਚੋਂ ਉਕਾ ਹੀ ਨਹੀਂ ਜਨਮਦੀ, ਕਿਉਂਕਿ ਕਲਾਕਾਰ ਖੁਦ ਸਮਾਜਿਕ, ਸਭਿਆਚਾਰਕ ਅਤੇ ਸਿਆਸੀ ਵਰਤਾਰੇ ਦਾ ਹੀ ਹਿੱਸਾ ਹੁੰਦਾ ਹੈ। ਸੂਖਮ ਬੁਧੀ ਹੋਣ ਕਰਕੇ ਉਸ ਉਤੇ ਇਹ ਵਰਤਾਰੇ ਬਰਾਬਰ ਹਾਂ-ਪੱਖੀ ਜਾਂ ਨਾਂਹ-ਪੱਖੀ ਅਸਰ ਹੋਰ ਵੀ ਗਹਿਰਾ ਪਾਉਂਦੇ ਹਨ। ਇਸ ਲਈ ਉਹ ਕਿਸੇ ਖਾਸ ਵਿਚਾਰ ਅਤੇ ਵਰਤਾਰੇ ਵੱਲ ਜ਼ਿਆਦਾ ਵਫਾਦਾਰ ਅਤੇ ਉਲਾਰ ਹੁੰਦਾ ਹੈ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 14 ਦਸੰਬਰ 2019 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-407



*ਅੱਧ ਅਸਮਾਨ ਤੱਕ ਕਰੀ ਚਿਣਾਈ, ਚੱਲੂ ਟਰੱਕ ਸੜਕ ਵਿਚਕਾਰ।*
*ਕੜਾ ਕਾਨੂੰਨ ਛਿੱਕੇ ਟੰਗਦੇ, ਮੌਤ ਨੂੰ 'ਵਾਜਾਂ ਰਹੇ ਨੇ ਮਾਰ।*

## ਕੈਪਸ਼ਨ ਮੁਕਾਬਲਾ-405




ਨਿੱਤ ਦੀਆਂ ਅਰਦਾਸਾਂ
ਰੰਗ ਲਿਆਈਆਂ ਨੇ।
ਬਾਬੇ ਨਾਨਕ ਆਣ ਕੇ
ਦੂਰੀਆਂ ਆਪ ਮਿਟਾਈਆਂ ਨੇ।
ਇਮਰਾਨ-ਸਿੱਧੂ-ਮੋਦੀ ਦਾ
ਦਿਲੋਂ ਧੰਨਵਾਦ ਹੈ।
ਸਿੱਖ ਸ਼ਰਧਾ ਵੱਸ
ਇਬਾਦਤ ਲਈ ਆਜ਼ਾਦ ਹੈ।
*-ਸੇਵਾ ਸਿੰਘ ਨੂਰਪੁਰੀ*

---

ਗੁਰੂ ਦੇ ਘਰ ਨੂੰ ਖੁੱਲ੍ਹਿਆ ਲਾਂਘਾ
ਨੰਗੇ ਪੈਰੀਂ ਲੋਕੀਂ ਜਾਵਣ।
ਮਲਕ ਤਾਂ ਅੱਜ ਵੀ ਨਾਂ ਵੇਚਦੇ
ਪਰ ਲਾਲੋ ਖੁਸ਼ੀ ਮਨਾਵਣ।
*-ਜਗਮੀਤ ਸਿੰਘ ਪੰਧੇਰ*
*ਪਿੰਡ ਕਲਾਹੜ (ਲੁਧਿਆਣਾ)*
*ਫੋਨ: 91-98783-37222*

---

ਲਾਂਘਾ ਕਰਤਾਰਪੁਰ ਦਾ ਜੋ ਖੁੱਲ੍ਹ ਗਿਆ
ਲੱਖ-ਲੱਖ ਇਸ ਦੀ ਵਧਾਈ ਹੋਵੇ।
ਬਾਬਾ ਨਾਨਕ ਕਰੀਂ ਮਿਹਰ ਸਭ 'ਤੇ
ਬਾਣੀ ਸਭ ਦੇ ਦਿਲਾਂ ਵਿਚ ਸਮਾਈ ਹੋਵੇ।
ਨੰਗੇ ਪੈਰੀਂ ਚੱਲ ਕਰਨ ਅਰਜੋਈ ਆਇਆ
ਲਾਂਘੇ ਦਿਲਾਂ ਵਾਲੇ ਵੀ ਖੋਲ੍ਹ ਦਾਤਾ,
ਮੁੜ ਸਾਂਝ ਵਾਲੀ ਜੱਫੀ ਸਦਾ ਪਾਈ ਹੋਵੇ।
*-ਦਵਿੰਦਰ ਕੌਰ*

---

ਘੁੱਗ ਵੱਸਦੇ ਸੀ ਲੋਕੀਂ ਸਾਰੇ
ਹੋ ਗਏ ਖ਼ੂਨ ਪਿਆਸੇ।
ਭਰੇ ਬਾਜ਼ਾਰੀਂ ਲੁੱਕੇ ਇੱਜਤਾਂ
ਹੱਸਣ ਹੈਵਾਨੀ ਹਾਸੇ।
ਦਿਲੋਂ ਹੋਈਆਂ ਅਰਦਾਸਾਂ
ਅੰਤਾਂ ਨੂੰ ਰੰਗ ਲਾਇਆ।
ਖੁੱਲ੍ਹਿਆ ਲਾਂਘਾ ਕਰਤਾਰਪੁਰ ਦਾ
ਕੁੱਲ ਲੋਕਾਈ ਸ਼ੁਕਰ ਮਨਾਇਆ।
*-ਪ੍ਰੀਤਮ ਸਿੰਘ ਲੰਮੇ*
*ਫੋਨ: 925-325-2486*

# ਹਤਿਆਰੀ ਦਿੱਲੀ

ਦਿਨ ਉਦਾਸ ਨੇ, ਰਾਤਾਂ ਗਮਗੀਨ ਨੇ।
ਦੋਸ਼ ਕਤਲੇਆਮ ਦੇ, ਕਿੰਨੇ ਸੰਗੀਨ ਨੇ।
ਦਨਦਨਾਉਂਦੇ ਕਾਤਲ, ਵਜ਼ੀਰ ਬਣ ਗਏ।
ਮਾਰੇ ਗਏ ਜਿਨ੍ਹਾਂ ਦੇ, ਫਕੀਰ ਬਣ ਗਏ।
ਅੱਲ੍ਹੇ ਨੇ ਜ਼ਖਮ ਅਜੇ, ਨਾਸੂਰ ਬਣ ਗਏ।
ਕੌਮ ਦੇ ਅਹਿਸਾਨ ਵੀ, ਕਸੂਰ ਬਣ ਗਏ।
ਦਿੱਲੀ, ਕਾਨਪੁਰ, ਇੰਦੌਰ, ਧਨਬਾਦ ਸੀ।
ਬੇਪੱਤ ਤੇ ਬੇਆਬਰੂ, ਹੋਏ ਬਰਬਾਦ ਸੀ।
ਪੁੱਛਿਆ ਨਾ ਹਾਲ, ਅੰਨਾ ਇਨਸਾਫ ਸੀ।
ਹਾਕਮ ਦੋਸ਼ੀ ਸੀ, ਨੀਅਤ ਨਾ ਸਾਫ ਸੀ।

ਪੈਂਤੀ ਸਾਲ ਬਾਅਦ, ਸਬੂਤ ਮੰਗਦੇ ਨੇ।
ਨੱਕ ਹੇਠਾਂ ਹੋਇਆ, ਜਰਾ ਨਾ ਸੰਗਦੇ ਨੇ।
ਕਿੰਨੇ ਮਾਰੇ ਜੀਂਦੇ ਸਾੜੇ, ਕਿੰਨੇ ਅਨਾਥ ਨੇ?
ਚੁੰਨੀ ਲੱਥੀ ਕੱਢੇ ਹਾੜੇ, ਕਿੰਨੇ ਮੁਹਥਾਜ ਨੇ?
ਝੂਠੀਆਂ ਦਲੀਲਾਂ ਨਾਲ, ਸਮਾਂ ਟਪਾਉਂਦੇ ਨੇ।
ਅੱਧੇ ਗਵਾਹ ਮਰ ਚੁਕੇ, ਬੱਸ ਟਰਕਾਉਂਦੇ ਨੇ।
ਬਹੁਤੇ ਭਾਣਾ ਮੰਨ ਕੇ, ਚੁੱਪ ਚਾਪ ਹੋਏ ਨੇ।
ਰੋਸ ਕਰੀਏ ਕਿਸ ਕੋਲ, ਨਿਰਾਸ਼ ਹੋਏ ਨੇ।
*-ਸੇਵਾ ਸਿੰਘ ਨੂਰਪੁਰੀ*

# ਗੱਠਜੋੜ ਸਿਆਸਤ ਅਤੇ ਸਿਆਸੀ ਪਾਰਟੀਆਂ

ਇਕ ਪ੍ਰਸਿਧ ਟਿੱਪਣੀਕਾਰ ਨੇ ਯਾਦ ਦਿਵਾਇਆ ਹੈ ਕਿ 2014 ਵਿਚ ਨਰਿੰਦਰ ਮੋਦੀ 'ਨਾ ਖਾਊਂਗਾ, ਨਾ ਖਾਣ ਦਊਂਗਾ' ਦਾ ਨਾਅਰਾ ਦੇ ਕੇ ਸੱਤਾ ਵਿਚ ਆਏ ਸਨ (ਹਾਲਾਂਕਿ ਇਹ ਗੱਲ ਸਾਨੂੰ ਹਮੇਸ਼ਾ ਯਾਦ ਰਹਿੰਦੀ ਹੈ)। ਉਨ੍ਹਾਂ ਦਾ ਭ੍ਰਿਸ਼ਟਾਚਾਰ ਵਿਰੋਧੀ ਇਹ ਵਾਅਦਾ ਜਨਤਾ ਨੂੰ ਬਹੁਤ ਪਸੰਦ ਆਇਆ ਸੀ ਪਰ ਮਹਾਰਾਸ਼ਟਰ ਵਿਚ ਜਦੋਂ ਰਾਜਪਾਲ ਨੇ ਦਵਿੰਦਰ ਫੜਨਵੀਸ ਅਤੇ ਅਜੀਤ ਪਵਾਰ ਨੂੰ ਕ੍ਰਮਵਾਰ ਮੁੱਖ ਮੰਤਰੀ ਅਤੇ ਉਪ ਮੁੱਖ ਮੰਤਰੀ ਦੀ ਸਹੁੰ ਚੁਕਾ ਦਿੱਤੀ ਤਾਂ ਉਸ ਤੋਂ ਬਾਅਦ ਨਰਿੰਦਰ ਮੋਦੀ ਦੀ ਪਾਰਟੀ (ਜਿਸ ਨੂੰ ਉਸ ਦੇ ਸਮਰਥਕ ਮਾਣ ਨਾਲ ਦੁਨੀਆ ਦੀ ਸਭ ਤੋਂ ਵੱਡੀ ਪਾਰਟੀ ਕਹਿੰਦੇ ਹਨ) ਨੇ ਵੱਡੇ ਪੱਧਰ 'ਤੇ 'ਖਾਣਾ ਖਵਾਉਣ' ਦਾ ਬੰਦੋਬਸਤ ਸ਼ੁਰੂ ਕਰ ਦਿੱਤਾ ਤਾਂ ਕਿ ਵਿਧਾਇਕਾਂ ਨੂੰ ਮਹਾਰਾਸ਼ਟਰ ਦੇ 'ਵਿਕਾਸ'

ਅਭੈ ਕੁਮਾਰ ਦੂਬੇ

ਅਤੇ 'ਕਿਸਾਨਾਂ ਦੀ ਭਲਾਈ' ਕਰਨ ਦੇ ਲਈ 'ਮਨਾਇਆ' ਜਾ ਸਕੇ।

ਜ਼ਾਹਰ ਸੀ ਕਿ 'ਖਾਣਾ ਖਾਣ' ਦੇ ਲਈ ਇੱਛੁਕ ਵਿਧਾਇਕਾਂ ਦਾ ਪੇਟ ਭਰਨ ਤੋਂ ਬਾਅਦ ਵੀ ਮੋਦੀ ਜੀ ਦੀ ਪਾਰਟੀ ਕੋਲ ਬਹੁਤ ਸਾਰਾ 'ਖਾਣਾ' ਬਚ ਜਾਣ ਵਾਲਾ ਸੀ। ਟੀ.ਵੀ. ਦੇ ਮੰਚਾਂ 'ਤੇ ਇਸ ਪਾਰਟੀ ਦਾ ਬਚਾਅ ਕਰਨ ਵਾਲੇ ਟਿਪਣੀਕਾਰਾਂ ਦਾ ਦਾਅਵਾ ਸੀ ਕਿ ਭਾਵੇਂ ਐਨ.ਸੀ.ਪੀ. ਆਗੂ ਸ਼ਰਦ ਪਵਾਰ ਨੇ 162 ਵਿਧਾਇਕਾਂ ਦੀ ਏਕਤਾ ਦਾ ਪ੍ਰਦਰਸ਼ਨ ਕਰ ਦਿੱਤਾ ਹੋਵੇ ਪਰ ਜਿੰਨੇ ਵਿਧਾਇਕ ਤੋੜਨੇ ਜ਼ਰੂਰੀ ਸਨ, ਉਨ੍ਹਾਂ ਨੂੰ ਤਾਂ ਪਹਿਲਾਂ ਹੀ 'ਅਦਾਇਗੀ' ਕੀਤੀ ਜਾ ਚੁੱਕੀ ਹੈ। ਉਹ ਕਿਤੇ ਵੀ ਰਹਿਣ, ਕਿਤੇ ਵੀ ਹੱਥ ਚੁੱਕਦੇ ਰਹਿਣ, ਸਹੁੰ ਚੁੱਕਦੇ ਰਹਿਣ ਪਰ ਉਨ੍ਹਾਂ ਨੇ ਵੋਟ ਤਾਂ ਭਾਜਪਾ ਨੂੰ ਹੀ ਪਾਉਣੀ ਹੈ। ਅਜਿਹਾ ਕਹਿੰਦੇ ਸਮੇਂ ਇਨ੍ਹਾਂ ਟਿਪਣੀਕਾਰਾਂ ਦੇ ਚਿਹਰੇ 'ਤੇ ਮਾਣ ਅਤੇ ਸੰਤੋਖ ਦੇ ਭਾਵ ਹੁੰਦੇ ਸਨ।

ਇਹ ਵੱਖ ਗੱਲ ਹੈ ਕਿ ਹਾਲਾਤ ਕੁਝ ਅਜਿਹੇ ਬਣ ਗਏ ਕਿ ਪੇਟ ਭਰ ਕੇ 'ਖਾਣਾ ਖਵਾਉਣ' ਦੀ ਤਜਵੀਜ਼ ਵਿਧਾਇਕਾਂ ਨੂੰ ਪਸੰਦ ਨਹੀਂ ਆਈ ਅਤੇ ਫੜਨਵੀਸ ਤੇ ਪਵਾਰ ਨੂੰ ਵਿਧਾਨ ਸਭਾ 'ਚ ਸ਼ਕਤੀ ਪ੍ਰੀਖਣ ਦੇ ਪਹਿਲੇ ਦਿਨ ਹੀ ਅਸਤੀਫਾ ਦੇਣਾ ਪਿਆ। 'ਖਾਣਾ ਖਵਾਉਣ' ਦੀ ਕੋਸ਼ਿਸ਼ ਅਸਫਲ ਹੋ ਗਈ ਪਰ ਇਹ ਕਾਮਯਾਬ ਵੀ ਹੋ ਸਕਦੀ ਸੀ। ਜੇ ਕਾਮਯਾਬ ਹੁੰਦੀ ਤਾਂ ਕੀ ਹੁੰਦਾ? ਇਸ ਸਵਾਲ 'ਤੇ ਵਿਚਾਰ ਕਰਨਾ ਜ਼ਰੂਰੀ ਹੈ।

ਕਿਹਾ ਜਾ ਰਿਹਾ ਹੈ ਕਿ ਸੰਵਿਧਾਨ ਦਿਵਸ 'ਤੇ ਮਹਾਰਾਸ਼ਟਰ ਵਿਚ ਸੰਵਿਧਾਨ ਦੀ ਜਿੱਤ ਹੋਈ ਹੈ। ਗੱਲ ਸਹੀ ਹੈ ਪਰ ਸੋਚਣਾ ਤਾਂ ਇਹ ਪਵੇਗਾ ਕਿ ਮਹਾਰਾਸ਼ਟਰ ਵਿਚ ਸੰਵਿਧਾਨ ਖਤਰੇ ਵਿਚ ਪਿਆ ਹੀ ਕਿਉਂ ਸੀ? ਸਰਬਉਚ ਅਦਾਲਤ ਦੇ ਹੁਕਮ ਵਿਚ ਇਸ ਸਵਾਲ ਵੱਲ ਸਾਫ ਤੌਰ 'ਤੇ ਇਸ਼ਾਰਾ ਦਿਸਦਾ ਹੈ ਪਰ ਇਹ ਵੀ ਮੁੱਖ ਤੌਰ 'ਤੇ ਰਾਜਪਾਲ ਦੀ ਭੂਮਿਕਾ ਅਤੇ ਸਹੁੰ ਚੁਕਾਉਣ ਦੇ ਤਰੀਕੇ ਤੱਕ ਹੀ ਸੀਮਤ ਹੈ। ਸਮੱਸਿਆ ਕਿਤੇ ਜ਼ਿਆਦਾ ਡੂੰਘੀ ਹੋਣ ਦੇ ਨਾਲ-ਨਾਲ ਲਾਇਲਾਜ ਹੋ ਚੁੱਕੀ ਹੈ।



ਸਮੱਸਿਆ ਇਹ ਹੈ ਕਿ ਸਾਡੇ ਸੰਵਿਧਾਨ ਦੇ ਕੋਲ ਗੱਠਜੋੜ ਸਿਆਸਤ ਲਈ ਮੋਟੇ ਤੌਰ 'ਤੇ ਕੋਈ ਜ਼ਾਬਤਾ ਨਹੀਂ ਹੈ। ਹਰ ਨਵਾਂ ਰਾਜਪਾਲ ਅਸਪੱਸ਼ਟ ਬਹੁਮਤ ਦੀ ਸਥਿਤੀ ਵਿਚ ਆਪਣੇ ਫੈਸਲਿਆਂ ਨਾਲ ਨਵੀਆਂ ਸਮੱਸਿਆਵਾਂ ਪੈਦਾ ਕਰ ਦਿੰਦਾ ਹੈ। ਪਾਰਟੀਆਂ ਦੇ ਨੇਤਾ ਮਨਚਾਹੀਆਂ ਰਣਨੀਤੀਆਂ ਦੀ ਵਰਤੋਂ ਕਰਕੇ ਅਨੋਖੇ ਅਤੇ ਬੇਮੇਲ ਕਿਸਮ ਦੇ ਗੱਠਜੋੜ ਬਣਾਉਂਦੇ ਰਹਿੰਦੇ ਹਨ। ਚੋਣਾਂ ਤਾਂ ਜਨਤਾ ਦੇ ਦਰਬਾਰ ਵਿਚ ਹੁੰਦੀਆਂ ਹਨ ਪਰ ਸ਼ਾਨਦਾਰ ਰਿਜ਼ਾਰਟਾਂ ਅਤੇ ਪੰਜ ਸਿਤਾਰਾ ਹੋਟਲਾਂ ਵਿਚ ਹੋਣ ਵਾਲੇ ਲੋਕਤੰਤਰ ਵਿਚ ਸੱਤਾ ਦੀ ਖੇਡ ਭਿਆਨਕ ਸਥਿਤੀ ਤੱਕ ਪਹੁੰਚ ਜਾਂਦੀ ਹੈ।

ਅਜਿਹਾ ਵਾਰ-ਵਾਰ ਹੁੰਦਾ ਹੈ, ਅਸੀਂ ਫਿਰ ਵੀ ਇਸ ਵੱਲ ਧਿਆਨ ਨਹੀਂ ਦਿੰਦੇ। ਅਸੀਂ ਚੋਣਾਂ ਤੋਂ ਠੀਕ ਪਹਿਲਾਂ ਲਾਗੂ ਹੋਣ ਵਾਲੇ ਚੋਣ ਜ਼ਾਬਤੇ ਤੋਂ ਵੀ ਨਹੀਂ ਸਿੱਖਦੇ। ਟੀ.ਐਨ. ਸੇਸ਼ਨ ਨੇ ਇਸ ਨੂੰ ਬਣਾਇਆ ਅਤੇ ਲਾਗੂ ਕੀਤਾ ਸੀ ਜਿਸ ਕਾਰਨ ਸਾਡੀ ਚੋਣ ਪ੍ਰਕਿਰਿਆ ਦੀ ਖਾਸੀ ਸਫਾਈ ਹੋ ਗਈ ਹੈ। ਇਸੇ ਤਰ੍ਹਾਂ ਜੇਕਰ ਗੱਠਜੋੜ ਸਿਆਸਤ ਦਾ ਵੀ ਕੋਈ ਜ਼ਾਬਤਾ ਬਣ ਜਾਵੇ ਤਾਂ ਕੁਝ ਨਾ ਕੁਝ ਸੰਜਮ ਅਤੇ ਕੋਈ ਨਾ ਕੋਈ ਨੈਤਿਕਤਾ ਰਾਜਪਾਲਾਂ ਤੋਂ ਲੈ ਕੇ ਪਾਰਟੀਆਂ ਤੱਕ ਲਾਗੂ ਹੋ ਜਾਵੇਗੀ। ਹੁਣ ਇਹ ਸਪਸ਼ਟ ਹੋ ਗਿਆ ਹੈ ਕਿ ਸਿਰਫ ਬੋਮਈ ਕੇਸ ਦਾ ਫੈਸਲਾ ਜ਼ਾਬਤੇ ਦਾ ਬਦਲ ਨਹੀਂ ਹੋ ਸਕਦਾ। ਮਹਾਰਾਸ਼ਟਰ ਵਿਚ ਇਥੋਂ ਤੱਕ ਸਪਸ਼ਟ ਨਹੀਂ ਸੀ ਕਿ ਵਿਧਾਨ ਸਭਾ ਵਿਚ ਵੋਟਾਂ ਪੈਣ ਸਮੇਂ ਨੈਸ਼ਨਲਿਸਟ ਕਾਂਗਰਸ ਪਾਰਟੀ ਦਾ ਮੁਖੀ ਕੌਣ ਹੋਵੇਗਾ? ਕੀ ਉਹ ਜੋ ਵਿਧਾਇਕ ਦਲ ਦਾ ਨੇਤਾ (ਭਾਵ ਅਜੀਤ ਪਵਾਰ) ਹੈ? ਅਤੇ ਜਿਸ ਨੇ ਰਾਜਪਾਲ ਦੇ ਸਾਹਮਣੇ ਭਾਜਪਾ ਨੂੰ ਸਮਰਥਨ ਦੇਣ ਦਾ ਦਾਅਵਾ ਕੀਤਾ ਹੈ ਜਾਂ ਉਹ, ਜਿਸ ਦੀ ਸੂਚਨਾ (ਜੈਅੰਤ ਪਟੇਲ) ਨੈਸ਼ਨਲਿਸਟ ਕਾਂਗਰਸ ਪਾਰਟੀ ਨੇ ਵਿਧਾਨ ਸਭਾ ਦੇ ਸਕੱਤਰੇਤ ਨੂੰ ਭੇਜੀ ਹੈ।

ਤਕਨੀਕੀ ਰੂਪ ਨਾਲ ਇਥੋਂ ਤੱਕ ਸਾਫ ਨਹੀਂ ਹੈ ਕਿ ਸ਼ਕਤੀ ਪ੍ਰੀਖਣ ਅਤੇ ਵਿਸ਼ਵਾਸ ਮਤ ਦੋ ਵੱਖ-ਵੱਖ ਸ਼੍ਰੇਣੀਆਂ ਹਨ ਜਾਂ ਦੋਵੇਂ ਇਕ ਹੀ ਚੀਜ਼ ਹਨ। ਕੀ ਵਿਸ਼ਵਾਸ ਮਤ ਦੇ ਸਮੇਂ ਸਭ ਨੂੰ ਭਾਸ਼ਣ ਦੇਣ ਦਾ ਅਧਿਕਾਰ ਹੁੰਦਾ ਹੈ ਅਤੇ ਸ਼ਕਤੀ ਪ੍ਰੀਖਣ ਸਮੇਂ ਵੋਟਾਂ ਪੈਣ ਤੋਂ ਇਲਾਵਾ ਹੋਰ ਕੋਈ ਸਰਗਰਮੀ ਨਹੀਂ ਹੋ ਸਕਦੀ? ਇਸ ਗੱਲ ਦਾ ਵੀ ਕੋਈ ਜਵਾਬ ਨਹੀਂ ਹੈ ਕਿ ਜੇਕਰ ਮੁਖੀ ਦੇ ਆਦੇਸ਼ ਨੂੰ ਦੋ-ਤਿਹਾਈ ਜਾਂ ਉਸ ਤੋਂ ਜ਼ਿਆਦਾ ਵਿਧਾਇਕ ਮੰਨਣ ਤੋਂ ਇਨਕਾਰ ਕਰ ਦੇਣ ਤਾਂ ਕੀ ਹੋਵੇਗਾ?

ਸਵਾਲ ਹੋਰ ਵੀ ਹਨ: ਜਿਵੇਂ: ਕੀ ਵਿਧਾਇਕ ਦਲ ਦਾ ਨੇਤਾ ਕੋਈ ਹੋਰ ਅਤੇ ਮੁਖੀ ਕੋਈ ਹੋਰ ਹੋ ਸਕਦਾ ਹੈ? ਇਹ ਵੀ ਪੁੱਛਣ ਯੋਗ ਹੈ ਕਿ ਕੀ ਪ੍ਰੋਟੇਮ ਸਪੀਕਰ ਨੂੰ (ਜੋ ਰਾਜਪਾਲ ਵਲੋਂ ਨਿਯੁਕਤ ਕੀਤਾ ਜਾਂਦਾ ਹੈ) ਨੂੰ ਵੋਟ ਵੰਡ ਜਿਹੀ ਫੈਸਲਾਕੁਨ ਸਰਗਰਮੀ ਦਾ ਸੰਚਾਲਨ ਕਰਨ ਦਾ ਮੌਕਾ ਦਿੱਤਾ ਜਾਣਾ ਚਾਹੀਦਾ ਹੈ? ਦਰਅਸਲ, ਮਹਾਰਾਸ਼ਟਰ ਦੇ ਘਟਨਾਕ੍ਰਮ ਨੇ ਇਸ ਮਸਲੇ ਨੂੰ ਹੋਰ ਜਟਿਲ ਬਣਾ ਦਿੱਤਾ ਹੈ। ਪਹਿਲਾਂ ਸਮਝਿਆ ਜਾਂਦਾ ਸੀ ਕਿ ਗੱਠਜੋੜ ਸਿਆਸਤ ਵਿਚ ਸਰਕਾਰ ਬਣਾਉਣ ਦਾ ਸਭ ਤੋਂ ਜ਼ਿਆਦਾ ਨੈਤਿਕ ਅਧਿਕਾਰ ਚੋਣਾਂ ਤੋਂ ਪਹਿਲਾਂ ਹੋਏ ਗੱਠਜੋੜ ਦਾ ਹੁੰਦਾ ਹੈ।

ਇਸੇ ਲਿਹਾਜ਼ ਨਾਲ ਮੇਰੇ ਵਰਗੇ ਲੋਕ ਸਲਾਹ ਦਿੰਦੇ ਸਨ ਕਿ ਗੱਠਜੋੜ ਸਰਕਾਰ ਬਣਾਉਣ ਦਾ ਮੌਕਾ ਚੋਣਾਂ ਤੋਂ ਬਾਅਦ ਹੋਏ ਗੱਠਜੋੜ ਨੂੰ ਨਹੀਂ ਮਿਲਣਾ ਚਾਹੀਦਾ ਪਰ ਮਹਾਰਾਸ਼ਟਰ ਪੁੱਛ ਰਿਹਾ ਸੀ ਕਿ ਜੇ ਚੋਣਾਂ ਤੋਂ ਪਹਿਲਾਂ ਹੋਇਆ ਗੱਠਜੋੜ ਬਹੁਮਤ ਜਿੱਤਣ ਤੋਂ ਬਾਅਦ ਸੱਤਾ ਦੀ ਵੰਡ ਦੇ ਸਵਾਲ 'ਤੇ ਟੁੱਟ ਜਾਵੇ ਤਾਂ ਕੀ ਸਥਿਤੀ ਹੋਵੇਗੀ?

ਇਸ ਸਵਾਲ ਦਾ ਇਕ ਸੰਭਾਵੀ ਜਵਾਬ ਇਹ ਹੋ ਸਕਦਾ ਹੈ ਕਿ ਕਿਸੇ ਵੀ ਤਰ੍ਹਾਂ ਦਾ ਗੱਠਜੋੜ ਬਣਾਉਣ ਦੇ ਵੀ ਕੁਝ ਕਾਨੂੰਨੀ ਕਾਇਦੇ ਹੋਣੇ ਚਾਹੀਦੇ ਹਨ, ਉਸੇ ਤਰ੍ਹਾਂ ਜਿਵੇਂ ਪਾਰਟੀ ਬਣਾਉਣ ਦੇ ਹੁੰਦੇ ਹਨ। ਜਿਵੇਂ ਪਾਰਟੀ ਦੀਆਂ ਮਨੌਤਾਂ ਦੇ ਵੱਖ-ਵੱਖ ਪੱਧਰ ਹੁੰਦੇ ਹਨ ਅਤੇ ਜਿਵੇਂ ਪਾਰਟੀਆਂ ਨੂੰ ਇਕ ਨਿਸ਼ਚਿਤ ਪੱਧਰ ਦੀਆਂ ਸੰਵਿਧਾਨਕ ਵਫਾਦਾਰੀਆਂ ਦੀ ਸਹੁੰ ਚੁੱਕਣੀ ਪੈਂਦੀ ਹੈ। ਜੇ ਚੋਣਾਂ ਤੋਂ ਪਹਿਲਾਂ ਹੋਇਆ ਗੱਠਜੋੜ ਚੋਣ ਜਿੱਤਣ ਦੇ ਬਾਵਜੂਦ ਸਰਕਾਰ ਬਣਾਉਣ ਤੋਂ ਪਹਿਲਾਂ ਹੀ ਭੰਗ ਹੋ ਜਾਂਦਾ ਹੈ ਤਾਂ 'ਮੈਮੋਰੰਡਮ ਆਫ ਅੰਡਰਸਟੈਂਡਿੰਗ' ਜਿਹੇ ਕਿਸੇ ਦਸਤਾਵੇਜ਼ ਦੇ ਆਧਾਰ 'ਤੇ ਇਹ ਪਤਾ ਲਗਾਉਣਾ ਚਾਹੀਦਾ ਹੈ ਕਿ ਉਨ੍ਹਾਂ ਵਿਚੋਂ ਕਿਸ ਪੱਖ ਨੇ ਗੜਬੜ ਕੀਤੀ ਹੈ।

ਹੁਣ ਇਹ ਤਕਰੀਬਨ ਸਪਸ਼ਟ ਹੋ ਗਿਆ ਹੈ ਕਿ ਭਾਜਪਾ ਅਤੇ ਸ਼ਿਵ ਸੈਨਾ ਨੇ ਮਿਲ ਕੇ ਚੋਣਾਂ ਲੜੀਆਂ ਪਰ ਉਹ ਦੋਵੇਂ ਇਕ-ਦੂਜੇ ਨੂੰ ਨੁੱਕਰੇ ਲਾਉਣ ਦੀਆਂ ਵਿਉਂਤਾਂ ਦੇ ਨਾਲ ਕੰਮ ਕਰ ਰਹੇ ਸਨ। ਭਾਜਪਾ ਚਾਹੁੰਦੀ ਸੀ ਕਿ ਉਹ ਇਕੱਲਿਆਂ ਹੀ ਬਹੁਮਤ ਦੇ ਨੇੜੇ ਪਹੁੰਚ ਜਾਵੇ ਤਾਂ ਕਿ ਸ਼ਿਵ ਸੈਨਾ ਦਾ ਕੋਈ ਪੱਕਾ ਹੱਲ ਕੀਤਾ ਜਾ ਸਕੇ।

ਦੂਜੇ ਪਾਸੇ ਸ਼ਿਵ ਸੈਨਾ ਨੇ ਪਹਿਲਾਂ ਤੋਂ ਤਿਆਰੀਆਂ ਕੀਤੀਆਂ ਸਨ ਕਿ ਜਿਵੇਂ ਹੀ ਨਤੀਜੇ ਆਉਣਗੇ, ਉਹ ਸੱਤਾ ਵਿਚ ਹਿੱਸੇਦਾਰੀ ਦੀ ਗੱਲ 'ਤੇ ਅੜ ਜਾਣਗੇ। ਉਸ ਨੇ ਇਹ ਵੀ ਸੋਚ ਲਿਆ ਸੀ ਕਿ ਜੇ ਭਾਜਪਾ ਉਨ੍ਹਾਂ ਦੀ ਮੰਗ ਨਹੀਂ ਮੰਨਦੀ ਤਾਂ ਉਨ੍ਹਾਂ ਨੂੰ ਕਾਂਗਰਸ ਜਾਂ ਕਿਸੇ ਹੋਰ ਪਾਰਟੀ ਨਾਲ ਸਮਝੌਤਾ ਕਰਨਾ ਪਏਗਾ। ਹੁਣ ਸਮਾਂ ਆ ਗਿਆ ਹੈ ਕਿ ਸੰਵਿਧਾਨ ਦੇ ਮਾਹਿਰ, ਦੂਰਅੰਦੇਸ਼ੀ ਸੋਚ ਰੱਖਣ ਵਾਲੇ ਸਿਆਸਤਦਾਨ ਅਤੇ ਨਾਗਰਿਕ ਜੀਵਨ ਦੀਆਂ ਵੱਡੀਆਂ ਹਸਤੀਆਂ ਇਕੱਠਿਆਂ ਬਹਿ ਕੇ ਗੱਠਜੋੜ ਸਿਆਸਤ ਦੀ ਡੂੰਘੀ ਸਮੀਖਿਆ ਕਰਨ। ਇਹੋ ਮਹਾਰਾਸ਼ਟਰ ਦਾ ਸੰਦੇਸ਼ ਹੈ।

# ਸਿਖਿਆ ਦਾ 'ਅਮੀਰੀਕਰਨ'?

ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਵਿਦਿਆਰਥੀਆਂ ਦੇ ਅੰਦੋਲਨ ਨੂੰ ਅਸੀਂ ਸਿਰਫ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਤੱਕ ਹੀ ਸੀਮਤ ਕਰ ਕੇ ਨਹੀਂ ਦੇਖ ਸਕਦੇ। ਇਸ ਨੂੰ ਵੱਡੀ ਦ੍ਰਿਸ਼ਟੀ ਨਾਲ ਦੇਖਣਾ ਚਾਹੀਦਾ ਹੈ, ਕਿਉਂਕਿ ਇਸ ਦਾ ਸਬੰਧ ਸਾਡੇ ਸੰਪੂਰਨ ਸਿੱਖਿਆ ਪ੍ਰਬੰਧ ਨਾਲ ਹੈ। ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਇਕਲੌਤੀ ਅਜਿਹੀ ਵਿੱਦਿਅਕ ਸੰਸਥਾ ਨਹੀਂ ਹੈ, ਜਿਥੇ ਫੀਸਾਂ ਵਿਚ ਵਾਧਾ ਕੀਤਾ ਗਿਆ ਹੈ, ਸਗੋਂ ਦੇਸ਼ ਦੀਆਂ ਤਮਾਮ ਵਿੱਦਿਅਕ ਸੰਸਥਾਵਾਂ ਵਿਚ ਫੀਸਾਂ ਵਧਾਈਆਂ ਜਾ ਰਹੀਆਂ ਹਨ। ਖਾਸ ਤੌਰ 'ਤੇ ਉਨ੍ਹਾਂ ਸੰਸਥਾਵਾਂ ਵਿਚ, ਜਿਨ੍ਹਾਂ ਦੀ ਕੇਂਦਰ

ਉਪਿੰਦਰ ਪ੍ਰਸਾਦ

ਸਰਕਾਰ ਵਲੋਂ ਵਿੱਤੀ ਸਹਾਇਤਾ ਕੀਤੀ ਜਾਂਦੀ ਹੈ।

ਜਿਥੋਂ ਤੱਕ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੀ ਗੱਲ ਹੈ ਤਾਂ ਉਥੇ ਤਿੰਨ ਤਰ੍ਹਾਂ ਦਾ ਵਾਧਾ ਕੀਤਾ ਗਿਆ ਹੈ। ਵਿਦਿਆਰਥੀ ਨਿਵਾਸ ਦੇ ਇਕ ਕਮਰੇ ਦੇ ਕਿਰਾਏ ਨੂੰ 20 ਰੁਪਏ ਮਹੀਨਾ ਤੋਂ ਵਧਾ ਕੇ 600 ਰੁਪਏ ਮਹੀਨਾ ਕਰ ਦਿੱਤਾ ਗਿਆ। ਮੈੱਸ ਦੀ ਫੀਸ 5500 ਤੋਂ ਵਧਾ ਕੇ 12500 ਕਰ ਦਿੱਤੀ ਗਈ ਅਤੇ ਇਕ ਨਵੀਂ ਫੀਸ ਹੋਸਟਲ ਦੇ ਵਿਦਿਆਰਥੀਆਂ 'ਤੇ ਠੋਸ ਦਿੱਤੀ ਗਈ ਜੋ 1700 ਰੁਪਏ ਸੀ। ਵਿਦਿਆਰਥੀਆਂ ਨੂੰ ਸੇਵਾਵਾਂ ਦੇਣ ਦੇ ਨਾਂ 'ਤੇ ਉਨ੍ਹਾਂ 'ਤੇ ਇਹ ਖਰਚੇ ਠੋਸੇ ਗਏ। ਇਸ ਤੋਂ ਇਲਾਵਾ ਲਾਇਬ੍ਰੇਰੀਆਂ ਨਾਲ ਸਬੰਧਿਤ ਨਿਯਮ ਬਦਲ ਦਿੱਤੇ ਗਏ। ਉਥੇ ਲਾਇਬ੍ਰੇਰੀਆਂ 24 ਘੰਟੇ ਖੁੱਲ੍ਹੀਆਂ ਰਹਿੰਦੀਆਂ ਸਨ, ਹੁਣ ਉਨ੍ਹਾਂ ਨੂੰ ਰਾਤ ਸਮੇਂ ਬੰਦ ਕਰਨ ਦਾ ਫੈਸਲਾ ਕੀਤਾ ਗਿਆ ਤੇ ਵਿਦਿਆਰਥੀਆਂ ਨੂੰ ਕਿਹਾ ਗਿਆ ਕਿ ਉਹ ਸਾਰੇ ਰਾਤ ਦੇ 11 ਵਜੇ ਤੱਕ ਆਪਣੇ ਆਪਣੇ ਕਮਰਿਆਂ 'ਚ ਚਲੇ ਜਾਣ।

ਫੀਸ ਵਧਾਏ ਅਤੇ ਹੋਰ ਨਿਯਮ ਨਿਸ਼ਚਿਤ ਹੀ ਸਵੀਕਾਰ ਕਰਨਯੋਗ ਨਹੀਂ ਹਨ। ਇਸ ਸੰਸਥਾ ਦੀ ਸਥਾਪਨਾ ਇਕ ਰਿਹਾਇਸ਼ੀ ਯੂਨੀਵਰਸਿਟੀ ਦੇ ਰੂਪ ਵਿਚ ਕੀਤੀ ਗਈ ਸੀ ਜਿਸ ਦੇ ਤਹਿਤ ਇਸ ਦੇ ਹਰ ਵਿਦਿਆਰਥੀ, ਅਧਿਆਪਕ ਅਤੇ ਗੈਰ-ਸਿੱਖਿਅਕ ਅਮਲੇ ਨੂੰ ਯੂਨੀਵਰਸਿਟੀ ਦੇ ਵਿਹੜੇ ਦੇ ਅੰਦਰ ਹੀ ਰਿਹਾਇਸ਼ ਦੇਣ ਦੀ ਯੋਜਨਾ ਸੀ। ਫਿਲਹਾਲ ਸਾਰੇ ਵਿਦਿਆਰਥੀਆਂ ਨੂੰ ਕਮਰੇ ਨਹੀਂ ਮਿਲਦੇ ਅਤੇ ਸਾਰੇ ਅਧਿਆਪਕਾਂ ਨੂੰ ਵੀ ਰਿਹਾਇਸ਼ ਨਹੀਂ ਮਿਲਦੀ ਪਰ ਜ਼ਿਆਦਾਤਰ ਲੋਕਾਂ ਨੂੰ ਰਿਹਾਇਸ਼ ਮਿਲ ਹੀ ਜਾਂਦੀ ਹੈ।

ਸਵਾਲ ਪੈਦਾ ਹੁੰਦਾ ਹੈ ਕਿ ਜਦੋਂ ਯੂਨੀਵਰਸਿਟੀ ਦੀ ਸਥਾਪਨਾ ਹੀ ਰਿਹਾਇਸ਼ੀ ਸੰਸਥਾ ਦੇ ਰੂਪ ਵਿਚ ਹੋਈ ਹੈ ਤਾਂ ਫਿਰ ਵਿਦਿਆਰਥੀਆਂ ਨੂੰ ਕਿਰਾਏਦਾਰ ਕਿਉਂ ਸਮਝਿਆ ਜਾਵੇ? ਉਹ ਕਿਰਾਏਦਾਰ ਨਹੀਂ, ਸਗੋਂ ਉਥੋਂ ਦੇ ਵਾਸੀ ਹਨ ਅਤੇ ਉਨ੍ਹਾਂ ਤੋਂ ਕਿਰਾਇਆ ਵਸੂਲਣ ਦਾ ਨਿਰਣਾ ਹੀ ਰਿਹਾਇਸ਼ੀ ਯੂਨੀਵਰਸਿਟੀ ਦੇ ਨਿਯਮਾਂ ਦੇ ਖਿਲਾਫ ਹੈ। ਅੱਜ ਤੁਸੀਂ ਬਾਜ਼ਾਰੀ ਮੁੱਲ ਦੇ ਹਿਸਾਬ ਨਾਲ ਉਨ੍ਹਾਂ ਤੋਂ ਕਿਰਾਇਆ ਵਸੂਲ ਕਰੋਗੇ ਅਤੇ ਕੱਲ੍ਹ ਉਥੇ ਪੜ੍ਹਾਉਣ ਵਾਲੇ ਅਧਿਆਪਕਾਂ ਤੋਂ ਵੀ ਉਨ੍ਹਾਂ ਦੀ ਰਿਹਾਇਸ਼ ਦਾ ਕਿਰਾਇਆ ਵਸੂਲੋਗੇ। ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਅਧਿਆਪਕ ਜਿਸ ਤਰ੍ਹਾਂ ਦੇ ਬੰਗਲੇ ਵਿਚ ਰਹਿੰਦੇ ਹਨ, ਉਸ ਤਰ੍ਹਾਂ ਦੇ ਬੰਗਲੇ ਦਾ ਕਿਰਾਇਆ ਨੇੜਲੇ ਬਸੰਤ ਵਿਹਾਰ ਵਿਚ ਇਕ ਲੱਖ ਰੁਪਏ ਪ੍ਰਤੀ ਮਹੀਨਾ ਤੋਂ 2 ਲੱਖ ਰੁਪਏ ਜਾਂ ਉਸ ਤੋਂ ਉਤੇ ਹੈ। ਤਾਂ ਕੀ ਫਿਰ ਉਨ੍ਹਾਂ ਨੂੰ ਵੀ ਯੂਨੀਵਰਸਿਟੀ ਦੇ ਕਿਰਾਏਦਾਰ ਮੰਨ ਕੇ ਉਨ੍ਹਾਂ ਤੋਂ ਇਕ ਲੱਖ ਰੁਪਏ ਮਹੀਨਾ ਕਿਰਾਇਆ ਵਸੂਲਿਆ ਜਾਵੇਗਾ?

1799 ਰੁਪਏ ਹਰ ਵਿਦਿਆਰਥੀ ਤੋਂ ਮੈਸ ਵਿਚ ਕੰਮ ਕਰਨ ਵਾਲੇ ਅਮਲੇ ਨੂੰ ਮਿਹਨਤਾਨਾ ਦੇਣ ਦੇ ਨਾਂ 'ਤੇ ਵਸੂਲਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਹ ਅਮਲਾ ਯੂਨੀਵਰਸਿਟੀ ਦੇ ਕਰਮਚਾਰੀਆਂ ਵਿਚ ਆਉਂਦਾ ਹੈ ਅਤੇ ਉਨ੍ਹਾਂ ਨੂੰ ਹੁਣ ਤੱਕ ਤਨਖਾਹ ਯੂਨੀਵਰਸਿਟੀ ਹੀ ਦਿੰਦੀ ਹੈ। ਮੈੱਸ ਵਿਚ ਭੋਜਨ 'ਤੇ ਜਿੰਨਾ ਵੀ ਖਰਚਾ ਹੁੰਦਾ ਹੈ, ਉਹ ਯੂਨੀਵਰਸਿਟੀ ਦੇ ਵਿਦਿਆਰਥੀਆਂ ਦੇ ਪੱਲਿਓਂ ਹੁੰਦਾ ਹੈ। ਮੈੱਸ ਦਾ ਪ੍ਰਬੰਧ ਕਰਨ ਦੇ ਲਈ ਵਿਦਿਆਰਥੀਆਂ ਦੀ ਇਕ ਕਮੇਟੀ ਹੁੰਦੀ ਹੈ ਅਤੇ ਇਕ ਹੋਸਟਲ ਵਾਰਡਨ ਵੀ ਮੈਸ 'ਤੇ ਨਜ਼ਰ ਰੱਖਣ ਦਾ ਕੰਮ ਕਰਦਾ ਹੈ। ਇਹ ਫੈਲਾਇਆ ਗਿਆ ਇਕ ਬਹੁਤ ਵੱਡਾ ਝੂਠ ਹੈ ਕਿ ਉਥੋਂ ਦੇ ਵਿਦਿਆਰਥੀਆਂ ਦੇ ਭੋਜਨ ਦਾ ਖਰਚਾ ਸਿਰਫ 10 ਰੁਪਏ ਜਾਂ 20 ਰੁਪਏ ਪ੍ਰਤੀ ਮਹੀਨਾ ਹੈ। ਜੋ ਵੀ ਮੈੱਸ ਵਿਚ ਖਾਣ ਦਾ ਖਰਚ ਆਉਂਦਾ ਹੈ, ਉਹ ਪੂਰੀ ਤਰ੍ਹਾਂ ਵਿਦਿਆਰਥੀਆਂ ਦੀ ਜੇਬੋਂ ਹੀ ਜਾਂਦਾ ਹੈ ਜਿਸ 'ਤੇ ਉਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਦੀ ਕੋਈ ਰਿਆਇਤ ਨਹੀਂ ਮਿਲਦੀ।

ਕੁਝ ਲੋਕਾਂ ਦੀ ਸ਼ਿਕਾਇਤ ਹੈ ਕਿ ਹੋਰ ਯੂਨੀਵਰਸਿਟੀਆਂ ਨੂੰ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਵਾਲੀਆਂ ਸਹੂਲਤਾਂ ਕਿਉਂ ਨਹੀਂ ਮਿਲਦੀਆਂ? ਸਵਾਲ ਜਾਇਜ਼ ਹੈ। ਸਾਰੀਆਂ ਯੂਨੀਵਰਸਿਟੀਆਂ ਵਿਚ ਵਿੱਦਿਆ ਦਾ ਮਾਹੌਲ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਵਾਲਾ ਹੋਣਾ ਚਾਹੀਦਾ ਹੈ ਅਤੇ ਉਨ੍ਹਾਂ ਦਾ ਪੱਧਰ ਵੀ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਵਾਲਾ ਹੋਣਾ ਚਾਹੀਦਾ ਹੈ ਪਰ ਜੇਕਰ ਨਹੀਂ ਹੈ ਤਾਂ ਇਸ ਦਾ ਭਾਵ ਇਹ ਨਹੀਂ ਕਿ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦਾ ਮਾਹੌਲ ਅਤੇ ਮਿਆਰੀ ਪੱਧਰ ਵੀ ਖਰਾਬ ਕਰ ਦਿੱਤਾ ਜਾਵੇ। ਦੇਸ਼ ਦੀਆਂ ਹੋਰ ਯੂਨੀਵਰਸਿਟੀਆਂ ਵਿਚ ਵੀ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਜਿਹਾ ਸਰਕਾਰੀ ਖਰਚ ਹੋਣ ਦੀ ਮੰਗ ਕਰਨੀ ਚਾਹੀਦੀ ਹੈ ਨਾ ਕਿ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਨੂੰ ਵੀ ਖਰਚੀਲਾ ਬਣਾ ਦਿੱਤਾ ਜਾਵੇ। ਇਸ ਤੋਂ ਇਲਾਵਾ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਵਿਚ ਦਾਖਲਾ ਲੈਣ ਦਾ ਅਧਿਕਾਰ ਤਾਂ ਦੇਸ਼ ਭਰ ਦੇ ਲੋਕਾਂ ਦਾ ਹੈ, ਅਜਿਹਾ ਤਾਂ ਨਹੀਂ ਹੈ ਕਿ ਇਹ ਕਿਸੇ ਖਾਸ ਵਰਗ ਦੇ ਲੋਕਾਂ ਲਈ ਬਣੀ ਹੋਈ ਹੈ। ਸਖਤ ਪ੍ਰੀਖਿਆ 'ਚੋਂ ਲੰਘ ਕੇ ਹੀ ਵਿਦਿਆਰਥੀ ਇਥੇ ਆਉਂਦੇ ਹਨ। ਸੂਬਿਆਂ ਵਿਚ ਵੀ ਸਰਕਾਰਾਂ ਨੇ ਲੋੜਵੰਦ ਵਿਦਿਆਰਥੀਆਂ ਦੇ ਲਈ ਵਿਸ਼ੇਸ਼ ਸਹੂਲਤਾਂ ਵਾਲੇ ਵਿਦਿਆਲੇ ਖੋਲ੍ਹੇ ਹਨ। ਕੀ ਉਨ੍ਹਾਂ ਸਹੂਲਤਾਂ ਨੂੰ ਇਸ ਲਈ ਬੰਦ ਕਰ ਦਿੱਤਾ ਜਾਵੇ ਕਿਉਂਕਿ ਹੋਰਾਂ ਵਿਦਿਆਲਿਆਂ ਵਿਚ ਉਹ ਸਹੂਲਤਾਂ ਨਹੀਂ ਹਨ? ਫਿਰ ਤਾਂ ਇਹ ਵੀ ਕਿਹਾ ਜਾ ਸਕਦਾ ਹੈ ਕਿ 'ਏਮਜ਼' ਵਿਚੋਂ ਉਹ ਸਾਰੀਆਂ ਸਹੂਲਤਾਂ ਵਾਪਸ ਲਈਆਂ ਜਾਣ, ਜੋ ਕਿਸੇ ਹੋਰ ਮੈਡੀਕਲ ਕਾਲਜ ਵਿਚ ਨਹੀਂ ਹਨ ਅਤੇ ਆਈ.ਆਈ.ਟੀ. 'ਚੋਂ ਉਹ ਸਾਰੀਆਂ ਸਹੂਲਤਾਂ ਵਾਪਸ ਲਈਆਂ ਜਾਣ ਜੋ ਕਿਸੇ ਹੋਰ ਇੰਜਨੀਅਰਿੰਗ ਕਾਲਜ ਵਿਚ ਨਹੀਂ ਹਨ।

**ਨਵੀਂ ਦਿੱਲੀ ਦੀ ਵੱਕਾਰੀ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਵਿਦਿਆਰਥੀਆਂ ਦੇ ਅੰਦੋਲਨ ਦਾ ਸਮਰਥਨ ਇਸ ਲਈ ਵੀ ਕੀਤਾ ਜਾਣਾ ਚਾਹੀਦਾ ਹੈ ਕਿਉਂਕਿ ਇਸ ਦੀ ਸਫਲਤਾ ਵਿਚ ਭਾਰਤ ਦੀ ਵਿੱਦਿਆ ਦਾ ਭਵਿੱਖ ਟਿਕਿਆ ਹੋਇਆ ਹੈ। ਨਿੱਜੀਕਰਨ ਦੇ ਨਾਂ 'ਤੇ ਸਰਕਾਰ ਸਿੱਖਿਆ ਦੀ ਆਪਣੀ ਜ਼ਿੰਮੇਵਾਰੀ ਤੋਂ ਭੱਜਦੀ ਜਾ ਰਹੀ ਹੈ।**

ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਵਿਦਿਆਰਥੀਆਂ ਦੇ ਅੰਦੋਲਨ ਦਾ ਸਮਰਥਨ ਇਸ ਲਈ ਵੀ ਕੀਤਾ ਜਾਣਾ ਚਾਹੀਦਾ ਹੈ ਕਿਉਂਕਿ ਇਸ ਦੀ ਸਫਲਤਾ ਵਿਚ ਭਾਰਤ ਦੀ ਵਿੱਦਿਆ ਦਾ ਭਵਿੱਖ ਟਿਕਿਆ ਹੋਇਆ ਹੈ। ਨਿੱਜੀਕਰਨ ਦੇ ਨਾਂ 'ਤੇ ਸਰਕਾਰ ਸਿੱਖਿਆ ਦੀ ਆਪਣੀ ਜ਼ਿੰਮੇਵਾਰੀ ਤੋਂ ਭੱਜਦੀ ਜਾ ਰਹੀ ਹੈ। ਇਸ ਦੇ ਲਈ ਸਿਰਫ ਨਰਿੰਦਰ ਮੋਦੀ ਦੀ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਉਣਾ ਉਚਿਤ ਨਹੀਂ ਹੈ। ਜ਼ਿੰਮੇਵਾਰੀ ਤੋਂ ਭੱਜਣ ਦੀ ਛੋਹ ਡਾ: ਮਨਮੋਹਨ ਸਿੰਘ ਦੀ ਸਰਕਾਰ ਸਮੇਂ ਪਈ ਸੀ। ਨਰਿੰਦਰ ਮੋਦੀ ਦੀ ਸਰਕਾਰ ਤਾਂ ਬੱਸ ਅਤਿ ਹਮਲਾਵਰ ਢੰਗ ਨਾਲ ਉਸ ਨੂੰ ਅੱਗੇ ਵਧਾ ਰਹੇ ਹਨ। ਵੱਡੀ ਗਿਣਤੀ ਵਿਚ ਨਿੱਜੀ ਯੂਨੀਵਰਸਿਟੀਆਂ ਖੁੱਲ੍ਹ ਗਈਆਂ ਹਨ। ਉਨ੍ਹਾਂ ਵਿਚ ਦਿੱਤੀ ਜਾਣ ਵਾਲੀ ਵਿੱਦਿਆ ਬਹੁਤ ਮਹਿੰਗੀ ਹੈ ਅਤੇ ਉਸ ਮਹਿੰਗੀ ਵਿੱਦਿਆ ਦਾ ਹਵਾਲਾ ਦੇ ਕੇ ਸਰਕਾਰੀ ਖੇਤਰ ਦੀ ਵਿੱਦਿਆ ਨੂੰ ਵੀ ਮਹਿੰਗਾ ਕਰਨ ਦਾ ਤਰਕ ਘੜਿਆ ਜਾ ਰਿਹਾ ਹੈ, ਜੋ ਬਹੁਤ ਹੀ ਖਤਰਨਾਕ ਰੁਝਾਨ ਹੈ। ਵਿੱਦਿਆ ਅਤੇ ਸਿਹਤ ਸਹੂਲਤਾਂ ਸਰਕਾਰ ਦੀ ਜ਼ਿੰਮੇਵਾਰੀ ਹੈ। ਜੇਕਰ ਸਰਕਾਰ ਇਹ ਜ਼ਿੰਮੇਵਾਰੀ ਨਹੀਂ ਚੁੱਕ ਸਕਦੀ ਤਾਂ ਫਿਰ ਸਰਕਾਰ ਦੀ ਲੋੜ ਹੀ ਕੀ ਹੈ?

ਹੁਣ ਤਾਂ ਗੱਲ ਇੱਥੋਂ ਤੱਕ ਉਠ ਰਹੀ ਹੈ ਕਿ ਸਰਕਾਰ ਆਪਣੀਆਂ ਵਿੱਦਿਅਕ ਸੰਸਥਾਵਾਂ ਦਾ ਵੀ ਨਿੱਜੀਕਰਨ ਕਰ ਸਕਦੀ ਹੈ; ਭਾਵ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਅਤੇ ਦਿੱਲੀ ਯੂਨੀਵਰਸਿਟੀ ਵਰਗੀਆਂ ਯੂਨੀਵਰਸਿਟੀਆਂ ਨਿੱਜੀ ਹੱਥਾਂ ਵਿਚ ਵੇਚ ਦਿੱਤੀਆਂ ਜਾਣਗੀਆਂ। ਇਹ ਸੋਚਣਾ ਵੀ ਬਹੁਤ ਖਤਰਨਾਕ ਹੈ। ਦੇਸ਼ ਵਿਚ ਆਰਥਿਕ ਅਰਾਜਕਤਾ ਵਧਦੀ ਜਾ ਰਹੀ ਹੈ। ਦੇਸ਼ ਦੀ 3 ਫੀਸਦੀ ਆਬਾਦੀ ਦੇ ਕੋਲ ਸਮੁੱਚੀ ਜਾਇਦਾਦ ਦਾ ਕੇਂਦਰੀਕਰਨ ਹੁੰਦਾ ਜਾ ਰਿਹਾ ਅਤੇ ਉਸੇ ਆਬਾਦੀ ਨੂੰ ਜੇਕਰ ਸਰਕਾਰ ਆਪਣੀ ਜਾਇਦਾਦ ਵੀ ਵੇਚ ਦੇਵੇ, ਫਿਰ ਤਾਂ ਬਾਕੀ 97 ਫੀਸਦੀ ਲੋਕ ਉਸ ਤਿੰਨ ਫੀਸਦੀ ਲੋਕਾਂ ਦੇ ਰਹਿਮੋਕਰਮ 'ਤੇ ਨਿਰਭਰ ਹੋ ਜਾਣਗੇ। ਇਹ ਸਥਿਤੀ ਬਹੁਤ ਡਰਾਉਣੀ ਹੈ। ਉਸ ਸਮੇਂ ਵਿੱਦਿਆ ਸਿਰਫ ਅਮੀਰ ਲੋਕਾਂ ਤੱਕ ਸੀਮਤ ਹੋ ਜਾਵੇਗੀ ਅਤੇ ਦੇਸ਼ ਦੀ ਵਸੋਂ ਦਾ 90 ਫੀਸਦੀ ਹਿੱਸਾ ਵਿੱਦਿਆ ਤੱਕ ਪੁੱਜਣ 'ਚ ਅਸਮਰਥ ਹੋ ਜਾਵੇਗਾ।

# ਮੌਸਮੀ ਤਬਦੀਲੀਆਂ ਦੀ ਮਾਰ ਤੋਂ ਬੱਚਿਆਂ ਨੂੰ ਕਿਵੇਂ ਬਚਾਈਏ

14 ਨਵੰਬਰ 2019 ਨੂੰ ਲੈਂਸੈਟ ਨੇ ਇਕ ਰਿਪੋਰਟ ਜਾਰੀ ਕੀਤੀ ਹੈ, ਜਿਸ ਵਿਚ ਖੁਲਾਸਾ ਕੀਤਾ ਗਿਆ ਹੈ ਕਿ ਮੌਸਮੀ ਤਬਦੀਲੀਆਂ ਦਾ ਸਭ ਤੋਂ ਬੁਰਾ ਪ੍ਰਭਾਵ ਮੌਜੂਦਾ ਪੀੜ੍ਹੀ ਦੇ ਬੱਚਿਆਂ 'ਤੇ ਪਵੇਗਾ, ਜੋ ਬਹੁਤ ਹੀ ਚਿੰਤਾ ਦਾ ਵਿਸ਼ਾ ਹੈ। ਲੈਂਸੈਟ ਹਰ ਸਾਲ ਮੌਸਮੀ ਤਬਦੀਲੀਆਂ ਅਤੇ ਸਿਹਤ ਸਬੰਧੀ 41 ਸੂਚਕਾਂ ਨੂੰ ਲੈ ਕੇ ਇਕ ਰਿਪੋਰਟ ਤਿਆਰ ਕਰਦਾ ਹੈ। ਇਸ ਸਾਲ ਲੈਂਸੈਟ ਨੇ ਇਹ ਰਿਪੋਰਟ ਦੁਨੀਆਂ ਦੇ 35 ਅਦਾਰਿਆਂ, ਜਿਨ੍ਹਾਂ ਵਿਚ ਵਿਸ਼ਵ ਸਿਹਤ ਸੰਸਥਾ ਅਤੇ ਵਿਸ਼ਵ ਬੈਂਕ ਵੀ ਸ਼ਾਮਲ ਹਨ, ਦੇ 120 ਮਾਹਿਰਾਂ ਦੀ ਮਦਦ ਨਾਲ ਤਿਆਰ ਕੀਤੀ ਹੈ। ਰਿਪੋਰਟ ਅਨੁਸਾਰ ਜੇ



**ਡਾ. ਗੁਰਿੰਦਰ ਕੌਰ**
ਫੋਨ: 408-493-9776

ਦੁਨੀਆਂ ਦੇ ਸਾਰੇ ਦੇਸ਼ਾਂ ਨੇ ਗਰੀਨ ਹਾਊਸ ਗੈਸਾਂ ਦੀ ਨਿਕਾਸੀ ਦੀ ਕਟੌਤੀ ਨਾ ਕੀਤੀ ਤਾਂ ਸਾਡੀਆਂ ਮੌਜੂਦਾ ਅਤੇ ਆਉਣ ਵਾਲੀ ਪੀੜ੍ਹੀਆਂ ਦੀ ਸਿਹਤ 'ਤੇ ਬਹੁਤ ਹੀ ਬੁਰਾ ਅਸਰ ਪਵੇਗਾ। ਰਿਪੋਰਟ ਵਿਚ ਇਹ ਵੀ ਖੁਲਾਸਾ ਕੀਤਾ ਗਿਆ ਹੈ ਕਿ ਜੇ ਦੁਨੀਆਂ ਦੇ ਸਾਰੇ ਦੇਸ਼ ਆਪਣੇ ਅਜੋਕੇ ਤੌਰ-ਤਰੀਕਿਆਂ 'ਤੇ ਚੱਲ ਕੇ ਵਿਕਾਸ ਕਰਦੇ ਰਹੇ ਤਾਂ ਕਾਰਬਨ ਨਿਕਾਸੀ ਦੀ ਉਚੀ ਦਰ ਨਾਲ ਅੱਜ ਜਨਮ ਲੈਣ ਵਾਲੇ ਬੱਚਿਆਂ ਨੂੰ ਆਪਣੇ 71ਵੇਂ ਜਨਮ ਦਿਨ ਤੱਕ 4 ਡਿਗਰੀ ਸੈਲਸੀਅਸ ਵੱਧ ਤਪਸ਼ ਦਾ ਸਾਹਮਣਾ ਕਰਨਾ ਪਵੇਗਾ।

ਰਿਪੋਰਟ ਅਨੁਸਾਰ ਮੌਸਮੀ ਤਬਦੀਲੀਆਂ ਬੱਚਿਆਂ ਦੀ ਸਿਹਤ ਨੂੰ ਬਹੁਤ ਨੁਕਸਾਨ ਪਹੁੰਚਾ ਰਹੀਆਂ ਹਨ ਅਤੇ ਜੀਵਨ ਦੇ ਹਰ ਪੜਾਅ 'ਤੇ ਉਨ੍ਹਾਂ ਦੀ ਸਿਹਤ ਨੂੰ ਖਤਰਾ ਬਣਿਆ ਰਹੇਗਾ। ਰਿਪੋਰਟ ਵਿਚ ਇਹ ਵੀ ਖੁਲਾਸਾ ਕੀਤਾ ਗਿਆ ਹੈ ਕਿ ਦੁਨੀਆਂ ਦੇ ਕੁਝ ਦੇਸ਼ਾਂ, ਜਿਨ੍ਹਾਂ ਵਿਚ ਭਾਰਤ ਵੀ ਸ਼ਾਮਲ ਹੈ, ਵਿਚ ਬਾਕੀ ਦੇਸ਼ਾਂ ਨਾਲੋਂ ਬੱਚਿਆਂ ਦੀ ਸਿਹਤ ਉਤੇ ਵੱਧ ਬੁਰਾ ਅਸਰ ਪਵੇਗਾ। ਭਾਰਤ 'ਤੇ ਵੱਧ ਬੁਰਾ ਅਸਰ ਪੈਣ ਦੇ ਮੁੱਖ ਕਾਰਨ ਵੱਧ ਆਬਾਦੀ, ਗਰੀਬੀ, ਕੁਪੋਸ਼ਣ ਅਤੇ ਸਿਹਤ-ਸੰਭਾਲ ਦੀਆਂ ਸਹੂਲਤਾਂ ਵਿਚ ਕਮੀ ਆਦਿ ਹਨ। ਦੁਨੀਆਂ ਭਰ ਵਿਚ ਬੱਚੇ ਪਹਿਲਾਂ ਹੀ ਹਵਾ ਅਤੇ ਪਾਣੀ ਦੇ ਪ੍ਰਦੂਸ਼ਣ ਦੇ ਨਾਲ ਨਾਲ ਮੌਸਮ ਵਿਚ ਆਏ ਵਿਗਾੜਾਂ ਦੇ ਬੁਰੇ ਪ੍ਰਭਾਵਾਂ ਦੀ ਮਾਰ ਝੱਲ ਰਹੇ ਹਨ। ਭਾਰਤ ਵਿਚ ਬੱਚਿਆਂ ਦੀ ਸਿਹਤ ਉਤੇ ਮੌਸਮੀ ਤਬਦੀਲੀਆਂ ਦੇ ਬੁਰੇ ਅਸਰ ਦੇ ਤੱਥਾਂ ਵਿਚ ਕੋਈ ਅਤਿਕਥਨੀ ਵੀ ਨਹੀਂ। ਤਾਜ਼ਾ ਮਿਸਾਲ ਪਿਛਲੇ ਦੋ ਮਹੀਨਿਆਂ ਤੋਂ ਸਾਰਾ ਉਤਰੀ ਭਾਰਤ ਹਵਾ ਦੇ ਭਿਆਨਕ ਪ੍ਰਦੂਸ਼ਣ ਧੂੰਆਂਖੀ ਧੁੰਦ ਦੀ ਮਾਰ ਝੱਲ ਰਿਹਾ ਹੈ। ਹਵਾ ਦੇ ਪ੍ਰਦੂਸ਼ਣ ਨਾਲ ਹਰ ਤਰ੍ਹਾਂ ਦੀਆਂ ਸਾਹ ਦੀਆਂ ਬਿਮਾਰੀਆਂ ਦੇ ਨਾਲ ਨਾਲ ਦਿਲ, ਫੇਫੜਿਆਂ, ਚਮੜੀ ਆਦਿ ਦੀਆਂ ਬਿਮਾਰੀਆਂ ਹੋ ਜਾਂਦੀਆਂ ਹਨ।

ਲੈਂਸੈਟ ਦੀ ਰਿਪੋਰਟ ਅਨੁਸਾਰ ਇਕੱਲੇ ਭਾਰਤ ਵਿਚ 2016 ਤੋਂ 2018 ਤੱਕ ਪੀ. ਐਮ. 2.5 ਦੀ ਮਾਤਰਾ ਵਿਚ ਤੇਜ਼ੀ ਨਾਲ ਵਾਧਾ ਹੋਣ ਕਾਰਨ 5,29,500 ਲੋਕ ਸਮੇਂ ਤੋਂ ਪਹਿਲਾਂ ਮਰ ਗਏ। ਰਿਪੋਰਟ ਵਿਚ ਇਹ ਵੀ ਖੁਲਾਸਾ ਕੀਤਾ ਗਿਆ ਕਿ ਇਨ੍ਹਾਂ ਵਿਚੋਂ 97,400 ਮੌਤਾਂ ਕੋਲਾ ਬਾਲਣ ਨਾਲ ਪੈਦਾ ਹੋਏ ਧੂੰਏ ਕਾਰਨ ਹੋਈਆਂ ਹਨ। ਜ਼ਿਕਰਯੋਗ ਹੈ ਕਿ ਦਿੱਲੀ ਪ੍ਰਦੂਸ਼ਣ ਕੰਟਰੋਲ ਬੋਰਡ ਅਨੁਸਾਰ 2017 ਵਿਚ ਦਿੱਲੀ ਦੀ ਹਵਾ ਵਿਚ ਪੀ. ਐਮ. 2.5 ਦੀ ਸਾਲਾਨਾ ਔਸਤ ਮਾਤਰਾ 115 ਮਾਈਕਰੋ ਗਰਾਮ ਪ੍ਰਤੀ ਘਣ ਮੀਟਰ ਸੀ, ਜੋ ਕੌਮਾਂਤਰੀ ਮਾਪਦੰਡਾਂ ਤੋਂ 11 ਗੁਣਾਂ ਵੱਧ ਸੀ ਅਤੇ ਅੱਜ ਕੱਲ ਦਿੱਲੀ ਦੇ ਨਾਲ ਲੱਗਦੇ ਕਰੀਬ ਸਾਰੇ ਉਤਰੀ ਭਾਰਤ ਵਿਚ ਇਨ੍ਹਾਂ ਕਣਾਂ (ਪੀ. ਐਮ. 2.5) ਦੀ ਮਾਤਰਾ ਕਈ ਥਾਂਵਾਂ 'ਤੇ 400 ਮਾਈਕਰੋ ਗਰਾਮ ਪ੍ਰਤੀ ਘਣ ਮੀਟਰ ਤੋਂ ਵੀ ਵੱਧ ਹੈ। ਅਸਲ ਪੀ. ਐਮ 2.5 ਮਿੱਟੀ ਅਤੇ ਧੂੰਏ ਦੇ ਮਹੀਨ ਕਣ ਹਨ, ਜੋ ਸਾਹ ਰਾਹੀਂ ਅੰਦਰ ਜਾ ਕੇ ਫੇਫੜਿਆਂ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰਦੇ ਹਨ। ਬੱਚਿਆਂ ਦੇ ਫੇਫੜੇ ਪੂਰੀ ਤਰ੍ਹਾਂ ਵਿਕਸਿਤ ਨਹੀਂ ਹੋਏ ਹੁੰਦੇ, ਜਿਸ ਕਰਕੇ ਉਹ ਇਸ ਪ੍ਰਦੂਸ਼ਣ ਨਾਲ ਕਾਫੀ ਪ੍ਰਭਾਵਿਤ ਹੁੰਦੇ ਹਨ ਅਤੇ ਜਿਸ ਨਾਲ ਉਨ੍ਹਾਂ ਨੂੰ ਸਾਰੀ ਉਮਰ ਸਾਹ ਦੀਆਂ ਨਾ-ਮੁਰਾਦ ਬਿਮਾਰੀਆਂ ਨਾਲ ਜੂਝਣਾ ਪੈ ਜਾਂਦਾ ਹੈ।

ਦਿੱਲੀ ਵਿਚ ਕਈ ਦਿਨ ਸਕੂਲ ਬੰਦ ਰਹੇ ਅਤੇ ਬੱਚਿਆਂ ਨੂੰ ਹਵਾ ਦੇ ਪ੍ਰਦੂਸ਼ਣ ਤੋਂ ਬਚਾਉਣ ਲਈ ਦਿੱਲੀ ਸਰਕਾਰ ਨੇ ਮਾਸਕ ਵੀ ਵੰਡੇ। ਡਬਲਿਓ. ਐਚ. ਓ. ਦੀ ਇਕ ਰਿਪੋਰਟ ਅਨੁਸਾਰ ਦੁਨੀਆਂ ਭਰ ਵਿਚ 2016 ਵਿਚ 6,00,000 ਬੱਚਿਆਂ ਦੀ ਮੌਤ ਪ੍ਰਦੂਸ਼ਿਤ ਹਵਾ ਵਿਚ ਸਾਹ ਲੈਣ ਕਾਰਨ ਹੋ ਗਈ ਸੀ ਅਤੇ 90 ਫੀਸਦੀ ਲੋਕ ਹਰ ਰੋਜ਼ ਪ੍ਰਦੂਸ਼ਿਤ ਹਵਾ ਵਿਚ ਸਾਹ ਲੈਂਦੇ ਹਨ।

ਲੈਂਸੈਟ ਦੀ ਇਕ ਹੋਰ ਰਿਪੋਰਟ ਅਨੁਸਾਰ 2015 ਵਿਚ 1.8 ਮਿਲੀਅਨ ਲੋਕਾਂ ਦੀ ਮੌਤ ਪ੍ਰਦੂਸ਼ਿਤ ਪਾਣੀ ਪੀਣ ਨਾਲ ਹੋਈ ਸੀ ਅਤੇ ਇਕ ਬਿਲੀਅਨ ਲੋਕ ਹਰ ਸਾਲ ਪ੍ਰਦੂਸ਼ਿਤ ਪਾਣੀ ਪੀਣ ਨਾਲ ਬਿਮਾਰ ਹੋ ਜਾਂਦੇ ਹਨ। ਪ੍ਰਦੂਸ਼ਿਤ ਪਾਣੀ ਕਾਰਨ ਭਾਰਤ ਵਿਚ 1980 ਤੋਂ ਹਰ ਸਾਲ ਹੈਜ਼ੇ ਦੇ ਮਰੀਜਾਂ ਦੀ ਗਿਣਤੀ ਵਿਚ 3 ਫੀਸਦੀ ਵਾਧਾ ਹੋ ਰਿਹਾ ਹੈ। ਪ੍ਰਦੂਸ਼ਿਤ ਪਾਣੀ ਨਾਲ ਸਬੰਧਿਤ ਬਿਮਾਰੀਆਂ ਨਾਲ ਦੁਨੀਆਂ ਵਿਚ ਹਰ ਰੋਜ 6,000 ਬੱਚੇ ਮਰਦੇ ਹਨ। ਡਬਲਿਊ. ਐਚ. ਓ. ਦੀ 2015 ਦੀ ਇਕ ਰਿਪੋਰਟ ਅਨੁਸਾਰ ਪੰਜ ਸਾਲ ਤੋਂ ਛੋਟੀ ਉਮਰ ਦੇ 321 ਬੱਚੇ ਹਰ ਰੋਜ਼ ਦਸਤ ਅਤੇ ਉਲਟੀਆਂ ਲੱਗਣ ਕਾਰਨ ਮਰ ਜਾਂਦੇ ਹਨ।

ਤਾਪਮਾਨ ਦੇ ਵਾਧੇ ਨਾਲ ਫਸਲਾਂ ਦੇ ਔਸਤ ਉਤਪਾਦਨ ਵਿਚ ਵੀ ਤੇਜ਼ੀ ਨਾਲ ਕਮੀ ਆ ਰਹੀ ਹੈ, ਜਿਸ ਨਾਲ ਭਾਰਤ ਜਿਹੇ ਵੱਧ ਆਬਾਦੀ ਵਾਲੇ ਦੇਸ਼ ਦੀ ਖੁਰਾਕ ਸੁਰੱਖਿਆ ਨੂੰ ਖਤਰਾ ਖੜ੍ਹਾ ਹੋ ਜਾਵੇਗਾ ਅਤੇ ਖੁਰਾਕੀ ਵਸਤਾਂ ਦੀਆਂ ਕੀਮਤਾਂ ਤੇਜ਼ੀ ਨਾਲ ਵਧ ਜਾਣਗੀਆਂ। ਦੁੱਖ ਦੀ ਗੱਲ ਹੈ ਕਿ ਭਾਰਤ ਵਿਚ ਅੱਜ ਤੱਕ ਵੀ ਲੋਕ ਇੰਨੇ ਗਰੀਬ ਹਨ ਕਿ ਉਨ੍ਹਾਂ ਨੂੰ ਪੇਟ ਭਰ ਖਾਣਾ ਨਹੀਂ ਮਿਲਦਾ। ਗਲੋਬਲ ਹੰਗਰ ਇੰਡੈਕਸ 2019 ਅਨੁਸਾਰ 117 ਦੇਸ਼ਾਂ ਵਿਚੋਂ ਭਾਰਤ ਦਾ 102ਵਾਂ ਸਥਾਨ ਹੈ। ਸਾਡੇ ਦੇਸ਼ ਵਿਚ ਚਾਰ ਵਿਚੋਂ ਇਕ ਬੱਚਾ ਕੁਪੋਸ਼ਣ ਦਾ ਸ਼ਿਕਾਰ ਹੈ ਅਤੇ ਪੰਜ ਸਾਲਾਂ ਤੋਂ ਛੋਟੇ ਦੋ-ਤਿਹਾਈ ਬੱਚਿਆਂ ਦੀ ਮੌਤ ਕੁਪੋਸ਼ਣ ਕਾਰਨ ਹੋ ਰਹੀ ਹੈ। ਤਾਪਮਾਨ ਵਾਧੇ ਨਾਲ ਫਸਲਾਂ ਦੇ ਉਤਪਾਦਨ ਵਿਚ ਹੋਰ ਕਮੀ ਆਉਣ ਨਾਲ ਮੌਤ ਦਰ ਹੋਰ ਵਧੀ ਹੈ।

ਤਾਪਮਾਨ ਦੇ ਵਾਧੇ ਨਾਲ ਹਰ ਤਰ੍ਹਾਂ ਦੀਆਂ ਕੁਦਰਤੀ ਆਫਤਾਂ ਵਿਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ, ਜਿਵੇਂ ਅੱਤ ਦੀ ਗਰਮੀ ਅਤੇ ਸਰਦੀ ਦੇ ਦਿਨਾਂ ਵਿਚ ਵਾਧਾ ਹੋਣਾ। 2015 ਵਿਚ ਦੱਖਣੀ ਭਾਰਤ ਵਿਚ ਗਰਮ ਹਵਾਵਾਂ ਚੱਲਣ ਨਾਲ ਹਜ਼ਾਰਾਂ ਲੋਕ ਮਾਰੇ ਗਏ ਸਨ। 2019 ਵਿਚ ਉਤਰੀ ਭਾਰਤ ਵਿਚ ਅਪਰੈਲ ਦੇ ਪਹਿਲੇ ਹਫਤੇ ਹੀ ਕਈ ਥਾਂਵਾਂ 'ਤੇ ਤਾਪਮਾਨ 40 ਡਿਗਰੀ ਸੈਲਸੀਅਸ ਤੋਂ ਉਤੇ ਆਂਕਿਆ ਗਿਆ ਸੀ। ਦੱਖਣੀ ਭਾਰਤ ਦੇ ਕਈ ਰਾਜਾਂ ਵਿਚ ਦਿਨ ਅਤੇ ਰਾਤ ਦੇ ਤਾਪਮਾਨ ਵਿਚ ਅੰਤਰ ਤੇਜ਼ੀ ਨਾਲ ਘਟ ਰਿਹਾ ਹੈ। ਮੌਨਸੂਨ ਪੌਣਾਂ ਦਾ ਸਮੇਂ ਤੋਂ ਪਹਿਲਾਂ ਜਾਂ ਪਿਛੋਂ ਆਉਣਾ ਵੀ ਮੌਸਮੀ ਤਬਦੀਲੀਆਂ ਦਾ ਸੁਨੇਹਾ ਦਿੰਦਾ ਭਾਰੀ ਨੁਕਸਾਨ ਕਰਦਾ ਹੈ, ਜਿਵੇਂ 2013 ਵਿਚ ਸਮੇਂ ਤੋਂ ਪਹਿਲਾਂ ਆਈਆਂ ਮੌਨਸੂਨ ਪੌਣਾਂ ਅਤੇ 2014 ਵਿਚ ਸ੍ਰੀਨਗਰ ਤੇ 2015 ਵਿਚ ਚੇਨੱਈ ਵਿਚ ਮੁੜਦੀਆਂ ਮੌਨਸੂਨ ਪੌਣਾਂ ਨੇ ਭਾਰੀ ਤਬਾਹੀ ਮਚਾਈ ਸੀ।

ਭਾਰਤ ਵਿਚ ਥੋੜ੍ਹੇ ਸਮੇਂ ਵਿਚ ਭਾਰੀ ਮੀਂਹ ਪੈਣ ਦੀਆਂ ਘਟਨਾਵਾਂ ਵਿਚ 1950 ਤੋਂ 2015 ਤੱਕ 3 ਗੁਣਾਂ ਵਾਧਾ ਹੋਇਆ ਹੈ, ਜਿਸ ਨਾਲ ਹਰ ਸਾਲ ਭਾਰੀ ਜਾਨੀ ਅਤੇ ਮਾਲੀ ਨੁਕਸਾਨ ਹੁੰਦਾ ਹੈ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਭਾਵੇਂ ਪਿਛਲੇ ਦੋ ਦਹਾਕਿਆਂ ਵਿਚ ਦੁਨੀਆਂ ਦੇ ਕੁਝ ਦੇਸ਼ਾਂ ਨੂੰ ਛੱਡ ਕੇ, ਜਿਨ੍ਹਾਂ ਵਿਚ ਭਾਰਤ ਵੀ ਸ਼ਾਮਲ ਹੈ, ਬਾਕੀ ਦੇਸ਼ਾਂ ਵਿਚ ਹੜ੍ਹਾਂ ਤੋਂ ਹੋਣ ਵਾਲੀਆਂ ਮੌਤਾਂ ਦੀ ਗਿਣਤੀ ਵਿਚ ਤੇਜ਼ੀ ਨਾਲ ਕਮੀ ਆਈ ਹੈ, ਪਰ ਭਾਰਤ ਵਿਚ ਹੜ੍ਹ ਨਾਲ ਹੋਣ ਵਾਲੀਆਂ ਮੌਤਾਂ ਵਿਚ ਹਾਲੇ ਵੀ ਵਾਧਾ ਹੋ ਰਿਹਾ ਹੈ। 1996 ਤੋਂ 2006 ਤੱਕ 13,660 ਲੋਕਾਂ ਦੀ ਮੌਤ ਹੜ੍ਹਾਂ ਕਾਰਨ ਹੋਈ ਸੀ, ਜਿਨ੍ਹਾਂ ਦੀ ਗਿਣਤੀ 2006 ਤੋਂ 2015 ਤੱਕ ਦੇ ਅਰਸੇ ਵਿਚ ਵਧ ਕੇ 15,860 ਹੋ ਗਈ ਸੀ। ਹੜ੍ਹ ਆਉਣ ਪਿਛੋਂ ਹੈਜ਼ਾ, ਮਲੇਰੀਆ ਅਤੇ ਡੇਂਗੂ ਜਿਹੀਆਂ ਬਿਮਾਰੀਆਂ ਤੇਜ਼ੀ ਨਾਲ ਫੈਲਦੀਆਂ ਹਨ, ਜਿਸ ਦਾ ਅਸਰ ਗਰੀਬੀ ਦੇ ਭੰਨੇ ਕਮਜ਼ੋਰ ਤੇ ਕੁਪੋਸ਼ਿਤ ਬੱਚਿਆਂ 'ਤੇ ਵੱਧ ਪੈਂਦਾ ਹੈ।

2014 ਵਿਚ ਆਈ. ਪੀ. ਸੀ. ਸੀ. ਦੀ ਮੌਸਮੀ ਤਬਦੀਲੀਆਂ ਸਬੰਧੀ ਆਈ ਇਕ ਰਿਪੋਰਟ ਵਿਚ ਇਹ ਸਾਫ ਤੌਰ 'ਤੇ ਖੁਲਾਸਾ ਕੀਤਾ ਗਿਆ ਸੀ ਕਿ ਤਾਪਮਾਨ ਦੇ ਵਾਧੇ ਨਾਲ ਕੁਦਰਤੀ ਆਫਤਾਂ ਦੀ ਗਿਣਤੀ ਅਤੇ ਉਨ੍ਹਾਂ ਦੀ ਮਾਰ ਵਿਚ ਤੇਜ਼ੀ ਨਾਲ ਵਾਧਾ ਹੋਵੇਗਾ, ਜਿਸ ਨਾਲ ਫਸਲਾਂ ਦਾ ਝਾੜ ਘਟੇਗਾ ਅਤੇ ਦੁਨੀਆਂ ਦੇ ਕੁਝ ਦੇਸ਼ਾਂ ਵਿਚ ਸੋਕੇ ਦੇ ਹਾਲਾਤ ਪੈਦਾ ਹੋ ਜਾਣਗੇ। ਉਸ ਰਿਪੋਰਟ ਵਿਚ ਇਹ ਵੀ ਕਿਹਾ ਗਿਆ ਸੀ ਕਿ ਭਵਿੱਖ ਵਿਚ ਕੌਮਾਂਤਰੀ ਪੱਧਰ 'ਤੇ ਪਾਣੀ ਦੀ ਥੁੜ੍ਹ ਕਾਰਨ ਵੀ ਲੜਾਈਆਂ ਹੋ ਸਕਦੀਆਂ ਹਨ। ਇਸ ਰਿਪੋਰਟ ਦੇ ਖੁਲਾਸੇ ਪਿਛੋਂ ਭਾਵੇਂ ਦੁਨੀਆਂ ਦੇ ਸਾਰੇ ਦੇਸ਼ਾਂ ਨੇ ਇੱਕਜੁੱਟ ਹੋ ਕੇ 2015 ਵਿਚ ਪੈਰਿਸ ਮੌਸਮੀ ਸੰਧੀ ਦੀ ਰੂਪ-ਰੇਖਾ ਉਲੀਕੀ ਸੀ, ਪਰ ਹਾਲੇ ਤੱਕ ਉਸ ਨੂੰ ਕਿਸੇ ਵੀ ਦੇਸ਼ ਨੇ ਅਮਲ ਵਿਚ ਲਿਆਉਣਾ ਸ਼ੁਰੂ ਨਹੀਂ ਕੀਤਾ।

22 ਸਤੰਬਰ 2019 ਨੂੰ ਮੌਸਮੀ ਤਬਦੀਲੀਆਂ ਨਾਲ ਸਬੰਧਿਤ ਜਾਰੀ ਹੋਈ 'ਯੂਨਾਈਟਿਡ ਇਨ ਸਾਇੰਸ' ਨਾਂ ਦੀ ਇਕ ਰਿਪੋਰਟ ਅਨੁਸਾਰ ਧਰਤੀ ਦਾ ਔਸਤ ਤਾਪਮਾਨ 2015 ਤੋਂ 2019 ਤੱਕ ਉਦਯੋਗੀਕਰਨ ਦੇ ਸਮੇਂ ਤੋਂ ਪਹਿਲਾਂ ਦੇ ਔਸਤ ਤਾਪਮਾਨ ਤੋਂ 1.1 ਡਿਗਰੀ ਸੈਲਸੀਅਸ ਵਧ ਗਿਆ ਹੈ। ਸੋਚਣ ਵਾਲੀ ਗੱਲ ਹੈ ਕਿ ਜੇ ਹਾਲੇ 1.1 ਡਿਗਰੀ ਸੈਲਸੀਅਸ ਤਾਪਮਾਨ ਵਧਣ ਨਾਲ ਹੀ ਕੁਦਰਤੀ ਆਫਤਾਂ ਦੀ ਮਾਰ ਵਿਚ ਇੰਨਾ ਵਾਧਾ ਹੋ ਗਿਆ ਹੈ ਤਾਂ 4 ਡਿਗਰੀ ਸੈਲਸੀਅਸ ਤਾਪਮਾਨ ਦੇ ਵਾਧੇ ਨਾਲ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਕੀ ਜਿਉਂਦੀਆਂ ਵੀ ਰਹਿ ਸਕਣਗੀਆਂ? ਜੇ ਹਾਂ, ਤਾਂ ਕਿਹੋ ਜਿਹੀ ਹਾਲਤ ਵਿਚ? ਨਹੀਂ ਤਾਂ ਉਸ ਦਾ ਜ਼ਿੰਮੇਵਾਰ ਕੌਣ ਹੈ?

ਮੌਸਮੀ ਤਬਦੀਲੀਆਂ ਦੀ ਮਾਰ ਦੀ ਭਿਆਨਕਤਾ ਨੂੰ ਦੇਖਦਿਆਂ ਸਵੀਡਨ ਦੀ 16 ਸਾਲਾ ਲੜਕੀ ਗਰੇਟਾ ਨੇ ਦੁਨੀਆਂ ਭਰ ਦੇ ਬੱਚਿਆਂ ਨਾਲ ਟਵਿਟਰ, ਫੇਸਬੁੱਕ ਆਦਿ ਰਾਹੀਂ ਜੁੜ ਕੇ ਧਰਤੀ ਉਤੇ ਵਧਦੇ ਤਾਪਮਾਨ 'ਤੇ ਠੱਲ੍ਹ ਪਾਉਣ ਲਈ 'ਫਰਾਈਡੇਅ ਫਾਰ ਫਿਊਚਰ' ਅਤੇ 'ਕਲਾਈਮੇਟ ਸਟਰਾਈਕ' ਮੁਹਿੰਮ ਚਲਾਈ ਹੈ, ਜਿਸ ਨਾਲ ਇਹ ਬੱਚੇ ਦੁਨੀਆਂ ਦੇ ਸਾਰੇ ਦੇਸ਼ਾਂ ਦੇ ਨੇਤਾਵਾਂ ਨੂੰ ਗੁਹਾਰ ਲਾ ਰਹੇ ਹਨ ਕਿ ਜੇ ਤੁਸੀਂ ਆਪਣੇ ਬੱਚਿਆਂ ਦੇ ਭਵਿੱਖ ਦੀ ਜ਼ਰਾ ਜਿੰਨੀ ਵੀ ਪਰਵਾਹ ਕਰਦੇ ਹੋ ਤਾਂ ਬਿਨਾ ਸਮਾਂ ਗੁਆਏ ਗਰੀਨ ਹਾਊਸ ਗੈਸਾਂ ਦੀ ਨਿਕਾਸੀ ਵਿਚ ਤੇਜ਼ੀ ਨਾਲ ਕਟੌਤੀ ਕਰਨੀ ਸ਼ੁਰੂ ਕਰ ਦੇਵੋ। ਹੁਣ ਸਾਡੇ ਕੌਮਾਂਤਰੀ ਨੇਤਾਵਾਂ ਨੂੰ ਹੋਰ ਦੇਰੀ ਕੀਤੇ ਬਿਨਾ ਆਪਣੇ ਸੌੜੇ ਆਰਥਕ ਅਤੇ ਰਾਜਸੀ ਹਿੱਤਾਂ ਨੂੰ ਲਾਂਭੇ ਰੱਖ ਕੇ ਵਿਗਿਆਨੀਆਂ ਦੀ ਸਲਾਹ ਮੰਨ ਕੇ ਹਰ ਤਰ੍ਹਾਂ ਦੇ ਤਾਪਮਾਨ ਵਿਚ ਵਾਧਾ ਕਰਨ ਵਾਲੀਆਂ ਗੈਸਾਂ ਦੀ ਨਿਕਾਸੀ ਵਿਚ ਤੇਜ਼ੀ ਨਾਲ ਕਟੌਤੀ ਕਰਨ ਦੇ ਕੌਮੀ ਤੇ ਕੌਮਾਂਤਰੀ ਪੱਧਰ ਉਤੇ ਉਪਰਾਲੇ ਕਰਨੇ ਚਾਹੀਦੇ ਹਨ। ਇਸ ਦੇ ਨਾਲ ਨਾਲ ਉਨ੍ਹਾਂ ਨੂੰ ਚਾਹੀਦਾ ਹੈ ਕਿ ਵਾਤਾਵਰਣ ਦੇ ਮੁੱਦਿਆਂ ਉਤੇ ਜਾਗਰੂਕ ਹੋਏ ਬੱਚਿਆਂ ਦੀ ਗੱਲ ਤੇ ਉਨ੍ਹਾਂ ਦੇ ਭਵਿੱਖ ਨੂੰ ਸੁਰੱਖਿਅਤ ਬਣਾਉਣ ਲਈ ਉਨ੍ਹਾਂ ਦੀਆਂ ਮੰਗਾਂ ਨੂੰ ਅੱਖੋਂ-ਪਰੋਖੇ ਕਰਨ ਦੀ ਥਾਂ ਵਾਤਾਵਰਣ ਵਿਚ ਆ ਰਹੀਆਂ ਤਬਦੀਲੀਆਂ 'ਤੇ ਕਾਬੂ ਪਾਉਣ ਲਈ ਤੇਜ਼ੀ ਨਾਲ ਉਪਰਾਲੇ ਕਰਨੇ ਸ਼ੁਰੂ ਕਰ ਦੇਣ ਤਾਂ ਕਿ ਮੌਜੂਦਾ ਤੇ ਆਉਣ ਵਾਲੀਆਂ ਪੀੜ੍ਹੀਆਂ ਦੇ ਬੱਚਿਆਂ ਦਾ ਭਵਿੱਖ ਸੁਰੱਖਿਅਤ ਹੋ ਸਕੇ।

# ਕਤਲ, ਜੋ ਅਣਖ ਦੇ ਨਾਂ 'ਤੇ ਹੋ ਗਏ...

ਮਾਨਸਾ ਵਿਖੇ ਅਣਖ ਦੇ ਨਾਂ 'ਤੇ ਇਕ ਮਨੁੱਖ ਨੂੰ ਜਿਉਂਦਿਆਂ ਸਾੜ ਦੇਣਾ ਇਹ ਸਿੱਧ ਕਰਦਾ ਹੈ ਕਿ ਸਮਾਜ ਕਿੰਨੀ ਨਿਘਰੀ ਹਾਲਤ ਵਿਚ ਹੈ। ਅਰੂਸੀ ਕਤਲ ਕਾਂਡ ਦਾ ਫੈਸਲਾ ਚਰਚਾ ਵਿਚ ਰਿਹਾ। ਘਟਨਾਵਾਂ ਵਾਪਰਦੀਆਂ ਰਹਿੰਦੀਆਂ ਨੇ ਤੇ ਖਬਰਾਂ ਛਪਦੀਆਂ ਰਹਿੰਦੀਆਂ ਨੇ, ਹੌਲੀ-ਹੌਲੀ ਅਸੀਂ ਭੁਲ-ਭੁਲਾ ਵੀ ਜਾਂਦੇ ਹਾਂ।

ਜਦੋਂ ਅਜਿਹੀਆਂ ਘਟਨਾਵਾਂ ਵਾਪਰਦੀਆਂ ਨੇ ਤਾਂ ਇਕ ਵਾਰ ਅਣਖ ਦੇ ਨਾਂ 'ਤੇ ਹੁੰਦੇ ਕਤਲਾਂ ਦਾ ਮੁੱਦਾ ਫਿਰ ਚਰਚਾ ਵਿਚ ਆ ਜਾਂਦਾ ਹੈ। ਇਸ ਮਾਮਲੇ ਵਿਚ ਬਹੁਤ ਸਵਾਲ ਹਨ, ਜੋ ਸਾਡੇ ਤੋਂ ਜਵਾਬ ਮੰਗਦੇ ਨੇ ਤੇ ਜੇ ਅਸੀਂ ਇਨ੍ਹਾਂ ਸਵਾਲਾਂ ਨੂੰ ਸੰਜੀਦਗੀ ਨਾਲ ਨਾ ਹੱਲ ਕੀਤਾ ਤਾਂ ਇਤਿਹਾਸ

**ਪਰਮਜੀਤ ਸਿੰਘ ਕੱਟੂ**
ਫੋਨ: 91-70873-20578

ਸਾਡੇ 'ਤੇ ਸਵਾਲ ਕਰੇਗਾ। ਫਿਰ ਅਸੀਂ ਜਵਾਬ ਦੇਣ ਦਾ ਵੇਲਾ ਵਿਹਾ ਚੁਕੇ ਹੋਵਾਂਗੇ ਅਤੇ ਅਸੀਂ ਮੁਜ਼ਰਿਮਾਂ ਦੀ ਕਤਾਰ ਵਿਚ ਖੜ੍ਹੇ ਹੋਵਾਂਗੇ।

ਅਣਖ ਦੇ ਨਾਂ 'ਤੇ ਕਤਲਾਂ ਦੀ ਲੜੀ ਬਹੁਤ ਲੰਮੀ ਹੈ ਤੇ ਦਿਲ-ਦਹਿਲਾਊ ਵੀ।

ਇਤਿਹਾਸ 'ਤੇ ਸਰਸਰੀ ਨਜ਼ਰ ਮਾਰੀਏ ਤਾਂ ਪਤਾ ਚਲਦਾ ਹੈ ਕਿ ਮੈਸੋਪਟਾਮੀਆ ਸਭਿਅਤਾ ਵਿਚ 1075 ਈ. ਪੂ. ਅਸਾਈਰੀਅਨ ਲਾਅ ਸੀ, ਜਿਸ ਅਨੁਸਾਰ ਆਪਣਾ ਕੁਆਰਾਪਣ ਭੰਗ ਕਰਨ ਵਾਲੀ ਲੜਕੀ ਨੂੰ ਉਸ ਦਾ ਪਿਤਾ ਸਜ਼ਾ ਦੇਵੇਗਾ? ਇਸੇ ਤਰ੍ਹਾਂ 1790 ਈ. ਪੂ. ਬੇਬੀਲੋਨ 'ਚ ਕੋਡ ਆਫ ਹੈਮੁਰਾਬੀ ਜਾਰੀ ਕੀਤਾ ਗਿਆ, ਜਿਸ ਅਨੁਸਾਰ ਪਰ-ਪੁਰਸ਼ਗਾਮੀ ਜਾਂ ਪਰ-ਇਸਤਰੀਗਾਮੀ ਨੂੰ ਪਾਣੀ 'ਚ ਡਬੋ ਕੇ ਮਾਰ ਦਿੱਤਾ ਜਾਂਦਾ ਸੀ? ਇਤਿਹਾਸ ਦੇ ਬਹੁਤ ਸਾਰੇ ਪੜਾਅ ਲੰਘ ਗਏ ਤੇ ਇਹ ਕਤਲੇਆਮ ਜਾਰੀ ਰਿਹਾ, ਭਾਵੇਂ ਇਸ ਦੇ ਕਾਰਨ ਤੇ ਢੰਗ ਬਦਲਦੇ ਰਹੇ।

ਵਿਸ਼ਵ ਪੱਧਰ 'ਤੇ ਤਿੰਨ ਕਾਰਨਾਂ ਕਰਕੇ ਅਣਖ ਖਾਤਿਰ ਕਤਲ ਕੀਤੇ ਜਾਂਦੇ ਹਨ:

(ੳ) ਪਰਿਵਾਰ ਜਾਂ ਭਾਈਚਾਰੇ ਦੀ ਮਰਜ਼ੀ ਖਿਲਾਫ ਪਹਿਰਾਵਾ ਪਾਉਣਾ ਜਾਂ ਪ੍ਰਚਲਿਤ ਕਰਨਾ।

(ਅ) ਪਰਿਵਾਰ ਦੀ ਮਰਜ਼ੀ ਅਨੁਸਾਰ ਵਿਆਹ ਨਾ ਕਰਵਾਉਣਾ ਜਾਂ ਆਪਣੀ ਮਰਜ਼ੀ ਅਨੁਸਾਰ ਵਿਆਹ ਕਰਵਾਉਣਾ।

(ੲ) ਕਿਸੇ ਮਰਦ ਜਾਂ ਔਰਤ ਨਾਲ ਕਾਮ ਕ੍ਰੀੜਾ ਕਰਨਾ।

ਸਾਡੇ ਇਤਿਹਾਸ 'ਚ ਵੀ ਅਣਖ ਦੀ ਖਾਤਿਰ ਕਤਲ ਬਹੁਤ ਵੱਡੇ ਪੱਧਰ 'ਤੇ ਹੋਏ ਮਿਲਦੇ ਹਨ, ਜੋ ਵੰਡ ਸਮੇਂ 1947 ਤੋਂ ਲੈ ਕੇ 1950 ਦੌਰਾਨ ਵਾਪਰੇ। ਬਹੁਤ ਸਾਰੀਆਂ ਔਰਤਾਂ ਨੂੰ ਪਰਿਵਾਰ ਦੀ ਅਣਖ ਨੂੰ ਬਚਾਉਣ ਦੇ ਨਾਂ 'ਤੇ ਆਪਣਿਆਂ ਵੱਲੋਂ ਹੀ ਜ਼ਬਰਦਸਤੀ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਵੰਡ ਦੌਰਾਨ ਹੀ ਬਹੁਤ ਸਾਰੀਆਂ ਇਕ ਧਰਮ ਦੀਆਂ ਔਰਤਾਂ ਦੇ ਦੂਜੇ ਧਰਮ ਦੇ ਮਰਦਾਂ ਨਾਲ ਦੋਹਾਂ ਮੁਲਕਾਂ 'ਚ ਜ਼ਬਰਦਸਤੀ ਵਿਆਹ ਕੀਤੇ ਗਏ ਤੇ ਜਦੋਂ ਇਨ੍ਹਾਂ ਔਰਤਾਂ ਨੂੰ ਆਪਣੇ ਆਪਣੇ ਮੁਲਕ ਵਾਪਿਸ ਜਾਣ ਦਾ ਮੌਕਾ ਮਿਲਿਆ ਤਾਂ ਇਕ ਵਾਰ ਫਿਰ ਇਨ੍ਹਾਂ ਨੂੰ ਅਣਖ ਨੇ ਮਰਵਾ ਦਿੱਤਾ? ਇਸ ਪੱਖੋਂ ਦੇਸ਼ ਵੰਡ ਆਧੁਨਿਕ ਭਾਰਤ ਦੇ ਇਤਿਹਾਸ ਦਾ ਖੌਫਜ਼ਦਾ ਤੇ ਖਤਰਨਾਕ ਸਮਾਂ ਸੀ।

ਅਜੋਕੇ ਸਮੇਂ 'ਚ ਖਾਸ ਕਰ ਭਾਰਤ ਦੇ ਪ੍ਰਸੰਗ 'ਚ ਅਣਖ ਦੀ ਖਾਤਿਰ ਕਤਲ ਇਕ ਅਜਿਹੀ ਮੌਤ ਹੈ, ਜੋ ਪਰਿਵਾਰ ਜਾਂ ਸਕੇ ਸਬੰਧੀਆਂ ਵੱਲੋਂ ਉਸ ਔਰਤ ਜਾਂ ਮਰਦ ਜਾਂ ਦੋਹਾਂ ਨੂੰ ਦਿੱਤੀ ਜਾਂਦੀ ਹੈ, ਜੋ ਆਪਣੇ ਮਾਪਿਆਂ ਦੀ ਮਰਜ਼ੀ ਦੇ ਖਿਲਾਫ ਵਿਆਹ ਕਰਵਾਉਂਦੇ ਹਨ; ਜੋ ਆਪਣੇ ਹੀ ਗੋਤ 'ਚ ਜਾਂ ਹੋਰ ਜਾਤ 'ਚ ਵਿਆਹ ਕਰਵਾਉਂਦੇ ਹਨ, ਪਰ ਅਣਖ ਦੀ ਖਾਤਿਰ ਕਤਲ ਦੇ ਵਧੇਰੇ ਮਾਮਲੇ ਅੰਤਰਜਾਤੀ ਵਿਆਹ ਕਰਵਾਉਣ ਕਰਕੇ ਸਾਹਮਣੇ ਆਉਂਦੇ ਹਨ, ਜੋ ਬਹੁਤ ਹਿੰਸਕ ਹੁੰਦੇ ਹਨ, ਖਾਸ ਕਰ ਉਦੋਂ, ਜਦੋਂ ਕੁੜੀ ਕਿਸੇ ਦਲਿਤ ਜਾਂ ਕਥਿਤ ਨੀਵੀਂ ਜਾਤ ਦੇ ਲੜਕੇ ਨਾਲ ਵਿਆਹ ਕਰਵਾਉਂਦੀ ਹੈ? ਵਧੇਰੇ ਕਤਲ ਉਥੇ ਹੁੰਦੇ ਹਨ, ਜਿਥੇ ਖਾਪ ਪੰਚਾਇਤਾਂ ਦਾ ਸਿੱਕਾ ਚਲਦਾ ਹੈ, ਭਾਵ ਜਾਤ ਇਸ ਵਰਤਾਰੇ ਦੇ ਵਾਪਰਨ ਦਾ ਮੁੱਖ ਕਾਰਨ ਹੈ?

ਅਣਖ ਦੀ ਖਾਤਿਰ ਹੋ ਰਿਹਾ ਕਤਲੇਆਮ ਹੁਣ ਮੋੜਵਾਂ ਰੂਪ ਵੀ ਅਖਤਿਆਰ ਕਰ ਰਿਹਾ ਹੈ, ਜਿਸ ਵਿਚ ਪ੍ਰੇਮੀ ਜੋੜੇ ਮੋੜਵੇਂ ਰੂਪ 'ਚ ਆਪਣੇ ਪਰਿਵਾਰਕ ਮੈਂਬਰਾਂ ਨੂੰ ਕਤਲ ਕਰਨ ਦੇ ਰਾਹ ਤੁਰ ਪਏ ਹਨ। ਅਜਿਹਾ ਵਾਪਰਨਾ ਸੁਭਾਵਿਕ ਹੈ, ਕਿਉਂਕਿ ਮਨੁੱਖ ਨਾ ਚਾਹੁੰਦਿਆਂ ਵੀ ਜਦੋਂ ਆਪਣਾ ਖਤਰਾ ਟਾਲਦਾ ਹੈ ਤਾਂ ਹੋਰ ਖਤਰੇ ਸਹੇੜ ਲੈਂਦਾ ਹੈ।

ਅਣਖ ਦੇ ਨਾਂ 'ਤੇ ਕੀਤਾ ਕਤਲ ਕਾਨੂੰਨ ਅਨੁਸਾਰ ਕਤਲ ਹੀ ਹੈ ਤੇ ਸਜ਼ਾ ਪੱਖੋਂ ਕੋਈ ਛੋਟ ਨਹੀਂ, ਸਗੋਂ ਜੋ ਕਤਲ ਬੇਰਹਿਮੀ ਨਾਲ ਕੀਤੇ ਜਾਂਦੇ ਹਨ, ਉਥੇ ਦੋਸ਼ੀ ਨੂੰ ਫਾਂਸੀ ਦੀ ਸਜ਼ਾ ਵੀ ਹੋ ਸਕਦੀ ਹੈ। ਜ਼ਿਕਰਯੋਗ ਹੈ ਕਿ ਅਜਿਹੇ ਕਤਲ ਕਰਨ ਵਾਲਿਆਂ ਨੂੰ ਲੱਗਦਾ ਹੈ ਕਿ ਉਹ ਅਖੌਤੀ ਬੇਇੱਜਤੀ ਦਾ ਦਾਗ ਇਸ ਤਰ੍ਹਾਂ ਧੋ ਲੈਣਗੇ, ਪਰ ਵਾਪਰਦਾ ਇਸ ਦੇ ਬਿਲਕੁਲ ਉਲਟ ਹੈ, ਨਾ ਸਿਰਫ ਉਹ ਕਿਸੇ ਦੀ ਜ਼ਿੰਦਗੀ ਖਤਮ ਕਰ ਦਿੰਦੇ ਹਨ, ਸਗੋਂ ਖੁਦ ਵੀ ਕੈਦ ਕੱਟਦੇ ਹਨ ਤੇ ਉਮਰ ਭਰ ਆਪਣੇ ਆਪ ਨੂੰ ਗੁਨਾਹਗਾਰ ਵੀ ਸਮਝਦੇ ਰਹਿੰਦੇ ਹਨ। ਉਹੀ ਸਮਾਜ, ਜਿਸ ਵਿਚ ਆਪਣੀ ਨੱਕ ਸਲਾਮਤ ਰੱਖਣ ਲਈ ਲੋਕ ਕਤਲ ਕਰਦੇ ਹਨ, ਕਾਤਲਾਂ ਨੂੰ ਕੁੜੀਮਾਰ ਵੀ ਕਹਿੰਦਾ ਰਹਿੰਦਾ ਹੈ। ਭਾਵ ਇਨਸਾਨ ਵੀ ਖੋ ਲੈਂਦੇ ਹਨ ਤੇ ਮਾਣ ਵੀ। ਪੱਲੇ ਰਹਿ ਜਾਂਦਾ ਹੈ ਸਿਰਫ ਪਛਤਾਵਾ।

ਇਹ ਮਾਮਲਾ ਉਵੇਂ ਹੀ ਹੈ, ਜਿਵੇਂ ਅੱਜ ਤੋਂ ਕਈ ਦਹਾਕੇ ਪਹਿਲਾਂ ਸਤੀ ਪ੍ਰਥਾ ਨੂੰ ਜਾਇਜ਼ ਸਮਝਦੇ ਲੋਕਾਂ ਲਈ ਵਿਧਵਾ ਹੋਈ ਔਰਤ ਨੂੰ ਸਤੀ ਕਰਨਾ ਜਿੰਨਾ ਕੁ ਸਹੀ ਲਗਦਾ ਸੀ, ਉਨਾ ਹੀ ਕੁਝ ਲੋਕਾਂ ਨੂੰ ਅਣਖ ਦੀ ਖਾਤਿਰ ਕਤਲ ਜਾਇਜ਼ ਲੱਗਦਾ ਹੈ। ਜਿਵੇਂ ਇਤਿਹਾਸ ਨੇ ਇਹ ਦਿਖਾ ਦਿੱਤਾ ਹੈ ਕਿ ਸਤੀ ਪ੍ਰਥਾ ਵੀ ਪਸ਼ੂਪੁਣਾ ਸੀ, ਉਵੇਂ ਅਣਖ ਦੀ ਖਾਤਿਰ ਕਤਲ ਵੀ ਇਤਿਹਾਸ ਦੇ ਪੰਨਿਆਂ 'ਤੇ ਪਸ਼ੂਪੁਣੇ ਵਜੋਂ ਦਰਜ ਹੋਣਗੇ। ਸ਼ਾਇਦ ਅਜਿਹੀਆਂ ਹਾਲਤਾਂ ਬਾਰੇ ਹੀ ਸ਼ਾਇਰਾ ਸਾਰਾ ਸ਼ਗੁਫਤਾ ਨੇ ਲਿਖਿਆ ਹੈ,

ਅਸੀਂ ਅੱਜ ਵੀ ਸਤੀ ਹੋ ਰਹੀਆਂ
ਬਸ ਚਿਖਾ ਦਾ ਅੰਦਾਜ਼ ਬਦਲ ਗਿਆ ਹੈ।

ਬਿਨਾ ਸ਼ੱਕ ਮੌਜੂਦਾ ਦੌਰ ਵਿਚ ਆਈ ਸੂਚਨਾ ਕ੍ਰਾਂਤੀ ਨੇ ਪੀੜ੍ਹੀ ਪਾੜੇ ਨੂੰ ਬਹੁਤ ਵਧਾ ਦਿੱਤਾ ਹੈ। ਨਵੀਂ ਪੀੜ੍ਹੀ ਸੂਚਨਾ ਕ੍ਰਾਂਤੀ ਦੇ ਜ਼ਰੀਏ ਬਾਹਰੀ, ਖਾਸ ਕਰ ਪੱਛਮੀ ਸਭਿਅਤਾ ਦੇ ਖੁੱਲ੍ਹੇਪਣ ਤੋਂ ਬੇਹੱਦ ਪ੍ਰਭਾਵਿਤ ਹੋ ਰਹੀ ਹੈ, ਮਾਨਸਿਕ ਤੌਰ 'ਤੇ ਬਹੁਤ ਅਜ਼ਾਦ ਮਹਿਸੂਸ ਕਰਦੀ ਹੈ, ਪਰ ਜ਼ਮੀਨੀ ਹਕੀਕਤਾਂ 'ਤੇ ਹਾਲੇ ਵੀ ਪਰੰਪਰਾ ਦੀ ਪੀਡੀ ਪਕੜ ਹੋਣ ਕਰਕੇ ਖੂਨੀ ਟਕਰਾਅ ਵਾਪਰ ਰਿਹਾ ਹੈ। ਪੱਛਮੀ ਸਮਾਜਾਂ ਦੀ ਇਹ ਸਮੱਸਿਆ ਹੀ ਨਹੀਂ ਕਿ ਮੁੰਡੇ-ਕੁੜੀ ਦੇ ਸਬੰਧਾਂ ਵਿਚ ਜਾਤ, ਜਮਾਤ ਤੇ ਜਾਇਦਾਦ ਹੀ ਨਿਰਣਾਇਕ ਹੋਣ। ਉਨ੍ਹਾਂ ਲਈ ਸੋਚ, ਸੁਹੱਪਣ ਤੇ ਸੁਪਨੇ ਵਧੇਰੇ ਮਾਇਨੇ ਰੱਖਦੇ ਹਨ। ਅਸਲ ਵਿਚ ਉਨ੍ਹਾਂ ਸਮਾਜਾਂ ਵਿਚ ਜੋ ਵੀ ਵਾਪਰ ਰਿਹਾ ਹੈ, ਉਥੋਂ ਦੇ ਸਥਾਨਕ ਹਾਲਾਤ ਦੇ ਵਿਕਾਸ ਦੀ ਵਿਸ਼ੇਸ਼ ਦੇਣ ਹੈ, ਜਿਸ ਕਰਕੇ ਸਾਡੇ ਸਮਾਜ ਲਈ ਜੋ ਅਣਹੋਣੀ ਹੈ, ਉਨ੍ਹਾਂ ਲਈ ਸਮਾਜ ਦਾ ਸਹਿਜ ਹਿੱਸਾ ਹੀ ਹੈ।

ਇਥੇ ਇਹ ਵੀ ਸਪਸ਼ਟ ਕਰਨਾ ਬਣਦਾ ਹੈ ਕਿ ਅੰਤਰ-ਜਾਤੀ ਜਾਂ ਆਪਣੀ ਹੀ ਜਾਤ-ਗੋਤ ਵਿਚ ਕਰਵਾਇਆ ਪਿਆਰ-ਵਿਆਹ ਜ਼ਰੂਰੀ ਨਹੀਂ ਕਿ ਮੁੰਡੇ-ਕੁੜੀ ਦੀ ਸਹੀ ਚੋਣ ਹੀ ਹੋਵੇ, ਇਹ ਕਾਮੁਕਤਾ ਅਤੇ ਨਿਰੋਲ ਜਿਸਮਾਨੀ ਖਿੱਚ ਦਾ ਬੁਰਾ ਨਤੀਜਾ ਵੀ ਹੋ ਸਕਦਾ ਹੈ। ਅਜਿਹੇ ਮਾਮਲਿਆਂ ਵਿਚ ਇਨ੍ਹਾਂ ਜੋੜਿਆਂ ਪ੍ਰਤੀ ਸਮਾਜ ਦੀ ਪਹੁੰਚ ਕੀ ਹੋਵੇ? ਕੀ ਉਹ ਨਿਰਦਈ ਢੰਗ ਨਾਲ ਕਤਲ ਕਰ ਦਿੱਤੇ ਜਾਣ? ਆਖਰ ਇਸ ਸਾਰੇ ਕੁਝ ਵਿਚ ਸਾਡੇ ਸਮਾਜਕ, ਸਿਆਸੀ ਤੇ ਧਾਰਮਿਕ ਪ੍ਰਬੰਧ ਦੀ ਜ਼ਿੰਮੇਵਾਰੀ ਕਿਥੇ ਨਿਰਧਾਰਤ ਕੀਤੀ ਜਾਵੇ?

ਅਣਖ ਦੇ ਨਾਂ 'ਤੇ ਹੁੰਦੇ ਕਤਲਾਂ ਦਾ ਮਾਮਲਾ ਬਹੁਤ ਹੀ ਪੇਚੀਦਾ ਹੈ। ਇਸ ਬਾਰੇ ਹਾਲੇ ਤਕ ਗੰਭੀਰ ਚਿੰਤਨ ਅਤੇ ਕੋਈ ਠੋਸ ਹੱਲ ਸਾਹਮਣੇ ਨਹੀਂ ਆ ਰਿਹਾ। ਇਹ ਮਾਮਲਾ ਸਾਡੇ ਸਮਾਜ ਦੀ ਜਾਤੀ ਵਿਵਸਥਾ, ਅੰਤਰ-ਜਾਤੀ ਜਾਂ ਆਪਣੀ ਹੀ ਜਾਤ-ਗੋਤ ਵਿਚ ਪਿਆਰ-ਵਿਆਹ ਪ੍ਰਤੀ ਸਮਾਜ ਦਾ ਦ੍ਰਿਸ਼ਟੀਕੋਣ, ਵਿਸ਼ੇਸ਼ ਧਾਰਮਿਕ ਪਰੰਪਰਾਵਾਂ, ਅਨਪੜ੍ਹਤਾ, ਜਗੀਰੂ ਮਾਨਸਿਕਤਾ, ਮਰਦ ਪ੍ਰਧਾਨਗੀ ਅਤੇ ਔਰਤ ਦੀ ਦਸ਼ਾ ਤੇ ਦਿਸ਼ਾ ਨਾਲ ਸਿੱਧੇ ਤੌਰ 'ਤੇ ਜੁੜਿਆ ਹੋਇਆ ਹੈ। ਇਸ ਲਈ ਅਣਖ ਦੇ ਨਾਂ 'ਤੇ ਹੁੰਦੇ ਕਤਲਾਂ ਬਾਰੇ ਸੋਚਣ ਦੇ ਨਾਲ-ਨਾਲ ਇਸ ਨਾਲ ਜੁੜੇ ਮੁੱਦਿਆਂ ਨੂੰ ਮੁੜ ਵਿਚਾਰਨਾ ਹੋਵੇਗਾ ਅਤੇ ਇਨ੍ਹਾਂ ਨੂੰ ਹੱਲ ਕਰਨਾ ਹੋਵੇਗਾ।

ਕਾਨੂੰਨੀ ਤੌਰ 'ਤੇ ਵੀ, ਸਮਾਜਕ ਤੇ ਵਿਗਿਆਨਕ ਤੌਰ 'ਤੇ ਵੀ ਅੰਤਰ-ਜਾਤੀ ਵਿਆਹ ਸਮਾਜ ਦੇ ਵਿਕਾਸ ਲਈ ਬਹੁਤ ਅਹਿਮ ਹਨ। ਇਹਦੇ ਨਾਲ ਸਮਾਜ ਲਈ ਸਭ ਤੋਂ ਵੱਡੀ ਅਲਾਮਤ ਜਾਤ-ਪਾਤ ਦੀ ਜ਼ਹਿਰ ਘਟੇਗੀ, ਜੋ ਸਦੀਆਂ ਤੋਂ ਭਾਰਤੀ ਸਮਾਜ ਦੇ ਮੱਥੇ ਦਾ ਕਲੰਕ ਹੈ ਅਤੇ ਵਿਕਾਸ, ਅਖੰਡਤਾ, ਨੈਤਿਕਤਾ ਦੇ ਰਾਹ ਦਾ ਸਭ ਤੋਂ ਵੱਡਾ ਰੋੜਾ ਹੈ। ਆਰਥਕ ਬਰਾਬਰੀ ਆ ਸਕੇਗੀ। ਮਨੁੱਖੀ ਨਸਲ 'ਚ ਨਵੇਂ ਗੁਣ ਪੈਦਾ ਹੋ ਸਕਣਗੇ। ਸਭ ਤੋਂ ਵੱਡੀ ਗੱਲ ਆਮ ਮਨੁੱਖ ਮੌਤ ਦੇ ਖੌਫ ਤੋਂ ਬੇਖੌਫ ਹੋ ਕੇ ਕੁਝ ਨਵਾਂ ਸਿਰਜ ਸਕੇਗਾ ਅਤੇ ਅਸੀਂ ਦੋ ਇਨਸਾਨਾਂ ਨੂੰ ਮਨ ਮਰਜ਼ੀ ਤੇ ਆਜ਼ਾਦੀ ਨਾਲ ਜਿਉਣ ਦਾ ਹੱਕ ਦੇ ਰਹੇ ਹੋਵਾਂਗੇ।

# ਤਕਨੀਕੀ ਯੁੱਗ ਅਤੇ ਮਨੁੱਖ

## ਚਿਰਾਗ-ਡਾਰ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

**ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ-ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ! ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਹਾਣ-ਪਰਵਾਣ ਦੀ ਗੱਲ ਕੀਤੀ ਸੀ, "ਹਾਣੀ ਹੁੰਦੇ ਜੋ ਬਣ ਹੁੰਗਾਰਾ, ਹਾਕ ਦਾ ਹਾਸਲ ਬਣਦੇ; ਤਲਖੀਆਂ ਤੇ ਤੰਗੀਆਂ ਦੇ ਸਾਹਵੇਂ ਨੰਗੀਆਂ ਹਿੱਕਾਂ ਤਣਦੇ।...ਹਾਣੀ ਤਾਂ ਕੁਝ ਉਹ ਵੀ ਹੁੰਦੇ, ਜੋ ਹਮਰੁਤਬਾ ਬਣ ਕੇ ਧੋਖਾ, ਫਰੇਬ, ਕਪਟ ਅਤੇ ਬੇਵਫਾਈ ਪ੍ਰਗਟਾਉਂਦੇ।" ਹਥਲੇ ਲੇਖ ਵਿਚ ਡਾ. ਭੰਡਾਲ ਨੇ ਤਕਨਾਲੋਜੀ ਦੀਆਂ ਤੰਦਾਂ ਫਰੋਲਦਿਆਂ ਮਨੁੱਖ ਲਈ ਇਸ ਦੀਆਂ ਨਿਆਮਤਾਂ ਗਿਣੀਆਂ ਹਨ, ਪਰ ਨਾਲ ਹੀ ਉਨ੍ਹਾਂ ਸੁਚੇਤ ਕੀਤਾ ਹੈ ਕਿ ਤਕਨਾਲੋਜੀ 'ਤੇ ਮਨੁੱਖੀ ਨਿਰਭਰਤਾ ਬਹੁਤ ਖਤਰਨਾਕ ਹੋ ਸਕਦੀ ਹੈ। ਉਹ ਕਹਿੰਦੇ ਹਨ, "ਤਕਨਾਲੋਜੀ ਨੇ ਜਿਥੇ ਸੁੱਖ-ਸਹੂਲਤਾਂ ਪੈਦਾ ਕੀਤੀਆਂ, ਵਿਗਿਆਨਕ ਲੱਭਤਾਂ ਨਾਲ ਬਿਜਨਸ, ਖੇਡਾਂ, ਵਿਗਿਆਨ, ਵਿਦਿਆ, ਸਿਹਤ, ਮਨੋਰੰਜਨ ਅਤੇ ਰੋਜ਼ਾਨਾ ਜੀਵਨ ਦੇ ਵਿਭਿੰਨ ਖੇਤਰਾਂ ਵਿਚ ਜ਼ਿਕਰਯੋਗ ਬਿਹਤਰੀਨ ਤਬਦੀਲੀਆਂ ਲਿਆਂਦੀਆਂ ਹਨ, ਉਥੇ ਇਸ ਦੇ ਕੁਝ ਮਾੜੇ ਪ੍ਰਭਾਵ ਵੀ ਹਨ।" ਡਾ. ਭੰਡਾਲ ਨੇ ਚਿੰਤਾ ਜਾਹਰ ਕੀਤੀ ਹੈ, "ਸਮਾਜ ਦੀ ਸਭ ਤੋਂ ਨਿੱਕੀ ਪਰ ਅਹਿਮ ਇਕਾਈ ਪਰਿਵਾਰ ਨੂੰ ਵੀ ਤਕਨਾਲੋਜੀ ਨੇ ਨਿੱਕੇ ਨਿੱਕੇ ਦਾਇਰਿਆਂ ਵਿਚ ਵੰਡ ਦਿਤਾ ਏ।...ਤਕਨਾਲੋਜੀ ਨਾਲ ਮਿਲਦੀਆਂ ਸੁੱਖ-ਸਹੂਲਤਾਂ ਦੇ ਹਾਨੀਕਾਰਕ ਪੱਖਾਂ ਦਾ ਵੀ ਸਾਨੂੰ ਹੀ ਸਾਹਮਣਾ ਕਰਨਾ ਪੈਣਾ ਏ।" -ਸੰਪਾਦਕ**

ਊਬਰ ਦੁਨੀਆਂ ਦੀ ਸਭ ਤੋਂ ਵੱਡੀ ਟੈਕਸੀ ਕੰਪਨੀ ਹੈ, ਪਰ ਇਸ ਦੀ ਆਪਣੀ ਇਕ ਵੀ ਟੈਕਸੀ ਨਹੀਂ ਹੈ। ਸਿਰਫ ਇਕ ਐਪ ਸਦਕਾ ਦੁਨੀਆਂ ਵਿਚ ਛਾਈ ਹੋਈ ਇਹ ਕੰਪਨੀ ਨਵੀਆਂ ਤਬਦੀਲੀਆਂ ਦੀ ਸੂਚਕ ਹੈ। ਇਸ ਮਾਡਲ ਨਾਲ ਵਪਾਰਕ ਅਦਾਰਿਆਂ ਦਾ ਸਮੁੱਚਾ ਮੁਹਾਂਦਰਾ ਹੀ ਬਦਲਦਾ ਜਾ ਰਿਹਾ ਹੈ। ਤਕਨੀਕ ਨਾਲ ਮਨੁੱਖੀ ਗਲਤੀਆਂ ਦਾ ਘਟਣਾ, ਮਨੁੱਖੀ ਕਾਮਿਆਂ ਦੀ ਅਣਹੋਂਦ, ਕੰਮ ਵਿਚ ਪੂਰਨ ਮੁਹਾਰਤ ਅਤੇ ਸਸਤੀਆਂ ਸੇਵਾਵਾਂ ਦੀ ਸਹੂਲਤ-ਇਸ ਦਾ ਮੁੱਖ ਉਦੇਸ਼। ਕੋਈ ਲੋੜ ਨਹੀਂ ਟੈਕਸੀ ਦੀਆਂ ਮਹਿੰਗੀਆਂ ਪਲੇਟਾਂ ਖਰੀਦਣ ਦੀ। ਊਬਰ ਕਰਕੇ ਪੱਛਮੀ ਦੇਸ਼ਾਂ ਵਿਚ ਟੈਕਸੀ ਦੀਆਂ ਪਲੇਟਾਂ ਦੀ ਕੀਮਤ ਬਹੁਤ ਹੇਠਾਂ ਡਿੱਗ ਪਈ ਹੈ ਅਤੇ ਟੈਕਸੀ ਦੇ ਬਿਜਨਸ ਵਿਚ ਮੰਦਹਾਲੀ ਦਾ ਦੌਰ ਹੈ।

ਏ. ਆਰ. ਬੀ. ਦੁਨੀਆਂ ਦੀ ਸਭ ਤੋਂ ਵੱਡੀ ਹੋਟਲ ਕੰਪਨੀ ਹੈ, ਜੋ ਰਿਜ਼ੋਰਟਸ, ਹੋਟਲ ਆਦਿ ਦੀਆਂ ਸਹੂਲਤਾਂ ਦੁਨੀਆਂ ਭਰ ਵਿਚ ਮੁਹੱਈਆ ਕਰਵਾਉਂਦੀ ਹੈ, ਪਰ ਇਸ ਦਾ ਆਪਣਾ ਇਕ ਵੀ ਹੋਟਲ ਨਹੀਂ। ਸਿਰਫ ਇਕ ਸਾਫਟਵੇਅਰ ਦੇ ਆਸਰੇ ਹੀ ਵੱਡੀ ਕਮਾਈ ਕਰ ਰਹੀ ਹੈ।

ਬਿਜਨਸ ਮਾਡਲ ਦਾ ਬਦਲਨਾ, ਇੰਡਸਟਰੀ ਅਤੇ ਹੋਰ ਬਹੁਤ ਸਾਰੇ ਖੇਤਰਾਂ ਵਿਚ ਨਵੀਆਂ ਸੰਭਾਵਨਾਵਾਂ ਅਤੇ ਤਬਦੀਲੀਆਂ ਲਿਆ ਰਿਹਾ ਹੈ, ਜਿਸ ਦਾ ਕਿਆਸ ਵੀ ਨਹੀਂ ਕੀਤਾ ਜਾ ਸਕਦਾ। ਇਹ ਤਬਦੀਲੀਆਂ ਸਿਹਤ, ਵਿਦਿਆ, ਮਸਨੂਈ ਲਿਆਕਤ, ਮਾਰਕੀਟਿੰਗ, ਖੇਤੀਬਾੜੀ ਅਤੇ 3-ਡੀ ਪ੍ਰਿੰਟਿੰਗ ਵਿਚ ਬਹੁਤ ਜਲਦੀ ਆ ਰਹੀਆਂ ਹਨ। ਦਸ ਕੁ ਸਾਲ ਤੱਕ ਮੁਹਾਂਦਰਾ ਪੂਰਨ ਤੌਰ 'ਤੇ ਬਦਲ ਜਾਵੇਗਾ।

ਆਈ. ਬੀ. ਐਮ. ਵਲੋਂ ਅਮਰੀਕਾ ਵਿਚ



ਐਪ ਰਾਹੀਂ ਕਾਨੂੰਨੀ ਜਾਣਕਾਰੀ ਮੁਹੱਈਆ ਕਰਵਾਈ ਜਾ ਰਹੀ ਹੈ, ਜੋ 90% ਤੱਕ ਸਹੀ ਹੁੰਦੀ ਹੈ। ਇਸੇ ਤਰ੍ਹਾਂ ਇਨਕਮ ਟੈਕਸ ਭਰਨ ਵਾਲੇ ਸਾਫਟਵੇਅਰ ਰਾਹੀਂ ਬਹੁਤ ਘੱਟ ਪੈਸਿਆਂ ਨਾਲ ਟੈਕਸ ਭਰ ਸਕਦੇ ਹੋ। ਕਿਸੇ ਕੋਲੋਂ ਟੈਕਸ ਭਰਵਾਉਣ ਦੀ ਲੋੜ ਹੀ ਨਹੀਂ। ਐਪ ਰਾਹੀਂ ਕੈਂਸਰ ਦਾ ਪਤਾ ਬਹੁਤ ਅਸਾਨੀ ਨਾਲ ਲਾਇਆ ਜਾ ਸਕਦਾ ਹੈ। ਅਮਾਜ਼ੋਨ ਨੇ ਤਾਂ ਅਜਿਹੇ ਵੇਅਰਹਾਊਸ ਅਤੇ ਸਟੋਰ ਵੀ ਖੋਲ੍ਹਣੇ ਸ਼ੁਰੂ ਕਰ ਦਿਤੇ ਹਨ, ਜਿਥੇ ਸਾਰੀ ਦੇਖ-ਰੇਖ ਅਤੇ ਖਰੀਦੋ-ਫਰੋਖਤ ਦਾ ਸਮੁੱਚਾ ਪ੍ਰਬੰਧ ਕੰਪਿਊਟਰ ਰਾਹੀਂ ਹੁੰਦਾ ਹੈ। ਕਾਮਿਆਂ ਦੀ ਗੈਰ-ਹਾਜ਼ਰੀ ਵਿਚ ਮੁਨਾਫਾ ਵੀ ਵੱਧ ਹੁੰਦਾ ਹੈ। 2022 ਤੱਕ ਨਿੱਜੀ ਕਾਰਾਂ ਦੀ ਗਿਣਤੀ ਬਹੁਤ ਘੱਟ ਜਾਵੇਗੀ ਕਿਉਂਕਿ ਫੋਨ ਰਾਹੀਂ ਬਿਨਾ ਡਰਾਈਵਰ ਦੇ ਕਾਰ ਤੁਹਾਡੇ ਘਰ ਆ ਜਾਵੇਗੀ ਅਤੇ ਤੁਸੀਂ ਬਹੁਤ ਘੱਟ ਕਿਰਾਏ ਨਾਲ ਕਿਧਰੇ ਵੀ ਜਾ ਸਕਦੇ ਹੋ। ਸਾਡੇ ਬੱਚਿਆਂ ਨੂੰ ਡਰਾਈਵਿੰਗ ਲਾਇਸੈਂਸ ਦੀ ਲੋੜ ਹੀ ਨਹੀਂ ਰਹੇਗੀ। 2030 ਤੱਕ ਸੜਕਾਂ 'ਤੇ ਕਾਰਾਂ ਦੀ ਗਿਣਤੀ 80% ਤੱਕ ਘੱਟ ਜਾਵੇਗੀ, ਜਿਸ ਨਾਲ ਟ੍ਰੈਫਿਕ ਦਾ ਘੜਮੱਸ ਨਹੀਂ ਹੋਵੇਗਾ। ਖਾਲੀ ਕਾਰ ਪਾਰਕਿੰਗਾਂ ਪਾਰਕ ਬਣ ਜਾਣਗੀਆਂ। ਕਾਰ-ਕੰਪਨੀਆਂ ਕੰਗਾਲ ਹੋ ਜਾਣਗੀਆਂ। ਹਾਦਸੇ ਘਟ ਜਾਣਗੇ ਅਤੇ ਇਸ ਨਾਲ ਹੋਣ ਵਾਲੀਆਂ ਮੌਤਾਂ ਅਤੇ ਨੁਕਸਾਨ ਵੀ ਘਟਣਗੇ। ਫਿਰ ਕਾਰ ਇੰਸ਼ੋਰੈਂਸ ਨੂੰ ਕਿਸ ਨੇ ਪੁੱਛਣਾ?

ਦਫਤਰਾਂ ਵਿਚ ਕੰਮ ਕਰਨ ਵਾਲਾ ਅਜੋਕਾ ਮਾਡਲ ਖਤਮ ਹੋ ਜਾਵੇਗਾ ਅਤੇ ਲੋਕ ਘਰਾਂ ਵਿਚ ਜਾਂ ਸਫਰ ਕਰਦਿਆਂ ਹੀ ਕੰਮ ਕਰੀ ਜਾਣਗੇ। ਅਜਿਹਾ ਵਰਤਾਰਾ ਤਾਂ ਕਈ ਅਦਾਰਿਆਂ ਨੇ ਸ਼ੁਰੂ ਵੀ ਕਰ ਦਿਤਾ ਏ। ਅਮਰੀਕਾ ਵਿਚ ਕਈ ਕੰਪਨੀਆਂ ਵਿਚ ਜ਼ਿਆਦਾਤਰ ਲੋਕ ਕੰਪਿਊਟਰ 'ਤੇ ਘਰੋਂ ਹੀ ਕੰਮ ਕਰ ਰਹੇ ਹਨ, ਵੀਡੀਓ ਕਾਨਫਰੰਸਾਂ ਵਿਚ ਵੀ ਸ਼ਾਮਲ ਹੋ ਰਹੇ ਹਨ। ਇੰਟਰਵਿਊ ਵੀ ਹੋ ਰਹੀਆਂ ਨੇ। ਇਹ ਸੜਕੀ ਆਵਾਜਾਈ ਦੇ ਘਟਣ ਦਾ ਕਾਰਨ ਬਣੇਗੀ। ਬਿਜਲੀ ਦੀਆਂ ਕਾਰਾਂ ਕਾਰਨ ਪ੍ਰਦੂਸ਼ਣ ਘਟੇਗਾ ਅਤੇ ਪੈਟਰੋਲ ਦੀਆਂ ਕੀਮਤਾਂ ਬਹੁਤ ਘੱਟ ਜਾਣਗੀਆਂ।

ਅਤਿ-ਆਧੁਨਿਕ ਤਕਨਾਲੋਜੀ ਨਾਲ ਦੁਨੀਆਂ ਭਰ ਵਿਚ ਸੂਰਜੀ ਊਰਜਾ ਨੂੰ ਵੱਡੀ ਪੱਧਰ 'ਤੇ ਵਰਤਿਆ ਜਾਵੇਗਾ, ਜਿਸ ਨਾਲ ਬਿਜਲੀ ਦੀ ਕੀਮਤ ਬਹੁਤ ਨਿਗੂਣੀ ਹੋ ਜਾਵੇਗੀ। ਕੋਲੇ ਜਾਂ ਐਟਮੀ ਪਲਾਂਟਾਂ ਨਾਲ ਤਿਆਰ ਕੀਤੀ ਜਾ ਰਹੀ ਬਿਜਲੀ ਦੇ ਪਲਾਂਟ ਬੰਦ ਹੋ ਜਾਣਗੇ, ਜੋ ਕਿਸੇ ਅਜਾਇਬ ਘਰ ਦਾ ਰੂਪ ਵਟਾ ਲੈਣਗੇ। 2025 ਤੱਕ ਕੋਲੇ ਅਤੇ ਤੇਲ ਕੰਪਨੀਆਂ ਨੂੰ ਆਪਣਾ ਕਾਰੋਬਾਰ ਸਮੇਟਣਾ ਪਵੇਗਾ। ਅਰਬ ਦੇਸ਼ਾਂ ਦੀ ਹਾਲਤ ਪਤਲੀ ਹੋ ਜਾਵੇਗੀ।

ਕੰਪਿਊਟਰ ਕੰਪਨੀਆਂ ਇਕ ਅਜਿਹਾ ਸਾਫਟਵੇਅਰ ਤਿਆਰ ਕਰਨ ਵਿਚ ਰੁੱਝੀਆਂ ਹੋਈਆਂ ਨੇ, ਜਿਸ ਨਾਲ ਫੋਨ ਵਿਚ ਡਾਊਨਲੋਡ ਕੀਤੇ ਮੈਡੀਕਲ ਐਪ ਨਾਲ ਮਨੁੱਖ ਦੇ ਸਾਹ ਤੋਂ ਹੀ ਕਰੀਬ 54 ਬਿਮਾਰੀਆਂ ਦਾ ਪਤਾ ਅਸਾਨੀ ਨਾਲ ਲਾਇਆ ਜਾ ਸਕੇਗਾ। ਇਸ ਨਾਲ ਵੱਡੀਆਂ ਲੈਬਾਰਟਰੀਆਂ ਵਿਹਲੀਆਂ ਹੋ ਜਾਣਗੀਆਂ। ਸਿਹਤ ਸਹੂਲਤਾਂ ਬਹੁਤ ਹੀ ਆਸਾਨੀ ਨਾਲ ਹਰ ਇਕ ਦੀ ਪਹੁੰਚ ਵਿਚ ਹੋਣ ਨਾਲ ਲਾ-ਇਲਾਜ ਬਿਮਾਰੀਆਂ ਦਾ ਛੇਤੀ ਪਤਾ ਲੱਗਣਾ ਅਤੇ ਇਨ੍ਹਾਂ ਦਾ ਜਲਦੀ ਇਲਾਜ ਅਸਾਨ ਹੋ ਜਾਵੇਗਾ।

ਦਰਅਸਲ 2030 ਤੱਕ ਕੰਪਿਊਟਰ ਮਨੁੱਖ ਤੋਂ ਵੱਧ ਸਿਆਣੇ ਹੋ ਜਾਣਗੇ। ਅਜਿਹਾ ਹੁਣ ਤੋਂ ਹੀ ਜੀਵਨ ਵਿਚ ਵਾਪਰਨ ਲੱਗ ਪਿਆ ਹੈ। ਵੱਖੋ-ਵੱਖਰੇ ਐਪ ਮਨੁੱਖ ਨੂੰ ਇਨ੍ਹਾਂ ਦਾ ਗੁਲਾਮ ਵੀ ਬਣਾ ਰਹੇ ਨੇ ਅਤੇ ਸਹੂਲਤਾਂ ਵੀ ਦੇ ਰਹੇ ਨੇ। ਨਿੱਕੇ ਜਿਹੇ ਫੋਨ ਨੇ ਕੈਮਰੇ, ਵੀਡੀਓ ਕੈਮਰੇ, ਕੈਲਕੁਲੇਟਰ, ਕੰਪਿਊਟਰ ਆਦਿ ਦਾ ਬਦਲ ਬਣ ਕੇ ਸਿਹਤ, ਬੈਂਕਿੰਗ, ਮਨੋਰੰਜਨ, ਐਜੂਕੇਸ਼ਨ, ਸ਼ੋਸ਼ਲ ਮੀਡੀਆ ਆਦਿ ਬਹੁਤ ਕੁਝ ਅਜਿਹਾ ਮਨੁੱਖੀ ਪਹੁੰਚ ਵਿਚ ਕਰ ਦਿਤਾ ਹੈ, ਜਿਸ ਦਾ ਕਿਆਸ ਵੀ ਨਹੀਂ ਸੀ ਕੀਤਾ ਜਾ ਸਕਦਾ।

ਤਕਨਾਲੋਜੀ ਨੇ ਜਿਥੇ ਸੁੱਖ-ਸਹੂਲਤਾਂ ਪੈਦਾ ਕੀਤੀਆਂ, ਵਿਗਿਆਨਕ ਲੱਭਤਾਂ ਨਾਲ ਬਿਜਨਸ, ਖੇਡਾਂ, ਵਿਗਿਆਨ, ਵਿਦਿਆ, ਸਿਹਤ, ਮਨੋਰੰਜਨ ਅਤੇ ਰੋਜ਼ਾਨਾ ਜੀਵਨ ਦੇ ਵਿਭਿੰਨ ਖੇਤਰਾਂ ਵਿਚ ਜ਼ਿਕਰਯੋਗ ਬਿਹਤਰੀਨ ਤਬਦੀਲੀਆਂ ਲਿਆਂਦੀਆਂ ਹਨ, ਉਥੇ ਇਸ ਨੇ ਮਨੁੱਖੀ ਜੀਵਨ ਨੂੰ ਵੀ ਬਹੁਤ ਸਾਰੇ ਤਰੀਕਿਆਂ ਨਾਲ ਪ੍ਰਭਾਵਿਤ ਕੀਤਾ ਹੈ। ਇਸ ਦੇ ਕੁਝ ਚੰਗੇ ਤੇ ਨਾਲ ਨਾਲ ਕੁਝ ਮਾੜੇ ਪ੍ਰਭਾਵ ਵੀ ਹਨ। ਚੰਗੇ ਪ੍ਰਭਾਵ ਜੀਵਨ ਨੂੰ ਹੋਰ ਸਿਹਤਮੰਦ ਅਤੇ ਸੁੰਦਰ ਬਣਾਉਣ ਵਿਚ ਵੱਡਮੁੱਲਾ ਯੋਗਦਾਨ ਪਾਉਂਦੇ ਹਨ, ਜਦੋਂ ਕਿ ਮਾੜੇ ਪ੍ਰਭਾਵ ਜੀਵਨ ਦੀ ਸਾਰਥਕਤਾ ਨੂੰ ਨਾਂਹ-ਵਾਚਕ ਬਣਾ ਕੇ, ਜੀਵਨੀ ਤੰਗਦਸਤੀਆਂ, ਅਲਾਮਤਾਂ ਪਿਛੋਂ ਅਲਾਹੁਣੀਆਂ ਬਣਨ ਤੀਕ ਦਾ ਸਫਰ ਕਰਦੀਆਂ ਨੇ।

ਸਮਾਜ ਦੀ ਸਭ ਤੋਂ ਨਿੱਕੀ ਪਰ ਅਹਿਮ ਇਕਾਈ ਪਰਿਵਾਰ ਹੈ ਅਤੇ ਤਕਨਾਲੋਜੀ ਨੇ ਪਰਿਵਾਰ ਨੂੰ ਨਿੱਕੇ ਨਿੱਕੇ ਦਾਇਰਿਆਂ ਵਿਚ ਵੰਡ ਦਿਤਾ ਏ। ਆਪੋ ਆਪਣੇ ਫੋਨਾਂ 'ਤੇ ਰੁੱਝੇ, ਵੀਡੀਓ ਗੇਮਾਂ, ਚੈਟਿੰਗ ਜਾਂ ਅਕਾਰਥ ਹੀ ਫੋਨ 'ਤੇ ਲੱਗੇ ਹੋਏ ਜੀਆਂ ਵਿਚ ਆਪਸੀ ਸੰਵਾਦ ਗੁੰਮ ਗਿਆ ਹੈ। ਨਿੱਜਤਾ ਦਾ ਭਾਰੂ ਹੋਣਾ, ਬੰਦੇ ਨੂੰ ਨਿੱਜੀ ਖੋਲ ਵਿਚ ਬੰਦ ਕਰਨ ਲਈ ਉਤਾਵਲਾ ਏ। ਮੇਰਾ ਗਵਾਂਢੀ ਗੋਰਾ ਅਮਰੀਕਾ ਵਿਚ ਨੌਜਵਾਨਾਂ ਦੀਆਂ ਸਮੱਸਿਆਵਾਂ ਨਾਲ ਸਬੰਧਤ ਸੰਸਥਾ ਵਿਚ ਕੰਮ ਕਰਦਾ ਹੈ। ਉਸ ਦਾ ਕਹਿਣਾ ਹੈ ਕਿ ਕੰਪਿਊਟਰ ਅਤੇ ਕੈਲਕੁਲੇਟਰ ਕਾਰਨ ਮਨੁੱਖ ਨੂੰ ਲਿਖਣਾ ਤੇ ਸੋਚਣਾ ਭੁੱਲ ਗਿਆ ਏ। ਹੱਥ ਲਿਖਤ ਗੁੰਮ ਗਈ ਏ ਤੇ ਛੋਟੀ ਮੋਟੀ ਗਿਣਤੀ/ਮਿਣਤੀ ਲਈ ਕੈਲਕੁਲੇਟਰ ਵੰਨੀਂ ਝਾਕਦਾ ਏ; ਪਰ ਇਹ ਫੋਨ ਤਾਂ ਮਨੁੱਖ ਪਾਸੋਂ ਬੋਲਣਾ ਵੀ ਖੋਹ ਰਿਹਾ ਏ। ਸਿਰਫ ਮੈਸੇਜ ਕਰਦਾ ਏ, ਜਿਸ ਨੇ ਨਵੀਂ ਕਿਸਮ ਦੀ ਭਾਸ਼ਾ ਅਤੇ ਬੋਲਬਾਣੀ ਵਿਕਸਿਤ ਕਰ ਲਈ ਏ, ਜਿਸ ਦੇ ਅਰਥ ਤਲਾਸ਼ਣ ਲਈ ਖਾਸ ਮੁਹਾਰਤ ਦੀ ਲੋੜ ਰਹਿ ਗਈ ਏ।

ਤਕਨਾਲੋਜੀ ਨੇ ਪੜ੍ਹਾਈ ਨੂੰ ਕਾਫੀ ਪ੍ਰਭਾਵਿਤ ਕੀਤਾ ਏ। ਗੂਗਲ, ਸੀਰੀ ਕੈਲਕੁਲੇਟਰ ਨੇ ਇਸ ਦੀ ਸਾਰਥਕਤਾ ਬਹੁਤ ਪ੍ਰਭਾਸ਼ਿਤ ਕੀਤੀ ਏ। ਪੜ੍ਹਾਈ ਦੇ ਤਰੀਕਿਆਂ ਵਿਚ ਨਵੀਆਂ ਤਬਦੀਲੀਆਂ ਲਿਆਉਣ ਦੀ ਲੋੜ ਹੈ। ਸਮੁੱਚਾ ਗਿਆਨ ਪਲ ਵਿਚ ਗੂਗਲ ਰਾਹੀਂ ਲਿਆ ਜਾ ਸਕਦਾ। ਕੋਈ ਫਾਰਮੂਲਾ, ਤਾਰੀਖ, ਵੱਡੇ ਤੋਂ ਵੱਡਾ ਜੋੜ, ਗੁਣਾ, ਘਟਾਓ ਜਾਂ ਤਕਸੀਮ, ਕਿਸੇ ਵੀ ਕਿਸਮ ਦੀ ਵਿਗਿਆਨਕ, ਇਤਿਹਾਸਕ, ਮਿਥਿਹਾਸਕ ਜਾਣਕਾਰੀ ਉਪਲਬਧ ਹੈ; ਪਰ ਗਿਆਨ ਨਹੀਂ ਮਿਲਦਾ। ਗਿਆਨ, ਸਿਆਣਪ ਅਤੇ ਜਾਣਕਾਰੀ ਵਿਚ ਬਹੁਤ ਅੰਤਰ ਹੈ। ਇਸ ਅੰਤਰ ਨੂੰ ਸਮਝ ਕੇ ਹੀ ਵਿਦਿਆਰਥੀ ਨੇ ਸਿੱਖਿਆ ਪ੍ਰਾਪਤ ਕਰਕੇ, ਗਿਆਨ ਰਾਹੀਂ ਨਵੀਆਂ ਖੋਜਾਂ ਕਰਨੀਆਂ ਹੁੰਦੀਆਂ ਹਨ, ਨਵੀਨਤਮ ਸੰਭਾਵਨਾਵਾਂ ਤਲਾਸ਼ਣੀਆਂ ਹੁੰਦੀਆਂ ਹਨ ਅਤੇ ਨਵੀਆਂ ਪ੍ਰਾਪਤੀਆਂ ਦਾ ਸਿਰਲੇਖ ਬਣਨਾ ਹੁੰਦਾ। ਬੱਚਿਆਂ ਨੂੰ ਜਾਣਕਾਰੀ ਦੀ ਨਹੀਂ, ਗਿਆਨ ਦੀ ਲੋੜ ਹੈ। ਗਿਆਨ ਪ੍ਰਾਪਤ ਕਰਨ ਦੀ ਸੋਝੀ ਤੇ ਸਿਆਣਪ ਆ ਜਾਵੇ ਤਾਂ ਜਾਣਕਾਰੀ ਹਾਸਲ ਕਰਨ ਦੀ ਵੀ ਅਕਲ ਆ ਜਾਂਦੀ ਹੈ ਕਿ ਕੀ ਜਾਣਨਾ ਏ ਤੇ ਕੀ ਨਹੀਂ ਅਤੇ ਕਿਵੇਂ ਜਾਣਨਾ ਏ? ਇਸ ਨੇ ਬੱਚਿਆਂ ਨੂੰ ਆਪਣਾ ਦਿਮਾਗ ਵਰਤਣ ਅਤੇ ਇਸ ਨੂੰ ਸੁਚਾਰੂ ਪਾਸੇ ਲਾਉਣ ਦੀ ਥਾਂ ਸ਼ੋਸ਼ਲ ਮੀਡੀਏ ਆਦਿ ਵਿਚ ਹੀ ਖਚਤ ਕਰ ਲਿਆ ਏ। ਕਈ ਵਾਰ ਕਲਾਸ ਵਿਚ ਪੜ੍ਹਾਉਂਦਿਆਂ ਕਿਸੇ ਨੁਮੈਰੀਕਲ ਦਾ ਜਵਾਬ ਲਿਖ ਦੇਵਾਂ ਤਾਂ ਵਿਦਿਆਰਥੀ ਹੈਰਾਨ ਹੋ ਜਾਂਦੇ ਹਨ ਕਿ ਕਿਵੇਂ ਬਿਨਾ ਕੈਲਕੁਲੇਟਰ ਤੋਂ ਸਹੀ ਉਤਰ ਪਤਾ ਲੱਗ ਗਿਆ, ਜਦ ਦੱਸਦਾ ਹਾਂ ਕਿ ਸਾਡੇ ਜਮਾਨੇ ਵਿਚ ਐਮ.ਐਸਸੀ ਤਾਂ ਕੀ ਪੀਐਚ.ਡੀ. ਤੱਕ ਵੀ ਜ਼ਿਆਦਾਤਰ ਔਖੀਆਂ ਕੈਲਕੁਲੇਸ਼ਨਜ਼ ਲਾਗ-ਟੇਬਲਜ਼ ਰਾਹੀਂ ਹੀ ਕਰ ਲਈਦੀਆਂ ਸਨ। ਜ਼ੁਬਾਨੀ ਜੋੜ, ਗੁਣਾਂ, ਘਟਾਓ, ਤਕਸੀਮ ਤਾਂ ਹਰੇਕ ਬੱਚੇ ਦਾ ਪਹਿਲਾ ਗੁਣ ਹੁੰਦਾ ਸੀ। ਸੋਚਿਆ ਜਾਵੇ ਤਾਂ ਅਸੀਂ ਆਪਣਾ ਦਿਮਾਗ ਵਰਤਣ ਦੀ ਥਾਂ ਕੰਪਿਊਟਰੀ ਦਿਮਾਗ ਵਰਤ ਰਹੇ ਹਾਂ।

**ਤਕਨਾਲੋਜੀ ਜੀਵਨ ਦਾ ਹਿੱਸਾ ਬਣ ਗਈ ਹੈ, ਜਿਸ ਨੂੰ ਮਨਫੀ ਨਹੀਂ ਕੀਤਾ ਜਾ ਸਕਦਾ, ਪਰ ਇਸ ਨੂੰ ਇਕ ਹਿੱਸਾ ਹੀ ਬਣਾਓ, ਇਸ 'ਤੇ ਸਮੁੱਚੀ ਨਿਰਭਰਤਾ ਨਾ ਟਿਕਾਓ, ਕਿਉਂਕਿ ਮਨੁੱਖ ਰੋਬੋਟ ਨਹੀਂ ਹੁੰਦਾ। ਇਸ ਦੀਆਂ ਭਾਵਨਾਵਾਂ ਹੁੰਦੀਆਂ ਹਨ ਅਤੇ ਭਾਵਹੀਣ ਵਿਅਕਤੀ ਮਨੁੱਖ ਨਹੀਂ ਹੁੰਦਾ। ਮਨੁੱਖ ਨੂੰ ਮਨੁੱਖ ਹੀ ਰਹਿਣਾ ਚਾਹੀਦੈ। ਆਜ਼ਾਦ ਰਹੋ ਨਾ ਕਿ ਤਕਨਾਲੋਜੀ ਦਾ ਗੁਲਾਮ, ਕਿਉਂਕਿ ਗੁਲਾਮੀ ਵਿਚ ਮਨੁੱਖ ਦਾ ਵਿਕਾਸ ਰੁਕਦਾ ਹੈ। ਵਿਕਾਸ ਰੁਕ ਜਾਵੇ ਤਾਂ ਬੰਦਾ ਕੁਝ ਵੀ ਹਾਸਲ ਨਹੀਂ ਕਰ ਸਕਦਾ। ਲੋੜ ਹੈ ਕਿ ਤਕਨਾਲੋਜੀ ਨੂੰ ਲੋੜ ਅਨੁਸਾਰ ਤਾਂ ਵਰਤੋ, ਪਰ ਇਸ ਵਰਤੋ ਨੂੰ ਸਮੁੱਚਾ ਜੀਵਨੀ-ਵਿਹਾਰ ਨਾ ਬਣਾਓ। ਨਾ ਹੀ ਇਸ ਨੂੰ ਆਪਣਾ ਆਧਾਰ ਬਣਾਓ, ਕਿਉਂਕਿ ਖੋਖਲੇ ਤੇ ਕੱਚੇ ਆਧਾਰ ਦੇ ਖਿਸਕਣ 'ਤੇ ਬਹੁਤ ਕੁਝ ਪਲਾਂ ਵਿਚ ਹੀ ਤਹਿਸ-ਨਹਿਸ ਹੋ ਜਾਂਦਾ।**

ਹਾਲਾਤ ਤਾਂ ਇਥੋਂ ਤੱਕ ਪਹੁੰਚ ਗਏ ਹਨ ਕਿ ਕਈ ਵਾਰ ਘਰ ਦਾ ਫੋਨ ਨੰਬਰ ਵੀ ਯਾਦ ਨਹੀਂ ਰਹਿੰਦਾ ਕਿਉਂਕਿ ਅਸੀਂ ਹੁਣ ਫੋਨ ਨੰਬਰ ਯਾਦ ਕਰਨ ਦੀ ਥਾਂ ਇਸ ਨੂੰ ਫੋਨ ਵਿਚ ਹੀ ਫੀਡ ਕਰ ਲੈਂਦੇ ਹਾਂ। ਇਹ ਮਨੁੱਖੀ ਨਲਾਇਕੀ ਹੈ। ਹੁਣ ਤਾਂ ਫੋਨ ਦੇ ਕੈਲੰਡਰ 'ਤੇ ਹਰ ਪ੍ਰੋਗਰਾਮ, ਖਾਸ ਦਿਨ ਆਦਿ ਲਿਖ ਲੈਂਦੇ ਹਾਂ, ਕਿਉਂਕਿ ਅਸੀਂ ਯਾਦ ਰੱਖਣਾ ਹੀ ਭੁੱਲ ਗਏ ਹਾਂ। ਬਹੁਤਿਆਂ ਨੂੰ ਤਾਂ ਆਪਣਾ ਜਨਮ ਦਿਨ ਜਾਂ ਆਪਣੇ ਵਿਆਹ ਦੀ ਤਾਰੀਖ ਜਾਂ ਹੋਰ ਅਹਿਮ ਦਿਨ ਬਾਰੇ ਪੁੱਛੋ ਤਾਂ ਉਹ ਫੋਨ ਫਰੋਲਣ ਲੱਗ ਜਾਂਦੇ ਨੇ।

ਤਕਨਾਲੋਜੀ ਨਾਲ ਮਿਲਦੀਆਂ ਸੁੱਖ ਸਹੂਲਤਾਂ ਦੇ ਹਾਨੀਕਾਰਕ ਪੱਖਾਂ ਦਾ ਵੀ ਸਾਨੂੰ ਹੀ ਸਾਹਮਣਾ ਕਰਨਾ ਪੈਣਾ ਏ। ਘਰ 'ਚ ਅਸੀਂ ਹਰੇਕ ਇਲੈਕਟ੍ਰਾਨਿਕ ਵਸਤੂ ਵਾਇਰਲੈਸ ਜਾਂ ਰਿਮੋਟ ਨਾਲ ਚਲਾਵਾਂਗੇ ਤਾਂ ਘਰ ਵਿਚ ਇਲੈਕਟਰੋ-ਮੈਗਨੈਟਿਕ ਕਿਰਨਾਂ ਦਾ ਪ੍ਰਦੂਸ਼ਣ ਤਾਂ ਹੋਵੇਗਾ ਹੀ, ਜਿਸ ਦਾ ਅਸਰ ਸਾਡੇ ਸਰੀਰ 'ਤੇ ਹੋਵੇਗਾ। ਪਰ ਜਦ ਇਸ ਦੇ ਅਸਰ ਦਾ ਪਤਾ ਕਿਸੇ ਬਿਮਾਰੀ ਦੇ ਰੂਪ ਵਿਚ ਲੱਗਦਾ ਹੈ ਤਾਂ ਬਹੁਤ ਦੇਰ ਹੋ ਚੁਕੀ ਹੁੰਦੀ ਹੈ। ਹੁਣ ਤਾਂ ਮਾਈਕਰੋਵੇਵ ਦੀ ਵਰਤੋਂ 'ਤੇ ਵੀ ਪ੍ਰਸ਼ਨ ਚਿੰਨ ਲੱਗਣੇ ਸ਼ੁਰੂ ਹੋ ਗਏ ਨੇ।

ਤਕਨਾਲੋਜੀ 'ਤੇ ਮਨੁੱਖੀ ਨਿਰਭਰਤਾ ਬਹੁਤ ਖਤਰਨਾਕ ਹੋ ਸਕਦੀ ਹੈ। ਕੰਪਿਊਟਰ ਵਿਚ ਆਈ ਕੋਈ ਵੀ ਖਰਾਬੀ ਜਾਂ ਬਿਜਲੀ ਦਾ ਅਚਾਨਕ ਚਲੇ ਜਾਣਾ ਸਮੁੱਚੇ ਸਿਸਟਮ ਨੂੰ ਹੀ ਪ੍ਰਭਾਵਿਤ ਕਰ ਸਕਦੇ ਹਨ। ਕਿਸੇ ਦੇਸ਼ ਦੀ ਸੁਰੱਖਿਆ, ਆਰਥਕਤਾ, ਗੁਪਤ ਜਾਣਕਾਰੀ ਜਦ ਕੰਪਿਊਟਰਾਂ ਵਿਚ ਸੰਭਾਲ ਕੇ ਰੱਖੀ ਜਾਵੇ ਤਾਂ ਕੰਪਿਊਟਰ ਹੈਕ ਹੋਣ 'ਤੇ ਸਾਰੀ ਜਾਣਕਾਰੀ ਅਜਿਹੇ ਹੱਥਾਂ ਵਿਚ ਚਲੇ ਜਾਂਦੀ ਹੈ, ਜਿਥੇ ਮਨੁੱਖ ਦਾ ਸ਼ੋਸ਼ਣ ਵੀ ਹੁੰਦਾ ਅਤੇ ਉਹ ਕਿਸੇ ਦੇ ਰਹਿਮ 'ਤੇ ਜਿਉਣ ਲਈ ਮਜਬੂਰ ਹੁੰਦਾ। ਸਮੁੱਚੇ ਮੈਡੀਕਲ ਟੈਸਟ, ਇਲਾਜ ਪ੍ਰਣਾਲੀ ਸਮੇਤ ਕਈ ਓਪਰੇਸ਼ਨ ਤਾਂ ਰੋਬੋਟ ਦੀ ਮਦਦ ਨਾਲ ਕੀਤੇ ਜਾ ਰਹੇ ਹਨ, ਪਰ ਜੇ ਕਿਤੇ ਕੋਈ ਤਕਨੀਕੀ ਨੁਕਸ ਪੈ ਜਾਵੇ ਤੇ ਸਮੁੱਚੀ ਪ੍ਰਕ੍ਰਿਆ ਅੱਧ-ਵਿਚਾਲੇ ਰਹਿ ਜਾਵੇ ਤਾਂ ਮਰੀਜ਼ ਦੀ ਕੀ ਹਾਲਤ ਹੋਵੇਗੀ?

ਮਨੁੱਖੀ ਨਿਰਭਰਤਾ ਘਟਾ ਕੇ ਅਤੇ ਤਕਨਾਲੋਜੀ 'ਤੇ ਨਿਰਭਰਤਾ ਵਧਾ ਕੇ ਮਨੁੱਖ ਦੀ ਕੀ ਹਾਲਤ ਹੁੰਦੀ ਏ, ਇਸ ਦਾ ਅਹਿਸਾਸ ਉਦੋਂ ਹੁੰਦਾ, ਜਦ ਬਿਜਲੀ ਕੁਝ ਸਮੇਂ ਲਈ ਚਲੀ ਜਾਵੇ ਜਾਂ ਇੰਟਰਨੈਟ ਦਾ ਕੁਨੈਕਸ਼ਨ ਖਰਾਬ ਹੋ ਜਾਵੇ। ਸਾਰੀ ਦੁਨੀਆਂ ਹਨੇਰ ਲੱਗਦੀ। ਸਭ ਪਾਸੇ ਸੁੰਨਸਾਨ। ਗੱਲ ਕੋਈ ਨਹੀਂ ਅਹੁੜਦੀ, ਕਿਉਂਕਿ ਗੱਲਾਂ ਕਰਨਾ ਤਾਂ ਭੁੱਲ ਚੁਕੇ ਹਾਂ। ਬੰਦੇ ਨੂੰ ਨਹੀਂ ਸੁੱਝਦਾ ਕਿ ਉਹ ਕੀ ਕਰੇ? ਅਜਿਹੇ ਮੌਕੇ ਜੋ ਵਿਅਕਤੀ ਕੁਦਰਤ ਨੂੰ ਮਾਣਨਾ ਜਾਣਦਾ ਹੋਵੇ, ਕਿਤਾਬਾਂ ਦੀ ਦੋਸਤੀ ਨੂੰ ਹਾਸਲ ਬਣਾਉਂਦਾ ਹੋਵੇ, ਗੁਫਤਗੂ ਵਿਚੋਂ ਸਕੂਨ ਪ੍ਰਾਪਤ ਕਰਨ ਦਾ ਆਦੀ ਹੋਵੇ, ਆਪਣੀ ਇਕੱਲ ਨੂੰ ਵੀ ਅਕੀਦਤ ਬਣਾ ਸਕਦਾ ਹੋਵੇ, ਜਾਨਵਰਾਂ ਤੇ ਪਰਿੰਦਿਆਂ ਨੂੰ ਮੋਹ ਕਰਦਾ ਹੋਵੇ ਜਾਂ ਕਿਸੇ ਦੋਸਤ ਦੇ ਸਾਥ ਵਿਚ ਟਹਿਲ ਸਕਦਾ ਹੋਵੇ, ਉਸ ਨੂੰ ਅਜਿਹੇ ਵਕਤ ਵਿਚ ਸਗੋਂ ਹੋਰ ਵਧੇਰੇ ਤਾਕਤ ਮਿਲਦੀ ਹੈ।

ਤਕਨਾਲੋਜੀ ਜੀਵਨ ਦਾ ਹਿੱਸਾ ਬਣ ਗਈ ਹੈ, ਜਿਸ ਨੂੰ ਮਨਫੀ ਨਹੀਂ ਕੀਤਾ ਜਾ ਸਕਦਾ, ਪਰ ਇਸ ਨੂੰ ਇਕ ਹਿੱਸਾ ਹੀ ਬਣਾਓ, ਇਸ 'ਤੇ ਸਮੁੱਚੀ ਨਿਰਭਰਤਾ ਨਾ ਟਿਕਾਓ, ਕਿਉਂਕਿ ਮਨੁੱਖ ਰੋਬੋਟ ਨਹੀਂ ਹੁੰਦਾ। ਇਸ ਦੀਆਂ ਭਾਵਨਾਵਾਂ ਹੁੰਦੀਆਂ ਹਨ ਅਤੇ ਭਾਵਹੀਣ ਵਿਅਕਤੀ ਮਨੁੱਖ ਨਹੀਂ ਹੁੰਦਾ। ਮਨੁੱਖ ਨੂੰ ਮਨੁੱਖ ਹੀ ਰਹਿਣਾ ਚਾਹੀਦੈ। ਆਜ਼ਾਦ ਰਹੋ ਨਾ ਕਿ ਤਕਨਾਲੋਜੀ ਦਾ ਗੁਲਾਮ, ਕਿਉਂਕਿ ਗੁਲਾਮੀ ਵਿਚ ਮਨੁੱਖ ਦਾ ਵਿਕਾਸ ਰੁਕਦਾ ਹੈ। ਵਿਕਾਸ ਰੁਕ ਜਾਵੇ ਤਾਂ ਬੰਦਾ ਕੁਝ ਵੀ ਹਾਸਲ ਨਹੀਂ ਕਰ ਸਕਦਾ। ਲੋੜ ਹੈ ਕਿ ਤਕਨਾਲੋਜੀ ਨੂੰ ਲੋੜ ਅਨੁਸਾਰ ਵਰਤੋ, ਪਰ ਇਸ ਵਰਤੋ ਨੂੰ ਸਮੁੱਚਾ ਜੀਵਨੀ-ਵਿਹਾਰ ਨਾ ਬਣਾਓ। ਨਾ ਹੀ ਇਸ ਨੂੰ ਆਪਣਾ ਆਧਾਰ ਬਣਾਓ, ਕਿਉਂਕਿ ਖੋਖਲੇ ਤੇ ਕੱਚੇ ਆਧਾਰ ਦੇ ਖਿਸਕਣ 'ਤੇ ਪਲਾਂ ਵਿਚ ਹੀ ਬਹੁਤ ਕੁਝ ਤਹਿਸ-ਨਹਿਸ ਹੋ ਜਾਂਦਾ।

ਤਕਨਾਲੋਜੀ ਰਾਹੀਂ ਮਿਲੀ ਜਾਣਕਾਰੀ ਤੋਂ ਵੱਧ ਜਰੂਰੀ ਹੈ ਸਿਆਣਪ। ਇਸ ਦੀ ਪ੍ਰਾਪਤੀ ਹੀ ਮਨੁੱਖ ਨੂੰ ਮਾਨਵਤਾ ਦੇ ਮਾਰਗ 'ਤੇ ਤੋਰ ਸਕਦੀ ਏ। ਇਹ ਮਾਰਗ ਮਨੁੱਖ ਹੀ ਤੁਰ ਸਕਦਾ ਏ, ਤਕਨਾਲੋਜੀ ਨਹੀਂ। ਤੁਸੀਂ ਤਾਂ ਇਸ ਮਾਰਗ ਦੀ ਚਾਹਨਾ ਹੋ।

ਗੁਰਮਤਿ ਗਿਆਨ

# ਗੁਰੂ ਨਾਨਕ ਦਾ ਮੁੱਖ ਸਰੋਕਾਰ

ਡਾ. ਗੋਬਿੰਦਰ ਸਿੰਘ ਸਮਰਾਓ
ਫੋਨ: 408-634-2310

ਭਾਵੇਂ ਕੋਈ ਪੜ੍ਹੇ ਜਾਂ ਨਾ ਪੜ੍ਹੇ, ਸਮਝੇ ਜਾਂ ਨਾ ਸਮਝੇ ਤੇ ਕੋਈ ਕਿਸੇ ਨੂੰ ਦੱਸੇ ਜਾਂ ਨਾ ਦੱਸੇ- ਗੁਰੂ ਨਾਨਕ ਨੇ ਆਪਣਾ ਮੁੱਖ ਸਰੋਕਾਰ ਆਪਣੀ ਬਾਣੀ ਜਪੁਜੀ ਸਾਹਿਬ ਦੇ ਅਰੰਭ ਵਿਚ ਹੀ ਸਪਸ਼ਟ ਕੀਤਾ ਹੋਇਆ ਹੈ। ਇਸ ਪਿਛੋਂ ਉਨ੍ਹਾਂ ਨੇ ਇਸ ਦੇ ਵੱਖ ਵੱਖ ਪਹਿਲੂਆਂ ਨੂੰ ਥਾਂ ਥਾਂ ਦ੍ਰਿੜਾਇਆ ਹੈ। ਜੇ ਇਸ ਸਬੰਧੀ ਉਨ੍ਹਾਂ ਦੇ ਸਭ ਬਚਨਾਂ ਨੂੰ ਇੱਕਠਾ ਕਰ ਕੇ ਵਿਚਾਰਿਆ ਜਾਵੇ ਤਾਂ ਇਹ ਇਕੋ ਸ਼ਬਦ ਵਿਚ ਸਮੇਟਿਆ ਜਾ ਸਕਦਾ ਹੈ, ਸਚਿਆਰਾ ਹੋਣਾ ਭਾਵ ਜਾਣਕਾਰ ਜਾਂ ਗਿਆਨਵਾਨ ਹੋਣਾ।

ਗੁਰੂ ਸਾਹਿਬ ਦਾ ਸਰੋਕਾਰ ਰਟਣ ਜਾਂ ਜ਼ਬਾਨੀ ਯਾਦ ਰੱਖਣ ਵਾਲੀ ਜਾਣਕਾਰੀ ਪ੍ਰਾਪਤ ਕਰਨਾ ਨਹੀਂ, ਸਗੋਂ ਸਿਧਾਂਤਕ ਗਿਆਨ ਹਾਸਲ ਕਰਨਾ ਹੈ। ਇਹ ਅਲੱਗ ਅੱਲਗ ਵਸਤਾਂ ਦੇ ਨਾਂਵਾਂ ਜਾਂ ਉਨ੍ਹਾਂ ਦੇ ਕੁਝ ਸਬੰਧਾਂ ਨੂੰ ਰਟ ਕੇ ਯਾਦ ਰੱਖਣ ਦੀ ਸਤਹੀ ਜਾਣਕਾਰੀ ਨਹੀਂ, ਸਗੋਂ ਉਨ੍ਹਾਂ ਦੇ ਅੰਦਰੂਨੀ ਸਬੰਧਾਂ ਦੇ ਸੂਤਰਾਂ ਦਾ ਗਿਆਨ ਹੈ। ਇਹ ਗਿਆਨ ਗਣਿਤ ਤੇ ਵਿਗਿਆਨ ਦੇ ਸੂਤਰਾਂ ਵਾਂਗ ਹੈ, ਜੋ ਇੱਕਲਾ ਇੱਕਲਾ ਹਜ਼ਾਰਾਂ ਲੱਖਾਂ ਪ੍ਰਸ਼ਨਾਂ ਦੇ ਤਾਲੇ ਖੋਲ੍ਹ ਸਕਦਾ ਹੈ। ਇਸ ਅਨੁਸਾਰ ਜੋ ਵਿਅਕਤੀ ਇਕ ਤੋਂ ਲੈ ਕੇ ਸੌ ਤੀਕ ਪਹਾੜੇ ਯਾਦ ਕਰੀ ਫਿਰਦਾ ਹੈ, ਉਹ ਜਾਣਕਾਰ ਤਾਂ ਹੋ ਸਕਦਾ ਹੈ, ਗਿਆਨਵਾਨ ਨਹੀਂ ਹੈ। ਗਿਆਨਵਾਨ ਉਹ ਹੈ, ਜੋ ਗੁਣਾ ਕਰਨ ਦਾ ਸੂਤਰ ਜਾਣਦਾ ਹੈ। ਪਹਾੜਿਆਂ ਵਾਲਾ ਵਿਅਕਤੀ ਕੇਵਲ ਯਾਦ ਕੀਤੇ ਅੰਕਾਂ ਦੀ ਗੁਣਾ ਹੀ ਦੱਸ ਸਕਦਾ ਹੈ, ਪਰ ਸੂਤਰ ਜਾਣਨ ਵਾਲਾ ਕਿਸੇ ਵੀ ਦੋ ਜਾਂ ਦੋ ਤੋਂ ਵੱਧ ਅੰਕਾਂ ਦੀ ਗੁਣਾ ਕਰ ਕੇ ਆਸਾਨੀ ਨਾਲ ਉਤਰ ਦੱਸ ਦੇਵੇਗਾ। ਇਸੇ ਤਰ੍ਹਾਂ ਇਹ ਜਾਣਕਾਰੀ ਕਿ ਰਾਮ, ਸ਼ਾਮ ਦਾ ਫੁੱਫੜ ਹੈ, ਗਿਆਨ ਨਹੀਂ ਹੈ ਕਿਉਂਕਿ ਇਹ ਇਕ ਖਾਸ ਕੇਸ ਦੀ ਜਾਣਕਾਰੀ ਹੈ, ਜੋ ਦੂਜੇ ਕੇਸਾਂ ਵਿਚ ਨਹੀਂ ਵਰਤੀ ਜਾ ਸਕਦੀ। ਗਿਆਨ ਕਹਾਉਣ ਲਈ ਇਸ ਰਿਸ਼ਤੇ ਦੀ ਜਾਣਕਾਰੀ ਹੇਠਲਾ ਸੂਤਰ ਪਤਾ ਹੋਣਾ ਚਾਹੀਦਾ ਹੈ। ਜੇ ਇਹ ਪਤਾ ਹੋਵੇ ਕਿ ਪਿਤਾ ਦੀ ਭੈਣ ਦਾ ਪਤੀ ਫੁੱਫੜ ਕਹਾਉਂਦਾ ਹੈ ਤਾਂ ਕਿਸੇ ਵੀ ਅਜਿਹੇ ਰਿਸ਼ਤੇ ਦੀ ਪੜਤਾਲ ਹੋ ਸਕਦੀ ਹੈ।

ਸੂਤਰ ਰਹਿਤ ਸੀਮਤ ਜਾਣਕਾਰੀ ਗਿਆਨ ਦਾ ਦਰਜਾ ਨਹੀਂ ਰੱਖਦੀ, ਕਿਉਂਕਿ ਇਹ ਆਲਮੀ ਪੱਧਰ 'ਤੇ ਗਿਆਨ ਭਰੇ ਢੰਗ ਨਾਲ ਵਰਤੀ ਨਹੀਂ ਜਾ ਸਕਦੀ। ਇਹ ਗਿਆਨ ਨੂੰ ਅੱਗੇ ਚਲਾਉਣ ਲਈ ਉਪਯੋਗੀ ਨਹੀਂ ਹੁੰਦੀ ਕਿਉਂਕਿ ਇਸ ਵਿਚ ਸਾਂਝੀਕਰਣ ਜਾਂ ਸਾਧਾਰਨੀਕਰਣ ਵਾਲਾ ਵਿਗਿਆਨਕ ਤੱਤ ਗਾਇਬ ਹੈ। ਇਹ ਰਾਮ ਨੂੰ ਸ਼ਾਮ ਦਾ ਫੁੱਫੜ ਤਾਂ ਦੱਸ ਸਕਦੀ ਹੈ, ਪਰ ਇਹ ਨਹੀਂ ਦੱਸ ਸਕਦੀ ਕਿ ਰਮੇਸ਼ ਤੇ ਸੁਰੇਸ਼ ਵਿਚੋਂ ਊਸ਼ਾ ਦਾ ਫੁੱਫੜ ਕੌਣ ਹੈ! ਪ੍ਰਮਾਣਿਤ ਸੂਤਰ ਦੀ ਅਣਹੋਂਦ ਵਿਚ ਤੁੱਕਾ ਲਾ ਕੇ ਕੋਈ ਰਮੇਸ਼ ਨੂੰ ਤੇ ਕੋਈ ਸੁਰੇਸ਼ ਨੂੰ ਉਸ ਦਾ ਫੁੱਫੜ ਆਖ ਦੇਵੇਗਾ। ਇਸ ਲਈ ਸਾਪੇਖ ਸੂਤਰ ਦੀ ਵਰਤੋਂ ਬਿਨਾ ਸਹੀ ਉਤਰ ਮਿਲਣਾ ਅਸੰਭਵ ਹੈ। ਆਪਣੇ ਕੋਲੋਂ ਹੀ ਕੋਈ ਉਤਰ ਘੜ੍ਹ ਦੇਣਾ ਗਿਆਨ ਦੇ ਰਾਹ ਵਿਚ ਰੁਕਾਵਟ ਬਣਦਾ ਹੈ।

ਗੁਰੂ ਨਾਨਕ ਦੇ ਸਾਹਮਣੇ ਵੀ ਇਹੀ ਕਠਿਨਾਈ ਸੀ। ਉਹ ਸ੍ਰਿਸ਼ਟੀ ਦੇ ਭੇਦ ਜਾਣਨਾ ਚਾਹੁੰਦੇ ਸਨ, ਪਰ ਉਨ੍ਹਾਂ ਅੱਗੇ ਇਸ ਨੂੰ ਜਾਣਨ ਲਈ ਕੋਈ ਪ੍ਰਮਾਣਿਤ ਸਿਧਾਂਤ ਜਾਂ ਵਿਧੀ-ਵਿਧਾਨ ਨਹੀਂ ਸੀ। ਧੁਰੋਂ ਭਾਵ ਸਦੀਆਂ ਤੋਂ ਚੱਲਿਆ ਆ ਰਿਹਾ ਕੇਂਦਰੀ ਪ੍ਰਸ਼ਨ ਕਿ ਸੰਸਾਰ ਕੀ ਹੈ ਤੇ ਕਿਵੇਂ ਹੋਂਦ ਵਿਚ ਆਇਆ? ਇਕ ਅੜਾਉਣੀ ਬਣਿਆ ਹੋਇਆ ਸੀ। ਜਿਨ੍ਹਾਂ ਨਹੀਂ ਸੋਚਣਾ ਨਾ ਸੋਚਣ, ਪਰ ਗੁਰੂ ਸਾਹਿਬ ਜਿਹੇ ਗੰਭੀਰ ਸੋਚ ਵਾਲੇ ਵਿਚਾਰਵਾਨ ਵਿਅਕਤੀ ਲਈ ਇਹ ਮੁੱਦਾ ਸਰਬ-ਉਚ ਤੇ ਸਰਬ-ਪ੍ਰਥਮ ਸੀ। ਉਸ ਵੇਲੇ ਇਸ ਸੰਸਾਰ ਨੂੰ ਜਾਣਨ ਲਈ ਬਹੁਤ ਹੀ ਥੋੜ੍ਹੇ ਵਿਕਲਪ ਸਨ। ਮਨੁੱਖ ਦੀ ਹੋਣੀ (Human Condition) ਨਾਲ ਜੁੜੇ ਹੋਣ ਕਾਰਨ ਇਹ ਵਿਕਲਪ ਅੱਜ ਵੀ ਉਵੇਂ ਹੀ ਸੀਮਤ ਹਨ। ਉਪਰ ਉਠ ਕੇ ਇਸ ਦੁਨੀਆਂ ਨੂੰ ਦੇਖਿਆ ਨਹੀਂ ਜਾ ਸਕਦਾ, ਬਾਹਰ ਇਸ ਤੋਂ ਨਿਕਲਿਆ ਨਹੀਂ ਜਾ ਸਕਦਾ, ਘੁੰਮ ਕੇ ਦੇਖਣ ਤੋਂ ਇਸ ਦਾ ਕੋਈ ਅੰਤ ਨਜ਼ਰ ਨਹੀਂ ਆਉਂਦਾ ਤੇ ਅੰਦਰ ਇਸ ਦੇ ਖੁੱਭਿਆ ਨਹੀਂ ਜਾ ਸਕਦਾ। ਚਾਰੇ ਪਾਸੇ ਇਸ ਦਾ ਨਿਰੰਤਰ ਪਸਾਰਾ ਤੇ ਖਿਲਾਰਾ ਹੈ, ਜਿਸ ਵਿਚ ਇਕ ਬੰਦ ਡੱਬੇ ਵਾਂਗ ਇਸ ਦੀਆਂ ਅੰਦਰੂਨੀ ਸਰਗਰਮੀਆਂ ਮਨੁੱਖੀ ਨਜ਼ਰਾਂ ਤੋਂ ਛੁਪੀਆਂ ਹੋਈਆਂ ਹਨ। ਬਿਨਾ ਅੰਤਰਝਾਤ ਕੋਈ ਅੰਦਾਜ਼ਾ ਲਾਉਣਾ ਅਸੰਭਵ ਹੈ। ਜਿਨ੍ਹਾਂ ਨੇ ਜੋ ਅੰਦਾਜ਼ੇ ਲਾਏ, ਉਹ ਗਲਤ ਸਾਬਤ ਹੋਏ। ਵਰਤਾਰੇ ਚਲਦੇ ਹਨ ਤੇ ਮਿਟਦੇ ਰਹਿੰਦੇ ਹਨ, ਦਿਨ-ਰਾਤ, ਮੌਸਮ ਤੇ ਰੁੱਤਾਂ ਬਦਲਦੇ ਰਹਿੰਦੇ ਹਨ, ਬਨਸਪਤੀ ਉਪਜਦੀ ਹੈ ਤੇ ਬਿਨਸਦੀ ਰਹਿੰਦੀ ਹੈ, ਜੀਵ ਜੰਤੂ ਜੰਮਦੇ ਤੇ ਮਰਦੇ ਰਹਿੰਦੇ ਹਨ। ਕਿਤੇ ਕੋਈ ਸੁਰਾਗ ਨਹੀਂ ਮਿਲਦਾ ਕਿ ਇਹ ਖੇਡ-ਤਮਾਸ਼ਾ ਕੀ ਹੈ ਤੇ ਕਿਸ ਤਰ੍ਹਾਂ ਹੋਂਦ ਵਿਚ ਆਇਆ ਹੈ? ਉਤੇ ਚੰਨ, ਸੂਰਜ ਤੇ ਤਾਰੇ ਹਨ ਅਤੇ ਹੇਠ ਧਰਤੀ ਤੇ ਪਾਣੀ। ਮਨੁੱਖ ਨੂੰ ਆਪਣੇ ਇੱਥੇ ਹੋਣ ਦਾ ਮੰਤਵ ਵੀ ਪਤਾ ਨਹੀਂ ਹੈ।

ਹੈਰਾਨੀ ਦੀ ਹੱਦ ਇਹ ਹੈ ਕਿ ਮਨੁੱਖ ਇਸ ਅਦਭੁਤ ਵਰਤਾਰੇ ਤੋਂ ਅਵੇਸਲਾ ਹੈ। ਉਹ ਇਸ ਨੂੰ ਯਥਾਰਥਕ ਤੇ ਯਕੀਨੀ ਸਮਝ ਕੇ ਇਸ ਦੀ ਲੁਭਾਉਣੀ ਲੀਲਾ ਵਿਚ ਲੀਨ ਹੈ! ਗੁਰੂ ਸਾਹਿਬ ਨੇ ਦੇਖਿਆ ਕਿ ਉਹ ਇਸ ਸੰਸਾਰ ਦੀ ਅਸਥਿਰਤਾ, ਅਸਚਰਜਤਾ ਤੇ ਰੋਮਾਂਚਿਕਤਾ ਦੇ ਖਿਆਲ ਨੂੰ ਦਰ-ਕਿਨਾਰ ਕਰ ਇਸ ਦੀ ਮਾਇਆ ਵਿਚ ਲਿਪਤ ਹੈ। ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਵਿਚ ਅੰਨ੍ਹਾ ਹੋਇਆ ਉਹ ਲੁੱਟ ਮਾਰ, ਧੋਖਾ, ਕਤਲ, ਬੇਈਮਾਨੀ, ਸ਼ੋਸ਼ਣ ਤੇ ਬੇਇਨਸਾਫੀ ਦੀ ਜ਼ਿੰਦਗੀ ਜਿਉ ਰਿਹਾ ਹੈ। ਸੰਸਾਰ ਦੇ ਮੁਢਲੇ ਪ੍ਰਸ਼ਨ ਦੇ ਤਸੱਲੀਬਖਸ਼ ਹੱਲ 'ਤੇ ਵਿਚਾਰ ਕਰਨ ਦੀ ਥਾਂ ਆਪਣਾ ਜੀਵਨ ਬੇਅਰਥ ਚੀਜ਼ਾਂ ਪਿੱਛੇ ਲੱਗ ਕੇ ਬਰਬਾਦ ਕਰ ਰਿਹਾ ਹੈ। ਜਦੋਂ ਕਿਤੇ ਲੋੜ ਪਵੇ, ਉਹ ਨਿਜੀ ਹਿੱਤ ਦੀ ਤੁੱਕੇਬਾਜ਼ੀ ਕਰ ਕੇ ਝੂਠੀਆਂ ਤੇ ਅਗਿਆਨ ਭਰਪੂਰ ਧਾਰਨਾਵਾਂ ਦਾ ਜਾਲ ਬੁਣ ਲੈਂਦਾ ਹੈ। ਗੁਰੂ ਸਾਹਿਬ ਅਨੁਸਾਰ ਅਜਿਹੀ ਸਥਿਤੀ ਵਿਚ ਜੇ ਕੋਈ ਜਿਗਿਆਸੂ ਸੱਚ ਜਾਣਨਾ ਵੀ ਚਾਹੇ ਭਾਵ ਸਚਿਆਰਾ ਬਣਨਾ ਵੀ ਚਾਹੇ ਤਾਂ ਉਸ ਨੂੰ ਦੂਹਰਾ ਕਾਰਜ ਕਰਨਾ ਪੈਣਾ ਹੈ-ਇਕ ਝੂਠੇ ਵਿਚਾਰਾਂ ਤੇ ਮਾਨਤਾਵਾਂ ਦੇ ਜਾਲ ਨੂੰ ਤੋੜਨ ਦਾ, ਤੇ ਦੂਜਾ ਸੰਸਾਰ ਦੇ ਰਹੱਸ ਦੀ ਤਰਕ-ਸੰਗਤ ਭਾਵ ਸਹੀ ਸਹੀ ਖੋਜ ਕਰਨ ਦਾ।

ਗੁਰੂ ਨਾਨਕ ਨੇ ਆਪਣੇ ਇਸ ਮਨੋਰਥ ਨੂੰ ਹੇਠ ਲਿਖੇ ਤਿੰਨ ਪ੍ਰਸ਼ਨਾਂ ਰਾਹੀਂ ਸਪਸ਼ਟ ਕੀਤਾ ਹੈ,

ਕਿਵ ਸਚਿਆਰਾ ਹੋਈਐ
ਕਿਵ ਕੂੜੈ ਤੁਟੈ ਪਾਲਿ॥
ਹੁਕਮਿ ਰਜਾਈ ਚਲਣਾ
ਨਾਨਕ ਲਿਖਿਆ ਨਾਲਿ॥

ਭਾਵ ਮਨਘੜਤ ਉਕਤੀਆਂ ਨਾਲ ਉਸਾਰੀ ਝੂਠੀ ਜਾਣਕਾਰੀ ਦੀ ਕੰਧ ਨੂੰ ਕਿਵੇਂ ਤੋੜੀਏ, ਸਹੀ ਗਿਆਨ ਕਿਵੇਂ ਹਾਸਲ ਕਰੀਏ ਅਤੇ ਇਸ ਗਿਆਨ ਰਾਹੀਂ ਪਛਾਣੇ ਹੁਕਮ ਅਨੁਸਾਰ ਜੀਵਨ ਕਿਵੇਂ ਢਾਲੀਏ? ਇੱਥੇ 'ਨਾਨਕ ਲਿਖਿਆ ਨਾਲਿ' ਦਾ ਭਾਵ ਗੁਰੂ ਨਾਨਕ ਰਾਹੀਂ ਪਹਿਲੇ ਦੋ ਪ੍ਰਸ਼ਨਾਂ ਦੇ ਨਾਲ ਹੀ ਤੀਜਾ ਪ੍ਰਸ਼ਨ ਲਿਖਣਾ ਹੈ। ਪਰ ਅਜੋਕੇ ਸਿੱਖ ਵਿਦਵਾਨ ਤੇ ਪੁਜਾਰੀ ਵਰਗ ਗੁਰੂ ਸਾਹਿਬ ਦੇ ਇਸ ਵਿਗਿਆਨਕ ਮਨੋਰਥ ਦਾ ਸੰਦੇਸ਼ ਵੀ ਸ਼ਰਧਾਲੂਆਂ ਤੀਕ ਅਪੜਨ ਨਹੀਂ ਦਿੰਦੇ। ਇਸ ਸਿੱਧੇ ਤੇ ਸਪਸ਼ਟ ਵਿਖਿਆਨ ਦੁਆਲੇ ਵੀ ਉਹ ਕੂੜ ਦੀ ਇਕ ਨਵੀਂ ਕੰਧ ਉਸਾਰ ਦਿੰਦੇ ਹਨ। ਇਨ੍ਹਾਂ ਵਿਦਵਾਨਾਂ ਅਨੁਸਾਰ ਗੁਰੂ ਸਾਹਿਬ ਨੇ ਪਹਿਲੀ ਪੰਕਤੀ ਵਿਚ ਦੋ ਸਵਾਲ ਕਰਕੇ ਦੂਜੀ ਪੰਕਤੀ ਵਿਚ ਉਨ੍ਹਾਂ ਦਾ ਉਤਰ ਦਿੱਤਾ ਹੈ। ਉਨ੍ਹਾਂ ਅਨੁਸਾਰ ਕੂੜ ਦੀ ਕੰਧ ਤੋੜ ਕੇ ਹੀ ਸੱਚਾ ਬਣਿਆ ਜਾ ਸਕਦਾ ਹੈ। ਜੇ ਪਰਮਾਤਮਾ ਦੇ ਹੁਕਮ ਅਨੁਸਾਰ ਚੱਲਿਆ ਜਾਵੇ ਅਰਥਾਤ ਉਸ ਦੀ ਭਗਤੀ ਕੀਤੀ ਜਾਵੇ, ਸ਼ਰਧਾ ਪਾਲੀ ਜਾਵੇ, ਚੜ੍ਹਾਵੇ ਚੜ੍ਹਾਏ ਜਾਣ ਤੇ ਮੱਥੇ ਟੇਕੇ ਜਾਣ। ਜਪੁਜੀ ਦੇ ਹਰ ਟੀਕੇ ਤੇ ਹਰ ਸਟੀਕ ਵਿਚ ਵਿਦਵਾਨਾਂ ਨੇ ਇਹੀ ਵਿਆਖਿਆ ਕੀਤੀ ਹੈ। ਕਿਸੇ ਨੇ ਵੀ ਇਹ ਨਹੀਂ ਵਿਚਾਰਿਆ ਕਿ 'ਲਿਖਿਆ ਨਾਲਿ' ਦਾ ਅਰਥ 'ਨਾਲ ਲਿਖਿਆ' ਹੈ, ਜੋ 'ਉਪਰੋਕਤ ਦੇ ਨਾਲ ਲਿਖਿਆ ਅਗਲਾ ਸਵਾਲ' ਬਣਦਾ ਹੈ।

ਆਪਣੀ ਮਨ ਮਰਜੀ ਦੀ ਵਿਆਖਿਆ ਕਰਦੇ ਵੇਲੇ ਕਿਸੇ ਵਿਦਵਾਨ ਨੇ ਇਹ ਵੀ ਨਹੀਂ ਦੇਖਿਆ ਕਿ ਗੁਰੂ ਸਾਹਿਬ ਅਗਲੀ ਤੁਕ ਵਿਚ ਕੀ ਲਿਖਦੇ ਹਨ। ਉਹ ਲਿਖਦੇ ਹਨ, "ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ॥" ਅਰਥਾਤ ਸੰਸਾਰ ਵਿਚ ਸਭ ਆਕਾਰ ਭਾਵ ਚੀਜ਼ਾਂ, ਵਸਤਾਂ ਤੇ ਜੀਵ ਹੁਕਮ ਅਨੁਸਾਰ ਜਾਂ ਨਿਯਮਿਤ ਢੰਗ ਨਾਲ ਹੋਂਦ ਵਿਚ ਆਉਂਦੇ ਹਨ, ਪਰ ਅਸੀਂ ਉਸ ਹੁਕਮ ਭਾਵ ਨਿਯਮ ਬਾਰੇ ਕੁਝ ਨਹੀਂ ਜਾਣਦੇ। ਸੋ ਜੇ ਅਸੀਂ ਹੁਕਮ ਬਾਰੇ ਕੁਝ ਜਾਣਦੇ ਹੀ ਨਹੀਂ, ਤਾਂ ਇਸ ਅਨੁਸਾਰ ਜੀਵਨ ਕਿਵੇਂ ਢਾਲ ਸਕਦੇ ਹਾਂ? ਜੇ ਹੁਕਮ ਅਨੁਸਾਰ ਜੀਵਨ ਢਾਲ ਕੇ ਨਵੇਂ ਸਮਾਜ ਦੀ ਸਿਰਜਣਾ ਕਰਨੀ ਹੈ ਤਾਂ ਕੂੜ ਦੀ ਪਰਤ ਤੋੜ ਕੇ ਇਸ ਦਾ ਪਤਾ ਤਾਂ ਕਰਨਾ ਹੀ ਪਵੇਗਾ। ਇਹ ਕੀਤਾ ਕਿਵੇਂ ਜਾਵੇ? ਬੱਸ ਇਹੀ ਗੁਰੂ ਸਾਹਿਬ ਦਾ ਤੀਜਾ ਪ੍ਰਸ਼ਨ ਹੈ, ਜੋ ਉਨ੍ਹਾਂ ਨੇ ਪਹਿਲੇ ਦੋ ਪ੍ਰਸ਼ਨਾਂ ਨਾਲ ਜੋੜ ਕੇ ਲਿਖਿਆ ਹੈ, ਪਰ ਟੀਕਾਕਾਰ ਵਿਦਵਾਨ ਤੇ ਪ੍ਰਚਾਰਕ ਆਪਣੀ ਸਮਝ ਨੂੰ ਹਲੂਣਾ ਦੇਣ ਦੀ ਥਾਂ ਆਪਣੀਆਂ ਊਣਤਾਈਆਂ ਨੂੰ ਕੱਜਣ ਦੀ ਕੋਸ਼ਿਸ਼ ਕਰਦੇ ਹਨ। ਉਹ ਹੁਸ਼ਿਆਰੀ ਨਾਲ ਆਪਣੇ ਕੋਲੋਂ ਹੀ 'ਪਰਮਾਤਮਾ' ਸ਼ਬਦ ਜੋੜ ਲੈਂਦੇ ਹਨ ਤਾਂ ਜੋ ਸਭ ਕੁਝ ਕੁਦਰਤੀ ਤੇ ਅਧਿਆਤਮਕ ਜਾਪੇ ਤੇ ਜਿਗਿਆਸੂ ਮੂੰਹ ਨਾ ਖੋਲ੍ਹੇ। ਜਦੋਂ ਗੁਰੂ ਸਾਹਿਬ ਨੇ 'ਪਰਮਾਤਮਾ' ਕਿਤੇ ਲਿਖਿਆ ਹੀ ਨਹੀਂ, ਇਸ ਦਾ ਜ਼ਿਕਰ ਕਰਕੇ ਵਿਆਖਿਆ ਕਰਨਾ ਤਰਕ-ਸੰਗਤ ਨਹੀਂ ਹੈ। ਇਸ ਤਰ੍ਹਾਂ ਸਮੁੱਚਾ ਵਿਦਵਾਨ ਤੇ ਪੁਜਾਰੀ ਵਰਗ ਗੁਰੂ ਸਾਹਿਬ ਰਾਹੀਂ ਵਿਗਿਆਨ ਦੇ ਰਾਹ ਪਾਏ ਸਿੱਖ ਸ਼ਰਧਾਲੂਆਂ ਨੂੰ ਅਧਿਆਤਮ ਦੇ ਰਾਹ ਧਰੀਕ ਕੇ ਉਨ੍ਹਾਂ ਦੇ ਅਸਲ ਸਰੋਕਾਰ ਨੂੰ ਧੁੰਦਲਾ ਪਾਉਣ ਦਾ ਕੰਮ ਕਰ ਰਿਹਾ ਹੈ।

ਗੁਰੂ ਨਾਨਕ ਦਾ ਸਚਿਆਰਾ ਹੋਣ ਦਾ ਸਰੋਕਾਰ 'ੴ ਸਤਿ ਨਾਮੁ ਕਰਤਾ ਪੁਰਖੁ' ਦੀ ਪ੍ਰਾਰੰਭਕੀ ਲਿਖਤ ਨਾਲ ਹੀ ਪ੍ਰਗਟ ਹੋ ਜਾਂਦਾ ਹੈ। ਇਸ ਦਾ ਅਰਥ ਹੈ ਕਿ ਸਿਰਜਣਾ ਦੇ ਕਾਰਕ ਦੇ ਸੱਚੇ ਭਾਵ ਅਸਲੀ ਨਾਮ ਦਾ ਬੋਧ ੴ ਦੇ ਗਣਿਤੀ ਸੂਤਰ ਭਾਵ ਵਿਗਿਆਨਕ ਵਿਧੀ ਅਨੁਸਾਰ ਵਿਚਾਰ ਕੇ ਹੀ ਹੋ ਸਕਦਾ ਹੈ। ਇਸ ਉਲੇਖ ਦੇ ਕੋਰੇ ਕੋਰੇ ਅਰਥ ਇਹ ਬਣਦੇ ਹਨ ਕਿ ਬ੍ਰਹਿਮੰਡ ਰਚਨਾ ਦਾ ਜੋ ਵੀ ਕੋਈ ਕਾਰਕ ਹੈ, ਉਸ ਦਾ ਅਸਲ (ਸਤਿ) ਨਾਮ ਹਾਲੇ ਪਤਾ ਨਹੀਂ ਹੈ। ਲੱਖਾਂ-ਕਰੋੜਾਂ ਸਿਆਣਿਆਂ ਨੇ ਉਸ ਨੂੰ ਲੱਭਣ ਭਾਵ ਜਾਣਨ ਦੀ ਕੋਸ਼ਿਸ਼ ਕੀਤੀ ਹੈ, ਪਰ ਉਹ ਸਭ ਨਿਸਫਲ ਰਹੇ ਹਨ। ਹੁਣ ਤੀਕ ਦੇ ਸਭ ਵਿਚਾਰਕਾਂ ਨੇ ਉਸ ਨੂੰ ਆਪੋ ਆਪਣੇ ਢੰਗ ਨਾਲ ਮਹਿਸੂਸ ਕਰਕੇ ਬਿਆਨ ਕਰਨ ਦਾ ਯਤਨ ਕੀਤਾ ਹੈ, ਪਰ ਸਭ ਆਪਣੇ ਆਸ਼ੇ ਵਿਚ ਅਸਫਲ ਰਹੇ ਹਨ।

ਫੁੱਫੜ ਦੀ ਕਥਾ ਮੁਤਾਬਕ ਉਨ੍ਹਾਂ ਨੇ ਉਸ ਨੂੰ ਆਪੋ ਆਪਣੇ ਲੱਖਣਾਂ ਮੁਤਾਬਕ ਵੱਖ ਵੱਖ ਨਾਂ ਦਿੱਤੇ ਹਨ, ਪਰ ਕੋਈ ਵਿਰਲਾ ਸਿਧਾਂਤ ਫਰੋਲਣ ਦਾ ਉਪਰਾਲਾ ਨਹੀਂ ਕੀਤਾ। ਇੰਨੇ ਨਾਂ ਪ੍ਰਚਲਿਤ ਹੋਣਾ ਹੀ ਦਰਸਾਉਂਦਾ ਹੈ ਕਿ ਇਨ੍ਹਾਂ ਬਾਰੇ ਕਿਸੇ ਦੀ ਕੋਈ ਪਰਿਭਾਸ਼ਾ ਵੀ ਸਹੀ ਨਹੀਂ ਹੈ। ਇਹ ਨਾਂ ਉਨ੍ਹਾਂ ਨੇ ਉਸ ਕਾਰਕ ਦੀਆਂ ਸਮੂਹ ਵਿਸ਼ੇਸ਼ਤਾਈਆਂ ਨੂੰ ਦੇਖ ਪਰਖ ਕੇ ਨਹੀਂ ਰੱਖੇ, ਸਗੋਂ ਅਣਗਹਿਲੀ, ਅਗਿਆਨ ਤੇ ਭਾਵੁਕਤਾ ਵਸ ਇੰਦਾਂ ਹੀ ਰੱਖ ਲਏ ਹਨ, ਜਿਵੇਂ ਮਾਪੇ ਘਰ ਵਿਚ ਪੈਦਾ ਹੋਏ ਬੱਚੇ ਦਾ ਕੋਈ ਵੀ ਮਨ-ਭਾਉਂਦਾ ਨਾਂ ਰੱਖ ਲੈਂਦੇ ਹਨ। ਅਜਿਹੇ ਨਾਂਵਾਂ ਦਾ ਮੰਤਵ ਕੇਵਲ ਨਿਸ਼ਾਨਦੇਹੀ ਲਈ ਨਾਮਕਰਨ ਕਰਨਾ ਜਾਂ ਨਾਂ ਲੈ ਕੇ ਸੱਦਣਾ ਹੀ ਹੁੰਦਾ ਹੈ, ਕਿਸੇ ਗਿਆਨ ਨਾਲ ਜੋੜਨਾ ਨਹੀਂ ਹੁੰਦਾ। ਇਸ ਕੰਮ ਲਈ ਕੋਈ ਵੀ ਨਾਂ ਚਲ ਸਕਦਾ ਹੈ, ਜਦੋਂ ਕਿ ਅਸਲ ਨਾਂ ਤੀਕ ਪਹੁੰਚਣ ਲਈ ਉਸ ਦੇ ਸਭ ਗੁਣਾਂ ਦੀ ਖੋਜ ਜਰੂਰੀ ਹੈ। ਗੁਣਾਂ ਦੀ ਖੋਜ ਲਈ ਖੋਖਲੇ ਵਿਸ਼ੇਸ਼ਣਾਂ ਦੀ ਨਹੀਂ, ਸਗੋਂ ਨਿਰੋਲਤਾ ਤੇ ਨਿਰਪੱਖਤਾ 'ਤੇ ਅਧਾਰਿਤ ਗਣਿਤੀ ਪ੍ਰਬੰਧ ਜਿਹੀ ਇਕ ਪ੍ਰਵਾਨਿਤ ਵਿਧੀ ਦੀ ਲੋੜ ਹੈ।

ਗੁਰੂ ਸਾਹਿਬ ਦੀ ਇਸ ਵਿਗਿਆਨਕ ਧਾਰਨਾ ਦੇ ਉਲਟ ਅਜੋਕੇ ਸਿੱਖ ਵਿਦਵਾਨ, ਪੁਜਾਰੀ ਤੇ ਪ੍ਰਚਾਰਕ ਵਰਗ ਰਹੱਸਮਈ ਅਧਿਆਤਮਵਾਦ ਦਾ ਪ੍ਰਚਾਰ ਕਰਦੇ ਹਨ। ਉਨ੍ਹਾਂ ਅਨੁਸਾਰ 'ੴ ਸਤਿ ਨਾਮੁ ਕਰਤਾ ਪੁਰਖੁ' ਦਾ ਅਰਥ ਹੈ ਕਿ ਰੱਬ ਇਕ ਹੈ, ਉਹ ਸਰਬ-ਸ਼ਕਤੀਮਾਨ ਹੈ ਤੇ ਸਭ ਥਾਂਈਂ ਹਾਜ਼ਰ ਹੈ। ਉਸ ਦਾ ਨਾਮ ਸੱਚਾ ਹੈ ਤੇ ਉਹ ਦੁਨੀਆਂ ਨੂੰ ਬਣਾਉਣ ਵਾਲਾ ਹੈ। ਇਸ ਇਬਾਰਤ ਦੇ ਮੁਢਲੇ ਸਰਵੇਖਣ ਤੋਂ ਹੀ ਪਤਾ ਚਲ ਜਾਂਦਾ ਹੈ ਕਿ ਇਹ ਤੱਥਾਂ ਤੋਂ ਕੋਹਾਂ ਦੂਰ ਹੈ। ੴ ਦੇ ਸੰਕੇਤ ਵਿਚ ਨਾ ਰੱਬ ਦਾ ਜ਼ਿਕਰ ਹੈ, ਨਾ ਸਰਬ-ਸ਼ਕਤੀਮਾਨ ਦਾ ਤੇ ਨਾ ਹੀ ਹਰ ਥਾਂ ਹਾਜ਼ਰ ਹੋਣ ਦਾ। ਜੇ ਇਸ ਵਿਚ ਰੱਬ ਦਾ ਜ਼ਿਕਰ ਹੀ ਨਹੀਂ, ਫਿਰ ਉਸ ਨੂੰ ੧ (ਇਕ) ਕਹਿਣਾ ਵੀ ਤਰਕ-ਸੰਗਤ ਨਹੀਂ ਹੈ, ਭਾਵ ਇਸ ਦਾ ਵੀ ਉਨ੍ਹਾਂ ਵਾਲਾ ਅਰਥ ਨਹੀਂ ਬਣਦਾ। ਉਸ ਦਾ ਨਾਮ ਸੱਚਾ ਹੈ, ਵੀ ਇਕ ਅਨਿਸ਼ਚਿਤ ਤੇ ਅਰਥਹੀਣ ਕਥਨ ਹੈ, ਕਿਉਂਕਿ ਉਸ ਦਾ ਨਾਂ ਤਾਂ ਕਿਤੇ ਲਿਖਿਆ ਹੀ ਨਹੀਂ ਹੈ। ਨਾਲੇ ਵਡਿਆਈਆਂ ਵਿਚਾਰਨ ਤੋਂ ਬਿਨਾ ਅਤੇ ਵਿਗਿਆਨਕ ਖੋਜ ਤੋਂ ਪਹਿਲਾਂ ਤਾਂ ਨਾ ਕੋਈ ਸੱਚਾ ਨਾਂ ਹੋਂਦ ਵਿਚ ਆ ਸਕਦਾ ਹੈ ਤੇ ਨਾ ਹੀ ਉਸ ਨੂੰ ਸੱਚੇ ਹੋਣ ਦੇ ਰੂਪ ਵਿਚ ਪ੍ਰਵਾਨ ਕੀਤਾ ਜਾ ਸਕਦਾ ਹੈ। ਇਸ ਦਾ ਇਕ ਹੋਰ ਭਾਵ ਇਹ ਵੀ ਹੋ ਸਕਦਾ ਹੈ ਕਿ ਸੰਸਾਰ ਦੇ ਸਿਰਜਣਾਤਮਕ ਕਾਰਕ ਦਾ ਨਾਂ 'ਸਚਾ' ਹੈ, ਭਾਵ ਇਸ ਨੂੰ ਸਭ ਸੱਚਾ ਕਹਿ ਕੇ ਬੁਲਾਉਂਦੇ ਹਨ, ਪਰ ਇਸ ਨੂੰ ਕਦੇ ਕਿਸੇ ਨੇ ਇਸ ਨਾਂ ਨਾਲ ਨਹੀਂ ਪੁਕਾਰਿਆ। ਸੱਚੇ ਦਾ ਅਰਥ ਸਦੀਵੀ ਨਾਮ ਵਾਲਾ ਕਰਨਾ ਵੀ ਨਹੀਂ ਬਣਦਾ, ਕਿਉਂਕਿ ਇਹ ਪਤਾ ਹੀ ਨਹੀਂ ਕਿ ਉਹ ਸਦੀਵੀ ਨਾਂ ਕੀ ਹੈ? ਜੇ ਸੱਚੇ ਦਾ ਅਰਥ ਸੱਚ ਬੋਲਣ ਵਾਲਾ ਲਈਏ ਤਾਂ ਵੀ ਇਹ ਦਰੁਸਤ ਨਹੀਂ ਹੈ। ਇਹ ਕਦੇ ਕਿਸੇ ਦੇ ਅਨੁਭਵ ਵਿਚ ਨਹੀਂ ਆਇਆ ਕਿ ਕੋਈ 'ਅਜੂਨੀ' ਸ਼ੈ ਬੋਲਦੀ ਹੋਵੇ। ਜੇ ਇਹ ਪਤਾ ਲੱਗ ਹੀ ਗਿਆ ਕਿ ਉਸ ਦਾ ਨਾਮ ਸਤਿ ਜਾਂ 'ਸਚਾ' ਹੈ ਤਾਂ ਫਿਰ ਗੁਰੂ ਸਾਹਿਬ ਕਿਹੜੀ ਉਸ ਟਕਸਾਲ ਦੀ ਗੱਲ ਕਰਦੇ ਹਨ, ਜਿਸ ਵਿਚੋਂ ਬੜੀ ਮੁਸ਼ੱਕਤ ਪਿਛੋਂ ਉਸ ਦੇ ਨਾਂ ਦੀ ਪਰਿਭਾਸ਼ਾ ਵਾਲਾ ਸਬਦ ਘੜਿਆ ਜਾਵੇਗਾ। ਇਸ ਲਈ ਕਿਸੇ ਤਰ੍ਹਾਂ ਵੀ ਸਤਿ ਨਾਮੁ ਦਾ ਅਰਥ 'ਉਸ ਦਾ ਨਾਂ ਸੱਚਾ ਹੈ' ਨਹੀਂ ਬਣਦਾ।

ਗੁਰੂ ਸਾਹਿਬ ਦੀ ਇਸ ਵਿਗਿਆਨਕ ਧਾਰਨਾ ਦੇ ਉਲਟ ਅਜੋਕੇ ਸਿੱਖ ਵਿਦਵਾਨ, ਪੁਜਾਰੀ ਤੇ ਪ੍ਰਚਾਰਕ ਵਰਗ ਰਹੱਸਮਈ ਅਧਿਆਤਮਵਾਦ ਦਾ ਪ੍ਰਚਾਰ ਕਰਦੇ ਹਨ। ਉਨ੍ਹਾਂ ਅਨੁਸਾਰ 'ੴ ਸਤਿ ਨਾਮੁ ਕਰਤਾ ਪੁਰਖੁ' ਦਾ ਅਰਥ ਹੈ ਕਿ ਰੱਬ ਇਕ ਹੈ, ਉਹ ਸਰਬ-ਸ਼ਕਤੀਮਾਨ ਹੈ ਤੇ ਸਭ ਥਾਂਈਂ ਹਾਜ਼ਰ ਹੈ। ਉਸ ਦਾ ਨਾਮ ਸੱਚਾ ਹੈ ਤੇ ਉਹ ਦੁਨੀਆਂ ਨੂੰ ਬਣਾਉਣ ਵਾਲਾ ਹੈ। ਇਸ ਇਬਾਰਤ ਦੇ ਮੁਢਲੇ ਸਰਵੇਖਣ ਤੋਂ ਹੀ ਪਤਾ ਚਲ ਜਾਂਦਾ ਹੈ ਕਿ ਇਹ ਤੱਥਾਂ ਤੋਂ ਕੋਹਾਂ ਦੂਰ ਹੈ।

ਕਈ ਵਿਦਵਾਨ ਪੁੱਛਣਗੇ ਕੇ ਗੁਰੂ ਸਾਹਿਬ ਸਭ ਕੁਝ ਛੱਡ ਕੇ ਸਤਿ ਨਾਮ ਜਾਣਨ ਲਈ ਕਿਉਂ ਇੰਨੇ ਕਾਹਲੇ ਸਨ? ਜਵਾਬ ਹੈ, ਉਹ ਭਗਤੀ ਮਾਰਗ ਦੇ ਅਨੁਆਈ ਨਹੀਂ ਸਨ, ਸਗੋਂ ਵਿਗਿਆਨ-ਪਥ ਦੇ ਰਾਹਗੀਰ ਸਨ। ਜਿਸ ਚੀਜ਼ ਦਾ ਪਤਾ ਨਾ ਹੋਵੇ, ਵਿਗਿਆਨੀ ਸਭ ਤੋਂ ਪਹਿਲਾਂ ਉਸ ਦੇ ਗੁਣਾਂ ਅਨੁਸਾਰ ਉਸ ਦਾ ਨਾਂ ਜਾਣਨ ਦੀ ਕੋਸ਼ਿਸ਼ ਕਰਦਾ ਹੈ। ਜੇ ਕੋਈ ਨਾਂ ਨਾ ਹੋਵੇ ਤਾਂ ਇਸ ਨੂੰ ਬੀਜ-ਗਣਿਤੀ ਧਾਰਨਾ ਅਨੁਸਾਰ ਮਿੱਥ ਲੈਂਦਾ ਹੈ। ਫਿਰ ਉਹ ਉਸ ਦੀਆਂ ਸਭ ਵਿਸ਼ੇਸ਼ਤਾਈਆਂ ਤੇ ਸੰਭਾਵਨਾਵਾਂ ਦਾ ਅਧਿਐਨ ਕਰ ਕੇ ਇਸ ਦੇ ਅਸਲ ਨਾਂ ਤੀਕ ਪਹੁੰਚਦਾ ਹੈ। ਨਾਮਕਰਣ ਕੋਈ ਵਿਅਰਥ ਕਾਰਜ ਨਹੀਂ ਹੈ, ਸਗੋਂ ਇਹ ਗਿਆਨ ਪ੍ਰਾਪਤੀ ਦਾ ਨਿਰੋਲ ਕਾਰਜ ਹੈ। ਹਰ ਚੀਜ਼ ਦਾ ਅਸਤਿਤਵ ਉਸ ਦੇ ਗੁਣਾਂ ਵਿਚ ਹੈ, ਜਿਵੇਂ ਇਕ ਮੇਜ ਦਾ ਅਸਤਿਤਵ ਉਸ ਦੇ ਲੰਬਾਈ, ਚੌੜਾਈ, ਉਚਾਈ, ਲੱਤਾਂ ਦੀ ਗਿਣਤੀ, ਭਾਰ, ਰੰਗ, ਮਟੀਰੀਅਲ ਦੀ ਕਿਸਮ, ਸ਼ਕਲ ਤੇ ਕਠੋਰਤਾ ਆਦਿ ਦੇ ਗੁਣਾਂ ਤੋਂ ਵੱਧ ਕੁਝ ਹੋਰ ਨਹੀਂ। ਇਸ ਲਈ ਕਿਸੇ ਚੀਜ਼ ਦੇ ਅਸਲ ਨਾਂ ਤੀਕ ਪਹੁੰਚਣ ਨਾਲ ਉਸ ਦੇ ਸਭ ਗੁਣਾਂ ਦਾ ਭਾਵ ਉਸ ਦੇ ਅਸਤਿਤਵ ਦਾ, ਸਹੀ ਗਿਆਨ ਹੋ ਜਾਂਦਾ ਹੈ।

ਗਿਆਨ-ਵਿਗਿਆਨ ਦੀ ਦੁਨੀਆਂ ਵਿਚ ਸਹੀ ਭਾਵ ਸਤਿ ਨਾਮ ਦੀ ਹੀ ਕੀਮਤ ਹੈ, ਗਲਤ ਨਾਮ ਦੀ ਨਹੀਂ। ਮਿਸਾਲ ਵਜੋਂ ਕੱਪੜੇ ਧੋਣ ਵਾਲੇ ਸੋਡੇ ਨੂੰ ਮਨੁੱਖ ਸਦੀਆਂ ਤੋਂ ਜਾਣਦਾ ਹੈ, ਪਰ ਇਹ ਉਸ ਦਾ ਸੱਚਾ ਭਾਵ ਅਸਲ ਨਾਂ ਨਹੀਂ ਹੈ। ਨਾ ਇਹ ਕਿਸੇ ਰਸਾਇਣਕ ਫਾਰਮੂਲੇ ਅਨੁਸਾਰ ਘੜਿਆ ਹੋਇਆ ਹੈ ਤੇ ਨਾ ਹੀ ਇਸ ਨੂੰ ਕਿਸੇ ਰਸਾਇਣਕ ਫਾਰਮੂਲੇ ਵਿਚ ਵਰਤਿਆ ਜਾ ਸਕਦਾ ਹੈ। ਇਸ ਨਾਂ ਨੂੰ ਵਰਤ ਕੇ ਤਾਂ ਕੱਪੜੇ ਧੋਣ ਲਈ ਇਸ ਵੱਲ ਇਸ਼ਾਰਾ ਹੀ ਕੀਤਾ ਜਾ ਸਕਦਾ ਹੈ, ਗਿਆਨ ਨਹੀਂ ਵਧਾਇਆ ਜਾ ਸਕਦਾ। ਸਦੀਆਂ ਪਿਛੋਂ ਰਸਾਇਣ ਵਿਗਿਆਨੀਆਂ ਨੇ ਇਸ ਦਾ ਸਹੀ ਨਾਂ ਸੋਡੀਅਮ ਕਾਰਬੋਨੇਟ ($Na_2CO_3$) ਲੱਭਿਆ, ਜੋ ਇਸ ਦੀਆਂ ਸਭ ਵਿਸ਼ੇਸ਼ਤਾਈਆਂ ਨੂੰ ਡੂੰਘਾਈ ਵਿਚ ਜਾ ਕੇ ਰੂਪਮਾਨ ਕਰਦਾ ਹੈ। ਇਹ ਦੱਸਦਾ ਹੈ ਕਿ ਇਹ ਪਦਾਰਥ ਕਿਹੜੇ ਤੱਤਾਂ ਤੋਂ ਬਣਿਆ ਹੋਇਆ ਹੈ, ਇਸ ਦੀ ਪ੍ਰਕਿਰਤੀ ਕੀ ਹੈ ਤੇ ਇਸ ਵਿਚ ਕਿਹੜਾ ਤੱਤ ਘਟਾ ਵਧਾ ਕੇ ਕਿਹੜੇ ਹੋਰ ਪਦਾਰਥ ਬਣਾਏ ਜਾ ਸਕਦੇ ਹਨ? ਇਸ ਤਰ੍ਹਾਂ ਇਸ ਦਾ ਇਹ ਵਿਗਿਆਨਕ ਨਾਂ ਗਿਆਨ ਦੇ ਵਿਕਾਸ ਵਿਚ ਲਾਭਕਾਰੀ ਸਾਬਤ ਹੁੰਦਾ ਹੈ, ਪਰ ਕੱਪੜੇ ਧੋਣ ਦੇ ਸੋਡੇ ਤੋਂ $Na_2CO_3$ ਤੀਕ ਪਹੁੰਚਣ ਲਈ ਵਿਗਿਆਨੀਆਂ ਨੂੰ ਸਦੀਆਂ ਦੀ ਘਾਲਣਾ ਤੇ ਉਡੀਕ ਕਰਨੀ ਪਈ।

ਸਹੀ ਗੱਲ ਤਾਂ ਇਹ ਹੈ ਕਿ ਗੁਰੂ ਸਾਹਿਬ ਅਨੁਸਾਰ ਸੰਸਾਰ ਸਿਰਜਣਾ ਦੇ ਕਾਰਕ ਦਾ ਅਸਲ ਨਾਂ ਵਾਲਾ ਸ਼ਬਦ ਵੀ ਉਸ ਦੇ ਸਮੂਹ ਗੁਣਾਂ ਦੀ ਲੰਮੀ ਤੇ ਜੋਖਮ ਭਰੀ ਖੋਜ ਉਪਰੰਤ ਮਨੁੱਖਤਾ ਦੀ ਅਧਿਐਨ ਰੂਪੀ ਟਕਸਾਲ ਵਿਚੋਂ ਹੀ ਘੜ ਕੇ ਬਾਹਰ ਆਵੇਗਾ।

ਗੁਰੂ ਸਾਹਿਬ ਨੂੰ ਆਪਣੇ ਇਸ ਸਰੋਕਾਰ ਦਾ ਭਲੀਭਾਂਤ ਪਤਾ ਸੀ। ਉਨ੍ਹਾਂ ਦੀ ਸਤਿ ਨਾਮ ਵਿਚ ਦਿਲਚਸਪੀ ਇਸ ਲਈ ਨਹੀਂ ਸੀ ਕਿ ਉਹ ਉਸ ਦੀ ਪੂਜਾ-ਭਗਤੀ ਕਰਨਗੇ; ਉਸ ਨੂੰ ਭਾਵੁਕ ਤੇ ਗੁਣਕਾਰਕ ਵਿਸ਼ੇਸ਼ਣਾਂ ਨਾਲ ਸੰਬੋਧਨ ਕਰਕੇ ਪਸੀਜਣਗੇ; ਪ੍ਰਸਾਦ, ਚੜ੍ਹਾਵੇ ਤੇ ਰੁਮਾਲੇ ਪੇਸ਼ ਕਰਕੇ ਆਪਣੇ ਜਾਂ ਆਪਣੇ ਪਰਿਵਾਰ ਦੇ ਭਲੇ ਲਈ ਕੁਝ ਮੰਗਣਗੇ; ਅਰਜ਼-ਅਰਦਾਸਾਂ ਕਰ ਕੇ ਕੁਝ ਪ੍ਰਵਾਨ ਕਰਵਾਉਣਗੇ ਤੇ ਫਿਰ ਪ੍ਰਸਿੱਧੀ ਪ੍ਰਾਪਤ ਕਰਕੇ ਲੋਕਾਈ ਵਿਚ ਜਗਤ-ਗੁਰੂ ਕਹਾਉਣਗੇ ਜਾਂ ਰਾਜਨੇਤਾ ਬਣ ਕੇ ਮਾਲਾ ਮਾਲ ਹੋਣਗੇ। ਉਹ ਜਾਣਦੇ ਸਨ ਕਿ ਜਗਤ ਪ੍ਰਣਾਲੀ ਵਿਚ ਪਹਿਲੇ ਦਿਨ ਤੋਂ ਹੀ ਭੰਡਾਰਾਂ ਦੀ ਇੰਨੀ ਭਰਮਾਰ ਹੈ ਕਿ ਇਹ ਜੋ ਅਨੰਤ ਜੀਵ ਜੰਤੂਆਂ ਦੇ ਉਪਭੋਗਣ ਲਈ ਹਮੇਸ਼ਾ ਹਮੇਸ਼ਾ ਲਈ ਵਾਧੂ ਹਨ।

ਗੁਰੂ ਨਾਨਕ ਨੇ 'ਜੋ ਕਿਛੁ ਪਾਇਆ ਸੋ ਏਕਾ ਵਾਰ' ਲਿਖ ਕੇ ਦਰਸਾਇਆ ਹੈ ਕਿ ਇਹ ਸਮੱਗਰੀ ਇਕ ਵਾਰ ਦੀ ਹੀ ਪਈ ਹੋਈ ਹੈ, ਜੋ ਆਦਿ ਕਾਲ ਤੋਂ ਵਰਤਦੀ ਚਲੀ ਆ ਰਹੀ ਹੈ ਤੇ ਅਨੰਤ ਕਾਲ ਤੀਕ ਉਪਲਬਧ ਰਹੇਗੀ। ਹਾਂ, 'ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ' ਲਿਖ ਕੇ ਉਨ੍ਹਾਂ ਨੇ ਇਸ ਗੱਲ ਵੱਲ ਵੀ ਸੰਕੇਤ ਕੀਤਾ ਕਿ ਭਾਵੇਂ ਕੁਦਰਤ ਦੇ ਕੱਚੀ ਸਮੱਗਰੀ ਦੇ ਭੰਡਾਰ ਸਭ ਲਈ ਸਭ ਦੇ ਵਰਤਣ ਲਈ ਅਮੁੱਕ ਹਨ, ਪਰ ਉਪਭੋਗੀ ਵਸਤਾਂ ਦੇ ਰੂਪ ਵਿਚ ਇਹ ਮਨੁੱਖ ਦੀ ਝੋਲੀ ਵਿਚ ਉਸ ਦੇ ਉਦਮ ਭਾਵ ਕਿਰਤ ਦੇ ਅਨੁਪਾਤ ਵਿਚ ਹੀ ਪੈਂਦੇ ਹਨ। ਖੂਹ ਵਿਚ ਪਾਣੀ ਸਭ ਲਈ ਵਾਧੂ ਹੈ, ਪਰ ਵਰਤੇਗਾ ਹਰ ਕੋਈ ਉਨਾ ਹੀ, ਜਿੰਨਾ ਉਹ ਖਿੱਚ ਕੇ ਕੱਢੇਗਾ। ਇਸ ਸਬੰਧ ਵਿਚ ਕਿਸੇ ਪੂਜਾ ਜਾਂ ਅਰਦਾਸ ਦਾ ਕੋਈ ਲਾਭ ਨਹੀਂ ਹੈ, ਕਿਉਂਕਿ ਇਨ੍ਹਾਂ ਕੰਮਾਂ ਨਾਲ ਉਸ ਦੀ ਬਾਲਟੀ ਪਾਣੀ ਨਾਲ ਭਰ ਕੇ ਆਪਣੇ ਆਪ ਬਾਹਰ ਨਹੀਂ ਆਵੇਗੀ। ਪੂਜਾ ਤੇ ਅਰਦਾਸ ਦਾ ਕੋਈ ਮਹੱਤਵ ਹੋਵੇ ਵੀ ਕਿਉਂ, ਜਦੋਂ ਗੁਰੂ ਸਾਹਿਬ ਆਪ ਦੱਸਦੇ ਸਨ ਕਿ ਕੁਦਰਤ ਦੇ ਕਾਰਕ ਦਾ ਅਸਤਿਤਵ ਅਜੂਨੀ ਹੈ ਤੇ ਇਸ ਦੇ ਅਸੂਲ ਸਦੀਵੀ ਤੌਰ 'ਤੇ ਪੱਕੇ ਅਤੇ ਨਿਰਭਉ ਤੇ ਨਿਰਵੈਰ ਹਨ।

ਗੁਰੂ ਸਾਹਿਬ ਨੇ ਜਪੁਜੀ ਸਾਹਿਬ ਲਿਖ ਕੇ ਕੁੱਜੇ ਵਿਚ ਵਿਗਿਆਨਕ ਸੋਧ ਦਾ ਸਮੁੰਦਰ ਬੰਦ ਕੀਤਾ ਹੈ। ਜੋ ਵਿਅਕਤੀ ਇਸ ਦੀ ਤਰਕ ਸੰਗਤ ਵਿਆਖਿਆ ਕਰੇਗਾ, ਉਹ ਭਵਜਲ ਤਰੇਗਾ ਭਾਵ ਭਰਮ ਤੇ ਅਗਿਆਨ ਦੀਆਂ ਕਸ਼ਟਮਈ ਘੁੰਮਣ-ਘੇਰੀਆਂ 'ਚੋਂ ਨਿਕਲ ਕੇ ਵਿਗਿਆਨ ਤੇ ਗਿਆਨ ਨਾਲ ਜੁੜੇਗਾ। ਜੋ ਉਨ੍ਹਾਂ ਦੇ ਕਹੇ ਬੋਲ ਭਾਵ ਬਾਣੀ ਨੂੰ ਮਨਮਾਨੇ ਢੰਗ ਨਾਲ ਵਿਗਾੜ ਕੇ ਜਾਂ ਤੋੜ-ਮਰੋੜ ਕੇ ਕੁਤਰਕ ਚਲਾਵੇਗਾ, ਉਹ ਅਗਿਆਨ ਦੇ ਰਸਤੇ ਪੈ ਕੇ ਮੂਰਖਾਂ ਦੇ ਮੂਰਖਾਂ ਦਾ ਸ਼੍ਰੋਮਣੀ ਮੂਰਖ ਕਹਾਏਗਾ। ਸ਼ਾਇਦ ਇਹੀ ਅਰਥ ਹੈ ਉਨ੍ਹਾਂ ਦੀ ਤੁਕ 'ਜੇ ਕੋ ਆਖੈ ਬੋਲ ਵਿਗਾੜ ਤਾ ਲਿਖੀਐ ਸਿਰਿ ਗਾਵਾਰਾ ਗਾਵਾਰ' ਦਾ!

ਪਰ ਇੰਨਾ ਸਪਸ਼ਟ ਹੋਣ ਦੇ ਬਾਵਜੂਦ ਅਜੋਕੇ ਸਿੱਖ ਵਿਦਵਾਨ, ਟੀਕਾਕਾਰ ਤੇ ਪੁਜਾਰੀ ਵਰਗ ਗੁਰੂ ਸਾਹਿਬ ਦੀ ਇਸ ਧਾਰਨਾ ਦੇ ਉਲਟ ਪ੍ਰਚਾਰ ਕਰੀ ਜਾਂਦੇ ਹਨ। ਉਹ ਗੁਰੂ ਸਾਹਿਬ ਨੂੰ ਭਗਤੀ ਲਹਿਰ ਨਾਲ ਜੋੜਦਿਆਂ ਉਨ੍ਹਾਂ ਦੇ ਮੁੱਖ ਸਰੋਕਾਰ ਨੂੰ ਅਧਿਆਤਮਕ ਪ੍ਰਕਿਰਤੀ ਵਾਲਾ ਹੀ ਮੰਨੀ ਜਾਂਦੇ ਹਨ। ਉਹ ਆਪਣੀ ਰੁੜ੍ਹੀਵਾਦੀ ਸੋਚ ਕਾਰਨ ਗੁਰੂ ਨਾਨਕ ਦੇ ਖੋਜ ਆਧਾਰਤ ਗਿਆਨ ਰੂਪੀ ਮਨੋਰਥ ਦੀ ਭਿਣਕ ਆਮ ਸਿੱਖ ਸ਼ਰਧਾਲੂਆਂ ਨੂੰ ਨਹੀਂ ਪੈਣ ਦਿੰਦੇ। ਸ਼ਾਇਦ ਉਹ ਆਪ ਹੀ ਗਣਿਤ ਤੇ ਵਿਗਿਆਨ ਦੇ ਗਿਆਨ ਤੋਂ ਵਿਹੂਣੇ ਹੋਏ ਹਨ।

# ਬਾਬੇ ਨਾਨਕ ਦਾ ਫਲਸਫਾ ਤੇ ਅਸੀਂ

ਗੁਰੂ ਨਾਨਕ ਦੇਵ ਜੀ ਮਨੁੱਖਤਾ ਦੇ ਬਗੀਚੇ ਵਿਚ ਇਕ ਅਜਿਹਾ ਫੁੱਲ ਹਨ, ਜਿਸ ਨੇ ਸਾਰੇ ਬਗੀਚੇ ਨੂੰ ਆਪਣੇ ਵਿਚਾਰਾਂ ਦੀ ਸੁੰਦਰਤਾ ਨਾਲ ਸ਼ਿੰਗਾਰਿਆ ਹੋਇਆ ਹੈ। ਇਤਿਹਾਸ ਤੋਂ ਪਤਾ ਲਗਦਾ ਹੈ ਕਿ ਗੁਰੂ ਸਾਹਿਬ ਦਾ ਆਗਮਨ ਉਸ ਦੌਰ ਵਿਚ ਹੋਇਆ, ਜਦੋਂ ਸਾਰਾ ਦੇਸ਼ ਬਹੁਤ ਤਪਸ਼ ਵਿਚੋਂ ਲੰਘ ਰਿਹਾ ਸੀ, ਸਾਰਾ ਦੇਸ਼ ਸਮਾਜਕ ਪੱਧਰ 'ਤੇ ਕਲੇਸ਼ ਵਿਚ ਸੀ, ਧਾਰਮਿਕ ਪੱਧਰ 'ਤੇ ਪਖੰਡ ਵਿਚ ਅਤੇ ਸਿਆਸੀ ਪੱਧਰ 'ਤੇ ਗੁਲਾਮੀ ਦੀਆਂ ਜ਼ੰਜੀਰਾਂ ਦੀ ਜਕੜ ਵਿਚ ਸੀ।

ਭਾਈ ਗੁਰਦਾਸ ਦੀਆਂ ਵਾਰਾਂ ਤੋਂ ਸਪਸ਼ਟ ਹੈ ਕਿ ਦੇਸ਼ ਦੇ ਲੋਕ ਰੱਬ ਅੱਗੇ ਅਰਦਾਸਾਂ ਕਰ

**ਪ੍ਰਿੰ. ਕੰਵਲਪ੍ਰੀਤ ਕੌਰ ਨਿਊਜ਼ੀਲੈਂਡ**
forkanwalpreet@gmail.com

ਰਹੇ ਸਨ ਅਤੇ ਆਖਿਰ ਅਕਾਲ-ਪੁਰਖ ਦੀ ਰਹਿਮਤ ਹੋਈ ਤੇ ਗੁਰੂ ਨਾਨਕ ਦੇਵ ਦਾ 15 ਅਪਰੈਲ 1469 ਈਸਵੀ (ਕੱਤਕ ਦੀ ਪੂਰਨਮਾਸ਼ੀ 1526 ਬ੍ਰਿਕਮੀ ਸੰਮਤ) ਨੂੰ ਪ੍ਰਕਾਸ਼ ਹੋਇਆ। ਗੁਰੂ ਸਾਹਿਬ ਦੇ ਪਰਿਵਾਰ ਅਤੇ ਜੀਵਨ ਬਾਰੇ ਅਸੀਂ ਸਾਰੇ ਜਾਣਦੇ ਹਾਂ।

550 ਸਾਲਾ ਪ੍ਰਕਾਸ਼ ਪੁਰਬ ਸਾਡੇ ਲਈ ਬਹੁਤ ਹੀ ਅਹਿਮ ਹੈ। ਹਰ ਰੋਜ਼ ਦੀਆਂ ਸਮਾਜਕ ਅਤੇ ਰਾਜਨੀਤਿਕ ਖਬਰਾਂ ਵਿਚੋਂ ਬਹੁਤ ਕੁਝ ਦੇਖਣ ਤੇ ਵਿਚਾਰਨ ਨੂੰ ਮਿਲਦਾ ਹੈ, ਪਰ ਮੈਂ ਇਸ ਵਿਸ਼ੇ ਤੋਂ ਪਰੇ ਰਹਿ ਕੇ ਸਮਝਦੀ ਹਾਂ ਕਿ ਸਾਡੀ ਜ਼ਿੰਦਗੀ ਵਿਚ 550 ਸਾਲਾ ਪ੍ਰਕਾਸ਼ ਪੁਰਬ ਦਾ ਇਹ ਵਰ੍ਹਾ ਹੀ ਇਕ ਅਹਿਮ ਮੌਕਾ ਹੈ ਕਿ ਅਸੀਂ ਬਾਬੇ ਨਾਨਕ ਦੇ ਸਿਧਾਂਤਾਂ ਨੂੰ ਸਮਝੀਏ, ਵਿਚਾਰੀਏ ਅਤੇ ਇਸ ਵਿਚਾਰਧਾਰਾ ਨੂੰ ਆਪਣੇ ਵਿਹਾਰਕ ਜੀਵਨ ਵਿਚ ਲੈ ਕੇ ਆਈਏ।

ਛੋਟੇ ਹੁੰਦੇ ਗੁਰੂ ਸਾਹਿਬ ਦੇ ਜੀਵਨ 'ਤੇ ਲੇਖ ਲਿਖਦੇ ਸੀ ਕਿ ਗੁਰੂ ਸਾਹਿਬ ਪਾਂਧੇ ਕੋਲ ਪੜ੍ਹਨ ਗਏ ਤੇ ਪਾਂਧੇ ਨੂੰ ਹੀ ਪੜ੍ਹਾ ਆਏ, ਬਾਬੇ ਨਾਨਕ ਨੇ 13-13 ਤੋਲਿਆ ਤੇ ਸਰਬ ਸਾਂਝਾ ਉਪਦੇਸ਼ ਦਿੱਤਾ। ਇਸ ਤਰ੍ਹਾਂ 150 ਅੱਖਰਾਂ ਦਾ ਲੇਖ ਝੱਟ ਪੱਟ ਪੂਰਾ ਹੋ ਜਾਂਦਾ ਸੀ; ਪਰ ਸਮਝ ਕੁਝ ਵੀ ਨਹੀਂ ਸੀ, ਨਾ ਬਾਬੇ ਨਾਨਕ ਦੀ ਤੇ ਨਾ ਹੀ ਉਸ ਦੀ ਵਿਚਾਰਧਾਰਾ ਦੀ। ਘਰ ਵਿਚ ਸਾਰੇ ਪੜ੍ਹੇ-ਲਿਖੇ ਸਨ ਤੇ ਗੁਰਬਾਣੀ ਪੜ੍ਹਦੇ ਸਨ, ਪਰ ਜਪੁਜੀ ਸਾਹਿਬ ਅਤੇ ਭੌਤਿਕ ਵਿਗਿਆਨ ਪੜ੍ਹਨ ਪਿਛੋਂ ਵੀ ਭੁਚਾਲ ਆਉਣ ਦਾ ਕਾਰਨ 'ਧਰਤੀ ਹੇਠਲਾ ਬਲਦ' ਹੀ ਦੱਸਿਆ ਗਿਆ। ਇਹ ਸਾਡਾ ਦੁਖਾਂਤ ਹੈ ਕਿ ਸਾਨੂੰ ਅਜੇ ਤੱਕ ਵੀ ਸਾਡੇ ਕੋਲ ਮੌਜੂਦ ਗਿਆਨ ਦੇ ਖਜਾਨੇ ਦੀ ਸਮਝ ਨਹੀਂ ਆਈ। ਅੱਜ ਵੀ ਜਦ ਆਪਣੇ ਅੰਦਰ ਝਾਤ ਮਾਰੋ ਤਾਂ ਇਹੀ ਪਤਾ ਲਗਦਾ ਹੈ ਕਿ ਸਮਝਿਆ ਅਸੀਂ ਅੱਜ ਵੀ ਨਹੀਂ।

ਜੇ ਗੁਰੂ ਸਾਹਿਬ ਦੇ ਸਿਧਾਂਤਾਂ ਜਾਂ ਵਿਚਾਰਧਾਰਾ ਦੀ ਗੱਲ ਕਰੀਏ ਤਾਂ ਕੋਈ ਅਜਿਹੀ ਮਿਸਾਲ ਲੱਭਣੀ ਔਖੀ ਹੋ ਜਾਂਦੀ ਹੈ, ਜਿਸ 'ਤੇ ਅਸੀਂ ਪੂਰੇ ਉਤਰੇ ਹੋਈਏ। ਬਾਬੇ ਨਾਨਕ ਨੇ ਇਕ ਦਾ ਉਪਦੇਸ਼ ਦਿੱਤਾ, ਇਕ ਨੂੰ ਸਿਮਰਨ ਲਈ ਕਿਹਾ ਤੇ ਇਕ ਨਾਲ ਜੋੜਿਆ; ਪਰ ਅਸੀਂ ਉਸ ਇਕ ਨੂੰ ਸਮਝਣ ਦੀ ਕੋਸ਼ਿਸ਼ ਕੀਤੇ ਬਿਨਾ ਹੀ ਅਨੇਕਾਂ ਦੇ ਪਿੱਛੇ ਲੱਗ ਗਏ। ਇਸ ਦਾ ਪ੍ਰਮਾਣ ਚੇਲਿਆਂ ਨਾਲ ਭਰੇ ਡੇਰੇ ਤੇ ਸਾਡੀਆਂ ਅਖਬਾਰਾਂ ਵਿਚ ਦਿੱਤੇ ਹੋਏ 'ਕਾਲੇ ਇਲਮ ਨਾਲ ਕਿਸਮਤ ਅਜ਼ਮਾਉਣ' ਜਿਹੇ ਵਿਗਿਆਪਨਾਂ ਤੋਂ ਮਿਲਦਾ ਹੈ ਤੇ ਹੈਰਾਨੀ ਦੀ ਗੱਲ ਹੈ ਕਿ ਦੁਨੀਆਂ ਭਰ ਦੇ ਪੰਜਾਬੀ ਅਖਬਾਰਾਂ ਵਿਚ ਇਹ ਵਿਗਿਆਪਨ ਮਿਲਦੇ ਹਨ, ਜਿਸ ਦਾ ਸਿੱਧਾ ਜਿਹਾ ਮਤਲਬ ਇਹੀ ਹੈ ਕਿ ਵੱਡੀ ਗਿਣਤੀ ਵਿਚ ਸਾਡੇ ਪੰਜਾਬੀ ਇਨ੍ਹਾਂ ਦੇ ਗਾਹਕ ਹਨ। ਸ਼ਾਇਦ ਸਾਨੂੰ ਇਹ ਰਸਤਾ ਸੌਖਾ ਲਗਦਾ ਹੈ ਕਿ ਸਾਨੂੰ ਕੋਈ ਗੱਲ ਕਰਨ ਵਾਲਾ ਜਾਂ ਕੋਈ ਦੁੱਖ ਦਾ ਇਲਾਜ ਕਰਨ ਵਾਲਾ ਮਿਲ ਜਾਂਦਾ ਹੈ, ਪਰ ਬਾਬੇ ਨਾਨਕ ਨੇ ਤਾਂ ਕਿਹਾ ਕਿ ਸ਼ਬਦ ਗੁਰੂ ਦੇ ਲੜ ਲੱਗੋ ਤੇ ਜ਼ਿੰਦਗੀ ਵਿਚ ਕੋਈ ਮੁਸ਼ਕਿਲ ਆਉਂਦੀ ਹੀ ਨਹੀਂ; ਪਰ ਇਹ ਸਾਡਾ ਦੁਖਾਂਤ ਹੈ ਕਿ ਅਸੀਂ ਸ਼ਬਦ ਗੁਰੂ ਨੂੰ ਸਮਝਣ ਦੀ ਕੋਸ਼ਿਸ਼ ਹੀ ਨਹੀਂ ਕੀਤੀ, ਇਸ ਲਈ ਇਸ 'ਤੇ ਵਿਸ਼ਵਾਸ ਕਰਨਾ ਤਾਂ ਬਹੁਤ ਦੂਰ ਹੈ।

ਸਾਨੂੰ ਗੁਰੂ ਬਾਬੇ ਦੀ ਜਨੇਊ ਨਾ ਪਾਉਣ ਦੀ ਸਾਖੀ ਯਾਦ ਹੈ ਤੇ ਇਹ ਵੀ ਪਤਾ ਹੈ ਕਿ ਗੁਰੂ ਸਾਹਿਬ ਨੇ ਕਿਸ ਤਰ੍ਹਾਂ ਦਾ ਜਨੇਊ ਪਾਉਣ ਦੀ ਗੱਲ ਆਖੀ। ਅੱਜ ਸਾਡੇ ਸਮਾਜ ਵਿਚ ਆਮ ਹੀ ਦੇਖਿਆ ਜਾਂਦਾ ਹੈ ਕਿ ਲੋਕ ਤਵੀਤ ਪਾਈ ਫਿਰਦੇ ਨੇ ਤੇ ਇਹ ਕੰਮ ਕਰਨ ਵਾਲੇ ਲੋਕ ਆਪਣਾ ਵਧੀਆ ਰੁਜ਼ਗਾਰ ਚਲਾ ਰਹੇ ਹਨ। ਉਹ ਸਾਡੇ ਅਗਿਆਨ ਅਤੇ ਗੁਰੂ ਉਤੇ ਭਰੋਸਾ ਨਾ ਹੋਣ ਦਾ ਫਾਇਦਾ ਉਠਾਉਂਦੇ ਹਨ ਤੇ ਅਸੀਂ ਆਪਣੀ ਮੂਰਖਤਾ ਕਰਕੇ ਇਨ੍ਹਾਂ ਨੂੰ ਪੈਸੇ ਦਿੰਦੇ ਹਾਂ ਤੇ ਗੁਰੂ ਦੀ ਸਿੱਖਿਆ ਤੋਂ ਦੂਰ ਹੋ ਜਾਂਦੇ ਹਾਂ।

ਅਸੀਂ ਗੁਰੂ ਸਾਹਿਬ ਦੀ ਬਾਣੀ ਦੀ ਵਿਚਾਰ ਕਰੀਏ ਜਾਂ ਗੁਰੂ ਸਾਹਿਬ ਦੇ ਜੀਵਨ ਵੱਲ ਝਾਤ ਮਾਰੀਏ, ਸਾਨੂੰ ਸਿੱਧੇ ਤੇ ਸਪਸ਼ਟ ਰੂਪ ਵਿਚ ਸਿੱਖਿਆ ਮਿਲਦੀ ਹੈ ਕਿ ਇਕ ਨੂੰ ਜਪੋ, ਕਿਰਤ ਕਰੋ, ਵੰਡ ਛਕੋ, ਉਸ ਅਕਾਲ ਪੁਰਖ ਦੇ ਭਾਣੇ ਵਿਚ ਰਹੋ ਅਤੇ ਕਰਮ-ਕਾਂਡ ਤੋਂ ਦੂਰ ਰਹੋ। ਇਹੀ ਅਸੀਂ ਨਿਤਨੇਮ ਵਿਚ ਪੜ੍ਹਦੇ ਹਾਂ ਕਿ ਹੇ ਅਕਾਲ ਪੁਰਖ ਸਭ ਕੁਝ ਤੇਰੇ ਭਾਣੇ ਵਿਚ ਹੋ ਰਿਹਾ ਹੈ ਤੇ ਜੋ ਤੈਨੂੰ ਭਾਉਂਦਾ ਹੈ, ਉਸ ਵਿਚ ਹੀ ਭਲਾ ਹੈ। ਪਾਠ ਕਰਕੇ ਫਿਰ ਅਸੀਂ ਅਰਦਾਸ ਕਰਦੇ ਹਾਂ, ਜਿਸ ਵਿਚ ਭਰੋਸਾ ਦਾਨ ਮੰਗਦੇ ਹਾਂ, ਸਿੱਖ ਦਾ ਮਨ ਨੀਵਾਂ ਤੇ ਮੱਤ ਉਚੀ ਦੇ ਸੰਕਲਪ ਨੂੰ ਚੇਤੇ ਕਰਦੇ ਹਾਂ ਤੇ ਫਿਰ ਮੰਗਾਂ ਦੀ ਲੰਬੀ ਸੂਚੀ ਪੇਸ਼ ਕਰਦੇ ਆਂ। ਹੁਣ ਸਾਨੂੰ ਆਪਣੇ ਅੰਦਰ ਝਾਤੀ ਮਾਰਨ ਦੀ ਲੋੜ ਹੈ ਕਿ ਸਾਡਾ ਗੁਰੂ 'ਤੇ ਭਰੋਸਾ ਕਿੰਨਾ ਕੁ ਹੈ? ਕੀ ਅਸੀਂ ਭਾਣੇ ਅੰਦਰ ਰਹਿ ਕੇ ਖੁਸ਼ ਹਾਂ? ਕੀ ਅਸੀਂ ਗੁਰੂ ਦੀ ਮੰਨਦੇ ਹਾਂ, ਇਸ ਵਾਸਤੇ ਗੁਰਦੁਆਰੇ ਜਾਂਦੇ ਹਾਂ ਜਾਂ ਸਾਨੂੰ ਗੁਰੂ ਨਾਲ ਪਿਆਰ ਹੈ, ਇਸ ਲਈ ਜਾਂਦੇ ਹਾਂ ਜਾਂ ਫਿਰ ਸਿਰਫ ਮੰਗਣ ਹੀ ਜਾਂਦੇ ਹਾਂ? ਇਹ ਇਕ ਗੰਭੀਰ ਪ੍ਰਸਥਿਤੀ ਹੈ ਤੇ ਹਰ ਮਨੁੱਖ, ਜੋ ਆਪਣੇ ਆਪ ਨੂੰ ਬਾਬੇ ਨਾਨਕ ਦਾ ਸਿੱਖ ਮੰਨਦਾ ਹੈ, ਨੂੰ ਇਸ ਵੇਲੇ ਆਪਣਾ ਮੁਲਾਂਕਣ ਕਰਨ ਦੀ ਲੋੜ ਹੈ ਕਿ ਕਿਧਰੇ ਅਸੀਂ ਗੁਰੂ ਨਾਲ ਦੋਗਲੀ ਨੀਤੀ ਤਾਂ ਨਹੀਂ ਅਪਨਾ ਰਹੇ?

ਬਾਬੇ ਨਾਨਕ ਨੇ ਹਰ ਉਸ ਕਰਮ ਦਾ ਖੰਡਨ ਕੀਤਾ, ਜੋ ਵਿਹਾਰਕ ਤੇ ਵਿਗਿਆਨਕ ਪੱਖ 'ਤੇ ਖਰਾ ਨਹੀਂ ਉਤਰਦਾ, ਪਰ ਅਸੀਂ ਬਾਬੇ ਦੀ ਸਿੱਖਿਆ ਨੂੰ ਨਜ਼ਰ-ਅੰਦਾਜ਼ ਕਰਕੇ ਕਰਮ ਕਾਂਡ ਨਾਲ ਜੁੜੇ ਹੋਏ ਹਾਂ। ਬੱਚੇ ਦੇ ਜਨਮ ਤੋਂ ਲੈ ਕੇ ਬਜ਼ੁਰਗ ਤੱਕ ਦੇ ਜੀਵਨ ਵਿਚ ਹਰ ਪੜਾਅ 'ਤੇ ਅਸੀਂ ਅੰਧਵਿਸ਼ਵਾਸ ਨਾਲ ਜੁੜੇ ਹੋਏ ਹਾਂ, ਇੱਥੋਂ ਤੱਕ ਕਿ ਮਰਨ ਦੇ ਨਾਲ ਵੀ ਆਪਣੇ ਹੀ ਰਿਵਾਜ਼ ਜੋੜੀ ਬੈਠੇ ਹਾਂ। ਆਪਣੇ ਰਿਵਾਜਾਂ ਸਬੰਧੀ ਮੈਂ ਹੁਣ ਤੱਕ ਜੋ ਕੁਝ ਵੀ ਪੜ੍ਹਿਆ, ਇਹੀ ਸਮਝ ਆਈ ਕਿ ਇਹ ਸਭ ਵਿਅਰਥ ਕੰਮ ਹਨ।

ਮਿਸਾਲ ਵਜੋਂ ਬੱਚੇ ਨੂੰ ਕਾਲਾ ਟਿੱਕਾ ਲਾਉਣਾ, ਬੱਚੇ ਨੂੰ ਨਜ਼ਰ ਲੱਗਣ ਦਾ ਮੰਨਣਾ, ਸੂਤਕ ਦਾ ਮੰਨਣਾ। ਕੁਝ ਵਿਆਹ ਦੇ ਰਿਵਾਜ਼ਾਂ ਸਬੰਧੀ ਅਸੀਂ ਅਜਿਹੀਆਂ ਰਸਮਾਂ ਕਰਦੇ ਹਾਂ ਕਿ ਜਦ ਉਨ੍ਹਾਂ ਦਾ ਪਿਛੋਕੜ ਪਤਾ ਲੱਗਦਾ ਹੈ ਤਾਂ ਫਿਰ ਪਛਤਾਵਾ ਹੁੰਦਾ ਹੈ। ਗਿਆਨੀ ਸੰਤ ਸਿੰਘ ਮਸਕੀਨ ਤਾਂ, ਜੋ ਦਰਵਾਜੇ 'ਤੇ ਤੇਲ ਚੋਣ ਨੂੰ ਅਸੀਂ ਸ਼ਗਨ ਮੰਨਦੇ ਹਾਂ, ਨੂੰ ਅਗਿਆਨ, ਅਨਪੜ੍ਹਤਾ ਤੇ ਵਿਅਰਥ ਕਰਮ ਦੱਸਦੇ ਹਨ ਤੇ ਸੁਝਾਓ ਦਿੰਦੇ ਹਨ ਕਿ ਇੰਨਾ ਮਹਿੰਗਾ ਤੇਲ ਥੱਲੇ ਨਾ ਡੋਲੋ, ਕਿਸੇ ਗਰੀਬ ਨੂੰ ਦੇ ਦੇਵੋ। ਸਾਨੂੰ ਹਰ ਇਕ ਕਰਮ, ਜੋ ਅਸੀਂ ਕਰਦੇ ਹਾਂ, ਉਸ ਦਾ ਪਿਛੋਕੜ ਜਾਣਨ ਦੀ ਲੋੜ ਹੈ ਤੇ ਉਸ ਨੂੰ ਬਾਬੇ ਦੀ ਦਿੱਤੀ ਸਿੱਖਿਆ ਨਾਲ ਤੁਲਨਾ ਕਰਨ ਦੀ ਲੋੜ ਹੈ। ਅਜਿਹਾ ਕਰਨ ਨਾਲ ਜ਼ਿੰਦਗੀ ਬਹੁਤ ਖੂਬਸੂਰਤ ਹੋ ਜਾਵੇਗੀ।

ਜੇ ਜ਼ਿੰਦਗੀ ਦੀ ਪਰਿਭਾਸ਼ਾ ਨੂੰ ਬਹੁਤ ਥੋੜ੍ਹੇ ਲਫਜ਼ਾਂ ਵਿਚ ਤੇ ਬਹੁਤ ਉਚੇ ਪੱਧਰ 'ਤੇ ਦੇਖਣਾ ਹੋਵੇ ਤਾਂ ਉਹ ਗੁਰੂ ਸਾਹਿਬ ਦੀ ਲਿਖੀ ਹੈ। ਗੁਰੂ ਸਾਹਿਬ ਫੁਰਮਾਉਂਦੇ ਹਨ, 'ਇਸ ਜਗਤ 'ਤੇ ਆਉਣ ਤੋਂ ਲੈ ਕੇ ਜਾਣ ਤੱਕ ਦਾ ਸਫਰ ਜ਼ਿੰਦਗੀ ਹੈ।'

ਆਓ, ਗੁਰੂ ਸਾਹਿਬ ਦੀ ਵਿਚਾਰਧਾਰਾ ਨੂੰ ਸਮਝੀਏ ਤੇ ਆਪਣੇ ਜੀਵਨ ਵਿਚ ਇਸ 'ਤੇ ਅਮਲ ਕਰੀਏ। ਬਾਬੇ ਨਾਨਕ ਦਾ ਪ੍ਰਕਾਸ਼ ਪੁਰਬ ਮਨਾਉਣਾ ਤਾਂ ਹੀ ਸਫਲ ਹੈ, ਜੇ ਅਸੀਂ ਗੁਰੂ ਦੇ ਦੱਸੇ ਮਾਰਗ 'ਤੇ ਚੱਲੀਏ ਅਤੇ ਸ਼ਬਦ ਗੁਰੂ ਨਾਲ ਸਾਂਝ ਪਾਈਏ। ਸ਼ਬਦ ਗੁਰੂ ਨਾਲ ਸਾਂਝ ਹੀ ਸਾਨੂੰ ਸਭ ਕਰਮ-ਕਾਂਡ ਤੋਂ ਦੂਰ ਕਰ ਦੇਵੇਗੀ ਤੇ ਅਸੀਂ ਗੁਰੂ ਦੇ ਉਪਦੇਸ਼ 'ਤੇ ਚੱਲਾਂਗੇ।

# ਚਲ ਸੋ ਚੱਲ

ਗੁਰੂ ਨਾਨਕ ਦੇਵ ਜੀ ਨੇ ਸਾਰਾ ਜੀਵਨ ਭੁੱਲੇ ਭਟਕੇ, ਕਰਮ ਕਾਂਡ 'ਚ ਗ੍ਰਸੇ, ਵਹਿਮਾਂ-ਭਰਮਾਂ 'ਚ ਫਸੇ ਅਤੇ ਮਨ ਦੇ ਹਨੇਰਿਆਂ 'ਚ ਕੈਦ ਲੋਕਾਂ ਨੂੰ ਸਿੱਧਾ ਰਾਹ ਦਰਸਾਉਣ ਲਈ ਹੀ ਲਾਇਆ। ਉਹ ਇੱਕ ਥਾਂ ਟਿਕ ਕੇ ਨਹੀਂ ਬੈਠੇ। ਮਨੁੱਖਤਾ ਨੂੰ ਸਮਾਜਕ, ਧਾਰਮਿਕ ਜਕੜ 'ਚੋਂ ਕੱਢਦੇ, ਬਾਣੀ ਉਚਾਰਦੇ, ਲੋਕਾਈ ਨੂੰ ਸੇਧ ਦਿੰਦੇ ਸਾਰੀ ਜ਼ਿੰਦਗੀ ਚਲ ਸੋ ਚੱਲ 'ਚ ਹੀ ਬਤੀਤ ਕੀਤੀ। ਚਾਰ ਉਦਾਸੀਆਂ ਉਨ੍ਹਾਂ ਸਮਿਆਂ 'ਚ ਆਪਣੇ ਆਪ 'ਚ ਇਕ ਮਿਸਾਲ ਹਨ ਕਿ ਕਿਸ ਤਰ੍ਹਾਂ ਹਜ਼ਾਰਾਂ ਕੋਹਾਂ ਦਾ ਪੈਂਡਾ ਪੈਦਲ ਤੈਅ ਕੀਤਾ। ਅੱਜ ਕੱਲ ਵਾਂਗ ਗੱਡੀਆਂ ਮੋਟਰਾਂ ਦੀ ਕੋਈ ਸੁਵਿਧਾ ਨਹੀਂ ਸੀ।

**ਕਲਵੰਤ ਸਿੰਘ ਸਹੋਤਾ**
ਫੋਨ: 604-589-5919

ਹਰ ਥਾਂ, ਹਰ ਇਲਾਕੇ ਦਾ ਨਵਾਂ ਵਾਤਾਵਰਣ, ਨਵਾਂ ਰਹਿਣ ਸਹਿਣ ਤੇ ਨਵੀਆਂ ਹੀ ਵਿਚਾਰ ਵਿਧੀਆਂ ਦੇ ਸਨਮੁੱਖ ਆਪਣੀ ਅਧਿਆਤਮਕ ਵਿਚਾਰ ਗੋਸ਼ਟੀ ਨਾਲ ਕਿਵੇਂ ਵਿਰੋਧੀ ਵਿਚਾਰ ਰੱਖਣ ਵਾਲਿਆਂ ਨੂੰ ਵੀ ਕੀਲ ਕੇ ਰੱਖ ਲਿਆ।

ਗੁਰੂ ਨਾਨਕ ਸਾਹਿਬ ਨਾ ਹਿੰਦੂ ਧਰਮ ਦੇ ਵਿਰੋਧੀ ਸਨ ਤੇ ਨਾ ਹੀ ਇਸਲਾਮ ਦੇ ਪੈਰੋਕਾਰ। ਉਸ ਸਮੇਂ ਇਨ੍ਹਾਂ ਦੋਹਾਂ ਹੀ ਧਰਮਾਂ 'ਚ ਆ ਚੁਕੀਆਂ ਊਣਤਾਈਆਂ, ਕਮਜ਼ੋਰੀਆਂ ਤੇ ਗਿਰਾਵਟਾਂ ਤੋਂ ਆਮ ਲੋਕਾਂ ਨੂੰ ਚੌਕੰਨਾ ਕਰਨ ਲਈ ਗੁਰਬਾਣੀ ਵਿਚ ਵਿਅੰਗਮਈ ਤਰੀਕੇ ਨਾਲ ਇਨ੍ਹਾਂ ਤਰੁਟੀਆਂ ਦੇ ਪਾਜ ਉਧੇੜੇ। ਗੁਰੂ ਸਾਹਿਬ ਕਿਸੇ ਇੱਕਾ ਦੁੱਕਾ ਬੰਦੇ ਦੇ ਜਾਂ ਕਿਸੇ ਖਾਸ ਧਰਮ ਦੇ ਖਿਲਾਫ ਨਹੀਂ ਸਨ, ਸਗੋਂ ਪਖੰਡ ਦੇ ਖਿਲਾਫ ਸਨ। ਜਪੁਜੀ ਸਾਹਿਬ, ਆਸਾ ਦੀ ਵਾਰ ਸਮੇਤ ਗੁਰੂ ਨਾਨਕ ਦੇਵ ਜੀ ਦੀ ਗੁਰੂ ਗ੍ਰੰਥ ਸਾਹਿਬ 'ਚ ਦਰਜ ਬਾਣੀ ਪੜ੍ਹ ਕੇ ਜ਼ਰਾ ਧਿਆਨ ਨਾਲ ਸੋਚੀਏ ਤਾਂ ਇਹ ਇੱਕ ਬੜੇ ਸੁਚੇਤ ਤਰੀਕੇ ਨਾਲ ਆਲੇ ਦੁਆਲੇ ਦਾ ਹੀ ਵਰਣਨ ਹੈ। ਉਸ ਸਮੇਂ ਦਾ ਅੱਖੀਂ ਡਿੱਠਾ ਦ੍ਰਿਸ਼ਟਾਂਤ ਹੈ ਕਿ ਇਨਸਾਨ ਬਾਹਰੋਂ ਪਾਜ ਕੋਈ ਕਰਦਾ ਹੈ ਤੇ ਅੰਦਰੋਂ ਕੁਝ ਹੋਰ ਹੈ; ਜੋ ਬਾਹਰੋਂ ਪ੍ਰਚਾਰ ਕਰਦਾ ਹੈ, ਉਹ ਉਸ ਦੀ ਆਪਣੀ ਜ਼ਿੰਦਗੀ ਦਾ ਅਮਲ ਨਹੀਂ, ਇਸੇ ਕਰਕੇ ਉਨ੍ਹਾਂ ਅਜਿਹੀਆਂ ਕੁਰੀਤੀਆਂ ਨੂੰ ਰੱਜ ਕੇ ਭੰਡਿਆ ਤੇ ਨਿਖੇੜਿਆ। ਬਾਣੀ 'ਚ ਪਖੰਡ ਦੇ ਨਿੱਡਰ ਹੋ ਕੇ ਪਾੜਛੇ ਲਾਹੇ। ਅਜਿਹਾ ਸਭ ਕੁਝ ਗੁਰੂ ਸਾਹਿਬ ਦੀ ਬਾਣੀ ਵਿਚ ਥਾਂ ਥਾਂ ਦਰਜ ਹੈ।

ਸਿੱਖ ਜਗਤ ਨੇ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ ਬੜੇ ਉਤਸ਼ਾਹ ਨਾਲ ਮਨਾਇਆ ਤੇ ਮਨਾ ਰਿਹਾ ਹੈ, ਪਰ ਜੇ ਅਸੀਂ ਗੁਰੂ ਸਾਹਿਬ ਦੀ ਤੋਰੀ ਲੀਹ 'ਤੇ ਚੱਲੀਏ ਹੀ ਨਾ, ਬਾਣੀ 'ਚ ਉਨ੍ਹਾਂ ਵਲੋਂ ਦਰਸਾਈਆਂ ਸੇਧਾਂ 'ਤੇ ਤੁਰੀਏ ਹੀ ਨਾ; ਉਨ੍ਹਾਂ ਦੀਆਂ ਹਦਾਇਤਾਂ ਵਲ ਉਕਾ ਹੀ ਧਿਆਨ ਨਾ ਦੇਈਏ ਤੇ ਅਵੇਸਲੇ ਹੋਏ ਰਹੀਏ ਤਾਂ ਫਿਰ ਇਕੱਲਾ ਪ੍ਰਕਾਸ਼ ਪੁਰਬ ਮਨਾਉਣ ਦੇ ਪ੍ਰਚਾਰ ਨਾਲ ਤਾਂ ਗੱਲ ਨਹੀਂ ਬਣਨੀ!

ਗੁਰੂ ਸਾਹਿਬ ਨੇ ਰੋਜ਼ਾਨਾ ਜੀਵਨ ਜਿਉਣ ਲਈ ਕੁਝ ਹਦਾਇਤਾਂ ਕੀਤੀਆਂ ਹਨ। ਕੀ ਅਸੀਂ ਸੱਚ ਮੁੱਚ ਉਨ੍ਹਾਂ 'ਤੇ ਪਹਿਰਾ ਦਿੰਦੇ ਆ ਰਹੇ ਹਾਂ? ਕਿਰਤ ਕਰੋ, ਨਾਮ ਜਪੋ, ਵੰਡ ਛਕੋ ਦੇ ਗੁਰੂ ਸਾਹਿਬ ਦੇ ਉਪਦੇਸ਼ 'ਤੇ ਰੋਜ਼ਾਨਾ ਕਿੰਨਾ ਕੁ ਅਮਲ ਕਰਦੇ ਹਾਂ? ਕਿਤੇ ਸਾਡੀ ਬਿਰਤੀ ਇੱਥੇ ਹੀ ਤਾਂ ਨਹੀਂ ਉਲਝ ਗਈ ਕਿ ਕਿਸੇ ਦਾ ਹੱਕ ਖਾ ਕੇ ਜਾਂ ਹੋਰ ਠੱਗੀ ਮਾਰ ਕੇ, ਉਸ ਲੁੱਟ ਦਾ ਕੁਝ ਹਿੱਸਾ ਕਿਸੇ ਧਾਰਮਿਕ ਸਥਾਨ ਨੂੰ ਦਾਨ ਕਰ, ਆਪਣੇ ਆਪ ਨੂੰ ਉਹ ਮਾਰਿਆ ਹੱਕ ਜਾਂ ਕੀਤੀ ਠੱਗੀ ਤੋਂ ਖੁਦ ਨੂੰ ਸੁਰਖਰੂ ਹੋਇਆ ਸਮਝਣਾ ਸ਼ੁਰੂ ਕਰ ਦੇਈਏ, ਇਹ ਤਾਂ ਗੁਰੂ ਨਾਨਕ ਦੇਵ ਜੀ ਦਾ ਉਪਦੇਸ਼ ਨਹੀਂ ਸੀ! ਕੀ ਅਸੀਂ ਆਪਣੇ ਅੰਦਰ ਝਾਤੀ ਮਾਰਦਿਆਂ ਇਹ ਅਨੁਭਵ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਗੁਰੂ ਜੀ ਨੇ ਸਾਨੂੰ ਉਪਦੇਸ਼ ਕੀ ਕੀਤੇ ਹਨ ਤੇ ਅਸੀਂ ਕਰ ਕੀ ਰਹੇ ਹਾਂ?

ਅੱਜ ਕੱਲ ਦੇ ਵਪਾਰਕ ਤੇ ਪਦਾਰਥਵਾਦੀ ਜ਼ਮਾਨੇ ਵਿਚ, ਗੁਰੂ ਨਾਨਕ ਦੀਆਂ ਸਿੱਖਿਆਵਾਂ ਤੇ ਉਪਦੇਸ਼ਾਂ ਦਾ ਕਿਤੇ ਅਸੀਂ ਵਪਾਰੀਕਰਨ ਤਾਂ ਨਹੀਂ ਕਰ ਦਿੱਤਾ? ਮੇਰੇ ਕਹਿਣ ਤੋਂ ਇਹ ਭਾਵ ਨਹੀਂ ਕਿ ਕੋਈ ਸੰਸਥਾ ਜਾਂ ਨਾਨਕ ਨਾਮ ਲੇਵਾ ਸਿੱਖ ਇਸ ਵਲ ਧਿਆਨ ਦੇ ਹੀ ਨਹੀਂ ਰਿਹਾ, ਪਰ ਇਹ ਯਾਦ ਰੱਖਣਾ ਬਹੁਤ ਜਰੂਰੀ ਹੈ ਕਿ ਗੁਰੂ ਜੀ ਦੇ ਉਪਦੇਸ਼ਾਂ ਨੂੰ ਰੋਜ਼ਾਨਾ ਜੀਵਨ 'ਚ ਵਿਅਕਤੀਗਤ ਤੌਰ 'ਤੇ ਅਤੇ ਸੰਸਥਾਪਕ ਤੌਰ 'ਤੇ ਵੀ ਅਮਲ 'ਚ ਲਿਆਉਣ ਦਾ ਯਤਨ ਨਿਰੰਤਰ ਜਾਰੀ ਰਹਿਣਾ ਚਾਹੀਦਾ ਹੈ।

ਗੁਰੂ ਨਾਨਕ ਸਾਹਿਬ ਦੀ ਸਿੱਖਿਆ ਕਿਸੇ ਖਾਸ ਵਰਗ ਲਈ ਨਹੀਂ, ਸਗੋਂ ਸਮੁੱਚੀ ਮਨੁੱਖਤਾ ਲਈ ਹੈ। ਸਿੱਖ ਧਰਮ ਇਸੇ ਕਰਕੇ ਵਿਲੱਖਣ ਹੈ ਕਿ ਹਰ ਸਿੱਖ ਨੂੰ ਹਮੇਸ਼ਾ ਆਪਣੇ ਮਨ ਨੂੰ ਖੁੱਲ੍ਹਾ ਰੱਖਦਿਆਂ ਕੁਝ ਨਵਾਂ ਸਿੱਖਣ ਤੇ ਗੁਰੂ ਜੀ ਦੇ ਉਪਦੇਸ਼ਾਂ 'ਤੇ ਅਮਲ ਕਰਨ ਲਈ ਤਤਪਰ ਰਹਿਣਾ ਚਾਹੀਦਾ ਹੈ। ਗੁਰੂ ਨਾਨਕ ਨੇ ਕੋਈ ਪੰਥ ਨਹੀਂ ਸੀ ਸਥਾਪਤ ਕੀਤਾ। ਕੀ ਅੱਜ ਅਸੀਂ ਵੱਖੋ ਵੱਖਰੇ ਡੇਰਿਆਂ ਤੇ ਸੰਸਥਾਵਾਂ ਦੇ ਨਾਂ ਥੱਲੇ ਗੁਰੂ ਨਾਨਕ ਦੀਆਂ ਸਿੱਖਿਆਵਾਂ ਤੇ ਉਪਦੇਸ਼ਾਂ ਦਾ ਨਿਜੀਕਰਨ ਕਰਦਿਆਂ ਆਪੋ ਆਪਣੀਆਂ ਵੱਖੋ ਵੱਖਰੀਆਂ ਪੂਜਾ ਵਿਧੀਆਂ ਤਾਂ ਨਹੀਂ ਬਣਾ ਬੈਠੇ? ਗੁਰੂ ਨਾਨਕ ਦੀ ਬਾਣੀ ਪੜ੍ਹ ਕੇ ਉਸ 'ਤੇ ਅਮਲ ਕਰਨ ਲਈ ਕੋਈ ਖਾਸ ਵਿਧੀ ਤੇ ਪ੍ਰਯੋਗ ਦੀ ਲੋੜ ਨਹੀਂ; ਗੁਰੂ ਗ੍ਰੰਥ ਸਾਹਿਬ 'ਚ ਦਰਜ ਬਾਣੀ ਬਹੁਤ ਹੀ ਸਰਲ ਭਾਸ਼ਾ 'ਚ ਲਿਖੀ ਹੋਈ ਹੈ ਤੇ ਆਮ ਲੋਕਾਂ ਨੂੰ ਸੌਖਿਆਂ ਹੀ ਸਮਝ ਆ ਸਕਦੀ ਹੈ; ਉਸ ਨੂੰ ਅੰਦਰ ਵਸਾ ਕੇ ਆਪਣੇ ਰੋਜ਼ਾਨਾ ਜੀਵਨ 'ਚ ਅਪਨਾਈਏ ਤੇ ਕਰਮ ਕਾਂਡ ਤੋਂ ਬਚੀਏ। ਗੁਰੂ ਨਾਨਕ ਨੇ ਪਾਂਡੇ ਨੂੰ ਜਨੇਊ ਪਾਉਣ ਤੋਂ ਇਨਕਾਰ ਕਰ ਦਿੱਤਾ ਸੀ ਤੇ ਉਸ ਪ੍ਰਥਾਏ ਗੁਰੂ ਗ੍ਰੰਥ ਸਾਹਿਬ 'ਚ ਸ਼ਬਦ ਵੀ ਦਰਜ ਹੈ; ਭਾਵ ਇਹ ਸੀ ਕਿ ਇਹ ਸਭ ਪਖੰਡ ਹੈ, ਮੈਂ ਇਸ ਪਖੰਡ ਨੂੰ ਮੁੱਢੋਂ ਨਕਾਰਦਾ ਹਾਂ। ਭਾਵੇਂ ਉਸ ਵੇਲੇ ਪਾਂਡੇ ਨੂੰ ਬੁਰਾ ਲੱਗਾ ਹੋਊ ਕਿ ਇਹ ਉਸ ਦੀ ਪਖੰਡੀ ਪਰੰਪਰਾ ਦੀ ਵਿਧੀ ਨੂੰ ਨਕਾਰ ਰਿਹਾ ਗਿਆਨਵਾਨ ਬਾਲਕ ਨਾਨਕ ਕਿਹੋ ਜਿਹਾ ਹੈ? ਪਰ ਕੀ ਅੱਜ ਅਸੀਂ ਸਿੱਖੀ ਸਰੂਪ ਵਿਚ ਪਾਂਡੇ ਤਾਂ ਨਹੀਂ ਬਣੇ ਫਿਰਦੇ?

ਗੁਰੂ ਨਾਨਕ ਸਾਹਿਬ ਦੀ ਬਾਣੀ ਰਾਗਾਂ 'ਚ ਦਰਜ ਹੈ। ਸੰਗੀਤ ਦੀਆਂ ਗਿਣਤੀ-ਮਿਣਤੀ ਦੀਆਂ ਵਿਧੀਆਂ ਤੇ ਰਾਗਾਂ 'ਚ ਇਸ ਨੂੰ ਗਾਇਆ ਤੇ ਅਨੰਦ ਮਾਣਿਆ ਜਾ ਸਕਦਾ ਹੈ; ਜੋ ਮਾਨਸਿਕ ਤੇ ਅਧਿਆਤਮਕ ਸਕੂਨ ਦਏਗਾ। ਸੰਗੀਤ ਇੱਕ ਅਜਿਹੀ ਸ਼ੈਅ ਹੈ ਕਿ ਜਿਸ ਨੂੰ ਸੁਣ ਕੇ ਮਨ ਸ਼ਾਂਤ, ਖੁਸ਼ ਤੇ ਅਨੰਦਮਈ ਹੁੰਦਾ ਹੈ। ਜਦੋਂ ਬਾਣੀ ਸੁਰ-ਤਾਲ 'ਚ ਗਾਇਨ ਹੁੰਦੀ ਸੁਣੀਂ ਜਾਏ ਤਾਂ ਇਹ ਸੋਨੇ 'ਤੇ ਸੁਹਾਗੇ ਵਾਲੀ ਗੱਲ ਹੈ।

ਗੁਰੂ ਨਾਨਕ ਨੇ ਸਿੱਖ ਧਰਮ ਨੂੰ ਪੈਸੇ ਨਾਲ ਨਹੀਂ ਜੋੜਿਆ, ਮੁਢਲੀਆਂ ਜੀਵਨ ਲੋੜਾਂ ਪੂਰੀਆਂ ਹੁੰਦੀਆਂ ਰਹਿਣ ਤੱਕ ਪੈਸੇ ਦੀ ਮਹੱਤਤਾ ਦਰਸਾਈ ਹੈ। ਹੱਕ ਦੀ ਕਮਾਈ ਕਰਨ ਵਾਲੇ ਕਿਰਤੀਆਂ ਨੂੰ ਵਡਿਆਇਆ ਹੈ, ਭਾਈ ਲਾਲੋ ਦੀ ਮਿਸਾਲ ਸਾਹਮਣੇ ਹੈ। ਲੋਕਾਂ ਦਾ ਖੂਨ ਨਿਚੋੜ ਕੇ ਪੈਸੇ ਇਕੱਤਰ ਕਰਨ ਵਾਲੇ ਮਲਕ ਭਾਗੋ ਨੂੰ ਨਕਾਰਿਆ ਤੇ ਸ਼ਰੇਆਮ ਉਸ ਦੇ ਝੂਠ, ਫਰੇਬ ਤੇ ਲੁੱਟ ਦਾ ਪਰਦਾਫਾਸ਼ ਕਰਦਿਆਂ ਉਸ ਨੂੰ ਫਿਟਕਾਰਾਂ ਪਾਈਆਂ। ਆਪਾਂ ਆਪਣੇ ਆਲੇ ਦੁਆਲੇ ਝਾਤ ਮਾਰਦਿਆਂ ਧਿਆਨ ਨਾਲ ਦੇਖੀਏ ਤਾਂ ਸਹਿਜੇ ਹੀ ਝਲਕ ਪੈ ਜਾਂਦੀ ਹੈ ਕਿ ਥਾਂ ਥਾਂ ਮਲਕ ਭਾਗੋਆਂ ਦੀਆਂ ਹੱਟੀਆਂ ਤੇ ਦੰਭ ਦਾ ਬੋਲ ਬਾਲਾ ਹੈ; ਭਾਈ ਲਾਲੋ ਕਿਤੇ ਟੋਲਿਆਂ ਵੀ ਨਹੀਂ ਲੱਭਦਾ।

ਗੁਰੂ ਨਾਨਕ ਸਾਹਿਬ ਦੀ ਬਾਣੀ ਦੇ ਉਪਦੇਸ਼ਾਂ ਤੇ ਸਿੱਖਿਆਵਾਂ ਨੂੰ ਅੱਜ ਦਿਖਾਵੇ ਅਤੇ ਵਪਾਰ ਨੇ ਹਾਈਜੈਕ ਕਰ ਲਿਆ ਲਗਦਾ ਹੈ। ਗੁਰੂ ਜੀ ਦੇ ਉਪਦੇਸ਼ ਅਸੀਂ ਛੱਕੇ ਟੰਗ ਆਪਣੇ ਸੁਆਰਥ ਮੁੱਖ ਸਮਝ ਲਏ ਹਨ। ਸਾਨੂੰ ਵਹਿਮਾਂ ਭਰਮਾਂ ਦੇ ਦਰਿਆ 'ਚੋਂ ਹੜ੍ਹੇ ਜਾਂਦਿਆਂ ਨੂੰ ਗੁਰੂ ਨਾਨਕ ਨੇ ਕੰਨੋਂ ਫੜ ਬਾਹਰ ਕੱਢਿਆ ਸੀ; ਅਸੀਂ ਮੁੜ ਕਿਤੇ ਉਸੇ ਵਹਿਮ-ਭਰਮ, ਕਰਮ ਕਾਂਡ ਤੇ ਦਿਖਾਵੇ ਦੇ ਦਰਿਆ ਵਿਚ ਤਾਂ ਨਹੀਂ ਰੁੜ੍ਹਨ ਲੱਗੇ?

ਧਿਆਨ ਨਾਲ ਦੇਖੀਏ ਕਿ ਕਿਤੇ ਸਿੱਖ ਅਤੇ ਸਿੱਖ ਸੰਸਥਾਵਾਂ ਗੁਰੂਆਂ ਦੀਆਂ ਪ੍ਰਕਾਸ਼ ਪੁਰਬ ਸ਼ਤਾਬਦੀਆਂ ਮਨਾਉਣ ਦੇ ਨਾਂ ਥੱਲੇ ਕਿਤੇ ਪੈਸਾ ਇਕੱਠਾ ਕਰਨ ਅਤੇ ਫੋਕੀ ਸ਼ੁਹਰਤ ਵਲ ਤਾਂ ਨਹੀਂ ਧੂਹੇ ਜਾ ਰਹੇ? ਹਰ ਨਵਾਂ ਚੜ੍ਹਿਆ ਦਿਨ ਪ੍ਰਕਾਸ਼ ਪੁਰਬਾਂ ਵਾਂਗ ਹੀ ਸਮਝਦਿਆਂ ਗੁਰੂ ਜੀ ਦੀਆਂ ਸਿੱਖਿਆਵਾਂ 'ਤੇ ਅਮਲ ਕਰਨ ਦਾ ਯਤਨ ਕਰਦਿਆਂ ਬਿਤਾਉਂਦੇ ਜਾਈਏ, ਨਾ ਕਿ ਸਿਰਫ ਵਪਾਰ ਦੇ ਨੁਕਤੇ ਨਿਗ੍ਹਾ ਤੋਂ ਹੀ ਪ੍ਰਕਾਸ਼ ਪੁਰਬ ਤੇ ਸ਼ਤਾਬਦੀਆਂ ਮਨਾਉਣ ਦੀ ਚਲ ਸੋ ਚੱਲ 'ਚ ਹੀ ਪਏ ਰਹੀਏ!

## ਗੁਰਬਾਣੀ ਗਿਆਨ

# ਸੰਤ ਕੈ ਸੰਗਿ ਰਾਮ ਰੰਗ ਕੇਲ

**ਰਾਮਕਲੀ ਮਹਲਾ ੫॥**
ਸੰਤ ਕੈ ਸੰਗਿ ਰਾਮ ਰੰਗ ਕੇਲ॥
ਆਗੈ ਜਮ ਸਿਉ ਹੋਇ ਨ ਮੇਲ॥
ਅਹੰਬੁਧਿ ਕਾ ਭਇਆ ਬਿਨਾਸ॥
ਦੁਰਮਤਿ ਹੋਈ ਸਗਲੀ ਨਾਸ॥
ਰਾਮ ਨਾਮ ਗੁਣ ਗਾਇ ਪੰਡਿਤ॥
ਕਰਮ ਕਾਂਡ ਅਹੰਕਾਰੁ ਨ ਕਾਜੈ
ਕੁਸਲ ਸੇਤੀ ਘਰਿ ਜਾਹਿ ਪੰਡਿਤ॥ ਰਹਾਉ॥
ਹਰਿ ਕਾ ਜਸੁ ਨਿਧਿ ਲੀਆ ਲਾਭ॥
ਪੂਰਨ ਭਏ ਮਨੋਰਥ ਸਾਭ॥
ਦੁਖੁ ਨਾਠਾ ਸੁਖੁ ਘਰ ਮਹਿ ਆਇਆ॥
ਸੰਤ ਪ੍ਰਸਾਦਿ ਕਮਲੁ ਬਿਗਸਾਇਆ॥
ਨਾਮ ਰਤਨੁ ਜਿਨਿ ਪਾਇਆ ਦਾਨੁ॥
ਤਿਸੁ ਜਨ ਹੋਏ ਸਗਲ ਨਿਧਾਨ॥
ਸੰਤੋਖੁ ਆਇਆ ਮਨਿ ਪੂਰਾ ਪਾਇ॥
ਫਿਰਿ ਫਿਰਿ ਮਾਗਨ ਕਾਹੇ ਜਾਇ॥
ਹਰਿ ਕੀ ਕਥਾ ਸੁਨਤ ਪਵਿਤ॥
ਜਿਹਵਾ ਬਕਤ ਪਾਈ ਗਤਿ ਮਤਿ॥
ਸੋ ਪਰਵਾਣੁ ਜਿਸੁ ਰਿਦੈ ਵਸਾਈ॥
ਨਾਨਕ ਤੇ ਜਨ ਊਤਮ ਭਾਈ॥

ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਕਰਮ ਕਾਂਡਾਂ ਵਿਚ ਉਲਝੇ ਪੰਡਿਤ ਨੂੰ ਮੁਖਾਤਿਬ ਹਨ ਕਿ ਹੇ ਪੰਡਿਤ! ਤੂੰ ਉਸ ਹਰੀ ਪਰਮਾਤਮਾ ਦਾ ਨਾਮ ਜਪਿਆ ਕਰ, ਪ੍ਰਭੂ ਦੇ ਗੁਣਾਂ ਦਾ ਗਾਇਨ ਕਰਿਆ ਕਰ, ਧਰਮ ਦੇ ਕੰਮਾਂ ਲਈ ਤੇਰੇ ਮਿਥੇ ਤੀਰਥ, ਬਰਤ, ਪੂਜਾ ਅਰਚਾ ਦੇ ਸਿਲਸਿਲੇ ਦਾ ਅਹੰਕਾਰ ਤੇਰੇ ਕਿਸੇ ਵੀ ਕੰਮ ਨਹੀਂ ਆਵੇਗਾ, ਮਾਲਕ ਨਾਲ ਜੁੜ ਕੇ ਤੂੰ ਅਨੰਦ ਨਾਲ ਜੀਵਨ ਬਤੀਤ ਕਰਕੇ ਅਸਲ ਘਰ ਵਿਚ ਜਾਵੇਂਗਾ।

ਸਤਿਗੁਰੂ ਫੁਰਮਾਉਂਦੇ ਹਨ, ਹੇ ਪੰਡਿਤ! ਗੁਰੂ ਦੀ ਸੰਗਤਿ ਵਿਚ ਰਹਿ ਕੇ ਮਿਹਰਬਾਨ ਪ੍ਰਭੂ ਦੇ ਪ੍ਰੇਮ ਦੀ ਖੇਡ ਖੇਡਿਆ ਕਰ, ਫਿਰ ਅਗਾਂਹ ਪਰਲੋਕ ਵਿਚ ਤੇਰਾ ਜਮਾਂ ਨਾਲ ਵਾਹ ਨਹੀਂ ਪਵੇਗਾ। ਹੇ ਪੰਡਿਤ! ਜੋ ਮਨੁੱਖ ਪ੍ਰਭੂ ਨਾਲ ਜੁੜ ਜਾਂਦਾ ਹੈ, ਉਸ ਦੀ ਹਉਮੈ ਵਾਲੀ ਬੁੱਧੀ ਦਾ ਨਾਸ ਹੋ ਜਾਂਦਾ ਹੈ, ਉਸ ਦੇ ਅੰਦਰੋਂ ਦੁਰਮਤਿ ਭਾਵ ਖੋਟੀ ਬੁਰੀ ਮਤਿ ਸਾਰੀ ਮੁਕ ਜਾਂਦੀ ਹੈ ਅਤੇ ਉਹ ਮਾਲਕ ਦੇ ਘਰ ਪ੍ਰਵਾਨ ਹੋ ਜਾਂਦਾ ਹੈ।

ਹੇ ਪੰਡਿਤ! ਜਿਸ ਮਨੁੱਖ ਨੇ ਪਰਮਾਤਮਾ ਦੀ ਸਿਫਤਿ ਸਾਲਾਹ ਦਾ ਖਜਾਨਾ ਲੱਭ ਲਿਆ, ਸਮਝੋ ਉਸ ਦੇ ਸਾਰੇ ਹੀ ਮਨੋਰਥ ਪੂਰੇ ਹੋ ਗਏ; ਉਸ ਵਡਭਾਗੇ ਮਨੁੱਖ ਦਾ ਸਾਰਾ ਦੁਖ ਦੂਰ ਹੋ ਗਿਆ ਅਤੇ ਉਸ ਦੇ ਹਿਰਦੇ ਰੂਪੀ ਘਰ ਵਿਚ ਸੁਖ ਨੇ ਆ ਕੇ ਨਿਵਾਸ ਕਰ ਲਿਆ; ਸੰਤ ਗੁਰੂ ਦੀ ਕਿਰਪਾ ਨਾਲ ਉਸ ਦੇ ਹਿਰਦੇ ਦਾ ਮੁਰਝਾਇਆ ਕੌਲ ਫੁੱਲ ਖਿੜ ਪਿਆ।

ਸਤਿਗੁਰੂ ਆਖਦੇ ਹਨ, ਹੇ ਪੰਡਿਤ! ਤੂੰ ਸੰਸਾਰਕ ਜਜਮਾਨਾਂ ਪਾਸੋਂ ਦਾਨ ਮੰਗਦਾ ਫਿਰਦਾ ਹੈਂ, ਪਰ ਜਿਸ ਮਨੁੱਖ ਨੇ ਗੁਰੂ ਪਾਸੋਂ ਉਸ ਮਿਹਰਬਾਨ ਪ੍ਰਭੂ ਦਾ ਨਾਮ ਰਤਨ ਦਾਨ ਪ੍ਰਾਪਤ ਕਰ ਲਿਆ, ਉਸ ਨੂੰ ਮਾਨੋ ਸਾਰੇ ਹੀ ਖਜਾਨੇ ਮਿਲ ਗਏ; ਪੂਰਨ ਪ੍ਰਭੂ ਨੂੰ ਪ੍ਰਾਪਤ ਕਰਕੇ ਉਸ ਦੇ ਮਨ ਅੰਦਰ ਸੰਤੋਖ ਪੈਦਾ ਹੋ ਗਿਆ, ਫਿਰ ਉਹ ਵਡਭਾਗਾ ਮਨੁੱਖ ਮੁੜ ਮੁੜ ਭਲਾ ਜਜਮਾਨਾਂ ਦੇ ਘਰੀਂ ਮੰਗਣ ਕਿਉਂ ਜਾਵੇਗਾ?

ਸ਼ਬਦ ਦੇ ਅਖੀਰ ਵਿਚ ਗੁਰਦੇਵ ਕਹਿੰਦੇ ਹਨ ਕਿ ਨਾਨਕ ਆਖਦਾ ਹੈ, ਹੇ ਪੰਡਿਤ! ਪ੍ਰਭੂ ਦੀ ਸਿਫਤਿ ਸਾਲਾਹ ਦੀਆਂ ਗੱਲਾਂ ਸੁਣਦਿਆਂ ਜੀਵਨ ਪਵਿੱਤਰ ਹੋ ਜਾਂਦਾ ਹੈ, ਜੀਭ ਨਾਲ ਪ੍ਰਭੂ ਦਾ ਨਾਮ ਸਿਮਰਨ ਕਰਦਿਆਂ ਉਚੀ ਅਵਸਥਾ ਅਤੇ ਸੁਚੱਜੀ ਮੱਤ ਪ੍ਰਾਪਤ ਹੋ ਜਾਂਦੀ ਹੈ; ਹੇ ਪੰਡਿਤ! ਜਿਸ ਮਨੁੱਖ ਦੇ ਹਿਰਦੇ ਵਿਚ ਗੁਰੂ ਪਰਮਾਤਮਾ ਦੀ ਸਿਫਤਿ ਸਾਲਾਹ ਵਸਾ ਦਿੰਦਾ ਹੈ, ਉਹ ਮਨੁੱਖ ਪਰਮਾਤਮਾ ਦੇ ਦਰ 'ਤੇ ਪ੍ਰਵਾਨ ਹੋ ਜਾਂਦਾ ਹੈ। ਹੇ ਭਾਈ ਪ੍ਰਭੂ ਦੇ ਗੁਣ ਗਾਉਣ ਵਾਲੇ ਮਨੁੱਖ ਉਚੇ ਜੀਵਨ ਵਾਲੇ ਬਣ ਜਾਂਦੇ ਹਨ।

***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***

# ਬਾਬਾ ਨਾਨਕ ਸਭ ਦਾ ਸਾਂਝਾ

ਜਨਵਰੀ 2014 ਦੀ ਗੱਲ ਹੈ, ਜਦੋਂ ਮੈਂ ਪੰਜ ਸਾਲ ਪਿਛੋਂ ਇੰਗਲੈਂਡ ਤੋਂ ਲਹਿੰਦੇ ਪੰਜਾਬ ਗਿਆ। ਉਥੇ ਜਾ ਕੇ ਮੈਂ ਗੁਰਦੁਆਰਾ ਕਰਤਾਰਪੁਰ ਸਾਹਿਬ ਜਾਣ ਦਾ ਪ੍ਰੋਗਰਾਮ ਬਣਾਇਆ। ਪ੍ਰੋਗਰਾਮ ਮੁਤਾਬਕ ਮੈਂ ਸਵੇਰੇ ਘਰ ਤੋਂ 45 ਮੀਲ ਦੂਰ ਕਰਤਾਰਪੁਰ ਸਾਹਿਬ ਪਹੁੰਚਿਆ। ਇਹ ਮੇਰੀ ਇਸ ਸਥਾਨ 'ਤੇ ਪਹਿਲੀ ਫੇਰੀ ਸੀ। ਸਾਰੇ ਮੁਸਲਮਾਨ ਬਾਬੇ ਨਾਨਕ ਨੂੰ ਬਹੁਤ ਪਿਆਰ ਕਰਦੇ ਹਨ। ਸ਼ਾਇਦ ਹੀ ਕੋਈ ਪਿੰਡ ਹੋਵੇ, ਜਿਸ ਦੇ ਟੱਬਰ ਦੀ ਵੰਸ਼ਾਵਲੀ ਵਿਚ ਦਾਦੇ, ਪੜਦਾਦੇ, ਨਕੜਦਾਦੇ ਦਾ ਨਾਂ ਬਾਬੇ ਨਾਨਕ ਦੇ ਨਾਂ 'ਤੇ ਨਾ ਹੋਵੇ। ਮੇਰੇ ਦਾਦੇ ਦਾ ਨਾਂ ਵਧਾਵਾ ਹੈ, ਪੜਦਾਦੇ ਦਾ ਨਾਂ ਨਾਨਕ ਤੇ ਉਸ ਦੇ ਭਰਾ ਦਾ ਨਾਂ ਮਾਣਕ ਹੈ। ਮੈਂ ਆਪਣੇ ਬੇਟੇ ਦਾ ਨਾਂ ਵੀ ਪੜਦਾਦੇ ਅਤੇ ਬਾਬੇ ਨਾਨਕ ਦੇ ਨਾਂ 'ਤੇ 'ਨਾਨਕ' ਰੱਖਿਆ ਹੈ। ਜੇ ਤੁਸੀਂ ਦੇਖੋ ਤਾਂ ਸਿੱਖਾਂ ਅਤੇ ਹਿੰਦੂਆਂ ਵਿਚ ਵੀ ਇਹ ਨਾਂ ਪਾਏ ਜਾਂਦੇ ਹਨ, ਕਿਉਂਕਿ ਇਹ ਸਾਰੇ ਪੰਜਾਬੀ ਨਾਂ ਹਨ।



ਜਦੋਂ ਮੈਂ ਕਰਤਾਰਪੁਰ ਪਹੁੰਚਿਆ ਤਾਂ ਦੇਖਿਆ ਕਿ ਇਹ ਗੁਰਦੁਆਰਾ

**ਡਾ. ਗੁਲਾਮ ਮੁਸਤਫਾ ਡੋਗਰ**
Kotroy@hotmail.co.uk
ਫੋਨ: 0044-7878132208
---
ਲਿਪੀਅੰਤਰ: ਜੇ. ਐਸ. ਭੱਟੀ
jsdhaiwal21@gmail.com
ਫੋਨ: +91-7986037268

ਅਲੱਗ ਜਿਹਾ ਬਣਿਆ ਹੈ। ਆਸ-ਪਾਸ ਕੋਈ ਬਹੁਤੇ ਨੇੜੇ ਪਿੰਡ ਨਹੀਂ ਸਨ। ਉਥੇ ਗੁਰਦੁਆਰੇ ਦੀ ਮੁਰੰਮਤ ਹੋ ਰਹੀ ਸੀ ਤੇ ਚੂਨਾ, ਰੰਗ-ਰੋਗਨ ਵੀ ਕੀਤਾ ਜਾ ਰਿਹਾ ਸੀ। ਮੈਂ ਗੁਰਦੁਆਰੇ ਦੀ ਛੱਤ 'ਤੇ ਜਾਣ ਦੀ ਇਜਾਜ਼ਤ ਮੰਗੀ। ਥੋੜ੍ਹੇ ਜਿਹੇ ਉਜਰ ਪਿਛੋਂ ਮੈਨੂੰ ਛੱਤ 'ਤੇ ਜਾਣ ਦੀ ਇਜਾਜ਼ਤ ਮਿਲ ਗਈ। ਥੋੜ੍ਹੀ ਦੇਰ ਪਹਿਲਾਂ ਮੈਂ ਥੱਲੇ ਫਿਰ ਕੇ ਸਭ ਦੇਖ ਲਿਆ ਸੀ। ਅੰਦਰ ਜਿਥੇ ਬਾਬੇ ਨਾਨਕ ਦੀ ਸਮਾਧ ਅਤੇ ਬਾਹਰ ਜਿਥੇ ਕਬਰ ਬਣੀ ਹੈ, ਉਥੇ ਗਿਆ। ਕਬਰ 'ਤੇ ਦੁਆ ਮੰਗੀ, ਜੋ ਮੁਸਲਮਾਨਾਂ ਦਾ ਤਰੀਕਾ ਹੈ। ਜਦੋਂ ਮੈਂ ਛੱਤ 'ਤੇ ਚੜ੍ਹਿਆ ਤਾਂ ਬਾਰਡਰ ਦੇ ਉਸ ਪਾਰ ਬਹੁਤ ਗਿਣਤੀ ਵਿਚ ਲੋਕ ਖੜੇ ਦੇਖੇ। ਪਤਾ ਲੱਗਾ ਕਿ ਉਹ ਲੋਕ ਦੂਰਬੀਨ ਨਾਲ ਗੁਰਦੁਆਰਾ ਕਰਤਾਰਪੁਰ ਸਾਹਿਬ ਦੇਖ ਰਹੇ ਸਨ। ਮੈਂ ਸੋਚਿਆ, ਇਹ ਦੂਰਬੀਨ ਨਾਲ ਜੋ ਦੇਖ ਰਹੇ ਹਨ, ਸਰਕਾਰ ਇਨ੍ਹਾਂ ਨੂੰ ਇਧਰ ਆ ਕੇ ਦੇਖਣ ਦੀ ਇਜਾਜ਼ਤ ਹੀ ਦੇ ਦੇਵੇ! ਮੈਂ ਸੋਚ ਰਿਹਾ ਸਾਂ ਕਿ ਅੰਮ੍ਰਿਤਸਰ ਕੋਲ ਸਾਡਾ ਪਿੰਡ ਵੇਰਕਾ, ਜੋ ਉਸ ਪਾਰ ਹੈ, ਕਿਹੋ ਜਿਹਾ ਹੋਵੇਗਾ, ਜਿਥੋਂ ਸਾਡੇ ਬਜੁਰਗ ਉਠ ਕੇ ਆਏ ਸਨ!

ਮੈਂ ਸੋਚਾਂ 'ਚ ਡੁੱਬੇ ਨੇ ਛੱਤ ਤੋਂ ਥੱਲੇ ਜਾਣ ਦਾ ਖਿਆਲ ਕੀਤਾ। ਬਾਰਡਰ ਵਲ ਮੂੰਹ ਕਰਕੇ ਜਿਉਂ ਹੀ ਮੈਂ ਵਾਪਸ ਮੁੜਨ ਦੀ ਕੋਸ਼ਿਸ਼ ਕੀਤੀ ਤਾਂ ਲਹਿੰਦੇ ਵਾਲੇ ਪਾਸੇ ਦੇਖਿਆ ਕਿ ਨਾਰੋਵਾਲ-ਸ਼ਕਰਗੜ੍ਹ ਰੋਡ ਵਲੋਂ ਲੰਮੀ ਕਤਾਰ ਫੌਜੀ ਗੱਡੀਆਂ ਦੀ ਆ ਰਹੀ ਸੀ। ਇਹ ਦੇਖ ਕੇ ਮੇਰਾ ਸਾਹ ਉਤੇ ਦਾ ਉਤੇ ਰਹਿ ਗਿਆ। ਮੀਲ ਕੁ ਦੂਰ ਸੜਕ 'ਤੇ ਲੰਮੀ ਕਤਾਰ ਪਾਕਿਸਤਾਨੀ ਫੌਜੀਆਂ ਦੀ ਆ ਰਹੀ ਸੀ, ਨਾਲ ਹੀ ਪਿੱਛੇ ਟਰੱਕ ਸਨ, ਜਿਨ੍ਹਾਂ ਵਿਚ ਫੌਜੀ ਬੈਠੇ ਹੋਏ ਸਨ। ਅਗਲੀਆਂ ਗੱਡੀਆਂ ਗੁਰਦੁਆਰੇ ਦੇ ਬਾਹਰਲੇ ਗੇਟ 'ਤੇ ਆਣ ਪਹੁੰਚੀਆਂ ਅਤੇ ਵਿਚੋਂ ਫੌਜੀ ਉਤਰਨੇ ਸ਼ੁਰੂ ਹੋ ਗਏ। ਪਿਛਲੇ ਟਰੱਕ ਵੀ ਉਥੇ ਖਲੋਣਾ ਸ਼ੁਰੂ ਹੋ ਗਏ। ਅਗਲੀਆਂ ਜੀਪਾਂ ਵਿਚੋਂ ਕੁਝ ਕੁ, ਜੋ ਅਫਸਰ ਲਗਦੇ ਸਨ, ਫੌਜੀਆਂ ਨੂੰ ਕੁਝ ਸਮਝਾ ਰਹੇ ਸਨ ਅਤੇ ਫੌਜੀ ਜੀਪਾਂ ਵਿਚੋਂ ਉਤਰਨਾ ਸ਼ੁਰੂ ਹੋ ਗਏ।

ਇਹ ਵੇਖ ਕੇ ਮੈਂ ਛੱਤ ਤੋਂ ਥੱਲੇ ਉਤਰ ਆਇਆ। ਇਸ ਤੋਂ ਪਹਿਲਾਂ ਵੀ ਮੇਰੇ ਇਲਮ 'ਚ ਸੀ ਕਿ ਸੰਨ 1984 ਵਿਚ ਹਰਿਮੰਦਰ ਸਾਹਿਬ, ਅੰਮ੍ਰਿਤਸਰ ਵਿਖੇ ਫੌਜਾਂ ਆ ਗਈਆਂ ਸਨ ਅਤੇ ਸਿੱਖਾਂ ਦਾ ਬਹੁਤ ਨੁਕਸਾਨ ਹੋਇਆ ਸੀ। ਇਹੀ ਸੋਚ ਕੇ ਜਦੋਂ ਪਾਕਿਸਤਾਨੀ ਫੌਜੀ ਗੁਰਦੁਆਰੇ ਵਿਚ ਆਉਂਦੇ ਦੇਖੇ ਤਾਂ ਮੈਂ ਬਹੁਤ ਡਰ ਗਿਆ। ਸੰਨ 2014 ਵਿਚ ਮੈਨੂੰ ਇੰਗਲੈਂਡ ਰਹਿੰਦਿਆਂ ਲਗਾਤਾਰ 14-15 ਸਾਲ ਹੋ ਗਏ ਸਨ ਅਤੇ ਉਥੋਂ ਦੇ ਮਾਹੌਲ ਦਾ ਵੀ ਮੇਰੀ ਤਬੀਅਤ 'ਤੇ ਬਹੁਤ ਅਸਰ ਸੀ

ਮੈਂ ਘੱਟ ਹੀ ਪਾਕਿਸਤਾਨ ਆਉਂਦਾ ਰਿਹਾ। ਪਹਿਲਾਂ ਮੇਰਾ ਆਪਣਾ ਨਿਜੀ ਤਜਰਬਾ ਵੀ ਅਤੇ ਇੰਗਲੈਂਡ ਵਿਚ ਰਹਿ ਕੇ ਵੀ ਮੈਂ ਇਹ ਮਹਿਸੂਸ ਕੀਤਾ ਸੀ ਕਿ ਸਾਡੇ ਮੁਲਕਾਂ ਵਿਚ ਕੋਈ ਕਿਸੇ ਨੂੰ ਕੁਝ ਪੁੱਛ ਨਹੀਂ ਸਕਦਾ। ਨਾ ਕਿਸੇ ਪੁਲਿਸ ਵਾਲੇ ਨੂੰ, ਨਾ ਕਿਸੇ ਫੌਜੀ ਨੂੰ। ਹੋਰ ਤਾਂ ਹੋਰ, ਇਥੇ ਚਪੜਾਸੀ ਨੂੰ ਵੀ ਕੋਈ ਕੁਝ ਨਹੀਂ ਪੁੱਛ ਸਕਦਾ। ਉਹ ਵੀ ਆਪਣੇ ਦਫਤਰ ਦਾ ਬਾਦਸ਼ਾਹ ਹੁੰਦਾ ਹੈ।

ਫੌਜ ਨੂੰ ਗੁਰਦੁਆਰੇ ਵਲ ਆਉਂਦਿਆਂ ਦੇਖ ਕੇ ਮੈਂ ਪਾਗਲਾਂ ਵਾਂਗ ਇਧਰ-ਉਧਰ ਦੇਖਣ ਲੱਗਾ ਕਿ ਮੈਂ ਕੀਹਨੂੰ ਪੁੱਛਾਂ ਕਿ ਇਥੇ ਕੀ ਹੋਇਆ ਹੈ? ਫੌਜ ਕਿਉਂ ਆਈ ਹੈ? ਮੇਰੇ ਜ਼ਹਿਨ ਵਿਚ ਡਰ ਸੀ ਕਿ ਕਿਧਰੇ ਇਥੇ ਹੁਣੇ ਫਾਇਰਿੰਗ ਨਾ ਹੋਣੀ ਸ਼ੁਰੂ ਹੋ ਜਾਵੇ, ਕਿਤੇ ਜੇਲ੍ਹ ਹੀ ਨਾ ਜਾਣਾ ਪੈ ਜਾਵੇ। ਮੈਂ ਕੀਹਨੂੰ ਪੁੱਛਾਂ! ਹਾਲੇ ਮੈਂ ਇਸ ਜਕੋ ਤਕੀ ਵਿਚ ਹੀ ਸਾਂ ਕਿ ਮੈਨੂੰ ਇਕ ਸਿੱਖ ਭਰਾ ਨਜ਼ਰ ਆ ਗਿਆ, ਜੋ ਸ਼ਾਇਦ ਗੁਰਦੁਆਰੇ ਦੇ ਕਿਸੇ ਕੰਮ ਨੂੰ ਜਾ ਰਿਹਾ ਸੀ। ਮੈਂ ਹਫਿਆ ਹਫਿਆ ਉਸ ਕੋਲ ਗਿਆ ਤੇ ਪੁੱਛਿਆ ਕਿ ਬਾਹਰ ਪਾਕਿਸਤਾਨੀ ਫੌਜ ਆ ਗਈ ਹੈ, ਕੀ ਗੱਲ ਹੈ? ਉਹ ਸਿੱਖ ਭਰਾ ਆਪਣੀ ਦਾਹੜੀ ਵਿਚ ਉਂਗਲਾਂ ਫੇਰਦਾ ਅਸਮਾਨ ਵਲ ਤੱਕ ਕੇ ਸੋਚਣ ਲੱਗਾ ਤੇ ਫਿਰ ਮੈਨੂੰ ਪੁੱਛਿਆ ਕਿ ਭਾਈ ਜਾਨ ਅੱਜ ਵਾਰ ਕੀ ਹੈ? ਮੇਰੇ ਦਿਮਾਗ ਦਾ ਬਲਬ ਤਾਂ ਪਹਿਲਾਂ ਹੀ ਫਿਊਜ਼ ਹੋਇਆ ਪਿਆ ਸੀ, ਮੈਨੂੰ ਘਬਰਾਏ ਹੋਏ ਨੂੰ ਕੋਈ ਜਵਾਬ ਨਹੀਂ ਆਇਆ। ਉਸ ਨੇ ਕੋਲੋਂ ਲੰਘਦੇ ਇਕ ਮਿਸਤਰੀ ਤੋਂ ਪੁੱਛਿਆ ਤਾਂ ਉਸ ਨੇ ਦੱਸਿਆ ਕਿ ਅੱਜ ਜੁੰਮੇ ਰਾਤ ਹੈ। ਇਹ ਸੁਣ ਕੇ ਉਹ ਸਿੱਖ ਭਾਈ ਮੇਰੇ ਨਾਲ ਹੱਸ ਕੇ ਬੋਲਿਆ ਤੇ ਕਹਿਣ ਲੱਗਾ ਕਿ ਭਾਈ ਜਾਨ ਅੱਜ ਜੁੰਮੇ ਰਾਤ ਹੈ ਤੇ ਜੁੰਮੇ ਰਾਤ ਨੂੰ ਫੌਜੀ ਕਦੇ ਕਦਾਈਂ ਸਵੇਰੇ ਸਵੇਰੇ ਬਾਬੇ ਨਾਨਕ ਦੀ ਕਬਰ 'ਤੇ ਦੁਆ ਪੜ੍ਹਦੇ ਹਨ। ਥੋੜ੍ਹੀ ਦੇਰ ਤਕ ਹੋਰ ਵੀ ਲੋਕ ਆਉਣਾ ਸ਼ੁਰੂ ਹੋ ਜਾਣਗੇ। ਉਹ ਸਭ ਬਾਬੇ ਨਾਨਕ ਦੀ ਕਬਰ 'ਤੇ ਦੁਆ ਪੜ੍ਹ ਕੇ ਚਲੇ ਜਾਣਗੇ।

ਉਸ ਨੇ ਕਿਹਾ ਕਿ ਘਬਰਾਉਣ ਦੀ ਕੋਈ ਲੋੜ ਨਹੀਂ। ਸੰਨ 1971 ਦੀ ਜੰਗ ਪਿਛੋਂ ਪਾਕਿਸਤਾਨੀ ਫੌਜ ਨੇ ਆਪਣੀਆਂ ਛੋਟੀਆਂ ਛਾਉਣੀਆਂ ਬਾਰਡਰ 'ਤੇ ਬਣਾ ਲਈਆਂ ਹਨ। ਇਕ ਸ਼ਕਰਗੜ੍ਹ ਵਿਖੇ ਅਤੇ ਇਕ ਪਸਰੂਰ ਕੋਲ ਬਣਾਈ ਹੈ। ਇਨ੍ਹਾਂ ਦੋਹਾਂ ਛਾਉਣੀਆਂ ਤੋਂ ਫੌਜੀ ਜੁੰਮੇ ਰਾਤ ਦੇ ਦਿਨ ਕਾਫੀ ਗਿਣਤੀ ਵਿਚ ਇਥੇ ਆਉਂਦੇ ਹਨ ਤੇ ਕਬਰ 'ਤੇ ਦੁਆ ਕਰਦੇ ਹਨ। ਸੁਣ ਕੇ ਮੈਨੂੰ ਸੁੱਖ ਦਾ ਸਾਹ ਆਇਆ।

ਇੰਨੇ ਨੂੰ ਗੁਰਦੁਆਰੇ ਦੇ ਅੰਦਰਲੇ ਗੇਟ, ਜਿਸ ਦਾ ਦਰਵਾਜ਼ਾ ਕੋਈ ਨਹੀਂ ਸੀ, ਕੋਲ ਜੀਪ ਜਿਹੀ ਗੱਡੀ ਆ ਖਲੋਤੀ, ਜਿਸ ਵਿਚੋਂ ਅਫਸਰ ਨੁਮਾ ਫੌਜੀ ਬਾਹਰ ਨਿਕਲੇ ਅਤੇ ਉਨ੍ਹਾਂ ਦੇ ਪਿੱਛੇ ਪੈਦਲ ਮਾਰਚ ਪਾਸਟ ਕਰਦੇ 10-15 ਫੌਜੀ ਆਏ। ਉਨ੍ਹਾਂ ਦਰਵਾਜੇ ਕੋਲ ਥੋੜ੍ਹਾ ਲਿਫ ਕੇ ਬੂਟਾਂ ਦੇ ਤਸਮੇ ਖੋਲ੍ਹੇ ਅਤੇ ਪੈਰ ਧੋ ਕੇ 10-15 ਟੋਲਿਆਂ ਦੇ ਰੂਪ ਵਿਚ ਗੁਰਦੁਆਰੇ ਦੇ ਅੰਦਰ ਗਏ। ਹਰ ਇਕ ਟੋਲੇ ਨਾਲ ਇਕ ਅਫਸਰ ਸੀ। ਅੰਦਰ ਜਾ ਕੇ ਉਹ ਬੜੇ ਅਦਬ ਨਾਲ ਬਾਬੇ ਨਾਨਕ ਦੀ ਕਬਰ ਨੂੰ ਦੇਖਦੇ, ਦੁਆ ਪੜ੍ਹਦੇ ਤੇ ਫਿਰ ਉਨੇ ਹੀ ਅਦਬ ਨਾਲ ਬਾਹਰ ਨਿਕਲ ਜਾਂਦੇ।

ਉਨ੍ਹਾਂ ਦਾ ਅਫਸਰ ਉਨ੍ਹਾਂ ਨੂੰ ਬਾਹਰ ਲੈ ਕੇ ਆਉਂਦਾ। ਇਸ ਪਿਛੋਂ ਫਿਰ ਦੂਜੇ ਟੋਲੇ ਦੀ ਵਾਰੋ ਵਾਰੀ ਇਸੇ ਤਰ੍ਹਾਂ ਅੰਦਰ ਜਾਂਦੇ ਤੇ ਦੁਆ ਪੜ੍ਹ ਕੇ ਕਬਰ ਨੂੰ ਬੜੇ ਧਿਆਨ ਨਾਲ ਦੇਖ ਕੇ ਬਾਹਰ ਆ ਕੇ ਖੜ੍ਹੇ ਹੋ ਜਾਂਦੇ।

ਇਕ ਗਰੁਪ ਜਦੋਂ ਅੰਦਰ ਆਇਆ ਤਾਂ ਉਨ੍ਹਾਂ ਵਿਚੋਂ ਇੱਕ, ਜੋ ਅਫਸਰ ਸੀ, ਨੂੰ ਮੈਂ ਪੁੱਛਿਆ



ਕਿ ਕੀ ਮੈਂ ਤੁਹਾਡੀਆਂ ਫੋਟੋਆਂ ਲੈ ਸਕਦਾ ਹਾਂ? ਉਸ ਨੇ ਸਿਰ ਹਿਲਾ ਕੇ ਮੈਨੂੰ ਸਹਿਮਤੀ ਦੇ ਦਿੱਤੀ। ਉਸ ਦੀ ਵਰਦੀ 'ਤੇ ਇਕ ਸਟਾਰ ਲੱਗਾ ਸੀ, ਜਿਸ ਤੋਂ ਪਤਾ ਲੱਗਾ ਕਿ ਉਹ ਸੈਕੰਡ ਲੈਫਟੀਨੈਂਟ ਸੀ। ਮੈਂ ਹਾਲੇ ਦੋ ਤਿੰਨ ਫੋਟੋਆਂ ਹੀ ਖਿੱਚੀਆਂ ਸਨ, ਬਾਕੀ ਫੋਟੋਆਂ ਮੈਂ ਸੋਚਿਆ ਕਬਰ 'ਤੇ ਜਾ ਕੇ ਖਿੱਚਾਂਗਾ, ਜਿਥੇ ਉਹ ਦੁਆ ਮੰਗ ਰਹੇ ਹੋਣਗੇ; ਪਰ 2-3 ਫੋਟੋਆਂ ਖਿੱਚਣ ਦੌਰਾਨ ਹੀ 3-4 ਨੌਜਵਾਨ ਆਏ, ਜਿਨ੍ਹਾਂ ਨੇ ਚਿੱਟੀਆਂ ਸਲਵਾਰ-ਕਮੀਜ਼ਾਂ ਪਾਈਆਂ ਹੋਈਆਂ ਸਨ, ਤੇ ਮੇਰੇ ਹੱਥੋਂ ਮੇਰਾ ਮੋਬਾਇਲ ਫੋਨ ਖੋਹ ਲਿਆ। ਉਹ ਮੇਰੇ ਅੱਗੇ ਖੜੇ ਹੋ ਗਏ ਤੇ ਪੁੱਛਣਾ ਸ਼ੁਰੂ ਕੀਤਾ ਕਿ ਤੂੰ ਕੌਣ ਹੈ, ਕਿਥੋਂ ਆਇਆ ਹੈ, ਫੋਟੋਆਂ ਕਿਉਂ ਖਿੱਚ ਰਿਹਾ ਹੈ? ਉਹ ਥੋੜ੍ਹੇ ਗੁੱਸੇ ਵਿਚ ਸਨ ਤੇ ਮੇਰੇ ਕੋਲੋਂ ਤਫਤੀਸ਼ ਕਰਨੀ ਸ਼ੁਰੂ ਕਰ ਦਿੱਤੀ। ਮੈਂ ਡਰੇ ਹੋਏ ਨੇ ਦੱਸਿਆ ਕਿ ਮੈਂ ਇੰਗਲੈਂਡ ਤੋਂ ਆਇਆ ਹਾਂ।

ਭਾਵੇਂ ਅੰਗਰੇਜ਼ 72 ਸਾਲ ਪਹਿਲਾਂ ਇਥੋਂ ਤੁਰ ਗਏ ਹਨ, ਪਰ ਸਾਡੇ ਲੋਕ ਹਾਲੇ ਵੀ ਅੰਗੇਰਜ਼ਾਂ ਤੋਂ ਬਹੁਤ ਡਰਦੇ ਹਨ, ਪਸੀਨਾ ਛੁੱਟ ਜਾਂਦਾ ਹੈ ਇਨ੍ਹਾਂ ਦਾ। ਜਦੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਮੈਂ ਇੰਗਲੈਂਡ ਤੋਂ ਆਇਆ ਹਾਂ ਤਾਂ ਉਨ੍ਹਾਂ ਨੇ ਮੇਰਾ ਮੋਬਾਇਲ ਮੈਨੂੰ ਵਾਪਸ ਕਰ ਦਿਤਾ ਤੇ ਕਹਿਣ ਲੱਗੇ ਕਿ ਹੋਰ ਫੋਟੋਆਂ ਨਾ ਖਿੱਚੀਂ। ਮੈਂ ਦੇਖਿਆ ਇਥੋਂ ਦੀ ਪੁਲਿਸ ਜਾਂ ਲੋਕ ਆਪਣੇ ਬੰਦਿਆਂ ਨਾਲ ਤਾਂ ਚੰਗਾ ਸਲੂਕ ਨਹੀਂ ਕਰਦੇ, ਪਰ ਬਾਹਰਲੇ ਮੁਲਕ ਤੋਂ ਆਏ ਬੰਦਿਆਂ ਤੋਂ ਮੁਤਾਸਿਰ ਹੁੰਦੇ ਹਨ ਅਤੇ ਚੰਗਾ ਸਲੂਕ ਕਰਦੇ ਹਨ।

ਪਾਕਿਸਤਾਨੀ ਫੌਜੀ ਗਰੁਪਾਂ ਵਿਚ ਆ-ਜਾ ਰਹੇ ਸਨ ਤੇ ਹਰੇਕ ਗਰੁਪ ਨਾਲ ਇਕ ਅਫਸਰ। ਉਹ ਅੰਦਰ ਜਾ ਕੇ ਦੁਆ ਮੰਗ ਕੇ ਬਾਹਰ ਨਿਕਲ ਜਾਂਦੇ। ਕਾਫੀ ਦੇਰ ਹੋ ਗਈ ਸੀ ਤੇ ਮੈਂ ਸੋਚਿਆ, ਹੁਣ ਮੈਂ ਵਾਪਸ ਜਾਵਾਂ। ਮੈਂ ਗੁਰਦੁਆਰੇ ਦੇ ਅੰਦਰਲੇ ਗੇਟ, ਜਿਥੇ ਜੁੱਤੀਆਂ ਲਾਹੀਆਂ ਸਨ, ਕੋਲ ਆ ਕੇ ਆਪਣੀ ਜੁੱਤੀ ਪਾਉਣ ਲੱਗਾ। ਇਥੇ ਮੈਨੂੰ ਕੋਈ ਨਹੀਂ ਸੀ ਦੇਖ ਰਿਹਾ ਤੇ ਜੋ ਫੌਜੀਆਂ ਦੇ ਬੂਟ ਮੇਰੇ ਸਾਹਮਣੇ ਪਏ ਸਨ, ਮੈਂ ਉਨ੍ਹਾਂ ਦੀਆਂ ਫੋਟੋਆਂ ਲਾਹ ਲਈਆਂ। ਫੌਜੀ ਅਫਸਰ ਗੇਟ ਦੇ ਸਾਹਮਣੇ ਸਟੂਲਾਂ 'ਤੇ ਬੈਠੇ ਸਨ।

ਜਦੋਂ ਮੈਂ ਫਾਰਗ ਹੋ ਕੇ ਵਾਪਸ ਜਾਣ ਲਈ ਖੜਾ ਸੀ ਤਾਂ ਮੈਂ ਜਿਸ ਫੌਜੀ ਅਫਸਰ ਸੈਕੰਡ ਲੈਫਟੀਨੈਂਟ ਦੀ ਫੋਟੋ ਅੰਦਰ ਖਿੱਚੀ ਸੀ, ਉਸ ਨੂੰ ਦੇਖਿਆ। ਮੈਂ ਦੇਖਿਆ ਕਿ ਉਸ ਅਫਸਰ ਦੀਆਂ ਅੱਖਾਂ ਨੀਲੀਆਂ ਸਨ। ਮੈਂ ਸਮਝ ਗਿਆ ਕਿ ਇਹ ਕੋਈ ਪਠਾਣ ਹੈ। ਮੈਂ ਕਿਉਂਕਿ ਉਸੇ ਇਲਾਕੇ ਵਿਚ ਰਹਿੰਦਾ ਹਾਂ ਅਤੇ ਇਹ ਇਲਾਕਾ ਮੈਂ ਸਾਰਾ ਫਿਰਿਆ ਹੋਇਆ ਹੈ। ਮੈਨੂੰ ਪਤਾ ਸੀ, ਜਿਨ੍ਹਾਂ ਪਠਾਣਾਂ ਦਾ ਸਬੰਧ ਆਫਰੀਦੀ, ਖਟਕ ਤੇ ਸ਼ਿਨਵਾਰੀ ਟੱਬਰਾਂ ਨਾਲ ਹੁੰਦਾ ਹੈ, ਉਨ੍ਹਾਂ ਦੀਆਂ ਅੱਖਾਂ ਨੀਲੀਆਂ ਹੁੰਦੀਆਂ ਹਨ। ਭਾਵੇਂ ਸਭ ਦੀਆਂ ਅੱਖਾਂ ਦਾ ਰੰਗ ਨੀਲਾ ਨਹੀਂ ਹੁੰਦਾ, ਪਰ ਬਹੁਤੇ ਨੀਲੀਆਂ ਅੱਖਾਂ ਵਾਲੇ ਹੁੰਦੇ ਹਨ। ਮੈਂ ਦੇਖਿਆ ਕਿ ਉਹ ਪਠਾਣ ਫੌਜੀ ਮੁੰਡਿਆਂ ਨਾਲ ਬਹੁਤ ਸੋਹਣੀ ਪੰਜਾਬੀ ਵਿਚ ਗੱਲ ਕਰ ਰਿਹਾ ਸੀ। ਮੈਂ ਬੜਾ ਹੈਰਾਨ ਹੋਇਆ ਕਿ ਹੈ ਤਾਂ ਇਹ ਪਠਾਣ, ਪਰ ਪੰਜਾਬੀ ਬੜੀ ਸੋਹਣੀ ਤੇ ਸਾਡੇ ਲਹਿਜ਼ੇ 'ਚ ਹੀ ਬੋਲ ਰਿਹਾ ਹੈ। ਉਹ ਵੀ ਜਾ ਕੇ ਬਾਕੀਆਂ ਨਾਲ ਸਟੂਲ 'ਤੇ ਬੈਠ ਗਿਆ ਤੇ ਬਾਕੀ ਸਾਰੇ ਟੋਲਿਆਂ ਦੇ ਫਾਰਗ ਹੋਣ ਦਾ ਇੰਤਜ਼ਾਰ ਕਰਨ ਲੱਗੇ ਤਾਂ ਕਿ ਇਕੱਠੇ ਵਾਪਸ ਜਾ ਸਕਣ।

ਮੈਂ ਹਿੰਮਤ ਕਰ ਕੇ ਉਨ੍ਹਾਂ ਕੋਲ ਚਲਾ ਗਿਆ ਤੇ ਜਾ ਸਲਾਮ ਕੀਤੀ। ਉਨ੍ਹਾਂ ਨੇ ਮੈਨੂੰ ਵੀ ਇਕ ਸਟੂਲ ਦਿੱਤਾ ਤੇ ਮੈਂ ਉਨ੍ਹਾਂ ਕੋਲ ਬੈਠ ਗਿਆ। ਮੇਰੇ ਜ਼ਹਿਨ ਵਿਚ ਕੁਝ ਸਵਾਲ ਸਨ, ਜਿਨ੍ਹਾਂ ਬਾਰੇ ਮੈਂ ਜਾਣਨਾ ਚਾਹੁੰਦਾ ਸਾਂ। ਮੈਂ ਪੁੱਛਿਆ ਕਿ ਤੁਸੀਂ ਸਾਰੇ ਪਾਕਿਸਤਾਨੀ ਫੌਜੀ ਹੋ ਤੇ ਫੌਜੀ ਹੋ ਕੇ ਤੁਸੀਂ ਬਾਬੇ ਨਾਨਕ ਦੀ ਸਮਾਧ ਦੇਖਣ ਤੇ ਕਬਰ 'ਤੇ ਮੱਥਾ ਟੇਕਣ ਅਤੇ ਫਾਤਿਹਾ ਪੜ੍ਹਨ ਕਿਉਂ ਆਏ ਹੋ? ਸਵਾਲ ਸੁਣ ਕੇ ਉਹ ਇਕ ਦਮ ਚੁੱਪ ਹੋ ਗਏ। ਤੁਹਾਨੂੰ ਪਤਾ ਹੀ ਹੈ ਕਿ ਫੌਜ ਵਿਚ ਸਭ ਨੂੰ ਬੋਲਣ ਦਾ ਹੁਕਮ ਨਹੀਂ ਹੁੰਦਾ। ਇਕ ਸੀਨੀਅਰ ਬੋਲਦਾ ਹੈ ਅਤੇ ਬਾਕੀ ਸਭ ਉਸ ਨੂੰ ਸੁਣਦੇ ਹਨ। ਥੋੜ੍ਹੀ ਖਾਮੋਸ਼ੀ ਪਿਛੋਂ ਇਕ ਅਫਸਰ ਨੇ ਹੱਥ ਨਾਲ ਇਸ਼ਾਰਾ ਕੀਤਾ ਕਿ ਰੰਧਾਵਾ ਸਾਹਿਬ ਨੂੰ ਪੁੱਛ ਲਵੋ। ਉਸ ਦੀ ਵਰਦੀ 'ਤੇ ਲੱਗੇ ਸਟਾਰਾਂ ਤੋਂ ਇਹ ਪਤਾ ਲੱਗ ਰਿਹਾ ਸੀ ਕਿ ਉਹ ਕਰਨਲ ਹੈ। ਮੈਂ ਉਨ੍ਹਾਂ ਵੱਲ ਮੂੰਹ ਕਰਕੇ ਉਹੀ ਸਵਾਲ ਪੁੱਛਿਆ। ਉਨ੍ਹਾਂ ਮੁਸਕੁਰਾ ਕੇ ਜਵਾਬ ਦਿੱਤਾ ਕਿ ਇਸ ਸਵਾਲ ਦਾ ਜਵਾਬ ਤੁਹਾਨੂੰ ਇਸ ਤਰ੍ਹਾਂ ਨਹੀਂ ਮਿਲਣਾ। ਤੁਸੀਂ ਸਿਆਲਕੋਟ ਛਾਉਣੀ ਜਾਓ ਤੇ ਉਥੋਂ ਇਜਾਜ਼ਤਨਾਮਾ ਲੈ ਕੇ ਆਓ, ਫਿਰ ਮੈਂ ਤੁਹਾਡੇ ਸਵਾਲ ਦਾ ਜਵਾਬ ਦੇਵਾਂਗਾ। ਮੈਂ ਸਮਝ ਗਿਆ ਕਿ ਨਾ ਨੌਂ ਮਣ ਤੇਲ 'ਕੱਠਾ ਹੋਣਾ ਤੇ ਨਾ ਰਾਧਾ ਨੇ ਨੱਚਣਾ।

ਮੈਂ ਗੱਲ ਦੂਜੇ ਪਾਸੇ ਮੋੜ ਲਈ ਕਿ ਇਹ ਤੁਹਾਡੇ ਜੂਨੀਅਰ ਜੋ ਤੁਹਾਨੂੰ ਰੰਧਾਵਾ ਸਾਹਿਬ ਕਹਿ ਰਹੇ ਹਨ, ਕੀ ਤੁਸੀਂ ਰੈਂਕ ਦੇ ਹਿਸਾਬ ਨਾਲ ਕਰਨਲ ਰੰਧਾਵਾ ਹੋ? ਉਹ ਕਹਿਣ ਲੱਗੇ, ਹਾਂ ਮੈਂ ਕਰਨਲ ਰੰਧਾਵਾ ਹਾਂ। ਮੈਂ ਉਨ੍ਹਾਂ ਨੂੰ ਦੱਸਿਆ ਕਿ ਮੇਰੇ ਸਹੁਰੇ ਵੀ ਰੰਧਾਵੇ ਹਨ। ਉਹ ਥੋੜ੍ਹਾ ਜਿਹਾ ਮੁਸਕੁਰਾਏ ਤੇ ਕਹਿਣ ਲੱਗੇ, ਕੀ ਉਹ 1947 ਦੇ ਮਹਾਜ਼ਰ ਨੇ? ਮੈਂ ਕਿਹਾ, ਤੁਹਾਨੂੰ ਕਿਵੇਂ ਪਤਾ! ਕਹਿਣ ਲੱਗੇ, ਰੰਧਾਵੇ ਸਾਰੇ ਚੜ੍ਹਦੇ ਵਾਲੇ ਪੰਜਾਬ ਤੋਂ ਸਨ ਤੇ ਅਸੀਂ ਵੀ ਉਧਰੋਂ ਹੀ ਆਏ ਹਾਂ। ਇਹ ਰੰਧਾਵੇ ਖਾਸ ਕਰ ਅੰਮ੍ਰਿਤਸਰ ਇਲਾਕੇ ਦੇ ਸਨ। ਮੈਂ ਕਿਹਾ, ਹਾਂ ਮੇਰੇ ਸਹੁਰੇ ਵੀ ਅੰਮ੍ਰਿਤਸਰ ਨੇੜੇ ਪਿੰਡ ਰਾਜਾਤਾਲ ਤੋਂ ਉਠ ਕੇ ਆਏ ਸਨ।

ਫੌਜੀ ਆਪਣੇ ਵਲੋਂ ਘੱਟ ਬੋਲਦੇ ਨੇ ਤੇ ਸੁਣਦੇ ਵੱਧ ਹਨ। ਕਰਨਲ ਰੰਧਾਵਾ ਨੇ ਪੁੱਛਿਆ ਕਿ ਉਹ ਉਧਰੋਂ ਆ ਕੇ ਇਧਰ ਕਿਥੇ ਬੈਠੇ ਨੇ, ਤਾਂ ਮੈਂ ਕਿਹਾ ਕਿ ਉਹ ਲਾਇਲਪੁਰ ਬੈਠੇ ਹਨ। ਉਸ ਪਿਛੋਂ ਮੈਂ ਪਠਾਣ ਅਫਸਰ ਨੂੰ ਪੁੱਛਿਆ ਕਿ ਤੁਸੀਂ ਤਾਂ ਪਠਾਣ, ਪਰ ਪੰਜਾਬੀ ਏਨੀ ਸੋਹਣੀ ਕਿਵੇਂ ਬੋਲਦੇ ਹੋ? ਸੁਣ ਕੇ ਉਹ ਥੋੜ੍ਹਾ ਜਿਹਾ ਹੱਸ ਪਿਆ ਤੇ ਕਹਿਣ ਲੱਗਾ, ਤੁਸੀਂ ਇਹ ਸੁਣ ਕੇ ਹੈਰਾਨ ਹੋ ਰਹੇ ਹੋ ਕਿ ਮੈਂ ਪੰਜਾਬੀ ਇੰਨੀ ਸੋਹਣੀ ਬੋਲ ਰਿਹਾ ਹਾਂ, ਪਰ ਇਹ ਜਾਣ ਕੇ ਤੁਸੀਂ ਹੋਰ ਵੀ ਹੈਰਾਨ ਹੋਵੋਗੇ ਕਿ ਮੈਨੂੰ ਪਸ਼ਤੋ ਬਿਲਕੁਲ ਨਹੀਂ ਆਉਂਦੀ। ਵਜ੍ਹਾ ਇਹ ਹੈ ਕਿ ਸਾਡੇ ਬਜੁਰਗ '47 ਵਿਚ ਹੁਸ਼ਿਆਰਪੁਰ ਜਿਲੇ ਦੇ ਪਿੰਡ ਮਿਆਣੀ ਅਫਗਾਨਾਂ ਤੋਂ ਉਠ ਕੇ ਆਏ ਸਨ ਤੇ ਅਸੀਂ ਸਦੀਆਂ ਤੋਂ ਉਥੇ ਹੀ ਰਹੇ ਹਾਂ, ਸਾਡੀਆਂ ਸ਼ਕਲਾਂ ਤਾਂ ਪਠਾਣਾਂ ਜਿਹੀਆਂ ਹਨ, ਕਿਉਂਕਿ ਅਸੀਂ ਸ਼ਾਦੀਆਂ ਪਠਾਣਾਂ ਵਿਚ ਕੀਤੀਆਂ, ਪਰ ਪਸ਼ਤੋ ਜ਼ਬਾਨ ਸਾਨੂੰ ਭੁਲ ਗਈ ਤੇ ਹੁਣ ਅਸੀਂ ਪੰਜਾਬੀ ਹੀ ਬੋਲਦੇ ਹਾਂ।

ਕਰੀਬ ਅੱਧਾ-ਪੌਣਾ ਘੰਟਾ ਅਸੀਂ ਗੱਲਾਂ ਕਰਦੇ ਰਹੇ। ਇੰਨੀ ਦੇਰ ਵਿਚ ਆਪਸ 'ਚ ਖੁਲ੍ਹ ਵੀ ਗਏ। ਗੱਲਬਾਤ ਦੌਰਾਨ ਮੈਨੂੰ ਪਤਾ ਲੱਗਾ ਕਿ ਉਨ੍ਹਾਂ 6 ਅਫਸਰਾਂ ਵਿਚੋਂ ਚਾਰ ਉਹ ਸਨ, ਜਿਨ੍ਹਾਂ ਦੇ ਬਜੁਰਗ 1947 ਵਿਚ ਚੜ੍ਹਦੇ ਪੰਜਾਬ ਤੋਂ ਉਠ ਕੇ ਆਏ ਸਨ-ਇਕ ਮਿਆਣੀ ਅਫਗਾਨਾਂ ਦਾ ਪਠਾਣ ਹੁਸ਼ਿਆਰਪੁਰ ਦਾ, ਇਕ ਕਰਨਲ ਰੰਧਾਵਾ ਅੰਮ੍ਰਿਤਸਰ ਤੋਂ ਅਤੇ ਇਕ ਮੇਜਰ ਚਾਹਲ ਤੇ ਸਿੱਧੂ ਸਾਹਿਬ ਪਟਿਆਲੇ ਵਲੋਂ ਆਏ ਸਨ। ਬਾਕੀ ਦੋਹਾਂ 'ਚੋਂ ਇਕ ਕੰਬੋਜ ਸੀ, ਜਿਲਾ ਕਸੂਰ ਦਾ ਰਹਿਣ ਵਾਲਾ ਅਤੇ ਇਕ ਸਿੱਧੂ ਜੱਟ ਸੀ, ਜਿਲਾ ਸਿਆਲਕੋਟ ਦੇ ਸਤਰਾਹ ਇਲਾਕੇ ਦਾ। ਮੇਰੇ ਨਾਲ ਉਹ ਇਸ ਲਈ ਵੀ ਖੁਲ੍ਹ ਗਏ ਕਿ ਮੇਰੇ ਬਜੁਰਗ ਮਹਾਜ਼ਰ ਸਨ ਤੇ ਸਾਡਾ ਮਹਾਜ਼ਰਾਂ ਦਾ ਦੁਖ ਸਾਂਝਾ ਸੀ। ਮੈਂ ਉਨ੍ਹਾਂ ਨੂੰ ਆਖਰੀ ਸਵਾਲ ਪੁੱਛਿਆ ਕਿ ਤੁਸੀਂ ਸਾਰੇ ਜੱਟ ਜਾਂ ਰਾਜਪੂਤ ਹੋ? ਚੜ੍ਹਦੇ ਪੰਜਾਬ ਵਲ ਵੀ ਜੱਟ ਜਾਂ ਰਾਜਪੂਤ ਹਨ। ਉਪਰੋਂ ਭਾਰਤੀ ਫੌਜ ਵਿਚ ਵੀ ਬਹੁਤੇ ਲੋਕ ਇਹੀ ਹਨ। ਲੜਨ ਵਾਲੇ ਲੋਕ ਇਹੀ ਹਨ। ਤੁਸੀਂ ਇਥੇ ਬਾਬੇ ਨਾਨਕ ਨੂੰ ਮੱਥਾ ਟੇਕਣ ਆਉਂਦੇ ਹੋ, ਉਧਰ ਉਹ ਵੀ ਬਾਬੇ ਨਾਨਕ ਨੂੰ ਮੱਥਾ ਟੇਕਦੇ ਹਨ ਤਾਂ ਫਿਰ ਇਹ ਜੰਗ ਕਾਹਦੀ ਹੈ? ਇਹ ਜੰਗ ਕੀਹਦੇ ਖਿਲਾਫ ਹੈ? ਤੁਸੀਂ ਲੜਦੇ ਕੀਹਦੇ ਖਿਲਾਫ ਹੋ?

ਮੇਰੇ ਇਨ੍ਹਾਂ ਸਵਾਲਾਂ ਦਾ ਉਨ੍ਹਾਂ ਕੋਈ ਜਵਾਬ ਨਾ ਦਿੱਤਾ ਤੇ ਖਾਮੋਸ਼ ਹੀ ਰਹੇ। ਜਵਾਬ ਮੇਰੇ ਕੋਲ ਵੀ ਨਹੀਂ ਸਨ। ਉਹ ਇਕ-ਦੂਜੇ ਦੀਆਂ ਸ਼ਕਲਾਂ ਦੇਖਦੇ ਰਹੇ ਤੇ ਮੈਂ ਉਨ੍ਹਾਂ ਦੀਆਂ।

ਜਦੋਂ ਮੈਂ ਉਥੋਂ ਵਾਪਸੀ ਕੀਤੀ, ਦੁਪਹਿਰ ਦਾ ਵੇਲਾ ਹੋ ਗਿਆ ਸੀ। ਮੈਂ ਦੇਖਿਆ ਕਿ ਗੱਡੀ ਦੀ ਵਿੰਡ ਸਕਰੀਨ ਧੁੰਦਲੀ ਹੋ ਗਈ ਹੈ। ਮੈਨੂੰ ਸਮਝ ਨਹੀਂ ਸੀ ਆ ਰਹੀ ਕਿ ਇਹ ਵਿੰਡ ਸਕਰੀਨ ਧੁੰਦਲੀ ਹੋਈ ਹੈ ਕਿ ਮੇਰੇ ਡੇਲੇ ਧੁੰਦਲੇ ਹੋ ਗਏ ਸਨ! ਮੈਨੂੰ ਅਹਿਸਾਸ ਹੋ ਰਿਹਾ ਸੀ ਕਿ ਇਹ ਧੁੰਦ ਸ਼ਾਇਦ ਮੇਰੇ ਦਿਮਾਗ 'ਤੇ ਵੀ ਛਾ ਗਈ ਸੀ ਤੇ ਮੈਨੂੰ ਕੋਈ ਵੀ ਚੀਜ਼ ਸਾਫ ਨਜ਼ਰ ਨਹੀਂ ਸੀ ਆ ਰਹੀ ਅਤੇ ਨਾ ਹੀ ਮੈਨੂੰ ਆਪਣੇ ਕਿਸੇ ਸਵਾਲ ਦਾ ਜਵਾਬ ਨਜ਼ਰ ਆ ਰਿਹਾ ਸੀ।





ਪੁਸਤਕ ਪੜਚੋਲ

## ਡਾ. ਦਲਵੀਰ ਸਿੰਘ ਪੰਨੂ ਦੀ ਪੁਸਤਕ

# ‘ਦਿ ਸਿੱਖ ਹੈਰੀਟੇਜ: ਬਿਯੌਂਡ ਬਾਰਡਰਜ਼’

1947 ਵਿਚ ਦੇਸ਼ ਦੀ ਵੰਡ ਵੇਲੇ ਪੰਜਾਬ ਨੂੰ ਦੁਫਾੜ ਹੋਣਾ ਪੈ ਗਿਆ ਸੀ ਅਤੇ ਇਸ ਨਾਲ ਸਰਹੱਦ ਪਾਰਲੀ ਸਿੱਖ ਵਿਰਾਸਤ ਦਾ ਨਾ ਹੱਲ ਹੋਣ ਵਾਲਾ ਸੰਕਟ ਪੈਦਾ ਹੋ ਗਿਆ। ਇਸ ਬਾਰੇ ਗੁਰੂਕਿਆਂ ਵੱਲੋਂ ਕੁਝ ਕਰ ਗੁਜ਼ਰਨ ਦਾ ਹਾਸਲ ਹੈ, ਅੰਗਰੇਜ਼ੀ ਵਿਚ ਲਿਖੀ ਇਹ ਪੁਸਤਕ ‘ਦਿ ਸਿੱਖ ਹੈਰੀਟੇਜ: ਬਿਯੌਂਡ ਬਾਰਡਰਜ਼’, ਜਿਸ ਬਾਰੇ ਚਰਚਾ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ।

ਸਰਹੱਦ ਪਾਰਲੀ ਸਿੱਖ ਵਿਰਾਸਤ ਬਾਰੇ ਡਾ. ਦਲਵੀਰ ਸਿੰਘ ਪੰਨੂ ਦੀ 416 ਸਫਿਆਂ ਦੀ ਇਹ ਪੁਸਤਕ ‘ਜਿਨ੍ਹਾਂ ਤੋਂ ਵਿਛੋੜਿਆ ਗਿਆ ਹੈ’ ਦੇ

ਡਾ. ਬਲਕਾਰ ਸਿੰਘ ਪਟਿਆਲਾ

ਉਦਰੇਵੇਂ ਅਤੇ ਗੁਰਦੁਆਰਿਆਂ ਦੇ ‘ਖੁਲ੍ਹੇ ਦਰਸ਼ਨ ਦੀਦਾਰ’ ਦੀ ਸਿੱਖ ਅਰਦਾਸ ਨਾਲ ਜੁੜੀ ਹੋਈ ਅਜਿਹੀ ਦਸਤਾਵੇਜ਼ ਹੈ, ਜੋ ਸਿੱਖ ਆਸਥਾ ਅਤੇ ਸਿੱਖ ਚੇਤਨਾ ਨਾਲ ਜੁੜੇ ਅਜਿਹੇ ਸਵਾਲ ਪੈਦਾ ਕਰਦੀ ਹੈ, ਜਿਸ ਨਾਲ ਪੈਦਾ ਹੋਣ ਵਾਲੀਆਂ ਵੰਗਾਰਾਂ ਵੱਲ ਸਾਡਾ ਧਿਆਨ ਵੱਖ ਵੱਖ ਕਾਰਨਾਂ ਕਰਕੇ ਨਾ ਵਰਗਾ ਹੀ ਗਿਆ ਹੈ। ਸਵਾਲਾਂ ਵਿਚ ਇਹ ਸ਼ਾਮਲ ਹੋ ਗਿਆ ਹੈ ਕਿ ਵਿਰਾਸਤੀ ਚੇਤਨਾ ਵਿਰਾਸਤੀ ਨਿਸ਼ਾਨੀਆਂ ਦੀ ਸਾਂਭ ਸੰਭਾਲ ਬਾਰੇ ਕੀ ਕਰ ਰਹੀ ਹੈ? ਇਹ ਵੀ ਸਵਾਲ ਹੈ ਕਿ ਵਿਰਾਸਤ ਨਾਲ ਜੁੜਿਆ ਜੋ ਵੀ ਹੈ ਅਤੇ ਜਿਵੇਂ ਵੀ ਹੈ, ਜੇ ਇਸ ਦੀ ਸੰਭਾਲ ਅਤੇ ਰਾਖੀ ਵਾਸਤੇ ਨਾ ਸੋਚਿਆ ਤਾਂ ਸਿੱਖ ਪੁਰਖੇ ਕੀ ਕਹਿਣਗੇ?

ਪੁਸਤਕ ਨਾਲ ਵਿਰਾਸਤੀ ਪੈੜਾਂ ਵੱਲ ਅਜਿਹੇ ਇਸ਼ਾਰੇ ਵੀ ਹੋ ਗਏ ਹਨ, ਜਿਨ੍ਹਾਂ ਨੂੰ ਵਿਰਾਸਤੀ ਸਾਂਭ ਸੰਭਾਲ ਦੀ ਵੰਗਾਰ ਕਹਿ ਰਿਹਾ ਹਾਂ ਕਿਉਂਕਿ ਅਗਲੀਆਂ ਪੀੜ੍ਹੀਆਂ ਤੱਕ ਵਿਰਾਸਤ ਨੂੰ ਪਹੁੰਚਾਉਣ ਦੀ ਜ਼ਿੰਮੇਵਾਰੀ ਸਾਡੀ ਹੈ। ਇਸ ਪਾਸੇ ਵਿਰਾਸਤੀ ਸੁਰ ਵਿਚ ਪ੍ਰਾਪਤ ਦੀ ਡੀਕੋਡਿੰਗ ਕਰਕੇ ਹੋ ਸਕਣ ਵਾਲਾ ਸਮਕਾਲੀ ਉਸਾਰ ਹੀ ਕੰਮ ਆ ਸਕਦਾ ਹੈ ਅਤੇ ਇਸ ਪਾਸੇ ਇਸ ਪੁਸਤਕ ਨੂੰ ਇਕ ਕਦਮ ਮੰਨਿਆ ਜਾਣਾ ਚਾਹੀਦਾ ਹੈ। ਇਸ ਪੁਸਤਕ ਨੂੰ ਜੇ ਸਿੱਖਾਂ ਦੇ ਸੰਸਥਾਈ-ਉਸਾਰ ਵੱਲ ਹੋ ਗਏ ਯਤਨ ਵਾਂਗ ਵੇਖੀਏ ਤਾਂ ਸਵਾਲ ਹੈ ਕਿ ਅਜਿਹਾ ਯਤਨ ਪੰਜਾਬ ਵਿਚ ਪੰਜਾਬ ਦੇ ਪੰਥਕ ਦਾਅਵੇਦਾਰਾਂ ਅਤੇ ਪੰਥਕ ਅਦਾਰਿਆਂ ਦੇ ਨਾਲ ਨਾਲ ਸਿੱਖ ਅਕਾਦਮੀਸ਼ਨਾਂ ਨੇ ਕਿਉਂ ਨਾ ਕੀਤਾ? ਜਿਸ ਸੂਚਨਾ ਨੂੰ ਇਸ ਪੁਸਤਕ ਦੇ ਰੂਪ ਵਿਚ ਡਾ. ਦਲਵੀਰ ਸਿੰਘ ਪੰਨੂ ਨੇ ਆਪਣੀ ਕਿਰਤ ਕਮਾਈ ਵਿਚੋਂ ਸਾਡੇ ਛਕਣ ਲਈ ਲੰਗਰ ਵਾਂਗ ਪਰੋਸਿਆ ਹੈ, ਉਸ ਨੂੰ ਓਨੀਂ ਹੀ ਸੁੱਚੀ ਰੀਝ ਨਾਲ ਛਕਣ ਵਾਲੇ ਕਿੰਨੇ ਕੁ ਹਨ?

ਇਹ ਪੁਸਤਕ ਤਾਂ ਇਹ ਸਮਝਣ ਵਿਚ ਵੀ ਮਦਦ ਕਰ ਸਕਦੀ ਹੈ ਕਿ ਪੰਜਾਬੋਂ ਹਿਜਰਤ ਕਰਨ ਵਾਲਿਆਂ ਦੀਆਂ ਮਜਬੂਰੀਆਂ ਅਤੇ ਸੇਵਾ ਭਾਵਨਾ ਨਾਲ ਨਿਭਦਿਆਂ ਵਾਪਸ ਪਰਤਣ ਦਾ ਉਦਰੇਵਾਂ ਇਕ ਪਾਸੇ ਹਿਜਰਤ ਦਰ ਹਿਜਰਤ ਦੀ ਹੋਣੀ ਜਿਹਾ ਲੱਗਦਾ ਹੈ ਅਤੇ ਦੂਜੇ ਪਾਸੇ ਵਿਰਾਸਤੀ ਜੜ੍ਹਾਂ ਵੱਲ ਪਰਤਣ ਦੇ ਹੰਭਲੇ ਜਿਹਾ। ਇਹ ਪੁਸਤਕ ਨਿਰੇ ਸਵਾਲ ਹੀ ਪੈਦਾ ਨਹੀਂ ਕਰਦੀ, ਸਗੋਂ ਬਹੁਤ ਸਾਰੇ ਅਣਗੌਲੇ ਸਵਾਲਾਂ ਦੇ ਉਤਰ ਲੱਭਣ ਵਿਚ ਵੀ ਸਹਾਈ ਹੈ। ਪੁਸਤਕ ਪੜ੍ਹ ਕੇ ਨਿਰਸੰਦੇਹ ਸਮਝ ਸਕੋਗੇ ਕਿ ਸਿੱਖਾਂ ਦੇ ਸੰਸਥਾਈ ਖੋਰੇ ਨਾਲ ਜਿਸ ਤਰ੍ਹਾਂ ਆਮ ਪਾਕਿਸਤਾਨੀ ਪੰਜਾਬੀਆਂ ਦਾ ਮੁਹੱਬਤੀ ਰੁਝਾਨ ਇਸ ਪੁਸਤਕ ਰਾਹੀਂ ਵੇਖਿਆ ਜਾ ਸਕਦਾ ਹੈ, ਉਸ ਤਰ੍ਹਾਂ ਏਧਰਲੇ ਪੰਜਾਬ ਵਿਚ ਕਿਸੇ ਰੂਪ ਵਿਚ ਕਾਇਮ ਨਜ਼ਰ ਨਹੀਂ ਆਉਂਦਾ। ਵਿਸਥਾਰ ਵਿਚ ਜਾਏ ਬਿਨਾ ਕਹਿਣਾ ਚਾਹ ਰਿਹਾਂ ਕਿ ਇਸ ਨੂੰ ਜਿਸ ਤਰ੍ਹਾਂ ਡਾ. ਪੰਨੂ ਨੇ ਪੁਸਤਕ ਦੇ ਰੂਪ ਵਿਚ ਸਜਾ ਕੇ ਸਾਹਮਣੇ ਲਿਆਂਦਾ ਹੈ, ਮੈਨੂੰ ਲੱਗਦਾ ਹੈ ਜਿਵੇਂ ਗੁਰੂ ਜੀ ਨੇ ਆਪਣੇ ਸੇਵਕ ਤੋਂ ਆਪ ਹੀ ਸੇਵਾ ਲੈ ਲਈ ਹੋਵੇ।

ਪੁਸਤਕ ਪੜ੍ਹਦਿਆਂ ਡਾ. ਪੰਨੂ ਮੈਨੂੰ ਗੁਰੂ ਦਾ ਅਜਿਹਾ ਸਿੱਖ ਲੱਗਾ ਹੈ, ਜਿਸ ਬਾਰੇ ਪ੍ਰੋ. ਪੂਰਨ ਸਿੰਘ ਨੇ ਕਿਹਾ ਹੈ ਕਿ “ਗੁਰੂ ਨਾਨਕ ਦਾ ਸਿੱਖ ਜਿਥੇ ਵੀ ਵੱਸਦਾ ਹੈ, ਉਥੇ ਉਹ ਉਸ ਛਾਂਦਾਰ ਬ੍ਰਿਛ ਦੀ ਨਿਆਈਂ ਹੁੰਦਾ ਹੈ, ਜਿਸ ਦੇ ਹੇਠ ਧੁੱਪ ਦੇ ਸਤਾਏ ਅਤੇ ਤ੍ਰਿਹਾਏ ਰਾਹੀ-ਮੁਸਾਫਰ, ਭਾਵੇਂ ਉਹ ਕਿਸੇ ਵੀ ਜਾਤੀ ਦੇ ਹੋਣ, ਆ ਕੇ ਅਰਾਮ ਕਰਦੇ ਹਨ ਅਤੇ ਸੁਖ-ਅਨੰਦ ਮਾਣਦੇ ਹਨ।” ਇਸ ਦਾ ਆਧਾਰ ਗੁਰੂ ਗ੍ਰੰਥ ਸਾਹਿਬ ਦੀ ਅੰਦਰਲੀ ਗਵਾਹੀ ਤੋਂ ਇਸ ਤਰ੍ਹਾਂ ਮਿਲ ਜਾਂਦਾ ਹੈ ਕਿ ਸਿੱਖਾਂ ਦਾ ਵਿਰਾਸਤੀ ਪ੍ਰਸੰਗ, ਸਿੱਖ ਭਾਈਚਾਰੇ ਦੇ ਵਿਰਾਸਤੀ ਖਜਾਨੇ ਜਿਹਾ ਹੈ। ਇਸ ਪਾਸੇ ਤੁਰਨ ਵਾਲਿਆਂ ਨੂੰ ਗੁਰੂ ਦੀ ਮਿਹਰ ਵਾਂਗ ਮਾਨਸਿਕ ਤਸੱਲੀ ਮਿਲਦੀ ਹੈ। ਵਿਰਾਸਤੀ ਭੰਡਾਰੇ ਬਹੁਤ ਕੀਮਤੀ ਹੁੰਦੇ ਹਨ। ਇਨ੍ਹਾਂ ਨੂੰ ਜਿੰਨੇ ਵਰਤਾਂਗੇ, ਓਨੇ ਹੀ ਵੱਧਦੇ ਜਾਂਦੇ ਹਨ। ਇਸ ਪਾਸੇ ਤੁਰਨ ਵਾਲੇ ਇਸ ਕਰਕੇ ਵਡਭਾਗੀ ਹੁੰਦੇ ਹਨ ਕਿਉਂਕਿ ਉਹ ਵੀ ਵਿਰਾਸਤੀ ਖਜਾਨੇ ਦਾ ਹਿੱਸਾ ਹੀ ਹੋ ਜਾਂਦੇ ਹਨ। ਇਹ ਗੱਲ ਪੰਚਮ ਪਾਤਸ਼ਾਹ ਦੇ ਇਸ ਹਵਾਲੇ ਨਾਲ ਕਹੀ ਜਾ ਰਹੀ ਹੈ,

ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ॥
ਤਾ ਮੇਰੈ ਮਨਿ ਭਇਆ ਨਿਧਾਨਾ॥1॥
ਰਤਨ ਲਾਲ ਜਾ ਕਾ ਕਛੂ ਨ ਮੋਲੁ॥
ਭਰੇ ਭੰਡਾਰ ਅਖੂਟ ਅਤੋਲ॥2॥
ਖਾਵਹਿ ਖਰਚਹਿ ਰਲਿ ਮਿਲਿ ਭਾਈ॥
ਤੋਟਿ ਨ ਆਵੈ ਵਧਦੋ ਜਾਈ॥3॥
ਕਹੁ ਨਾਨਕ ਜਿਸੁ ਮਸਤਕਿ ਲੇਖੁ ਲਿਖਾਇ॥
ਸੁ ਏਤੁ ਖਜਾਨੈ ਲਇਆ ਰਲਾਇ॥4॥
(ਪੰਨਾ 186)

ਹੁਣ ਤਾਂ ਇਹ ਤੱਥ ਸਾਹਮਣੇ ਆ ਗਏ ਹਨ ਕਿ ਗੁਰੂ ਨਾਨਕ ਦੇਵ ਜੀ ਨਾਲ ਜੁੜਿਆ ਵਿਰਾਸਤੀ ਖਜਾਨਾ, ਜਿੰਨਾ ਪਾਕਿਸਤਾਨ ਵਿਚ ਹੈ, ਉਸ ਦਾ




ਚੌਥਾ ਹਿੱਸਾ ਵੀ ਭਾਰਤ ਵਿਚ ਨਹੀਂ ਹੈ। ਇਹ ਪੁਸਤਕ ਪੜ੍ਹਦਿਆਂ ਮੈਨੂੰ ਲੱਗਾ ਕਿ ਉਦਾਸੀਆਂ ਨੂੰ ਪਾਸੇ ਰੱਖ ਲਈਏ ਤਾਂ ਗੁਰੂ ਨਾਨਕ ਦੇਵ ਜੀ ਦੇ ਪੰਜਾਬੀ ਪ੍ਰਸੰਗ ਨੂੰ ਨਨਕਾਣਾ ਸਾਹਿਬ ਤੋਂ ਕਰਤਾਰਪੁਰ ਸਾਹਿਬ ਦੇ ਹਵਾਲੇ ਨਾਲ ਸਮਝਿਆ ਤੇ ਸਮਝਾਇਆ ਜਾ ਸਕਦਾ ਹੈ। ਵਰਤਮਾਨ ਕਰਤਾਰਪੁਰ ਲਾਂਘੇ ਦਾ ਭਾਰਤੀ ਪੜੁੱਲ ਡੇਰਾ ਬਾਬਾ ਨਾਨਕ ਤਾਂ ਬੇਦੀਆਂ ਦਾ ਵਸਾਇਆ ਹੋਇਆ ਹੈ।

ਮੈਨੂੰ ਪ੍ਰਸਿੱਧ ਇਤਿਹਾਸਕਾਰ ਪ੍ਰੋ. ਪ੍ਰਿਥੀਪਾਲ ਸਿੰਘ ਕਪੂਰ ਦੱਸ ਰਹੇ ਸਨ ਕਿ ਨਾਨਕ ਨਾਮਲੇਵਿਆਂ ਨੇ ਕਰਤਾਰਪੁਰ ਸਾਹਿਬ ਨੂੰ “ਜਗਤ ਗੁਰ ਬਾਬਾ” ਦੀ ਯਾਦ ਵਾਂਗ ਸੰਭਾਲਿਆ ਹੋਇਆ ਸੀ। ਅੱਜ ਵੀ ਗੁਰਦੁਆਰਾ ਸਾਹਿਬ ਦੀ ਸ਼ੁਰੂਆਤ (ਗਰਾਊਂਡ ਫਲੋਰ) ‘ਮਿਜ਼ਾਰ ਬਾਬਾ ਨਾਨਕ’ ਅਤੇ ‘ਸਮਾਧ ਬਾਬਾ ਨਾਨਕ’ ਤੋਂ ਹੁੰਦੀ ਹੈ। ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਪਹਿਲੀ ਮੰਜ਼ਿਲ ’ਤੇ ਹੈ। ਡਾ. ਪੰਨੂ ਦੀ ਪੁਸਤਕ ਅਜਿਹੇ ਹਵਾਲਿਆਂ ਨਾਲ ਭਰੀ ਹੋਈ ਹੈ, ਜਿਸ ਨਾਲ ਸਮਝਿਆ ਜਾ ਸਕਦਾ ਹੈ ਕਿ ਪੱਛਮੀ ਪੰਜਾਬ, ਬਾਬਾ ਨਾਨਕ ਦੀਆਂ ਯਾਦਾਂ ਅਤੇ ਨਿਸ਼ਾਨੀਆਂ ਨਾਲ ਜਿਸ ਤਰ੍ਹਾਂ ਅੱਜ ਵੀ ਭਰਿਆ ਪਿਆ ਹੈ, ਉਸ ਤਰ੍ਹਾਂ ਏਧਰਲੇ ਪੰਜਾਬ ਬਾਰੇ ਨਹੀਂ ਕਿਹਾ ਜਾ ਸਕਦਾ। ਜੋ ਕੰਮ ਡਾ. ਪੰਨੂ ਤੋਂ ਗੁਰੂ ਦੀ ਮਿਹਰ ਨਾਲ ਹੋ ਗਿਆ ਹੈ, ਉਸ ਨੂੰ ਯੋਜਨਾ ਬਣਾ ਕੇ ਕੀਤੇ ਕੰਮ ਵਾਂਗ ਲੈਣ ਦੀ ਥਾਂ ਇਕ ਸਿੱਖ ਦੀਆਂ ਸੁੱਚੀਆਂ ਰੀਝਾਂ ਦੇ ਸੁਤੇ ਪ੍ਰਗਟਾਵੇ ਵਾਂਗ ਲੈਣਾ ਤੇ ਸਮਝਣਾ ਚਾਹੀਦਾ ਹੈ।

ਪੁਸਤਕ ਦੇ ਹਵਾਲੇ ਨਾਲ ਇਹ ਧਿਆਨ ਵਿਚ ਰਹਿਣਾ ਚਾਹੀਦਾ ਹੈ ਕਿ ਸਿੱਖ ਵਿਰਾਸਤ ਅਤੇ ਸਿੱਖ ਸਰਵਾਈਵਲ ਇਕ ਦੂਜੇ ਨਾਲ ਜੁੜੇ ਹੋਏ ਹਨ ਅਤੇ ਇਨ੍ਹਾਂ ਦੋਹਾਂ ਨੂੰ ਇਕ ਦੂਜੇ ਦੀ ਪੂਰਕਤਾ ਵਿਚ ਭੁਗਤਾਉਣ ਲਈ ਜਿਹੋ ਜਿਹੇ ਯਤਨਾ ਦੀ ਲੋੜ ਹੈ, ਉਹ ਨਾ ਹੀ ਸਿੱਖ ਪ੍ਰਬੰਧਕਾਂ ਵੱਲੋਂ ਹੋ ਰਹੇ ਹਨ ਅਤੇ ਨਾ ਹੀ ਸਿੱਖ ਅਕਾਦਮੀਸ਼ਨਾਂ ਵੱਲੋਂ। ਇਹੋ ਜਿਹੇ ਖਿਲਾਅ ਵਿਚ ਇਹ ਪੁਸਤਕ ਮੈਨੂੰ ਆਸ ਦੀ ਕਿਰਨ ਲੱਗ ਰਹੀ ਹੈ। ਮੈਨੂੰ ਅਜਿਹੀਆਂ ਸਭ ਰੁਕਾਵਟਾਂ ਸਿਆਸਤ ਦੇ ਪੈਰੋਂ ਪੈਦਾ ਹੋਈਆਂ ਲੱਗਦੀਆਂ ਹਨ। ਡਾ. ਪੰਨੂ ਦਾ ਯਤਨ ਸਿਆਸਤਮੁਕਤ ਹੈ ਅਤੇ ਮੈਂ ਇਸ ਦਾ ਸਵਾਗਤ ਕਰਦਾ ਹਾਂ।

ਡਾ. ਪੰਨੂ ਤੋਂ ਪਹਿਲਾਂ ਸਿੱਖ ਧਰਮ ਦੀਆਂ ਸ਼ਾਨਾਂ ਨੂੰ ਕਲਮਬੱਧ ਕਰਨ ਵਾਲੇ ਯੋਗਦਾਨੀਆਂ ਵਿਚ ਜਿਸ ਤਰ੍ਹਾਂ ਵਿਅਕਤੀ-ਸਿੱਖ ਨੁਮਾਇਆਂ ਸਨ/ਹਨ, ਉਸ ਤਰ੍ਹਾਂ ਸਿੱਖ ਸੰਸਥਾਵਾਂ ਨਹੀਂ ਹਨ। ਗੁਰੂ ਕਾਲ ਵਿਚ ਅਜਿਹੇ ਵਿਅਕਤੀ-ਸਿੱਖ ਬਹੁਤ ਸਨ ਅਤੇ ਸਿੱਖ ਰਾਜ ਵਿਚ ਵੀ ਭਾਈ ਸੰਤੋਖ ਸਿੰਘ ਜਿਹੇ ਅਹਿਮ ਭੂਮਿਕਾ ਨਿਭਾਉਂਦੇ ਰਹੇ। ਸਿੰਘ ਸਭਾ ਲਿਖਾਰੀਆਂ ਵਿਚ ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਬੇਸ਼ੱਕ ਨੁਮਾਇਆ ਸਨ, ਪਰ ਹੋਰ ਵੀ ਕਈਆਂ ਦੇ ਨਾਂ ਲਏ ਜਾ ਸਕਦੇ ਹਨ, ਜਿਨ੍ਹਾਂ ਕਰਕੇ ਸਿੱਖ ਅਕਾਦਮਿਕਤਾ ਅਮੀਰ ਹੁੰਦੀ ਰਹੀ। ਆਧੁਨਿਕ ਕਾਲ ਵਿਚ ਗੁਰੂ ਗ੍ਰੰਥ ਸਾਹਿਬ ਦਾ ਅੰਗਰੇਜ਼ੀ ਅਨੁਵਾਦ ਕਰਨ ਵਾਲਿਆਂ ਵਿਚੋਂ ਕੋਈ ਵੀ ਸੰਸਥਾ ਪ੍ਰਤੀਨਿਧ ਨਹੀਂ ਸੀ।

ਡਾ. ਪੰਨੂ ਨੂੰ ਇਸ ਨਿਰੰਤਰਤਾ ਵਿਚ ਹੋਣ ਦਾ ਮਾਣ ਇਸ ਪੁਸਤਕ ਨਾਲ ਸਾਹਮਣੇ ਆ ਗਿਆ ਹੈ। ਇਥੇ ਇਹ ਦੱਸਣਾ ਜ਼ਰੂਰੀ ਹੈ ਕਿ ਕਿਸੇ ਵੀ ਯੂਨੀਵਰਸਿਟੀ ਨੂੰ ਸਿੱਖ ਸੰਸਥਾ ਵਾਂਗ ਨਹੀਂ ਵੇਖਿਆ ਜਾ ਸਕਦਾ, ਕਿਉਂਕਿ ਇਹ ਵਿਦਿਅਕ ਅਦਾਰੇ ਨਿਰਧਾਰਤ ਨਿਯਮਾਂ ਹੇਠ ਹੀ ਸਥਾਪਤ ਹੁੰਦੇ ਹਨ ਅਤੇ ਉਨ੍ਹਾਂ ਮੁਤਾਬਿਕ ਹੀ ਚਲਾਏ ਜਾ ਸਕਦੇ ਹਨ। ਇਥੇ ਸਵਾਲ ਹੈ ਕਿ ਡਾ. ਪੰਨੂ ਦੀ ਇਸ ਪੁਸਤਕ ਨੂੰ ਪੰਜਾਬ ਦੀਆਂ ਤਿੰਨਾਂ ਹੀ ਯੂਨੀਵਰਸਿਟੀਆਂ ਵੱਲੋਂ ਜਿਸ ਤਰ੍ਹਾਂ ਹੁੰਗਾਰਾ ਮਿਲਿਆ ਹੈ, ਉਸ ਤਰ੍ਹਾਂ ਕਿਸੇ ਸਿੱਖ ਸੰਸਥਾ ਵੱਲੋਂ ਕਿਉਂ ਨਹੀਂ ਮਿਲਿਆ? ਕੌਣ ਕਿਸ ਨੂੰ ਪੁੱਛੇ ਕਿ ਕਿਸ ਦਾ ਫਰਜ਼ ਕੌਣ ਨਿਭਾ ਰਿਹਾ ਹੈ? ਹੈਰਾਨੀ ਹੁੰਦੀ ਹੈ ਕਿ ਇਸ ਵੇਲੇ ਸਿੱਖ ਸੰਸਥਾਵਾਂ ਦੇ ਮੁਖੀਆਂ ਵਿਚ ਅਕਾਲ ਤਖਤ ਸਾਹਿਬ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਸੇਵਾਦਾਰ ਪੜ੍ਹਿਆਂ ਲਿਖਿਆਂ ਵਿਚ ਸ਼ੁਮਾਰ ਹਨ। ਇਸ ਬਾਰੇ ਵੀ ਗੱਲ ਕੀਤੀ ਜਾ ਸਕਦੀ ਹੈ, ਪਰ ਮੌਕਾ ਇਸ ਵਿਸਥਾਰ ਵਿਚ ਜਾਣ ਵਾਸਤੇ ਠੀਕ ਨਹੀਂ ਹੈ। ਪਰ ਏਨਾ ਤਾਂ ਦੱਸਣਾ ਹੀ ਬਣਦਾ ਹੈ ਕਿ ਸਿੱਖ ਵਿਰਾਸਤ ਅਤੇ ਸਿੱਖ ਸਰਵਾਈਵਲ ਇਕ ਦੂਜੇ ਨਾਲ ਜੁੜੀਆਂ ਹੋਈਆਂ ਹੋਣ ਕਰਕੇ ਇਸ ਪੁਸਤਕ ਰਾਹੀਂ ਪੈਦਾ ਹੋਣ ਵਾਲੇ ਸਵਾਲਾਂ ਵੱਲ ਪਿੱਠ ਕਰਕੇ ਨਹੀਂ ਤੁਰਿਆ ਜਾ ਸਕਦਾ। ਇਸ ਬਾਰੇ ਨਹੀਂ ਸੋਚਾਂਗੇ ਤਾਂ ਵੰਗਾਰਾਂ ਅਤੇ ਸ਼ੰਕਿਆਂ ਦੇ ਜੰਗਲ ਵਿਚ ਘਿਰਦੇ ਜਾਵਾਂਗੇ। ਜਿਹੜੇ ਇਸ ਨੂੰ ‘ਪੰਥ ਤੇਰੇ ਦੀਆਂ ਗੂੰਜਾਂ ਦਿਨੋ ਦਿਨ ਪੈਣਗੀਆਂ’ ਦੀ ਸਿਆਸਤ ਵਾਂਗ ਲੈਣ ਦੀ ਉਂਘਲਈ-ਸੰਤੁਸ਼ਟੀ ਵਿਚ ਗਲਤਾਨ ਹਨ, ਉਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਵਿਰਾਸਤੀ ਪ੍ਰਾਪਤੀਆਂ ਨੂੰ ਵਰਤਮਾਨ ਵਿਚ ਉਤਾਰ ਕੇ ਹੀ ਗਲੋਬਲ ਹੋ ਰਹੇ ਸਿੱਖ ਭਾਈਚਾਰੇ ਨਾਲ ਸੰਵਾਦ ਰਚਾਇਆ ਜਾ ਸਕਦਾ, ਕਿਉਂਕਿ ਆ ਰਹੀ ਗਲੋਬਲੀ ਸਿੱਖ ਪੀੜ੍ਹੀ ਵਾਸਤੇ ਲੋੜੀਂਦਾ ਸਿੱਖ ਉਸਾਰ ਸਾਹਮਣੇ ਲਿਆਏ ਬਿਨਾ ਵਿਰਾਸਤੀ ਖਜਾਨੇ ਨੂੰ ਨਹੀਂ ਸੰਭਾਲਿਆ ਜਾ ਸਕਦਾ।

ਡਾ. ਪੰਨੂ ਦਾ ਇਹ ਯਤਨ ਨਾ ਪਹਿਲਾ ਹੈ ਅਤੇ ਨਾ ਆਖਰੀ ਸਮਝਣਾ ਚਾਹੀਦਾ ਹੈ, ਪਰ ਇਹ ਯਤਨ ਸਵਾਲ ਪੈਦਾ ਕਰ ਰਿਹਾ ਹੈ ਕਿ ਸਿੱਖਾਂ ਦੀਆਂ ਵਿਰਾਸਤੀ ਪਹਿਲਤਾਜ਼ਗੀਆਂ ਨੂੰ ਚੁਫੇਰੇ ਫੈਲੀਆਂ ਸਿਆਸੀ ਦਖਲ ਅੰਦਾਜ਼ੀਆਂ ਤੋਂ ਬਚਾਉਣ ਤੇ ਸੰਭਾਲਣ ਦੀ ਲੋੜ ਵੱਲ ਸਾਡਾ ਧਿਆਨ ਕਿਉਂ ਨਹੀਂ ਹੈ? ਅਕਾਦਮੀਸ਼ਨਾਂ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਇਸ ਪੁਸਤਕ ਵਿਚ ਡਾ. ਪੰਨੂ ਨੇ 745 ਹਵਾਲੇ ਦਿੱਤੇ ਹਨ। ਤਿੰਨ ਸੌ ਤੋਂ ਵੱਧ ਅੰਗਰੇਜ਼ੀ ਕਿਤਾਬਾਂ, 60 ਤੋਂ ਵੱਧ ਗੁਰਮੁਖੀ ਕਿਤਾਬਾਂ ਅਤੇ 20 ਤੋਂ ਵੱਧ ਉਰਦੂ ਕਿਤਾਬਾਂ ਫੋਲੀਆਂ ਹਨ। ਇਸ ਵਿਚ 12 ਗਜ਼ਟੀਅਰ, 13 ਜਰਨਲ ਅਤੇ 7 ਜਨਮ ਸਾਖੀਆਂ ਵੀ ਸ਼ਾਮਲ ਹਨ। ਵੈਬਸਾਈਟਾਂ ਦਾ ਹਵਾਲਾ ਨਾ ਵੀ ਦਿੱਤਾ ਹੁੰਦਾ ਤਾਂ ਵੀ ਡਾ. ਪੰਨੂ ਦੀ ਪੀੜ੍ਹੀ ਤੋਂ ਇਸ ਦੀ ਆਸ ਕੀਤੀ ਹੀ ਜਾਣੀ ਸੀ। ਦੰਦਾਂ ਦਾ ਅਮਰੀਕਾ ਵਿਚ ਸਥਾਪਤ ਇਹ ਡਾਕਟਰ ਇਸ ਪੁਸਤਕ ਰਾਹੀਂ ਜੋ ਕੁਝ ਕਰ ਰਿਹਾ ਹੈ, ਉਸ ਦੇ ਹਵਾਲੇ ਨਾਲ ਇਹ ਸਮਝ ਲੈਣਾ ਚਾਹੀਦਾ ਹੈ ਕਿ ਗੁਰੂ ਦੀ ਛਾਂ ਵਿਚ ਤੁਰਨ ਵਾਲਾ ਕੋਈ ਵੀ ਸਿੱਖ ਕੁਝ ਵੀ ਕਰ ਸਕਦਾ ਹੈ। ਇਹ ਸੋਚਦਿਆਂ ਮੈਨੂੰ ਪ੍ਰੋ. ਪੂਰਨ ਸਿੰਘ ਦੀ ਭਵਿਖਮੁਖੀ ਇਹ ਟਿਪਣੀ ਯਾਦ ਆਉਂਦੀ ਰਹੀ ਹੈ,

ਅੰਤਰ ਰਾਸ਼ਟਰੀ ਰਾਜਨੀਤੀ ਦੀ ਚਿੱਕੜ ਦੌੜ ’ਚੋਂ
ਬਚ ਕੇ ਨਿਕਲਣ ਦਾ ਹੈ ਸਭ ਤੋਂ ਸੌਖਾ ਰਾਹ
ਕਿ ਅਸੀਂ ਪੁਰਾਤਨ ਸਮਿਆਂ ਦੇ ਸਾਦ ਮੁਰਾਦੇ
ਕੁਦਰਤੀ ਜੀਵਨ ਨੂੰ ਲਈਏ ਅਪਨਾ।

ਦੁਨੀਆਂ ਘੁੰਮਦਿਆਂ ਮੈਂ ਅਮਰੀਕਾ-ਕੈਨੇਡਾ ਦੇ ਡਾਕਟਰਾਂ ਨੂੰ ਕਹਿੰਦਾ ਰਿਹਾ ਹਾਂ ਕਿ ਤੁਸੀਂ ਆਪਣੀ ਖੁਸ਼ਹਾਲੀ, ਸਿੱਖ ਸਿਆਸਤ ਦੇ ਲੇਖੇ ਲਾਉਣ ਦੀ ਥਾਂ ਸਿੱਖ ਅਕਾਦਮਿਕਤਾ ਦੇ ਲੇਖੇ ਕਿਉਂ ਨਹੀਂ ਲਾਉਂਦੇ? ਮੈਂ ਖੁਸ਼ ਹਾਂ ਕਿ ਡਾ. ਪੰਨੂ ਨੇ ਆਪਣੀ ਖੁਸ਼ਹਾਲੀ, ਵਿਰਾਸਤੀ ਸੰਭਾਲ ਵਾਸਤੇ ਖੁਲ੍ਹ ਕੇ ਖਰਚੀ ਹੈ। ਕਿਤਾਬ ਦੇ ਦਰਸ਼ਨ ਕਰਨ ਵਾਲੇ ਕਨਟੈਂਟ ਵਾਲਾ ਪਹਿਲਾ ਪੰਨਾ ਵੇਖ ਕੇ ਹੀ ਸਮਝ ਜਾਣਗੇ ਕਿ ਲੇਖਕ ਦਾ ਅੰਦਾਜ਼-ਏ-ਬਿਆਨ ਕਿਹੋ ਜਿਹਾ ਹੋਵੇਗਾ?

ਸਿੱਖ ਦ੍ਰਿਸ਼ਟੀਕੋਣ ਤੋਂ ਮੈਨੂੰ ਕਿਰਤ ਕਮਾਈ ਦੀ ਸਿੱਖ ਪ੍ਰਸੰਗ ਵਿਚ ਇਹ ਪੁਸਤਕ ਸਹੀ ਪੂੰਜੀ ਨਿਵੇਸ਼ ਲੱਗੀ ਹੈ। ਇਸ ਪਾਸੇ ਜੇ ਤੁਰਾਂਗੇ ਤਾਂ ਨਿਰਸੰਦੇਹ ਸਿੱਖੀ ਦੇ ਸਿਆਸੀ ਅਪਹਰਣ ਨੂੰ ਰੋਕਣ ਵਿਚ ਸਹਾਈ ਹੋ ਸਕਾਂਗੇ। ਗੁਰੂਕਿਆਂ ਦੀ ਇਹ ਮੁਹੱਬਤੀ ਸੁਰ ਸਾਨੂੰ ਉਸ ਸੇਧ ਵਿਚ ਲੈ ਕੇ ਜਾ ਸਕਦੀ ਹੈ, ਜਿਸ ਵੱਲ ਇਸ਼ਾਰਾ ਪੰਚਮ ਪਾਤਸ਼ਾਹ ਦੇ ਹਵਾਲੇ ਨਾਲ ਕੀਤਾ ਜਾ ਚੁਕਾ ਹੈ। ਜਿਨ੍ਹਾਂ ਨੇ ਮੈਕਾਲਿਫ ਦੀਆਂ ਪੁਸਤਕਾਂ ਵੇਖੀਆਂ ਹਨ, ਉਨ੍ਹਾਂ ਵੇਖਿਆ ਹੋਵੇਗਾ ਕਿ ਮੈਕਾਲਿਫ ਆਪਣੀ ਕ੍ਰਿਤੱਗਯਤਾ ਪੰਚਮ ਪਾਤਸ਼ਾਹ ਦੀ ਇਸ ਤੁਕ ਨਾਲ ਲਗਾਤਾਰ ਪ੍ਰਗਟ ਕਰਦਾ ਰਿਹਾ ਸੀ,

ਫੂਟੋ ਆਂਡਾ ਭਰਮ ਕਾ
ਮਨਹਿ ਭਇਓ ਪਰਗਾਸੁ॥
ਕਾਟੀ ਬੇੜੀ ਪਗਹਿ ਤੇ
ਗੁਰਿ ਕੀਨੀ ਬੰਦਿ ਖਲਾਸੁ॥
(ਪੰਨਾ 1002)

ਮੇਰਾ ਵਿਸ਼ਵਾਸ਼ ਹੈ ਕਿ ਹਰ ਸਿੱਖ ਦੇ ਲਹੂ ਵਿਚ ਬਾਣੀ ਦਾ ਇਹ ਤਾਸੀਰੀ ਸੱਚ ਰਮਿਆ ਹੋਇਆ ਹੈ ਕਿ ਉਹ ਆਪਣੇ ਗੁਰੂ ਦੀਆਂ ਉਨ੍ਹਾਂ ਰਹਿਮਤਾਂ ਨੂੰ ਨਹੀਂ ਭੁੱਲ ਸਕਦਾ, ਜਿਨ੍ਹਾਂ ਸਦਕਾ ਉਹ ਸਫਲ ਤੇ ਖੁਸ਼ਹਾਲ ਹੋਇਆ ਹੈ। ਮੌਕਾ ਮਿਲਣ ‘ਤੇ ਗੁਰੂ ਦੀਆਂ ਰਹਿਮਤਾਂ ਦਾ ਕਰਜ਼ ਉਤਾਰਨ ਲਈ ਸਮਰਥਾ ਮੁਤਾਬਿਕ ਕੋਸ਼ਿਸ਼ਾਂ ਗੁਰੂਕਿਆਂ ਵੱਲੋਂ ਹੁੰਦੀਆਂ ਰਹੀਆਂ ਹਨ। ਇਸ ਪੁਸਤਕ ਨੂੰ ਮੈਂ ਇਸੇ ਸੁਰ ਵਿਚ ਵੇਖ ਰਿਹਾ ਹਾਂ। ਮੈਨੂੰ ਪੁਸਤਕ ਪੜ੍ਹਦਿਆਂ ਇਹ ਵੀ ਲੱਗਾ ਹੈ ਕਿ ਇਸ ਨੂੰ ਇਸ ਰੂਪ ਵਿਚ ਲਿਆਉਣ ਨਾਲ ਨਿਭਦਿਆਂ ਡਾ. ਪੰਨੂ ਨੇ ਕੁਝ ਇਸ ਤਰ੍ਹਾਂ ਮਹਿਸੂਸ ਅਵੱਸ਼ ਕੀਤਾ ਹੋਵੇਗਾ, ਜਿਹੋ ਜਿਹਾ ਪ੍ਰਗਟਾਵਾ ਪ੍ਰੋ. ਪੂਰਨ ਸਿੰਘ ਦੀ ਇਸ ਟੂਕ ਵਿਚ ਹੋ ਗਿਆ ਹੈ,

ਇਹ ਗੁਰਾਂ ਵਾਲੀ ਧਰਤੀ ਹੈ,
ਇਥੇ ਸੱਚਾ ਦਰਬਾਰ ਹੈ,
ਇਥੇ ਦਿਲ ਪਿਆ ਖੁਸਦਾ,
ਸਿਰ ਪਿਆ ਨਿਵੰਦਾ।

ਪੰਜਾਬ ਪ੍ਰਤੀ ਅਜਿਹੇ ਪਿਆਰ ਅਤੇ ਵੈਰਾਗ ਬਿਨਾ ਅਜਿਹੀ ਪੁਸਤਕ ਕਿਵੇਂ ਲਿਖੀ ਜਾ ਸਕਦੀ ਹੈ? ਮੈਨੂੰ ਇਹ ਪੁਸਤਕ ਸੰਸਥਾਈ-ਆਰਕਾਈਵ ਦੇ ਉਸਾਰ ਜਿਹੀ ਵੀ ਲੱਗਦੀ ਹੈ। ਅੱਖਰਾਂ ਅਤੇ ਮੂਰਤਾਂ ਨਾਲ ਗੁਨ੍ਹੀ ਇਸ ਆਰਕਾਈਵਲ ਪੁਸਤਕ ਨੂੰ ਪੁਸਤਕ ਸਭਿਆਚਾਰ ਨਾਲ ਜੁੜੇ ਵਿਦਿਆਰਥੀ ਹੀ ਸਮਝ ਸਕਦੇ ਹਨ। ਇਸ ਕਰਕੇ ਪਾਕਿਸਤਾਨ ਵਿਚ ਰਹਿ ਗਏ ਗੁਰਦੁਆਰਿਆਂ ਬਾਰੇ ਲਿਖੀ ਗਈ ਇਹ ਪੁਸਤਕ ਧਾਰਮਿਕ ਨਾਲੋਂ ਵੱਧ ਅਕਾਦਮਿਕ ਯਤਨ ਹੈ। ਇਸ ਦੀ ਪੁਸ਼ਟੀ ਡਾ. ਪੰਨੂ ਦੇ ਸ਼ਬਦਾਂ ਵਿਚ ਤੁਹਾਡੇ ਨਾਲ ਸਾਂਝੀ ਕਰਨਾ ਚਾਹੁੰਦਾ ਹਾਂ:

“I get the feeling that I can now almost talk to these buildings and even listen to them. Each individual structure has a unique past and a story to tell.” P. 6

ਇਹ ਪੁਸਤਕ ਇਕ ਤਰ੍ਹਾਂ ਭੁਲੇ ਵਿਸਰੇ ਗੁਰਦੁਆਰਿਆਂ ਦੀ ਸਾਖੀ ਹੋ ਕੇ ਵੀ ਇਸ ਨਾਲੋਂ ਅੱਗੇ ਤੁਰਨ ਦੀ ਕੋਸ਼ਿਸ਼ ਕਰਦੀ ਹੈ। ਇਸੇ ਕਰਕੇ ਇਹ ਨਾਨਕ ਨਾਮਲੇਵਿਆਂ ਲਈ 550ਵੇਂ ਗੁਰਪੁਰਬ ‘ਤੇ ਤੋਹਫਾ ਹੋ ਗਈ ਹੈ। ਪੁਸਤਕ ਦੇ ਮੁੱਖ ਪੰਨੇ ‘ਤੇ ਕਰਤਾਰਪੁਰ ਸਾਹਿਬ ਦੀ ਫੋਟੋ ਦੱਸਦੀ ਹੈ ਕਿ ਗੁਰੂ ਨਾਨਕ ਦਾ ਪੰਜਾਬ ਕੁਦਰਤੀ ਨਿਹਮਤਾਂ ਨਾਲ ਮਾਲਾਮਾਲ ਸੀ। ਇਸ ਖੁਸ਼ਹਾਲ ਪੰਜਾਬ ਦੇ ਵਸਨੀਕ 1947 ਵਿਚ ਰਾਤੋ ਰਾਤ ਮਾਲਕ ਤੋਂ ਸ਼ਰਨਾਰਥੀ ਹੋ ਗਏ ਸਨ। ਇਸ ਵੰਡ ਦੀ ਚਸਕ ਨੂੰ ਲੇਖਕ ਨੇ ਸਾਂਝੇ ਘਰ ਦੀ ਪਰੰਪਰਕ ਸ਼ਰੀਕਾ ਵੰਡ ਨਾਲ ਜੁੜੀ ਖੂਨੀ ਦਾਸਤਾਨ ਕਿਹਾ ਹੈ। ਸਮਝ ਲੈਣਾ ਚਾਹੀਦਾ ਹੈ ਕਿ ਸਿਆਸਤ ਦੇ ਪੈਰੋਂ ਕਿਹੋ ਜਿਹੀਆਂ ਅਣਹੋਣੀਆਂ ਹੋ ਸਕਦੀਆਂ ਹਨ? ਪੁਸਤਕ ਵਿਚ ਹਵਾਲੇ ਵਜੋਂ ਦਿਤੇ ਅੰਕੜਿਆਂ ਮੁਤਾਬਿਕ ਲੱਖਾਂ ਮਰਨ ਅਤੇ ਕਰੋੜਾਂ ਉਜੜਨ ਵਾਲਿਆਂ ਵਿਚ ਇਕ ਲੱਖ ਉਧਾਲੀਆਂ ਪੰਜਾਬਣਾਂ ਵੀ ਸ਼ਾਮਲ ਸਨ। (ਪੰਨਾ 12)

ਸਿਆਸਤਦਾਨ ਕਹਿੰਦਾ ਕੁਝ ਹੈ ਅਤੇ ਕਰਦਾ ਕੁਝ ਹੈ। ਉਸ ਵੇਲੇ ਜਿਸ ਤਰ੍ਹਾਂ ਦੀ ਭਾਸ਼ਾ ਸਿਆਸਤਦਾਨਾਂ ਵੱਲੋਂ ਵਰਤੀ ਜਾ ਰਹੀ ਸੀ, ਓਸੇ ਤਰ੍ਹਾਂ ਦੀ ਭਾਸ਼ਾ ਅੱਜ ਵੀ ਸਿਆਸਤਦਾਨ ਵਰਤ ਰਹੇ ਹਨ। ਇਸ ਦੇ ਬਾਵਜੂਦ ਇਸ ਪੁਸਤਕ ਵਿਚ ਉਹ ਸਾਰਾ ਕੁਝ ਸੰਭਾਲਣ ਦੀ ਕੋਸ਼ਿਸ਼ ਕੀਤੀ ਗਈ ਹੈ, ਜੋ ਕੰਧਾਂ ‘ਤੇ ਅਜੇ ਤੱਕ ਚਿਤਰਾਂ ਅਤੇ ਅੱਖਰਾਂ ਰਾਹੀਂ ਇਤਿਹਾਸ ਵਾਂਗ ਧੜਕ ਰਿਹਾ ਹੈ (ਪੰਨਾ 26); ਇਸ ਨਾਲ ਭਾਈ ਬਹਿਲੋ ਦਾ ਸੂਚਕ ਪ੍ਰਸੰਗ ਸੰਭਾਲਿਆ ਗਿਆ ਹੈ (ਪੰਨਾ 59)। ਜ਼ਿਲਾਵਾਰ ਤਫਸੀਲ ਵਿਚ ਮੀਣਿਆਂ ਤੱਕ ਨੂੰ ਵਿਰਾਸਤੀ ਪ੍ਰਸੰਗ ਵਿਚ ਥਾਂ ਮਿਲ ਗਈ ਹੈ। ਇਸ ਨਾਲ ਜੋ ਕੁਝ ਜਿਸ ਤਰ੍ਹਾਂ ਪ੍ਰਾਪਤ ਹੈ, ਉਸ ਨੂੰ ਉਸੇ ਤਰ੍ਹਾਂ ਇਸ ਪੁਸਤਕ ਰਾਹੀਂ ਸਾਂਭਣ ਦੀ ਕੋਸ਼ਿਸ਼ ਕੀਤੀ ਗਈ ਹੈ।


ਇਸ ਨਾਲ ਅਕਾਦਮੀਸ਼ਨਾਂ ਦੇ ਧਿਆਨ ਵਿਚ ਇਹ ਵੀ ਲਿਆਉਣਾ ਚਾਹੁੰਦਾ ਹਾਂ ਕਿ ਪੁਸਤਕ ਨੂੰ ਜੇ ਵਿਦਿਆਰਥੀ ਨਾ ਮਿਲਣ ਤਾਂ ਇਸ ਦੇ ਰੁਲ ਜਾਣ ਦੀ ਸੰਭਾਵਨਾ ਪੈਦਾ ਹੋ ਜਾਂਦੀ ਹੈ। ਰੁਲੀਆਂ ਯਾਦਾਂ ਨੂੰ ਸੰਭਾਲਣ ਵਾਲੀ ਇਹ ਪੁਸਤਕ ਬਹੁਤ ਸਾਰੀਆਂ ਯਾਦਾਂ ਨਾਲ ਨਿਓਟਿਆਂ ਦੀ ਓਟ ਵਾਂਗ ਨਿਭਦੀ ਲੱਗਣ ਲੱਗ ਪੈਂਦੀ ਹੈ। ਮਿਸਾਲ ਵਜੋਂ ਡੇਰਾ ਚਹਿਲ ਵਿਖੇ ਬੇਬੇ ਨਾਨਕੀ ਦੀ ਯਾਦ ਜਿਸ ਤਰ੍ਹਾਂ ਅੱਜ ਵੀ ਕਾਇਮ ਹੈ (ਪੰਨਾ 188), ਉਸ ਤਰ੍ਹਾਂ ਤਾਂ ਸੁਲਤਾਨਪੁਰ ਲੋਧੀ ਵਿਖੇ ਵੀ ਨਹੀਂ ਹੈ। ਕਾਰਨ ਇਹ ਲੱਗਦਾ ਹੈ ਕਿ ਜਿਥੇ ਕਾਰ ਸੇਵਾ ਵਾਲੇ ਬਾਬਿਆਂ ਦੀ ਪਹੁੰਚ ਨਹੀਂ ਹੈ, ਉਥੋਂ ਦੀਆਂ ਵਿਰਾਸਤੀ ਨਿਸ਼ਾਨੀਆਂ ਸੰਗਮਰਮਰੀ ਹੋਣ ਤੋਂ ਅਜੇ ਵੀ ਬਚੀਆਂ ਹੋਈਆਂ ਹਨ। ਸੰਗਰੂਰ ਵਿਚ ਨਾਨਕਿਆਣਾ ਸਾਹਿਬ ਗੁਰਦੁਆਰੇ ਵਾਲਿਆਂ ਨੂੰ ਕਿਥੇ ਪਤਾ ਹੈ ਕਿ ਗੁਰਦੁਆਰਾ ਛੋਟਾ ਨਾਨਕਿਆਣਾ ਦੀ ਯਾਦ ਜਿਵੇਂ ਮੰਗਾ ਪਿੰਡ ਵਿਚ ਅੱਜ ਵੀ ਕਾਇਮ ਹੈ, ਉਹ ਸਾਂਝੀਆਂ ਜੜ੍ਹਾਂ ਦੀ ਬਾਤ ਪਾ ਰਹੀ ਹੈ! ਬੁਧੂ ਦੇ ਆਵੇ ਦੀਆਂ ਯਾਦਗਾਰੀ ਨਿਸ਼ਾਨੀਆਂ ਨੂੰ ਇਸ ਪੁਸਤਕ ਨੇ ਹਿੱਕ ਨਾਲ ਲਾਇਆ ਹੋਇਆ ਹੈ। (ਪੰਨਾ 222)

ਮਹਾਂਪੁਰਖਾਂ ਦੇ ਨਾਂ ‘ਤੇ ਧੜਾਧੜ ਬਣ ਰਹੇ ਗੁਰਦੁਆਰਿਆਂ ਨੂੰ ਕਿਥੇ ਪਤਾ ਹੈ ਕਿ ਮਾਈ ਧਰਮੋ ਦੀ ਯਾਦਗਾਰ ਧਰਮੋ ਮੈਦਾ ਭਲਾਂ ਲਾਹੌਰ ਵਿਚ ਗੁਰੂਕਿਆਂ ਦੇ ਧਿਆਨ ਦੀ ਮੰਗ ਕਰ ਰਹੀ ਹੈ (ਪੰਨਾ 264)। ਇਹ ਯਾਦਾਂ ਗੁਰੂਕਿਆਂ ਨਾਲ ਜੁੜੀਆਂ ਹੋਣ ਦੇ ਬਾਵਜੂਦ ਗੁਰਦੁਆਰਾ ਸੰਸਥਾ ਦੇ ਸ਼ਰੀਕੇ ਵਿਚ ਨਹੀਂ ਆਉਂਦੀਆਂ ਕਿਉਂਕਿ ਇਨ੍ਹਾਂ ਵਿਚ ‘ਚੁਬੱਚਾ ਰਾਮ ਰਾਇ’ ਧਰਮਪੁਰਾ ਲਾਹੌਰ ਵਿਖੇ ਇਹ ਦੱਸ ਰਹੀ ਹੈ ਕਿ ਇਥੇ ਗੁਰੂ ਨਾਨਕ ਦੇਵ ਜੀ ਨੇ ਚਰਨ ਪਾਏ ਸਨ (ਪੰਨਾ 306)। ਇਹ ਪੁਸਤਕ ਇਹ ਵੀ ਕਹਿ ਰਹੀ ਹੈ ਕਿ ‘ਗੁਰਦੁਆਰਾ ਸ਼ਹੀਦਗੰਜ ਸਿੰਘਾਂ ਤੇ ਸਿੰਘਣੀਆਂ’ ਲਾਹੌਰ ਦਾ ਬਦਲ ਕਿਥੋਂ ਲੱਭਾਂਗੇ (ਪੰਨਾ 312)? ‘ਗੁਰਦੁਆਰਾ ਸ਼ਹੀਦਗੰਜ ਭਾਈ ਮਨੀ ਸਿੰਘ’ ਲਾਹੌਰ ਵੀ ਉਭੇ ਸਾਹ ਲੈ ਰਿਹਾ ਹੈ। (318)

ਅਜਿਹੇ ਵੇਰਵਿਆਂ ਨਾਲ ਇਹ ਪੁਸਤਕ ਪਾਠਕਾਂ ਦਾ ਧਿਆਨ ਇਸ ਪਾਸੇ ਦਿਵਾਉਂਦੀ ਹੈ ਕਿ ਜੋ ਵਿਰਾਸਤੀ ਨਿਸ਼ਾਨੀਆਂ ਸਿਆਸੀ ਸ਼ਿਕੰਜੇ ਵਿਚ ਫਿਟ ਨਹੀਂ ਵੀ ਆਉਂਦੀਆਂ, ਉਨ੍ਹਾਂ ਨੂੰ ਵੀ ਸਮਝਣ ਤੇ ਸੰਭਾਲਣ ਦੀ ਲੋੜ ਹੈ। ਧਿਆਨ ਵਿਚ ਰਹੇ ਕਿ ਵਿਰਾਸਤੀ ਨਿਸ਼ਾਨੀਆਂ ਰਾਹੀਂ ਸਿੱਖੀ ਅਤੇ ਸਿੱਖ ਕਲਾ ਦੀ ਧੜਕਣ ਨੂੰ ਵੇਖਿਆ, ਸੁਣਿਆ ਤੇ ਸਮਝਿਆ ਜਾ ਸਕਦਾ ਹੈ। ਇਸੇ ਦੇ ਸੰਤੁਲਿਤ ਉਸਾਰ ਨੂੰ ਪੁਸਤਕ ਰੂਪ ਦੇਣ ਲਈ ਡਾ. ਪੰਨੂ ਨੂੰ ਵਧਾਈ ਅਤੇ ਆਸ ਹੈ ਕਿ ਪੁਸਤਕਾਂ ਨੂੰ ਵਿਦਿਆਰਥੀਆਂ, ਪਾਠਕਾਂ ਅਤੇ ਅਕਾਦਮੀਸ਼ਨਾਂ ਤੱਕ ਲੈ ਕੇ ਜਾਣ ਦੀ ਜਿੰਮੇਵਾਰੀ ਸਿੱਖ ਸੰਸਥਾਵਾਂ ਨਿਭਾਉਣਗੀਆਂ।

# ਭਾਰਤ ਵਿਚ ਵੱਸਦੇ ਲੋਕਾਂ ਦੀਆਂ ਜੜ੍ਹਾਂ

*ਭਾਰਤ ਵਿਚ ਆਰੀਆ ਲੋਕਾਂ ਦੀ ਆਮਦ ਬਾਰੇ ਵੱਖ-ਵੱਖ ਧਿਰਾਂ ਵੱਖ-ਵੱਖ ਦਾਅਵੇ ਕਰਦੀਆਂ ਹਨ। ਹਰਿਆਣੇ ਦੇ ਜਿਲਾ ਹਿਸਾਰ ਵਿਚ ਪਿੰਡ ਰਾਖੀਗੜ੍ਹੀ ਦੇ ਨਜ਼ਦੀਕ ਕੀਤੀ ਪੁਰਾਤਨ ਸ਼ਹਿਰ ਦੀ ਖੁਦਾਈ ਨੇ ਨਵੇਂ ਸਵਾਲ ਖੜ੍ਹੇ ਕੀਤੇ ਹਨ। ਇਸ ਸ਼ਹਿਰ ਦੀ ਬਣਤਰ ਮੋਹਿੰਜੋਦੜੋ, ਹੜੱਪਾ, ਕਾਲੀਬੰਗਾ ਅਤੇ ਸਿੰਧੂ ਘਾਟੀ ਸਭਿਅਤਾ ਦੇ ਹੋਰ ਸ਼ਹਿਰਾਂ ਨਾਲ ਮੇਲ ਖਾਂਦੀ ਹੈ। ਉਥੋਂ ਕੁਝ ਪਿੰਜਰ ਵੀ ਮਿਲੇ ਜਿਨ੍ਹਾਂ ਦਾ ਡੀ. ਐਨ. ਏ. ਵਿਸ਼ਲੇਸ਼ਣ ਦੱਸਦਾ ਹੈ ਕਿ ਰਾਖੀਗੜ੍ਹੀ ਵਿਚ ਵਸਦੇ ਲੋਕਾਂ ਦਾ ਉਨ੍ਹਾਂ ਲੋਕਾਂ ਨਾਲ ਕੋਈ ਸਿੱਧਾ ਸਬੰਧ ਨਹੀਂ ਸੀ, ਜਿਨ੍ਹਾਂ ਨੂੰ ਆਰੀਆ ਕਿਹਾ ਜਾਂਦਾ ਹੈ। ਉਨ੍ਹਾਂ ਦਾ ਬਹੁਤਾ ਤਾਅਲੁੱਕ ਇਰਾਨ ਵਿਚ ਵਸਦੇ ਲੋਕਾਂ ਅਤੇ ਦ੍ਰਾਵਿੜਾਂ ਨਾਲ ਸੀ। ਇਸ ਬਾਰੇ ਛਾਣਬੀਣ ਪ੍ਰੋ. ਅਰਵਿੰਦ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ।*



*ਹਰਿਆਣਾ ਦੇ ਹਿਸਾਰ ਜ਼ਿਲ੍ਹੇ ਦੇ ਪਿੰਡ ਰਾਖੀਗੜ੍ਹੀ 'ਚ ਖੁਦਾਈ ਦੌਰਾਨ ਮਿਲੇ ਅਵਸ਼ੇਸ਼ਾਂ ਦੀ ਝਲਕ।*

ਦੱਖਣੀ ਏਸ਼ੀਆ, ਖਾਸ ਕਰ ਭਾਰਤ ਵਿਚ ਵਸਦੇ ਲੋਕ ਕੌਣ ਹਨ? ਉਹ ਕਿਥੋਂ ਆਏ? ਕੀ ਆਰੀਆ ਲੋਕ ਬਾਹਰੋਂ ਆਏ? ਸਿੰਧ ਘਾਟੀ ਦੀ ਸਭਿਅਤਾ ਨਾਲ ਜੁੜੇ ਲੋਕ ਕੌਣ ਸਨ? ਉਨ੍ਹਾਂ ਦਾ ਆਰੀਆ ਲੋਕਾਂ ਨਾਲ ਕੀ ਸਬੰਧ ਸੀ? ਅਜੋਕੀ ਦੱਖਣੀ ਏਸ਼ਿਆਈ ਵਸੋਂ ਜਿਸ ਵਿਚ ਭਾਰਤ, ਪਾਕਿਸਤਾਨ, ਸ੍ਰੀਲੰਕਾ, ਨੇਪਾਲ, ਬਰਮਾ (ਹੁਣ ਮਿਆਂਮਾਰ) ਆਦਿ ਸ਼ਾਮਿਲ ਹਨ, ਇਨ੍ਹਾਂ ਪੁਰਾਤਨ ਲੋਕਾਂ ਨਾਲ ਕਿਸ ਤਰ੍ਹਾਂ ਸਬੰਧਤ ਹੈ? ਧਰਤੀ 'ਤੇ ਰਹਿੰਦੇ ਸਾਰੇ ਮਨੁੱਖ ਇਕੋ ਥਾਂ ਪੈਦਾ ਹੋਏ ਜਾਂ ਵੱਖ-ਵੱਖ ਥਾਂਵਾਂ 'ਤੇ?

ਅਜਿਹੇ ਹੋਰ ਕਈ ਅਹਿਮ ਸਵਾਲ ਹਨ, ਜੋ ਸਾਡੇ ਇਤਿਹਾਸ ਨਾਲ ਜੁੜੇ ਹੋਏ ਨੇ। ਪਿਛਲੇ ਸਮੇਂ 'ਚ ਇਨ੍ਹਾਂ ਸਵਾਲਾਂ ਬਾਰੇ ਕਈ ਵਾਦ-ਵਿਵਾਦ ਵੀ ਚੱਲੇ ਤੇ ਇਨ੍ਹਾਂ ਨੂੰ ਰਾਜਨੀਤੀ ਨਾਲ ਵੀ ਜੋੜਿਆ ਗਿਆ। ਬੜਾ ਜ਼ੋਰ ਦੇ ਕੇ ਕਿਹਾ ਗਿਆ ਕਿ ਸਾਨੂੰ ਗਲਤ ਇਤਿਹਾਸ ਪੜ੍ਹਾਇਆ



**ਪ੍ਰੋ. ਅਰਵਿੰਦ**
ਫੋਨ: +91-98885-64456

ਗਿਆ ਹੈ। ਇਹ ਵੀ ਕਿਹਾ ਗਿਆ ਕਿ ਪੁਰਾਤਨ ਭਾਰਤ 'ਚ ਬਾਹਰੋਂ ਕੋਈ ਨਹੀਂ ਆਇਆ, ਆਰੀਆ ਲੋਕ ਇਥੋਂ ਦੇ ਮੂਲ ਵਾਸੀ ਸਨ ਤੇ ਸਿੰਧ ਘਾਟੀ ਸਭਿਅਤਾ ਦੇ ਲੋਕ, ਜਿਨ੍ਹਾਂ ਉਤਰੀ ਭਾਰਤ, ਖਾਸ ਕਰਕੇ ਪੰਜਾਬ 'ਚ ਕੋਈ ਪੰਜ ਹਜ਼ਾਰ ਸਾਲ ਪਹਿਲਾਂ ਸ਼ਹਿਰ ਵਸਾਏ, ਵੀ ਆਰੀਆ ਹੀ ਸਨ।

ਇਸ ਤਰ੍ਹਾਂ ਦੇ ਸਵਾਲਾਂ ਦੇ ਪੱਕੇ ਜਵਾਬ ਲੱਭਣੇ ਬੜੇ ਮੁਸ਼ਕਿਲ ਹੁੰਦੇ ਹਨ। ਬੜੇ ਸਮੇਂ ਤੋਂ ਅਵਸ਼ੇਸ਼ਾਂ, ਇਤਿਹਾਸਕ ਤੱਥਾਂ, ਬੋਲੀਆਂ ਆਦਿ ਦੇ ਆਧਾਰ 'ਤੇ ਇਨ੍ਹਾਂ ਸਵਾਲਾਂ ਦੇ ਜਵਾਬ ਲੱਭਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਪਿਛਲੇ 30 ਕੁ ਸਾਲਾਂ ਤੋਂ ਇਨ੍ਹਾਂ ਸਵਾਲਾਂ ਦੇ ਜਵਾਬ ਮਨੁੱਖੀ ਡੀ. ਐਨ. ਏ. ਦੇ ਅਧਿਐਨ ਨਾਲ ਲੱਭਣ ਦੇ ਨਵੇਂ ਤਰੀਕੇ ਸਾਹਮਣੇ ਆਏ ਹਨ। ਇਸ ਆਧਾਰ 'ਤੇ ਵਿਗਿਆਨਕ ਵਿਸ਼ਲੇਸ਼ਣ ਨਾਲ ਜੋ ਨਵੇਂ ਨਤੀਜੇ



*ਰਾਖੀਗੜ੍ਹੀ 'ਚ ਖੁਦਾਈ ਦੌਰਾਨ ਮਿਲਿਆ ਪਿੰਜਰ।*

ਮਿਲੇ ਹਨ, ਉਨ੍ਹਾਂ 'ਤੇ ਵਿਸ਼ਵਾਸ ਕਰਨਾ ਵੱਧ ਮੁਨਾਸਬ ਹੈ।

ਮਨੁੱਖੀ ਸੈੱਲ ਵਿਚ ਡੀ. ਐਨ. ਏ. ਨਿਊਕਲੀਅਸ ਅਤੇ ਮਇਟੋਕਾਂਡਰੀਆ ਵਿਚ ਪਾਇਆ ਜਾਂਦਾ ਹੈ। ਨਿਊਕਲੀਅਸ ਵਿਚਲਾ ਡੀ. ਐਨ. ਏ. ਮਾਤਾ-ਪਿਤਾ ਦੇ ਡੀ. ਐਨ. ਏ. ਦਾ ਸੁਮੇਲ ਹੁੰਦਾ ਹੈ, ਜਦੋਂਕਿ ਮਇਟੋਕਾਂਡਰੀਆ ਵਿਚਲਾ ਡੀ. ਐਨ. ਏ. ਸਿਰਫ ਮਾਂ ਤੋਂ ਮਿਲਦਾ ਹੈ। ਇਕ ਮਾਂ ਦੇ ਸਾਰੇ ਬੱਚਿਆਂ ਦਾ ਮਇਟੋਕਾਂਡਰੀਆ ਵਿਚਲਾ ਡੀ. ਐਨ. ਏ. ਇਕੋ ਜਿਹਾ ਹੋਵੇਗਾ ਅਤੇ ਇਕ ਨਾਨੀ ਦੇ ਸਾਰੇ ਦੋਹਤਰੇ-ਦੋਹਤਰੀਆਂ ਦੇ ਮਇਟੋਕਾਂਡਰੀਆ ਵਿਚਲਾ ਡੀ. ਐਨ. ਏ. ਵੀ ਇਕੋ ਜਿਹਾ ਹੋਣਾ ਚਾਹੀਦਾ ਹੈ। ਇਸੇ ਤਰ੍ਹਾਂ ਪੜਨਾਨੀ, ਪੜ-ਪੜ ਨਾਨੀ ਤੋਂ ਪੈਦਾ ਹੋਏ ਬੱਚਿਆਂ ਦਾ ਵੀ।

ਜਦੋਂ ਮਇਟੋਕਾਂਡਰੀਆ ਦਾ ਡੀ. ਐਨ. ਏ. ਮਾਂ ਤੋਂ ਬੱਚੇ ਵਿਚ ਜਾਂਦਾ ਹੈ ਤਾਂ ਇਸ ਦੇ ਨਕਲ ਹੋਣ ਦੀ ਪ੍ਰਕ੍ਰਿਆ ਵਿਚ ਗਲਤੀਆਂ ਹੋਣ ਦੀ ਸੰਭਾਵਨਾ ਹੁੰਦੀ ਹੈ। ਇਸ ਕਾਰਨ ਡੀ. ਐਨ. ਏ. ਦੀ ਲੰਮੀ ਲੜੀ ਵਿਚ ਕਈ ਥਾਂਈਂ ਬਦਲਾਓ ਆ ਜਾਂਦੇ ਨੇ, ਜਿਸ ਨੂੰ ਮਿਊਟੇਸ਼ਨ ਆਖਦੇ ਨੇ। ਇਹ ਕਰੀਬ ਨਿਯਤ ਹੈ ਕਿ ਕਿੰਨੀਆਂ ਕੁ ਗਲਤੀਆਂ ਜਾਂ ਮਿਊਟੇਸ਼ਨਾਂ ਡੀ. ਐਨ. ਏ. ਦੇ ਇਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਵਿਚ ਉਲੱਥਾ ਕਰਨ ਸਮੇਂ ਹੁੰਦੀਆਂ ਹਨ, ਵਿਗਿਆਨੀਆਂ ਨੇ ਮਿਊਟੇਸ਼ਨ ਦੀ ਇਸ ਦਰ ਨੂੰ ਨਾਪਿਆ ਹੋਇਆ ਹੈ।

ਜੇ ਅਸੀਂ ਦੋ ਮਨੁੱਖਾਂ ਦੇ ਮਇਟੋਕਾਂਡਰੀਆ ਵਿਚੋਂ ਡੀ. ਐਨ. ਏ. ਲਈਏ, ਉਨ੍ਹਾਂ ਨੂੰ ਆਪਸ ਵਿਚ ਮੇਲ ਕੇ ਉਨ੍ਹਾਂ ਵਿਚਲੇ ਫਰਕ ਨੂੰ ਮਿਣੀਏ ਤਾਂ ਇਸ ਫਰਕ ਤੋਂ ਜਾਣਿਆ ਜਾ ਸਕਦਾ ਹੈ ਕਿ ਕਿੰਨੀਆਂ ਪੀੜ੍ਹੀਆਂ ਪਹਿਲਾਂ ਉਨ੍ਹਾਂ ਦੀ ਇਕੋ ਪੜ-ਪੜ-ਪੜ ਨਾਨੀ ਸੀ। ਇਸ ਤਰ੍ਹਾਂ ਕਿਨ੍ਹਾਂ ਵੀ ਦੋ ਮਨੁੱਖਾਂ ਵਿਚਲੀ ਮਾਂ ਵਲੋਂ ਰਿਸ਼ਤੇਦਾਰੀ ਦੀ ਦੂਰੀ ਨਾਪੀ ਜਾ ਸਕਦੀ ਹੈ। ਇਸ ਤਰ੍ਹਾਂ ਦੀ ਖੋਜ ਜ਼ਰੀਏ ਕੋਈ 30 ਕੁ ਸਾਲ ਪਹਿਲਾਂ ਸਾਹਮਣੇ ਆਇਆ ਸਭ ਤੋਂ ਵੱਡਾ ਤੱਥ ਇਹ ਸੀ ਕਿ ਸਾਰੇ ਮਨੁੱਖਾਂ ਦੀ ਮਾਂ ਇਕੋ ਹੈ ਤੇ ਉਹ ਅਫਰੀਕਾ ਵਿਚ ਰਹਿੰਦੀ ਸੀ ਤੇ ਸਾਰੀ ਦੁਨੀਆਂ ਦੇ ਮਨੁੱਖ ਅਫਰੀਕਾ ਵਿਚੋਂ ਆਏ ਹਨ ਜਿੱਥੇ ਮਨੁੱਖ ਆਪਣੇ ਪੁਰਖਿਆਂ ਤੋਂ ਵਿਕਸਿਤ ਹੋਇਆ।

ਇਹ ਵੀ ਸਾਬਤ ਹੋਇਆ ਕਿ ਪਹਿਲੇ ਮਨੁੱਖ ਕੋਈ 70 ਹਜ਼ਾਰ ਸਾਲ ਪਹਿਲਾਂ ਅਫਰੀਕਾ ਵਿਚੋਂ ਨਿਕਲੇ ਤੇ ਸਾਰੀ ਦੁਨੀਆਂ ਵਿਚ ਫੈਲੇ। ਇਹ ਉਨ੍ਹਾਂ ਲੋਕਾਂ ਦੇ ਪੁਰਖੇ ਸਨ, ਜੋ ਆਸਟਰੇਲੀਆ ਦੇ ਮੂਲ ਵਾਸੀ ਹਨ ਅਤੇ ਸਾਡੇ ਦੇਸ਼ ਦੇ ਕਈ ਆਦਿਵਾਸੀ ਕਬੀਲਿਆਂ ਵਿਚ ਰਹਿੰਦੇ ਹਨ। ਇਨ੍ਹਾਂ ਦਾ ਰਹਿਣ-ਸਹਿਣ ਵੱਖਰਾ ਹੈ ਅਤੇ ਇਨ੍ਹਾਂ ਦੇ ਡੀ. ਐਨ. ਏ. ਤੋਂ ਪਤਾ ਲੱਗਦਾ ਹੈ ਕਿ ਇਹ ਅਲੱਗ ਹਨ ਤੇ ਬਹੁਤ ਸਾਲ ਪਹਿਲਾਂ ਅਫਰੀਕਾ ਤੋਂ ਆਏ ਜਦੋਂਕਿ ਬਾਕੀ ਕਬੀਲੇ ਅਫਰੀਕਾ ਵਿਚ ਹੀ ਰਹੇ ਤੇ ਬਹੁਤ ਪਿਛੋਂ ਫਿਰ ਕਬੀਲੇ ਅਫਰੀਕਾ ਵਿਚੋਂ ਨਿਕਲੇ ਤੇ ਦੁਨੀਆਂ ਵਿਚ ਫੈਲੇ। ਅਜੋਕੀ ਵਸੋਂ ਵਿਚਲੇ ਬਹੁਤੇ ਲੋਕ ਇਨ੍ਹਾਂ ਬਾਅਦ ਵਿਚਲੇ ਕਬੀਲਿਆਂ ਦੀ ਔਲਾਦ ਹਨ। ਰੌਚਕ ਗੱਲ ਇਹ ਹੈ ਕਿ ਇਹ ਤੱਥ ਅਤੇ ਵਖਰੇਵੇਂ ਅਜੋਕੀ ਵਸੋਂ ਦੇ ਡੀ. ਐਨ. ਏ. ਨਮੂਨਿਆਂ ਤੋਂ ਸਾਬਤ ਕੀਤੇ ਜਾ ਸਕਦੇ ਹਨ।

ਪਿਛਲੇ ਸਾਲਾਂ ਵਿਚ ਡੀ. ਐਨ. ਏ. ਨਿਰੀਖਣ ਦੇ ਵਿਗਿਆਨ ਨੇ ਬਹੁਤ ਤਰੱਕੀ ਕੀਤੀ ਹੈ। ਹੁਣ ਅਸੀਂ ਨਿਊਕਲੀਅਸ ਦੇ ਡੀ. ਐਨ. ਏ. ਦਾ ਨਿਰੀਖਣ ਵੀ ਕਰ ਸਕਦੇ ਹਾਂ। ਜੇ ਡੀ. ਐਨ. ਏ. ਬਹੁਤ ਥੋੜ੍ਹੀ ਮਿਕਦਾਰ ਵਿਚ ਉਪਲਬਧ ਹੋਵੇ ਤਾਂ ਵੀ ਅਸੀਂ ਉਸ ਨੂੰ ਜਾਂਚ ਸਕਦੇ ਹਾਂ। ਡੀ. ਐਨ. ਏ. ਦੇ ਨਿਰੀਖਣ ਵਿਚੋਂ ਮਿਲਦੀ ਜਾਣਕਾਰੀ ਨੂੰ ਸੰਭਾਲਣ ਤੇ ਇਸ ਦੇ ਵਿਸ਼ਲੇਸ਼ਣ ਲਈ ਵੱਡੇ ਕੰਪਿਊਟਰਾਂ ਦੀ ਲੋੜ ਪੈਂਦੀ ਹੈ, ਜੋ ਪਿਛਲੇ ਸਾਲਾਂ ਵਿਚ ਹੀ ਸਾਨੂੰ ਉਪਲਬਧ ਹੋਏ ਨੇ। ਇਨ੍ਹਾਂ ਨਵੀਆਂ ਤਕਨੀਕਾਂ ਦੇ ਵਿਕਾਸ ਨਾਲ ਅਸੀਂ ਬਹੁਤ ਸਾਰੇ ਨਵੇਂ ਤਜਰਬੇ ਕਰ ਸਕਦੇ ਹਾਂ ਅਤੇ ਵੱਖ-ਵੱਖ ਤੇ ਬਹੁਤ ਸਾਰੇ ਲੋਕਾਂ ਦਾ ਮਇਟੋਕਾਂਡਰੀਆ ਤੇ ਨਿਊਕਲੀਅਸ ਦਾ ਡੀ. ਐਨ. ਏ. ਜਾਂਚ ਸਕਦੇ ਹਾਂ। ਸਿਰਫ ਬਾਪ ਤੋਂ ਮਿਲਣ ਵਾਲੇ ਵਾਈ ਕ੍ਰੋਮੋਸੋਮ ਨੂੰ ਅਲੱਗ ਕਰਕੇ ਇਸ ਵਿਚਲੇ ਫਰਕ ਨੂੰ ਨਾਪ ਕੇ ਅਸੀਂ ਮਨੁੱਖਾਂ ਵਿਚ ਬਾਪ ਵਾਲੇ ਪਾਸਿਉਂ ਰਿਸ਼ਤੇਦਾਰੀ ਵੀ ਮਿਣ ਸਕਦੇ ਹਾਂ।

ਇਨ੍ਹਾਂ ਵਿਗਿਆਨਕ ਵਿਧੀਆਂ ਨਾਲ ਇਤਿਹਾਸ ਨਾਲ ਸਬੰਧਤ ਕਈ ਸਵਾਲਾਂ ਦੇ ਪੱਕੇ ਜਵਾਬ ਲੱਭੇ ਜਾ ਸਕਦੇ ਨੇ, ਜੋ ਪਹਿਲਾਂ ਸੰਭਵ ਨਹੀਂ ਸੀ। 1980ਵਿਆਂ ਵਿਚ ਇਹ ਸਭ ਸੰਭਵ ਨਹੀਂ ਸੀ। ਇਸ ਕਰਕੇ ਵਿਗਿਆਨੀਆਂ ਨੇ ਮਇਟੋਕਾਂਡਰੀਆ ਵਿਚਲੇ ਡੀ. ਐਨ. ਏ. ਦੇ ਨਿਰੀਖਣ ਨੂੰ ਪਹਿਲ ਦਿੱਤੀ, ਕਿਉਂਕਿ ਇਹ ਕੰਮ ਅਸਾਨ ਸੀ ਤੇ ਉਸ ਸਮੇਂ ਦੇ ਯੰਤਰਾਂ ਨਾਲ ਕੀਤਾ ਜਾ ਸਕਦਾ ਸੀ। ਇਸ ਸਾਰੇ ਵਿਗਿਆਨਕ ਵਿਸ਼ਲੇਸ਼ਣ ਲਈ ਕਈ ਕਿਸਮ ਦੇ ਸੂਖਮ ਯੰਤਰਾਂ ਤੇ ਕੰਪਿਊਟਰਾਂ ਦੀ ਲੋੜ ਪੈਂਦੀ ਹੈ ਅਤੇ ਕਈ ਵਿਗਿਆਨੀ ਮਿਲ ਕੇ ਹੀ ਇਸ ਕੰਮ ਨੂੰ ਸਿਰੇ ਚਾੜ੍ਹਦੇ ਹਨ। ਭਾਰਤ ਵਿਚ ਦੋ-ਤਿੰਨ ਥਾਂਵਾਂ 'ਤੇ ਹੀ ਇਹ ਖੋਜ ਹੁੰਦੀ ਹੈ ਅਤੇ ਬਹੁਤ ਘੱਟ ਮਿਕਦਾਰ ਵਾਲੇ ਡੀ. ਐਨ. ਏ. ਦੇ ਨਮੂਨਿਆਂ ਲਈ ਵਿਦੇਸ਼ੀ ਪ੍ਰਯੋਗਸ਼ਾਲਾਵਾਂ ਦੀ ਮਦਦ ਵੀ ਲੈਣੀ ਪੈਂਦੀ ਹੈ।

ਇਸ ਸਾਲ ਦੋ ਖੋਜ ਪੱਤਰ ਛਪੇ ਹਨ, ਜਿਨ੍ਹਾਂ ਵਿਚਲੇ ਨਤੀਜਿਆਂ ਨੇ ਇਤਿਹਾਸ ਨਾਲ ਜੁੜੇ ਕੁਝ ਮੁੱਢਲੇ ਸਵਾਲਾਂ ਦੇ ਜਵਾਬਾਂ ਉਤੇ ਚਾਨਣਾ ਪਾਇਆ ਹੈ। ਇਕ ਪੇਪਰ ਸੈੱਲ ਨਾਂ ਦੇ ਜਰਨਲ ਵਿਚ ਛਪਿਆ ਹੈ ਅਤੇ ਦੂਜਾ ਸਾਇੰਸ ਨਾਂ ਦੇ ਜਰਨਲ ਵਿਚ। ਸਿੰਧ ਘਾਟੀ ਦੀ ਸਭਿਅਤਾ 2600-1900 ਈਸਾ ਪੂਰਵ ਦੇ ਦਰਮਿਆਨ ਪੰਜਾਬ, ਸਿੰਧ ਅਤੇ ਲਾਗਲੇ ਇਲਾਕਿਆਂ ਵਿਚ ਵਿਕਸਿਤ ਹੋਈ ਸੀ। ਰਾਖੀਗੜ੍ਹੀ, ਜੋ ਅਜੋਕੇ ਹਰਿਆਣਾ ਵਿਚ ਸਥਿਤ ਹੈ, ਇਸ ਸਭਿਅਤਾ ਦਾ ਮੁੱਖ ਸਥਾਨ ਸੀ ਤੇ ਇਥੋਂ ਬਹੁਤ ਸਾਰੇ ਅਵਸ਼ੇਸ਼ ਮਿਲ ਚੁਕੇ ਹਨ।

'ਸੈੱਲ' ਨਾਂ ਦੇ ਵਿਗਿਆਨ ਰਸਾਲੇ ਵਿਚ ਛਪੇ ਪੇਪਰ ਵਿਚ ਇਸ ਜਗ੍ਹਾ ਦੇ 61 ਪਿੰਜਰਾਂ ਵਿਚਲੇ ਡੀ. ਐਨ. ਏ. ਦੇ ਵਿਸ਼ਲੇਸ਼ਣ ਦੇ ਨਤੀਜੇ ਦੱਸੇ ਗਏ ਹਨ। 'ਸਾਇੰਸ' ਨਾਂ ਦੇ ਰਸਾਲੇ ਵਿਚ ਛਪੇ ਪਰਚੇ ਵਿਚ ਦੱਖਣੀ ਏਸ਼ੀਆ ਦੇ ਵੱਖ-ਵੱਖ ਥਾਂਵਾਂ ਤੋਂ ਮਿਲੇ 100-2000 ਸਾਲ ਈਸਾ ਪੂਰਵ ਪੁਰਾਣੇ, ਪੁਰਾਤਨ ਡੀ. ਐਨ. ਏ. ਦੇ ਨਮੂਨਿਆਂ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ। ਭਾਰਤ, ਜਰਮਨੀ ਤੇ ਅਮਰੀਕੀ ਵਿਗਿਆਨੀਆਂ ਨੇ ਇਹ ਕੰਮ ਰਲ ਕੇ ਸਿਰੇ ਚਾੜ੍ਹਿਆ ਹੈ। ਮੁੱਖ ਨਤੀਜੇ ਜੋ ਸਾਹਮਣੇ ਆਉਂਦੇ ਹਨ: (ੳ) ਸਿੰਧ ਘਾਟੀ ਦੀ ਸਭਿਅਤਾ ਦੇ ਲੋਕਾਂ ਦਾ ਮੱਧ ਏਸ਼ੀਆ ਦੇ ਲੋਕਾਂ ਨਾਲ ਜੈਨੇਟਿਕ ਆਧਾਰ 'ਤੇ ਕੋਈ ਸਿੱਧਾ ਤੁਅੱਲਕ ਨਹੀਂ ਸੀ; (ਅ) ਮੱਧ ਏਸ਼ੀਆ ਵਿਚੋਂ ਦੱਖਣੀ ਏਸ਼ੀਆ ਵਿਚ 2000 ਈਸਾ ਪੂਰਵ ਤੋਂ ਬਾਅਦ ਜੋ ਲੋਕ ਆਏ, ਉਹ ਇੰਡੋ-ਯੂਰਪੀ ਭਾਸ਼ਾਵਾਂ ਬੋਲਣ ਵਾਲੇ ਸਨ; (ੲ) ਅਜੋਕੇ ਭਾਰਤ ਵਿਚ ਵਸਦੇ ਲੋਕਾਂ ਦਾ 30 ਫੀਸਦੀ ਤੋਂ ਘੱਟ ਡੀ. ਐਨ. ਏ. ਉਨ੍ਹਾਂ ਲੋਕਾਂ ਨਾਲ ਰਲਦਾ ਹੈ, ਜੋ 2000 ਈਸਾ ਪੂਰਵ ਤੋਂ ਬਾਅਦ ਭਾਰਤ ਵਿਚ ਆਏ ਤੇ ਬਾਕੀ ਦਾ ਡੀ. ਐਨ. ਏ. ਸਿੰਧ ਘਾਟੀ ਦੇ ਲੋਕਾਂ ਜਾਂ ਉਨ੍ਹਾਂ ਲੋਕਾਂ ਨਾਲ ਮਿਲਦਾ ਹੈ, ਜੋ ਪਹਿਲਾਂ ਇਥੇ ਰਹਿੰਦੇ ਸਨ।

ਇਸ ਖੋਜ ਤੋਂ ਸਾਫ ਹੈ ਕਿ 'ਆਰੀਆ' ਲੋਕ ਬਾਹਰਲੇ ਇਲਾਕਿਆਂ ਤੋਂ ਇਥੇ ਆਏ ਅਤੇ ਉਨ੍ਹਾਂ ਦੇ ਆਉਣ ਤੋਂ ਪਹਿਲਾਂ ਇਥੇ ਰਹਿੰਦੇ ਲੋਕਾਂ ਨੇ ਸ਼ਹਿਰ ਵਸਾਏ ਹੋਏ ਸਨ। ਅੱਜ ਦੇ ਭਾਰਤੀ ਲੋਕ ਇਨ੍ਹਾਂ ਦੋਹਾਂ ਕਿਸਮ ਦੇ ਲੋਕਾਂ (ਭਾਵ ਆਰੀਆ ਤੋਂ ਪਹਿਲਾਂ ਇਥੇ ਰਹਿੰਦੇ ਅਤੇ ਆਰੀਆ ਲੋਕਾਂ) ਦਾ ਮਿਸ਼ਰਣ ਹਨ।

ਇਕ ਹੋਰ ਖੋਜ ਬਹੁਤ ਅਹਿਮ ਹੈ, ਜੋ ਕੁਝ ਸਾਲ ਪਹਿਲਾਂ ਡੀ. ਐਨ. ਏ. ਵਿਸ਼ਲੇਸ਼ਣ ਦੇ ਆਧਾਰ 'ਤੇ ਬਾਇਓਮੈਡੀਕਲ ਜਿਨੋਮਿਕਸ ਦੀ ਕਲਕੱਤੇ ਸਥਿਤ ਨੈਸ਼ਨਲ ਇੰਸਟੀਚਿਊਟ ਵਿਚ ਕੀਤੀ ਗਈ ਸੀ। ਇਹ ਖੋਜ ਇਕ ਮੁੱਖ ਕੌਮਾਂਤਰੀ ਜਨਰਲ ਵਿਚ ਛਪੀ ਸੀ। ਭਾਰਤ ਤੇ ਵੱਖ-ਵੱਖ ਲੋਕਾਂ, ਧਰਮਾਂ, ਸੂਬਿਆਂ, ਜਾਤਾਂ ਆਦਿ ਦੇ ਡੀ. ਐਨ. ਏ. ਦੇ ਨਮੂਨਿਆਂ ਦੇ ਅਧਿਐਨ ਤੋਂ ਸਾਬਤ ਹੋਇਆ ਕਿ ਸਾਰੇ ਭਾਰਤੀ ਕਰੀਬ ਇਕੋ ਜਿਹੇ ਹਨ, ਭਾਵੇਂ ਉਹ ਕਿਸੇ ਧਰਮ, ਜਾਤ ਜਾਂ ਸੂਬੇ ਦੇ ਰਹਿਣ ਵਾਲੇ ਹੋਣ। ਇਸ ਖੋਜ ਤੋਂ ਸਪਸ਼ਟ ਸਿੱਟੇ ਨਿਕਲਦੇ ਹਨ ਕਿ ਅਜੋਕੇ ਭਾਰਤੀ ਲੋਕ ਪੁਰਾਤਨ ਭਾਰਤੀ ਲੋਕਾਂ (ਜੋ 2000 ਈਸਾ ਪੂਰਵ ਤੋਂ ਪਹਿਲਾਂ ਇਥੇ ਰਹਿੰਦੇ ਸਨ) ਤੇ ਆਰੀਆ ਲੋਕਾਂ (ਜੋ ਮੱਧ ਏਸ਼ੀਆ ਤੋਂ ਇਥੇ ਆਏ) ਦਾ ਮਿਸ਼ਰਣ ਹਨ।

ਭਾਸ਼ਾਵਾਂ ਅਤੇ ਹੋਰ ਅਵਸ਼ੇਸ਼ਾਂ ਦੇ ਆਧਾਰ 'ਤੇ ਵੀ ਪੁਰਾਤਤਵ ਵਿਗਿਆਨੀਆਂ ਤੇ ਇਤਿਹਾਸਕਾਰਾਂ ਨੇ ਇਸੇ ਤਰ੍ਹਾਂ ਦੇ ਸਿੱਟੇ ਕੱਢੇ ਸਨ, ਪਰ ਪਿਛਲੇ ਸਾਲਾਂ ਵਿਚ ਬਹੁਤ ਸਾਰੇ ਲੋਕਾਂ ਨੇ ਬੜੇ ਜ਼ੋਰ ਸ਼ੋਰ ਨਾਲ ਇਹ ਕਹਿਣਾ ਸ਼ੁਰੂ ਕੀਤਾ ਕਿ ਭਾਰਤ ਵਿਚ ਕੋਈ ਬਾਹਰੋਂ ਨਹੀਂ ਆਇਆ ਅਤੇ ਸਿੰਧ ਘਾਟੀ ਦੇ ਲੋਕ ਵੀ ਆਰੀਆ ਲੋਕਾਂ ਦੇ ਪੁਰਖੇ ਹੀ ਸਨ। ਹੁਣ ਵਿਗਿਆਨਕ ਆਧਾਰ 'ਤੇ ਸਾਹਮਣੇ ਆਏ ਨਤੀਜੇ ਇਸ ਤਰ੍ਹਾਂ ਦੇ ਦਾਅਵਿਆਂ ਨਾਲ ਮੇਲ ਨਹੀਂ ਖਾਂਦੇ।

ਦੂਜੀ ਰੌਚਕ ਗੱਲ ਇਹ ਸਾਹਮਣੇ ਆਈ ਹੈ ਕਿ ਭਾਰਤੀ ਲੋਕ, ਜੋ ਧਰਮਾਂ, ਜਾਤਾਂ, ਭਾਸ਼ਾਵਾਂ ਤੇ ਸਥਾਨਾਂ ਦੇ ਆਧਾਰ 'ਤੇ ਵੰਡੇ ਦਿਖਾਈ ਦਿੰਦੇ ਹਨ, ਅਸਲ ਵਿਚ ਇਕ ਦੂਜੇ ਦੇ ਬਹੁਤ ਨੇੜੇ ਹਨ। ਡੀ. ਐਨ. ਏ. ਦਾ ਵਿਸ਼ਲੇਸ਼ਣ ਦੱਸਦਾ ਹੈ ਕਿ ਬ੍ਰਾਹਮਣਾਂ ਵਿਚ ਉਨ੍ਹਾਂ ਲੋਕਾਂ ਦਾ ਡੀ. ਐਨ. ਏ. ਹੈ, ਜਿਨ੍ਹਾਂ ਨੂੰ ਸ਼ੂਦਰ ਕਿਹਾ ਜਾਂਦਾ ਸੀ ਅਤੇ ਰਾਜਪੂਤਾਂ ਵਿਚ ਦ੍ਰਾਵਿੜਾਂ ਦਾ। ਭਾਰਤੀ ਵਸੋਂ ਵਿਚ ਪੁਰਾਤਨ ਆਦਿਵਾਸੀ ਅਤੇ ਚੀਨੀ ਲੋਕਾਂ ਦਾ ਡੀ. ਐਨ. ਏ. ਵੀ ਕੁਝ ਹੱਦ ਤਕ ਮਿਲਿਆ ਹੋਇਆ ਹੈ। ਜਾਤਾਂ ਦੇ ਆਧਾਰ 'ਤੇ ਵਿਆਹ ਸ਼ਾਦੀ ਦੀ ਪਰੰਪਰਾ ਕੋਈ 70 ਪੀੜ੍ਹੀਆਂ ਪਹਿਲਾਂ ਹੀ ਸ਼ੁਰੂ ਹੋਈ। ਉਸ ਤੋਂ ਪਹਿਲਾਂ ਦੱਖਣੀ ਏਸ਼ੀਆ ਵਿਚ ਹਰ ਤਰ੍ਹਾਂ ਦੇ ਲੋਕਾਂ ਵਿਚ ਵਿਆਹ ਸ਼ਾਦੀਆਂ ਹੁੰਦੀਆਂ ਸਨ ਅਤੇ ਇਸ ਦੇ ਸਬੂਤ ਅਜੋਕੇ ਭਾਰਤੀਆਂ ਦੇ ਡੀ. ਐਨ. ਏ. ਵਿਚੋਂ ਮਿਲਦੇ ਹਨ। ਵਿਗਿਆਨਕ ਤੱਥ ਸੰਕੇਤ ਕਰਦੇ ਹਨ ਕਿ ਭਾਰਤ ਵਿਚ ਕੋਈ ਖਾਲਸ ਸਮੂਹ ਨਹੀਂ ਹੈ ਅਤੇ ਪਿਛਲੇ ਸਮੇਂ ਵਿਚ ਅਸੀਂ ਇਕ ਦੂਜੇ ਨਾਲ ਘੁਲਦੇ-ਮਿਲਦੇ ਤੇ ਡੀ. ਐਨ. ਏ. ਦਾ ਲੈਣ-ਦੇਣ ਕਰਦੇ ਰਹੇ ਹਾਂ।

ਕਈ ਵਾਰ ਅਸੀਂ ਅਜੋਕੇ ਸਭਿਆਚਾਰ ਦੇ ਅਸਰ ਥੱਲੇ ਭਾਵੁਕ ਤਰੀਕੇ ਨਾਲ ਸੋਚਦੇ ਹਾਂ, ਪਰ ਸਾਨੂੰ ਵਿਗਿਆਨਕ ਤੱਥਾਂ ਨੂੰ ਭਾਵੁਕਤਾ ਨਾਲ ਨਹੀਂ ਲੈਣਾ ਚਾਹੀਦਾ ਸਗੋਂ ਉਨ੍ਹਾਂ ਤੋਂ ਸਿੱਖਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਵਿਗਿਆਨ ਨੇ ਸਾਨੂੰ ਸਿਖਾਇਆ ਕਿ ਸਾਨੂੰ ਰੱਬ ਨੇ ਆਪਣੇ ਰੂਪ 'ਚ ਬਣਾਇਆ ਜਾਂ ਨਹੀਂ, ਪਰ ਅਸੀਂ ਜਾਨਵਰਾਂ ਤੋਂ ਕੋਈ ਖਾਸ ਵੱਖਰੇ ਨਹੀਂ ਹਾਂ। ਮਨੁੱਖ ਅਤੇ ਚੂਹੇ ਦੇ ਡੀ. ਐਨ. ਏ. ਵਿਚ ਸਿਰਫ ਪੰਜ ਫੀਸਦੀ ਦਾ ਅੰਤਰ ਹੈ। ਇਸੇ ਤਰ੍ਹਾਂ ਹੁਣ ਸਾਨੂੰ ਪੱਕਾ ਪਤਾ ਹੈ ਕਿ ਧਰਤੀ ਬ੍ਰਹਿਮੰਡ ਦਾ ਕੇਂਦਰ ਨਹੀਂ ਹੈ ਤੇ ਸੂਰਜ ਵਰਗੇ ਅਨੇਕਾਂ ਹੋਰ ਸੂਰਜ ਤੇ ਧਰਤੀ ਜਿਹੀਆਂ ਅਨੇਕਾਂ ਹੋਰ ਧਰਤੀਆਂ ਹਨ। ਇਸੇ ਤਰ੍ਹਾਂ ਸਾਨੂੰ ਮੰਨ ਲੈਣਾ ਚਾਹੀਦਾ ਹੈ ਕਿ ਦੱਖਣੀ ਏਸ਼ੀਆ ਦੇ ਲੋਕ ਬਹੁਤ ਸਾਰੀਆਂ ਨਸਲਾਂ ਦਾ ਸੁਮੇਲ ਹਨ, ਜੋ ਵੱਖ-ਵੱਖ ਸਮਿਆਂ 'ਤੇ ਇਥੇ ਆਏ ਤੇ ਵੱਸ ਗਏ। ਸਾਨੂੰ ਆਪਣੇ ਇਸ ਰਲੇ-ਮਿਲੇ ਪਿਛੋਕੜ 'ਤੇ ਮਾਣ ਮਹਿਸੂਸ ਕਰਨਾ ਚਾਹੀਦਾ ਹੈ।


## ਰਾਖੀਗੜ੍ਹੀ ਦੀ ਖੋਜ: ਅਹਿਮ ਨੁਕਤੇ

*ਰਾਖੀਗੜ੍ਹੀ (ਹਰਿਆਣਾ) ਵਿਚੋਂ ਮਿਲੇ ਪਿੰਜਰਾਂ 'ਤੇ ਕੀਤੀ ਗਈ ਖੋਜ 'ਚੋਂ ਇਹ ਮੁੱਖ ਨਤੀਜੇ ਸਾਹਮਣੇ ਆਉਂਦੇ ਹਨ:*

*(1) ਸਿੰਧ ਘਾਟੀ ਦੀ ਸਭਿਅਤਾ ਦੇ ਲੋਕਾਂ ਦਾ ਮੱਧ ਏਸ਼ੀਆ ਦੇ ਲੋਕਾਂ ਨਾਲ ਜੈਨੇਟਿਕ ਆਧਾਰ 'ਤੇ ਕੋਈ ਸਿੱਧਾ ਤੁਅੱਲਕ ਨਹੀਂ ਸੀ।*

*(2) ਮੱਧ ਏਸ਼ੀਆ ਵਿਚੋਂ ਦੱਖਣੀ ਏਸ਼ੀਆ ਵਿਚ 2000 ਈਸਾ ਪੂਰਵ ਮਗਰੋਂ ਜੋ ਲੋਕ ਆਏ ਉਹ ਇੰਡੋ-ਯੂਰਪੀ ਭਾਸ਼ਾਵਾਂ ਬੋਲਣ ਵਾਲੇ ਸਨ।*

*(3) ਅਜੋਕੇ ਭਾਰਤ ਵਿਚ ਵਸਦੇ ਲੋਕਾਂ ਦਾ 30 ਫੀਸਦੀ ਤੋਂ ਘੱਟ ਡੀ.ਐਨ.ਏ. ਉਨ੍ਹਾਂ ਲੋਕਾਂ ਨਾਲ ਰਲਦਾ ਹੈ ਜੋ 2000 ਈਸਾ ਪੂਰਵ ਮਗਰੋਂ ਭਾਰਤ ਵਿਚ ਆਏ ਤੇ ਬਾਕੀ ਦਾ ਡੀ.ਐਨ.ਏ. ਸਿੰਧ ਘਾਟੀ ਦੇ ਲੋਕਾਂ ਜਾਂ ਉਨ੍ਹਾਂ ਲੋਕਾਂ ਨਾਲ ਮਿਲਦਾ ਹੈ ਜੋ ਪਹਿਲਾਂ ਇਥੇ ਰਹਿੰਦੇ ਸਨ।*



*ਰਾਖੀਗੜ੍ਹੀ ਵਿਚ ਖੁਦਾਈ ਦੌਰਾਨ ਮਿਲੀਆਂ ਮਿੱਟੀ ਦੀਆਂ ਵਸਤਾਂ।*

# ਵਿਰਾਸਤ ਦੀ ਸੰਭਾਲ ਅਤੇ ਪ੍ਰੋ. ਪ੍ਰੀਤਮ ਸਿੰਘ


ਪ੍ਰੋ. ਪ੍ਰੀਤਮ ਸਿੰਘ

***ਖੋਜ ਕਰਨੀ ਤੇ ਖੋਜ ਕਰਾਉਣੀ ਪ੍ਰੋ. ਪ੍ਰੀਤਮ ਸਿੰਘ ਦਾ ਪਹਿਲਾ ਤੇ ਆਖਰੀ ਇਸ਼ਕ ਸੀ ਅਤੇ ਇਸ ਕਾਰਜ ਲਈ ਸਭ ਤੋਂ ਪਹਿਲੀ ਤੇ ਬੁਨਿਆਦੀ ਲੋੜ ਖੋਜ ਸਮੱਗਰੀ ਦੀ ਭਾਲ ਤੇ ਇਕੱਤਰੀਕਰਨ ਦੀ ਹੁੰਦੀ ਹੈ। ਉਸ ਨੂੰ ਜਿਥੋਂ ਵੀ ਕਿਸੇ ਪੁਰਾਣੇ ਗ੍ਰੰਥ ਦੀ ਸੂਹ ਮਿਲੀ, ਉਹ ਉਥੇ ਹੀ ਜਾ ਪਹੁੰਚਿਆ। ਇਉਂ ਉਸ ਨੇ ਕਰੀਬ ਇਕ ਹਜ਼ਾਰ ਹੱਥ-ਲਿਖਤ ਗ੍ਰੰਥ ਆਪਣੀ ਨਿੱਜੀ ਲਾਇਬ੍ਰੇਰੀ ਵਿਚ ਜਮ੍ਹਾਂ ਕਰ ਲਏ। ਉਸ ਦੀ ਆਪਣੀ ਲਾਇਬ੍ਰੇਰੀ ਹਵਾਲਾ ਲਾਇਬ੍ਰੇਰੀ ਬਣ ਗਈ ਸੀ। ਅੰਮ੍ਰਿਤਸਰ ਵਾਸੀ ਇਸ ਗੱਲੋਂ ਵਡਭਾਗੇ ਹਨ ਕਿ ਉਨ੍ਹਾਂ ਦੀ ਇਕੱਠੀ ਕੀਤੀ ਸਾਰੀ ਵਿਰਾਸਤੀ ਦੁਰਲੱਭ ਸਮੱਗਰੀ ਇਸ ਵੇਲੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੀ ਭਾਈ ਗੁਰਦਾਸ ਲਾਇਬ੍ਰੇਰੀ ਦਾ ਹਿੱਸਾ ਬਣ ਚੁਕੀ ਹੈ। ਇਸ ਦਾ ਵੱਖਰਾ ਸੈਕਸ਼ਨ ਪ੍ਰੋ. ਪ੍ਰੀਤਮ ਸਿੰਘ ਸੈਕਸ਼ਨ ਨਾਂ ਹੇਠ ਜਾਣਿਆ ਜਾਂਦਾ ਹੈ।***

ਵਿਰਾਸਤ ਦੀ ਸੰਭਾਲ ਜਾਗਰੂਕ ਅਤੇ ਖੋਜ ਰੁਚੀ ਵਾਲਿਆਂ ਦੇ ਹਿੱਸੇ ਆਈ ਹੈ। ਪੰਜਾਬ ਅਤੇ ਪੰਜਾਬੀ ਦੇ ਪ੍ਰਸੰਗ ਵਿਚ ਹੀ ਦੇਖਣਾ ਹੋਵੇ ਤਾਂ ਇਤਿਹਾਸਕਾਰ ਕਰਮ ਸਿੰਘ, ਭਾਈ ਮੋਹਨ ਸਿੰਘ ਵੈਦ, ਭਾਈ ਕਾਨ੍ਹ ਸਿੰਘ ਨਾਭਾ, ਡਾ. ਗੰਡਾ ਸਿੰਘ, ਸ਼ਮਸ਼ੇਰ ਸਿੰਘ ਅਸ਼ੋਕ, ਪਿਆਰਾ ਸਿੰਘ ਪਦਮ, ਡਾ. ਪਿਆਰ ਸਿੰਘ ਆਦਿ ਵਿਦਵਾਨਾਂ ਦੇ ਨਾਲ-ਨਾਲ ਪ੍ਰੋ. ਪ੍ਰੀਤਮ ਸਿੰਘ ਦਾ ਨਾਂ ਸਹਿਜੇ ਹੀ ਲਿਆ ਜਾ ਸਕਦਾ ਹੈ। ਪ੍ਰੋ. ਪ੍ਰੀਤਮ ਸਿੰਘ (11 ਜਨਵਰੀ 1918 ਤੋਂ 25 ਅਕਤੂਬਰ 2008) ਦੀ ਪੰਜਾਬੀ ਭਾਸ਼ਾ, ਸਾਹਿਤ ਸਭਿਆਚਾਰ ਤੇ ਵਾਰਤਕ ਨੂੰ ਦੇਣ ਬਾਰੇ ਪੂਰਾ ਪੀਐਚ.ਡੀ. ਖੋਜ ਪ੍ਰਬੰਧ ਲਿਖਿਆ ਜਾ ਸਕਦਾ ਹੈ, ਪਰ ਇਥੇ ਅਸੀਂ ਉਸ ਦੀ ਵਿਰਾਸਤ ਸੰਭਾਲਣ ਲਈ ਕੀਤਆਂ ਗਈਆਂ ਕੋਸ਼ਿਸ਼ਾਂ ਦਾ ਸੰਖੇਪ ਲੇਖਾ-ਜੋਖਾ ਕਰਨਾ ਚਾਹਾਂਗੇ।




**ਡਾ. ਧਰਮ ਸਿੰਘ**
**ਫੋਨ: +91-98889-39808**

ਖੋਜ ਕਰਨੀ ਤੇ ਖੋਜ ਕਰਾਉਣੀ ਪ੍ਰੋ. ਪ੍ਰੀਤਮ ਸਿੰਘ ਦਾ ਪਹਿਲਾ ਤੇ ਆਖਰੀ ਇਸ਼ਕ ਸੀ ਅਤੇ ਇਸ ਕਾਰਜ ਲਈ ਸਭ ਤੋਂ ਪਹਿਲੀ ਤੇ ਬੁਨਿਆਦੀ ਲੋੜ ਖੋਜ ਸਮੱਗਰੀ ਦੀ ਭਾਲ ਤੇ ਇਕੱਤਰੀਕਰਨ ਦੀ ਹੁੰਦੀ ਹੈ। ਖੋਜ ਸਮੱਗਰੀ ਦੀ ਅਹਿਮੀਅਤ ਨੂੰ ਉਸ ਨੇ ਅਰੰਭ ਵਿਚ ਹੀ ਪਛਾਣ ਲਿਆ ਸੀ, ਇਸ ਕਰਕੇ ਉਸ ਨੂੰ ਜਿਥੋਂ ਵੀ ਕਿਸੇ ਪੁਰਾਣੇ ਗ੍ਰੰਥ ਦੀ ਸੂਹ ਮਿਲੀ, ਉਹ ਉਥੇ ਹੀ ਜਾ ਪਹੁੰਚਿਆ। ਕਿਤੇ ਪਿਆਰ ਨਾਲ, ਕਿਤੇ ਸਾਂਝ ਕੱਢ ਕੇ ਅਤੇ ਕਿਤੇ ਕਿਸੇ ਚੀਜ਼ ਦਾ ਡਰ ਦੇ ਕੇ ਉਸ ਨੇ ਕਰੀਬ ਇਕ ਹਜ਼ਾਰ ਹੱਥ-ਲਿਖਤ ਗ੍ਰੰਥ ਆਪਣੀ ਨਿੱਜੀ ਲਾਇਬ੍ਰੇਰੀ ਵਿਚ ਜਮ੍ਹਾਂ ਕਰ ਲਏ। ਇਉਂ ਉਸ ਦੀ ਆਪਣੀ ਲਾਇਬ੍ਰੇਰੀ ਹਵਾਲਾ ਲਾਇਬ੍ਰੇਰੀ ਬਣ ਗਈ, ਜਿਸ ਦੀ ਵਰਤੋਂ ਪ੍ਰੋ. ਪ੍ਰੀਤਮ ਸਿੰਘ ਨੇ ਨਾ ਕੇਵਲ ਆਪ ਕੀਤੀ ਸਗੋਂ ਜਿਹੜੇ ਵੀ ਹਿੰਦੀ ਤੇ ਪੰਜਾਬੀ ਦੇ ਖੋਜਾਰਥੀ ਉਸ ਕੋਲ ਆਏ, ਉਸ ਨੇ ਦਿਲ ਖੋਲ੍ਹ ਕੇ ਵਿਰਾਸਤ ਉਨ੍ਹਾਂ ਅੱਗੇ ਰੱਖ ਦਿੱਤੀ।

ਅੰਮ੍ਰਿਤਸਰ ਵਾਸੀ ਇਸ ਗੱਲੋਂ ਵਡਭਾਗੇ ਹਨ ਕਿ ਉਨ੍ਹਾਂ ਦੀ ਇਕੱਠੀ ਕੀਤੀ ਸਾਰੀ ਵਿਰਾਸਤੀ ਦੁਰਲੱਭ ਸਮੱਗਰੀ ਇਸ ਵੇਲੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੀ ਭਾਈ ਗੁਰਦਾਸ ਲਾਇਬ੍ਰੇਰੀ ਦਾ ਹਿੱਸਾ ਬਣ ਚੁਕੀ ਹੈ। ਇਸ ਦਾ ਇਕ ਵੱਖਰਾ ਸੈਕਸ਼ਨ ਪ੍ਰੋ. ਪ੍ਰੀਤਮ ਸਿੰਘ ਸੈਕਸ਼ਨ ਨਾਂ ਹੇਠ ਜਾਣਿਆ ਜਾਂਦਾ ਹੈ। ਇਸ ਲਾਇਬ੍ਰੇਰੀ ਵਿਚ ਕਈ ਗ੍ਰੰਥ ਅਜਿਹੇ ਹਨ, ਜਿਨ੍ਹਾਂ ਦੀ ਕੇਵਲ ਇਕ-ਇਕ ਕਾਪੀ ਹੀ ਹੈ।

ਪੰਜਾਬੀ ਸਾਹਿਤ ਨੂੰ ਅਮੀਰ ਬਣਾਉਣ ਲਈ ਸਮੇਂ-ਸਮੇਂ ‘ਤੇ ਚੱਲੀਆਂ ਲਹਿਰਾਂ ਤੇ ਕਈ ਧਾਰਮਿਕ ਸੰਪਰਦਾਵਾਂ ਦਾ ਭਰਪੂਰ ਯੋਗਦਾਨ ਰਿਹਾ। ਮੱਧਕਾਲ ਵਿਚ ਚੱਲੀ ਭਗਤੀ ਲਹਿਰ ਨੇ ਜਿਥੇ ਸਮੁੱਚੇ ਭਾਰਤੀ ਸਾਹਿਤ ਨੂੰ ਅਮੀਰ ਕੀਤਾ, ਉਥੇ ਪੰਜਾਬੀ ਸਾਹਿਤ ਵੀ ਅਭਿੱਜ ਨਾ ਰਿਹਾ। ਗੁਰਮਤਿ ਦਰਸ਼ਨ ਦੇ ਪ੍ਰਚਾਰ-ਪਾਸਾਰ ਵਿਚ ਲੱਗੀਆਂ ਰਹੀਆਂ ਉਦਾਸੀ, ਸੇਵਾਪੰਥੀ, ਗਿਆਨੀ ਅਤੇ ਨਿਰਮਲੇ ਅਜਿਹੀਆਂ ਹੀ ਸੰਪਰਦਾਵਾਂ ਹਨ, ਜਿਨ੍ਹਾਂ ਵਲੋਂ ਪਾਏ ਗਏ ਯੋਗਦਾਨ ਦੀ ਚਰਚਾ ਕਿਸੇ ਨਾ ਕਿਸੇ ਰੂਪ ਵਿਚ ਹੁੰਦੀ ਰਹਿੰਦੀ ਹੈ। ‘ਮੀਣਾ ਸ਼ਾਖਾ’ ਸਿੱਖੀ ਦੀ ਅਜਿਹੀ ਹੀ ਸ਼ਾਖਾ ਸੀ, ਪਰ ਗੁਰੂ ਘਰ ਨਾਲ ਟਕਰਾਓ ਕਾਰਨ ਵਿਦਵਾਨਾਂ ਦਾ ਧਿਆਨ ਬਹੁਤਾ ਇਧਰ ਨਾ ਗਿਆ, ਤੇ ਜੇ ਗਿਆ ਵੀ ਹੈ ਤਾਂ ਇਸ ਸ਼ਾਖਾ ਵਲੋਂ ਲਿਖੇ ਗਏ ਸਾਹਿਤ ਨੂੰ ਗੁਰਬਾਣੀ ਦੀ ਨਕਲ ਜਾਂ ਪਰਛਾਵੇਂ ਹੇਠ ਲਿਖੇ ਜਾਣ ਕਰਕੇ ਇਸ ਨੂੰ ਵਧੇਰੇ ਅਹਿਮੀਅਤ ਨਾ ਦਿੱਤੀ ਗਈ। ਇਸ ਸ਼ਾਖਾ ਦੇ ਸਾਹਿਤ ਨੂੰ ‘ਕੱਚੀ ਬਾਣੀ’ ਕਰਕੇ ਵੀ ਜਾਣਿਆ ਜਾਂਦਾ ਰਿਹਾ। ਸਮੇਂ ਦੇ ਬੀਤਣ ਨਾਲ ਇਹ ਸ਼ਾਖਾ ਸਿੱਖੀ ਦੀ ਮੂਲ ਧਾਰਾ ਵਿਚ ਰਲ ਕੇ ਕਰੀਬ ਖਤਮ ਹੋ ਗਈ ਅਤੇ ਗੁਰੂ ਘਰ ਨਾਲ ਟਕਰਾਓ ਵੀ ਮੁੱਕ ਗਿਆ। ਇਸੇ ਸਮੇਂ ਅਸੀਂ ਦੇਖਦੇ ਹਾਂ ਕਿ ਮੀਣਾ ਸ਼ਾਖਾ ਦੇ ਸਾਹਿਤ ਨੂੰ ਵਿਧੀਵਤ ਤਰੀਕੇ ਨਾਲ ਸਾਂਭਣ ਅਤੇ ਇਸ ਦੇ ਅਧਿਐਨ ਤੇ ਖੋਜ ਲਈ ਯਤਨ ਹੋਣ ਲੱਗੇ ਹਨ।

ਇਸ ਸ਼ਾਖਾ ਦੇ ਲੇਖਕਾਂ ਵਿਚ ਮੁੱਖ ਲੇਖਕ ਪਿਰਥੀ ਚੰਦ ਦਾ ਪੁੱਤਰ ਮਿਹਰਬਾਨ ਸੀ, ਜਿਸ ਦੀਆਂ ਕੁੱਝ ਰਚਨਾਵਾਂ ਪੰਜਾਬੀ ਅਤੇ ਹਿੰਦੀ ਵਿਚ ਸੰਪਾਦਿਤ ਹੋ ਕੇ ਛਪੀਆਂ ਤੇ ਇਨ੍ਹਾਂ ਬਾਰੇ ਕੁਝ ਖੋਜ ਕਾਰਜ ਵੀ ਹੋਇਆ। ਇਸ ਦੇ ਸਮੁੱਚੇ ਸਾਹਿਤ ਨੂੰ ਸਾਂਭਣ ਅਤੇ ਇਸ ਦੇ ਮੁਲੰਕਣ ਦਾ ਤਾਜ਼ਾ ਯਤਨ ਹੋਇਆ ਹੈ ਤੇ ਵਿਰਾਸਤ ਦੀ ਸੰਭਾਲ ਲਈ ਹੋਇਆ ਇਹ ਯਤਨ ਸਾਡੀ ਚਰਚਾ ਦਾ ਵਿਸ਼ਾ ਹੈ। ਇਸ ਖੋਜ ਯੋਜਨਾ ਨੂੰ ਉਲੀਕਣ ਅਤੇ ਇਸ ਨਾਲ ਵੱਖ-ਵੱਖ ਵਿਦਵਾਨਾਂ ਨੂੰ ਜੋੜਨ ਦਾ ਉਪਰਾਲਾ ਸਵਰਗੀ ਪ੍ਰੋ. ਪ੍ਰੀਤਮ ਸਿੰਘ ਨੇ ਕੀਤਾ ਸੀ। ਇਸ ਸ਼ਾਖਾ ਦੇ ਲੇਖਕਾਂ ਦੇ ਕਈ ਗ੍ਰੰਥ ਉਸ ਦੀ ਨਿੱਜੀ ਲਾਇਬ੍ਰੇਰੀ ਵਿਚ ਹੱਥ ਲਿਖਤਾਂ ਦੇ ਰੂਪ ਵਿਚ ਸਾਂਭੇ ਪਏ ਸਨ, ਜਿਨ੍ਹਾਂ ਨੂੰ ਪ੍ਰਕਾਸ਼ ਵਿਚ ਲਿਆਉਣ ਹਿਤ ਉਨ੍ਹਾਂ ਨੇ ਇਹ ਖੋਜ ਯੋਜਨਾ ਉਲੀਕੀ।


*1956 ਵਿਚ ਨਵੀਂ ਦਿੱਲੀ ਵਿਚ ਹੋਈ ਐਫਰੋ-ਏਸ਼ਿਆਈ ਲੇਖਕ ਮਿਲਣੀ ਦੌਰਾਨ ਮੁਲਕ ਰਾਜ ਆਨੰਦ ਨਾਲ ਪ੍ਰੋ. ਪ੍ਰੀਤਮ ਸਿੰਘ।*

ਪ੍ਰੋ. ਪ੍ਰੀਤਮ ਸਿੰਘ ਦੀ ਖੋਜ ਪ੍ਰਤਿਭਾ ਤੇ ਖੋਜ-ਸਮਰੱਥਾ ਨਿਰਵਿਵਾਦ ਹੈ। ਉਨ੍ਹਾਂ ਦੁਆਰਾ ਲਿਖੀਆਂ ਗਈਆਂ ਮੌਲਿਕ ਤੇ ਸੰਪਾਦਿਤ ਪੁਸਤਕਾਂ ਦੀ ਕੁੱਲ ਗਿਣਤੀ 60 ਤੋਂ ਵੱਧ ਹੈ ਤੇ ਇਹ ਸੱਭੇ ਕਿਸੇ ਨਾ ਕਿਸੇ ਰੂਪ ਵਿਚ ਖੋਜ ਪੁਸਤਕਾਂ ਹੀ ਹਨ। ਉਸ ਨੇ ਪਰਵਾਸੀ ਭਾਰਤੀ ਡਾ. ਜੋਗਿੰਦਰ ਸਿੰਘ ਆਹਲੂਵਾਲੀਆ ਨਾਲ ਰਲ ਕੇ ਮੀਣਾ ਸ਼ਾਖਾ ਦੇ ਰਚੇ ਸਾਹਿਤ ਦੇ ਸੰਕਲਨ, ਸੰਭਾਲਣ ਤੇ ਅਧਿਐਨ ਦਾ ਉਦਮ ਅਰੰਭਿਆ। ਮੀਣਿਆਂ ਦੀ ਇਸ ਸ਼ਾਖਾ ਨੂੰ ‘ਸਿੱਖਾਂ ਦਾ ਛੋਟਾ ਮੇਲ’ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਅਜਿਹੇ ਸਾਰੇ ਸਾਹਿਤ ਨੂੰ ਉਜਾਗਰ ਕਰਨ ਲਈ ਪ੍ਰੋ. ਪ੍ਰੀਤਮ ਸਿੰਘ ਨੇ ਦਸ ਜਿਲਦੀ ਖੋਜ ਯੋਜਨਾ ਬਣਾਈ। ਇਸ ਯੋਜਨਾ ਦੀ ਪਹਿਲੀ ਜਿਲਦ ਵਿਚ ਅਜਿਹੇ ਸਾਰੇ ਸਾਹਿਤ ਦੀ, ਜਿਥੇ ਵੀ ਉਹ ਪਿਆ ਹੈ, ਨਿਸ਼ਾਨਦੇਹੀ ਕੀਤੀ ਗਈ ਹੈ ਤੇ ਹਰ ਗ੍ਰੰਥ ਦਾ ਤਤਕਰਾ ਵੀ ਦਿੱਤਾ ਹੋਇਆ ਹੈ।

ਆਪਣੀ ਇਸ ਖੋਜ ਦੇ ਲਾਭ ਬਾਰੇ ਸੰਕੇਤ ਕਰਦਿਆਂ ਪ੍ਰੋ. ਪ੍ਰੀਤਮ ਸਿੰਘ ਨੇ ਲਿਖਿਆ ਹੈ, “ਸਿੱਖਾਂ ਦੇ ਛੋਟੇ ਮੇਲ ਨੇ ਕਿਸ ਤਰ੍ਹਾਂ ਦਾ ਸਾਹਿਤ ਪੈਦਾ ਕੀਤਾ ਜਾਂ ਕਰਾਇਆ ਹੈ, ਉਹ ਸਾਡੀ ਪੁਸਤਕ ਲੜੀ ਦੇ ਸੰਪੂਰਨ ਹੋਣ ਉਪਰੰਤ ਹੀ ਮੁਲੰਕਣਯੋਗ ਹੋਵੇਗਾ, ਪਰ ਇਹ ਦਾਅਵਾ ਅਸੀਂ ਪਹਿਲਾਂ ਹੀ ਕਰ ਸਕਦੇ ਹਾਂ ਕਿ ਸਾਡਾ ਇਸ ਲੜੀ ਰਾਹੀਂ ਜਦੋਂ ਹਰਿ ਜੀ ਕ੍ਰਿਤ ‘ਸੁਖਮਨੀ ਸਹੰਸਰਨਾਮਾ’, ਹਰੀਆ ਜੀ ਰਚਿਤ ਗ੍ਰੰਥ ਤੇ ਕਵੀ ਦਰਬਾਰੀ ਰਚਿਤ ਪੋਥੀ ‘ਹਰਿ ਜਸ’ ਵਰਗੀਆਂ ਰਚਨਾਵਾਂ ਸ਼ੁੱਧ ਰੂਪ ਵਿਚ ਛਪ ਕੇ ਪਾਠਕਾਂ ਦੇ ਸਾਹਮਣੇ ਆਉਣਗੀਆਂ ਤਾਂ ਸਾਨੂੰ ਯਕੀਨ ਹੈ ਕਿ ਪੰਜਾਬੀ ਭਾਸ਼ਾ ਦਾ ਹਰ ਹਿਤੈਸ਼ੀ ਸਾਡੀ ਘਾਲ ਕਮਾਈ ਲਈ ਸਾਨੂੰ ਸ਼ਾਬਾਸ਼ ਦੇਵੇਗਾ।”

‘ਸਿੱਖਾਂ ਦਾ ਛੋਟਾ ਮੇਲ’ ਦਸ ਜਿਲਦੀ ਪੁਸਤਕ ਲੜੀ ਦੀ ਪਹਿਲੀ ਜਿਲਦ ਹੈ, ਜਿਸ ਵਿਚ ਮੀਣਾ ਸ਼ਾਖਾ ਦਾ ਇਤਿਹਾਸ, ਖਿੱਲਰੇ ਪੁੱਲਰੇ ਸਾਹਿਤ ਦਾ ਸਰਵੇਖਣ, ਪ੍ਰਾਪਤੀ ਸਥਾਨ, ਪ੍ਰਸਿਧ ਰਚਨਾਵਾਂ-ਗ੍ਰੰਥਾਂ ਦੇ ਤਤਕਰਿਆਂ ਸਮੇਤ ਸਬੰਧਤ ਜਾਣ-ਪਛਾਣ ਕਰਾਉਣ ਦਾ ਉਪਰਾਲਾ ਕੀਤਾ ਗਿਆ ਹੈ। ਇੰਜ ਛੋਟੇ ਮੇਲ ਵਾਲਿਆਂ ਦੇ ਸਾਹਿਤ ਸਬੰਧੀ ਤਿਆਰ ਹੋਣ ਵਾਲੀਆਂ ਪੁਸਤਕਾਂ ਦੇ ਬੀਜ ਇਸ ਪੁਸਤਕ ਵਿਚ ਪਏ ਹਨ। ਜਿਹੜੀਆਂ ਪੁਸਤਕਾਂ ਛਾਪਣ ਦੀ ਯੋਜਨਾ ਸੀ, ਉਸ ਦਾ ਵੇਰਵਾ ਇਹ ਹੈ:

ਸਿੱਖਾਂ ਦਾ ਛੋਟਾ ਮੇਲ: ਇਤਿਹਾਸ ਤੇ ਸਰਵੇਖਣ
ਸੋਢੀ ਪਿਰਥੀ ਚੰਦ ਦੀ ਰਚਨਾ
ਸੋਢੀ ਮਿਹਰਬਾਨ ਦੀ ਕਾਵਿ-ਰਚਨਾ
ਸੋਢੀ ਹਰਿ ਜੀ ਤੇ ਉਨ੍ਹਾਂ ਦੇ ਉਤਰਾਧਿਕਾਰੀ ਦੀ ਕਾਵਿ-ਰਚਨਾ
ਸੁਖਮਨੀ ਸਹੰਸਰਨਾਮਾ ਕ੍ਰਿਤ ਹਰਿ ਜੀ
ਗੋਸਟਿ ਮਿਹਰਬਾਨ ਜੀ ਕੀਆ ਕ੍ਰਿਤ ਹਰਿ ਜੀ
ਕੇਸ਼ੋ ਦਾਸ ਤੇ ਕੁਸ਼ਲਦਾਸ ਦੀ ਪਦਾਵਲੀ
ਗ੍ਰੰਥ ਹਰੀਆ ਜੀ ਦਾ
ਭਾਈ ਦਰਬਾਰੀ ਅਤੇ ਉਨ੍ਹਾਂ ਦੀ ਹਰਿ ਜਸ ਪੋਥੀ
ਛੋਟੇ ਮੇਲ ਦੀਆਂ ਫੁਟਕਲ ਰਚਨਾਵਾਂ

ਇੰਜ ਪਹਿਲੀ ਉਪਰੋਕਤ ਪੁਸਤਕ ਦੇ ਜਿੰਨੇ ਅਧਿਆਇ ਹਨ, ਅਸਲ ਵਿਚ ਇਹ ਤਿਆਰ ਹੋਣ ਵਾਲੀਆਂ ਪੁਸਤਕਾਂ ਦੇ ਸਿਰਲੇਖ ਹੀ ਹਨ। ਵਡ-ਆਕਾਰੀ ਲੇਖਕਾਂ ਬਾਰੇ ਸੁਤੰਤਰ ਪੁਸਤਕਾਂ ਲਿਖੀਆਂ ਜਾਣੀਆਂ ਹਨ ਜਦ ਕਿ ਲਘੂ-ਆਕਾਰੀ ਲੇਖਕਾਂ ਦੀਆਂ ਰਚਨਾਵਾਂ ਇਕੱਠੀਆਂ ਕਰਕੇ ਇਕ ਜਿਲਦ ਵਿਚ ਦੇਣ ਦਾ ਪ੍ਰਸਤਾਵ ਹੈ। ਇਨ੍ਹਾਂ ਦਸਾਂ ਜਿਲਦਾਂ ਵਿਚੋਂ ਹੁਣ ਤਕ ਪੰਜ ਛਪ ਚੁਕੀਆਂ ਹਨ ਅਤੇ ਬਾਕੀ ਛਪਣ ਵਾਲੀਆਂ ਹਨ। ਛਪੀਆਂ ਪੁਸਤਕਾਂ ਵਿਚ ਸਿੱਖਾਂ ਦਾ ‘ਛੋਟਾ ਮੇਲ: ਇਤਿਹਾਸ ਅਤੇ ਸਰਵੇਖਣ’, ‘ਸੋਢੀ ਪਿਰਥੀ ਚੰਦ ਦੀ ਰਚਨਾ’, ‘ਕੇਸ਼ੋ ਦਾਸ ਤੇ ਕੁਸ਼ਲਦਾਸ ਦੀ ਪਦਾਵਲੀ’ ਅਤੇ ਭਾਈ ਦਰਬਾਰੀ ਰਚਿਤ ‘ਹਰਿ ਜਸ ਪੋਥੀ’ (ਦੋ ਭਾਗ) ਸ਼ਾਮਲ ਹਨ।

ਪਹਿਲੀ ਪੁਸਤਕ ਵਿਚ ਪ੍ਰੋ. ਪ੍ਰੀਤਮ ਸਿੰਘ ਨਾਲ ਦੂਜਾ ਲੇਖਕ ਡਾ. ਜੋਗਿੰਦਰ ਸਿੰਘ ਆਹਲੂਵਾਲੀਆ ਹੈ, ਜਦਕਿ ਪਿਰਥੀ ਚੰਦ ਦੀ ਰਚਨਾ ਇਕੱਲੇ ਆਹਲੂਵਾਲੀਆ ਦੀ ਹੈ। ਇਸ ਦੂਜੀ ਪੁਸਤਕ ਦੇ ਦੋ ਹਿੱਸੇ ਹਨ; ਪਹਿਲੇ ਵਿਚ 52 ਪੰਨਿਆਂ ਦੀ ਭੂਮਿਕਾ ਹੈ ਤੇ ਦੂਜੇ ਵਿਚ ਮੂਲ ਪਾਠ ਹੈ। ਭਾਗ ਤੀਜਾ ਵਿਚ ਪੰਜ ਅੰਤਿਕਾਵਾਂ ਹਨ, ਜਿਨ੍ਹਾਂ ਵਿਚ ਰਚਨਾਵਲੀ ਦੇ ਕਰਤਾ ਸੋਢੀ ਪਿਰਥੀ ਚੰਦ ਦੇ ਜਨਮ ਤੇ ਦੇਹਾਂਤ ਦੀਆਂ ਤਾਰੀਖਾਂ, ਰਚਨਾ ਦਾ ਬਿਉਰਾ, ਸਿਰਲੇਖ ਅਨੁਸਾਰ ਤਤਕਰਾ ਤੇ ਇਸ ਰਚਨਾ ਵਿਚ ਆਏ ਇਤਿਹਾਸਕ ਤੇ ਮਿਥਿਹਾਸਕ ਨਾਂਵਾਂ ਤੇ ਥਾਂਵਾਂ ਦਾ ਵੇਰਵਾ ਹੈ। ਸੱਤਵੀਂ ਪੁਸਤਕ ‘ਕੇਸ਼ੋ ਦਾਸ ਤੇ ਕੁਸ਼ਲਦਾਸ ਦੀ ਸ਼ਬਦਾਵਲੀ’ ਹੈ।


*ਪ੍ਰੋ. ਪ੍ਰੀਤਮ ਸਿੰਘ*

ਇਸ ਯੋਜਨਾ ਦੀ ਸਭ ਤੋਂ ਅਹਿਮ ਨੌਵੀਂ ਪੁਸਤਕ ਭਾਈ ਦਰਬਾਰੀ ਰਚਿਤ ਪੋਥੀ ਹਰਿ ਜਸ ਹੈ, ਜਿਸ ਦਾ ਸੰਪਾਦਨ ਡਾ. ਗੁਰਚਰਨ ਸਿੰਘ ਸੇਕ ਨੇ ਕੀਤਾ। ਭਾਈ ਦਰਬਾਰੀ ਦਾਸ, ਮਿਹਰਬਾਨੀ ਪਰੰਪਰਾ ਵਿਚ, ਮਿਹਰਵਾਨ ਨੂੰ ਛੱਡ ਕੇ ਸਭ ਤੋਂ ਵੱਧ ਰਚਨਾ ਕਰਨ ਵਾਲਾ ਲੇਖਕ ਹੈ, ਜਿਸ ਨੇ ਆਪਣੇ ਜੀਵਨ ਦੇ ਕਰੀਬ 30-35 ਸਾਲ ਲਾ ਕੇ 919 ਪੱਤਰਿਆਂ, ਅਰਥਾਤ 1838 ਪੰਨਿਆਂ ਦਾ ਗ੍ਰੰਥ ਰਚਿਆ, ਜਿਸ ਨੂੰ ‘ਪੋਥੀ ਹਰਿਜਸ’ ਦਾ ਨਾਂ ਦਿੱਤਾ ਗਿਆ ਹੈ। ਪੁਸਤਕ ਦਾ ਪਹਿਲਾ ਭਾਗ ਆਦਿਕਾ ਦਾ ਹੈ, ਜਿਸ ਵਿਚ ਭਾਈ ਦਰਬਾਰੀ ਦੇ ਜੀਵਨੀਮੂਲਕ ਵੇਰਵੇ, ਸ਼ਖਸੀਅਤ ਉਸ ਨਾਲ ਜੁੜੀਆਂ ਦੰਦ-ਕਥਾਵਾਂ ਤੇ ਉਸ ਦਾ ਕਾਵਿ ਕਲਾ ਦੀ ਚਰਚਾ ਹੈ, ਜਦਕਿ ਦੂਜੇ ਹਿੱਸੇ ਵਿਚ ‘ਹਰਿਜਸ ਪੋਥੀ’ ਦਾ ਮੂਲ ਪਾਠ ਹੈ ਤੇ ਨਾਲ ਹੀ ਉਸ ਦੀ ਕਾਵਿ-ਰਚਨਾ ਬਾਰੇ ਕਾਵਿ ਸ਼ਾਸ਼ਤਰੀ ਪੱਖ ਤੋਂ ਵਿਚਾਰ ਕੀਤਾ ਗਿਆ ਹੈ। ਪਰਚੀਆਂ ਤੋਂ ਇਲਾਵਾ ਇਸੇ ਹਿੱਸੇ ‘ਚ ਭਾਈ ਦਰਬਾਰੀ ਰਚਿਤ ਕਬਿੱਤ, ਸਵੱਈਏ, ਤੀਹਰਫੀਆ, ਸ਼ਬਦ ਸਲੋਕ, ਰਾਗਮਾਲਾ, ਬਾਵਨ ਅੱਖਰੀ, ਬਾਰਾਂਮਾਹ, ਛਪੈ ਅਤੇ ਕੁਝ ਹੋਰ ਫੁਟਕਲ ਕਾਵਿ ਰਚਨਾਵਾਂ ਹਨ।

ਪਰਚੀ ਸ਼ਬਦ ਸੰਸਕ੍ਰਿਤ ਪਰਿਚਯ ਦਾ ਤਦਭਵ ਰੂਪ ਹੈ, ਜਿਸ ਦਾ ਅਰਥ ਜਾਣ-ਪਛਾਣ ਹੈ। ਪਰਚੀ ਸ਼ਬਦ ਦੀ ਵਰਤੋਂ ਅੱਡਣਸ਼ਾਹੀ ਜਾਂ ਸੇਵਾਪੰਥੀ ਸਾਧੂਆਂ ਨੇ ਕੀਤੀ ਹੈ। ਇਹ ਕਵਿਤਾ ਵਿਚ ਵੀ ਹਨ ਤੇ ਵਾਰਤਕ ਵਿਚ ਵੀ। ਜਦ ਪਰਚੀਆਂ ਲਿਖੀਆਂ ਜਾਣ ਲੱਗੀਆਂ ਤਾਂ ਇਹ ਵਧੇਰੇ ਕਰਕੇ ਉਨ੍ਹਾਂ ਭਗਤਾਂ ਦੀਆਂ ਹਨ, ਜਿਨ੍ਹਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਭਗਤ ਨਾਮਦੇਵ ਦੀ ਕੁਝ ਬਾਣੀ (61 ਸ਼ਬਦ) ਕਿਉਂਕਿ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ, ਇਸ ਲਈ ਭਗਤ ਨਾਮਦੇਵ ਬਾਰੇ ਵੀ ਪਰਚੀਆਂ ਹੋਂਦ ਵਿਚ ਆਉਣ ਲੱਗੀਆਂ। ‘ਪੋਥੀ ਹਰਿ ਜਸ’ ਵਿਚ ਅਸੀਂ ਸਿਰਫ ਇਹੋ ਨਮੂਨੇ ਮਾਤਰ ਪਰਚੀ ਹੀ ਚੁਣੀ ਹੈ ਤਾਂ ਜੋ ਕੁਝ ਆਭਾਸ ਇਸ ਗ੍ਰੰਥ ਬਾਰੇ ਹੋ ਸਕੇ। ਭਾਈ ਦਰਬਾਰੀ ਮਿਹਰਬਾਨ ਸੰਪਰਦਾਇ ਦਾ ਕਉਨਲੈਨ ਵਾਲੀ ਸ਼ਾਖਾ ਵਿਚੋਂ ਸੀ, ਜਿਸ ਦਾ ਜਨਮ 1723-24 ਈਸਵੀ ਵਿਚ ਪਿੰਡ ਵੈਰੋਕੇ, ਤਹਿਸੀਲ ਤੇ ਜਿਲਾ ਮੋਗਾ ਵਿਚ ਹੋਇਆ ਅਤੇ ਦੇਹਾਂਤ 1810 ਈਸਵੀ ਦੇ ਕਰੀਬ ਇਥੇ ਹੀ ਹੋਇਆ। ਪਿੰਡ ਵੈਰੋਕੇ ਵਿਚ ਉਸ ਦਾ ਦੇਹੁਰਾ ਬਣਿਆ ਹੋਇਆ ਹੈ।

‘ਪੋਥੀ ਹਰਿ ਜਸ ਕੀ’ ਵਿਚਲੀਆਂ ‘ਪਰਚੀਆਂ ਭਗਤਾਂ ਦੀਆਂ’ ਵਿਚ ਨੌਵੀਂ ਪਰਚੀ (ਪੱਤਰਾ ਨੰਬਰ 591-616 ਤੱਕ) ਭਗਤ ਨਾਮਦੇਵ ਬਾਰੇ ਹੈ। ਇਸ ਪਰਚੀ ਵਿਚ ਆਈਆਂ ਕਥਾਵਾਂ ਵਧੇਰੇ ਕਰਕੇ ਉਹੀ ਹਨ, ਜਿਨ੍ਹਾਂ ਦੇ ਸੰਕੇਤ ਭਗਤ ਜੀ ਦੀ ਬਾਣੀ ਵਿਚ ਪ੍ਰਾਪਤ ਹਨ। ਕੁਝ ਭਾਈ ਗੁਰਦਾਸ ਦੀਆਂ ਵਾਰਾਂ ਵਿਚ ਤੇ ਕੁਝ ਮੌਖਿਕ ਬਿਰਤਾਂਤ ਵਾਲੀਆਂ ਹਨ। ਬਚਪਨ ਵਿਚ ਠਾਕਰ ਨੂੰ ਦੁੱਧ ਪਿਆਉਣਾ, ਸੋਨੇ ਦੇ ਪਲੰਘ ਦੀ ਜਗ੍ਹਾ ਗੰਗਾ ‘ਚੋਂ ਸੱਤ ਪਲੰਘ ਕੱਢਣੇ, ਠਾਕਰ ਵਲੋਂ ਭਗਤ ਨਾਮਦੇਵ ਦੀ ਛੰਨ ਬਣਾਉਣੀ ਤੇ ਦੇਹੁਰਾ ਫਿਰਨਾ ਆਦਿ ਸਾਖੀਆਂ ਹਨ, ਪਰ ਭਾਈ ਦਰਬਾਰੀ ਨੇ ਕੁਝ ਹੋਰ ਸਾਖੀਆਂ ਵੀ ਜੋੜ ਦਿੱਤੀਆਂ ਤੇ ਕਈਆਂ ਵਿਚ ਤਬਦੀਲੀ ਵੀ ਕਰ ਦਿੱਤੀ ਹੈ। ਇਸ ਬੰਦ ਵਿਚ ਕੁਝ ਸਾਖੀਆਂ ਵੱਲ ਸੰਕੇਤ ਹਨ ਅਤੇ ਇਹ ਭਾਈ ਦਰਬਾਰੀ ਦੀ ਕਵਿਤਾ ਦਾ ਨਮੂਨਾ ਵੀ ਹੈ:

ਨਾਮੇ ਕਲਿਯੁਗ ਭਗਤਿ ਕਮਾਈ।
ਜਾ ਕੀ ਠਾਕੁਰ ਛਾਨ ਬਣਾਈ।
ਮੁਈ ਜੀਵਾਇ ਜਾਕੀ ਗਾਇ।
ਜਾ ਕੋ ਦੇਹੁਰਾ ਦਿਯਾ ਫਿਰਾਇ।
ਨਾਮੇ ਕਾ ਪ੍ਰਭੁ ਆਗਯਾਕਾਰੀ।
ਭਗਤ ਵਛਲੁ ਭਗਤਾ ਕੋ ਹਾਰੀ।
ਨਾਮੇ ਕੇ ਪ੍ਰਭਿ ਸੰਗਿ ਸਹਾਈ।
ਭੀਰ ਪਰੇ ਤਹ ਲਏ ਬਚਾਈ।

ਪ੍ਰੋ. ਪ੍ਰੀਤਮ ਸਿੰਘ ਦੇ ਦੇਹਾਂਤ ਪਿਛੋਂ ਇਹ ਕੰਮ ਢਿੱਲਾ ਪੈ ਗਿਆ ਹੈ, ਪਰ ਉਮੀਦ ਕੀਤੀ ਜਾ ਸਕਦੀ ਹੈ ਕਿ ਉਨ੍ਹਾਂ ਦੇ ਸਹਿਯੋਗੀ ਡਾ. ਜੋਗਿੰਦਰ ਸਿੰਘ ਆਹਲੂਵਾਲੀਆ ਇਸ ਯੋਜਨਾ ਨੂੰ ਸਿਰੇ ਲਾਉਣ ਲਈ ਆਪਣੀ ਕੋਸ਼ਿਸ਼ ਜਾਰੀ ਰੱਖਣਗੇ। ਇਹ ਵਿਰਾਸਤ ਦੀ ਸੰਭਾਲ ਵੀ ਹੋਵੇਗੀ ਤੇ ਖੋਜ ਲਈ ਨਵੇਂ ਖੇਤਰਾਂ ਦੀ ਨਿਸ਼ਾਨਦੇਹੀ ਵੀ।

## ਠਾਹ ਸੋਟਾ

### ਛੁੱਟੀ ਲਈ ਅਰਜੀ !

**ਮਾਨਯੋਗ ਸੰਪਾਦਕ ਜੀ,**

ਬੇਨਤੀ ਹੈ ਕਿ ਮੈਂ ਪਿਛਲੇ ਪੰਦਰਾਂ ਸਾਲ ਤੋਂ ਜਿਸ ਕੰਪਨੀ ਵਿਚ ਬਰਸਰੇ-ਰੋਜ਼ਗਾਰ ਸਾਂ, ਉਹ ਬੀਤੀ 15 ਨਵੰਬਰ 2019 ਤੋਂ ‘ਕਲੋਜ਼ਡ’ ਹੋ ਗਈ ਹੈ। ਸੋ ਘਰਦਿਆਂ ਦੀ ਸਲਾਹ ’ਤੇ ਮੈਂ 3-4 ਮਹੀਨਿਆਂ ਲਈ ‘ਘਰੇ’ ਜਾ ਰਿਹਾ ਹਾਂ, ਮਤਲਬ ਪੰਜਾਬ।

ਪਹਿਲਾਂ ਤਾਂ ਮੈਂ ਕੰਪਨੀ ਤੋਂ ਛੁੱਟੀ ਲੈ ਕੇ ਜਾਂਦਾ ਹੁੰਦਾ ਸਾਂ, ਪਰ ਉਹ ਬੰਦ ਹੋਣ ਕਰਕੇ ਮੈਂ ਸੋਚਿਆ ਕਿ ਛੁੱਟੀ ਤੁਹਾਥੋਂ ਲੈ ਲਈ ਜਾਵੇ! ਉਮੀਦ ਹੈ ਕਿ ਅਰਜੀ ਪ੍ਰਵਾਨ ਕਰਦਿਆਂ 2 ਦਸੰਬਰ ਤੋਂ 26 ਮਾਰਚ 2019 ਤੱਕ ਛੁੱਟੀ ਦੇ ਦਿੱਤੀ ਜਾਵੇਗੀ! ਧੰਨਵਾਦੀ ਹੋਵਾਂਗਾ! ਸਭ ਨੂੰ ਫਤਹਿ।

ਸ਼ੁੱਭਚਿੰਤਕ

**-ਚਾਚਾ ਬੇਲਿਹਾਜ**

## ਸੰਤੋਖ ਸਿੰਘ ਧੀਰ ਨੂੰ ਯਾਦ ਕਰਦਿਆਂ

# ਵੀਰ ਤੋਂ ਬਿਨਾ ਇਹ ਸੰਸਾਰ

ਵੀਰ (ਸੰਤੋਖ ਸਿੰਘ ਧੀਰ) ਤੋਂ ਬਿਨਾ ਦਾ ਇਹ ਸੰਸਾਰ ਐਂ ਲਗਦਾ ਸੀ, ਜਿਵੇਂ ਹੁਣ ਇਹ ਮੇਰੇ ਜਿਉਣ ਜੋਗਾ ਨਾ ਰਿਹਾ ਹੋਵੇ। ਹੁਣ ਮੈਂ ਇਸ ਸੰਸਾਰ ਵਿਚ ਕੀ ਕਰਨਾ ਹੈ? ਵੀਰ ਦੇ ਹੁੰਦਿਆਂ ਐਂ ਲਗਦਾ ਸੀ, ਜਿਵੇਂ ਸਾਡੇ ਵਿਚੋਂ ਕਦੇ ਕੋਈ ਨਹੀਂ ਵਿਛੜੇਗਾ।

31 ਮਈ 2009 ਨੂੰ ਜਦੋਂ ਮੈਨੂੰ ਵੀਰ ਦੇ ਚੱਕਰ ਖਾ ਕੇ ਡਿੱਗਣ ਬਾਰੇ ਪਤਾ ਲੱਗਾ ਤਾਂ ਮੈਂ ਵੀਰ ਨੂੰ ਮਿਲਣ ਗਿਆ। ਐਨੀਆਂ ਸੱਟਾਂ ਵੀਰ ਦੇ ਲੱਗੀਆਂ ਮੈਂ ਕਦੇ ਨਹੀਂ ਸਨ ਦੇਖੀਆਂ। ਮੁਹਾਲੀ ਦੇ ਉਚ ਕੋਟੀ ਦੇ ਨਿਊਰੋਲੋਜਿਸਟ ਡਾ. ਜਸਬੀਰ ਸਿੰਘ ਸ਼ਸ਼ੀ ਕੋਲੋਂ ਇਲਾਜ ਸ਼ੁਰੂ ਕੀਤਾ। ਡਾ. ਸ਼ਸ਼ੀ ਵੀਰ ਦਾ ਬੜੇ ਸਤਿਕਾਰ ਤੇ ਮੋਹ ਨਾਲ ਇਲਾਜ ਕਰਦੇ ਸਨ। ਫੀਸ ਤਾਂ ਕੀ ਲੈਣੀ ਸੀ, ਕਈ ਵਾਰ ਦਵਾਈਆਂ ਵੀ ਕੋਲੋਂ ਦੇ ਦਿੰਦੇ। ਛੇਤੀ ਹੀ ਵੀਰ ਜੀ ਮੁੜ ਸਿਹਤਯਾਬ ਹੋ ਕੇ ਆਪਣੀ ਮੌਜ 'ਤੇ ਕੰਮ ਕਰਨ ਲੱਗ ਪਏ। ਹੁਣ ਅਸੀਂ ਸਾਰੇ ਬੇਫਿਕਰ ਸਾਂ। ਸਾਲ 2009 ਦੀਆਂ ਗਰਮੀਆਂ ਚੰਗੀਆਂ

**ਰਿਪੁਦਮਨ ਸਿੰਘ ਰੂਪ, ਮੁਹਾਲੀ**
ਫੋਨ: 91- 98767-68960

ਲੰਘ ਗਈਆਂ। ਉਨ੍ਹਾਂ ਦੇ ਕਮਰੇ ਵਿਚ ਉਚੇਚਾ ਏ. ਸੀ. ਲਵਾਇਆ ਗਿਆ। ਵੀਰ ਬੜੇ ਖੁਸ਼ ਸਨ। ਲਿਖਣ-ਪੜ੍ਹਨ ਵਿਚ ਗਲਤਾਨ। ਉਸੇ ਸਾਲ ਦਸੰਬਰ ਵਿਚ ਉਨ੍ਹਾਂ ਦਾ ਕਾਵਿ ਸੰਗ੍ਰਿਹ 'ਕੋਧਰੇ ਦਾ ਮਹਾਂਗੀਤ' ਛਪਿਆ।

---

ਇਹ ਨਹੀਂ ਕਿ ਵੀਰ ਅਤੇ ਮੈਂ ਕਦੇ ਲੜੇ ਨਾ ਹੋਈਏ, ਪਰ ਸਾਡਾ ਝਗੜਾ ਵਿਚਾਰਾਂ ਦਾ ਹੁੰਦਾ ਸੀ ਜਾਂ ਰਾਵਾਂ ਦੇ ਫਰਕਾਂ ਦਾ। ਮੇਰੀ ਤਕਰਾਰ ਵੀਰ ਨਾਲ ਇਕ ਦਫਾ ਉਦੋਂ ਹੋਈ, ਜਦ ਉਹ 1995 ਵਿਚ ਕੇਂਦਰੀ ਲੇਖਕ ਸਭਾ ਦੀ ਪ੍ਰਧਾਨਗੀ ਦੀ ਚੋਣ ਭਾਅ ਜੀ ਗੁਰਸ਼ਰਨ ਸਿੰਘ ਦੇ ਖਿਲਾਫ ਲੜਨ ਲਈ ਮੰਨ ਗਏ। ਮੈਂ ਵੀਰ ਨੂੰ ਕਿਹਾ, "ਵੀਰ 75 ਸਾਲਾਂ ਦੀ ਉਮਰ ਵਿਚ ਤੁਸੀਂ ਚੋਣ ਲੜਦੇ ਸਜਦੇ ਹੋ? ਫਿਰ ਗੁਰਸ਼ਰਨ ਸਿੰਘ ਦੇ ਮੁਕਾਬਲੇ? ਦੋ ਦਿਓ ਕੱਦ ਵਿਅਕਤੀਆਂ ਨੂੰ ਆਪੋ-ਵਿਚੀਂ ਚੋਣ ਨਹੀਂ ਲੜਨੀ ਚਾਹੀਦੀ। ਤੁਹਾਡੀ ਸ਼ਖਸੀਅਤ ਹੁਣ ਅਜਿਹੀਆਂ ਚੋਣਾਂ ਲੜਨ ਤੋਂ ਉਤੇ ਹੈ। ਪਾਰਟੀ ਲੀਡਰਾਂ ਨੇ ਤਾਂ ਆਪਣਾ ਇੱਕ ਫਰੰਟ ਸਫਲ ਕਰਕੇ ਦਿਖਾਉਣਾ ਹੈ, ਤੁਹਾਡੀ ਸ਼ਖਸੀਅਤ ਨਾਲ ਉਨ੍ਹਾਂ ਨੂੰ ਕੋਈ ਸਰੋਕਾਰ ਨਹੀਂ।"

ਖੈਰ! ਵੀਰ ਜੀ ਚੋਣ ਲੜੇ ਅਤੇ ਗੁਰਸ਼ਰਨ ਸਿੰਘ ਨੂੰ ਵੱਡੇ ਫਰਕ ਨਾਲ ਹਰਾਇਆ। ਮੈਂ ਕਿਸੇ ਕਾਰਨ ਲੁਧਿਆਣੇ ਵੋਟ ਪਾਉਣ ਨਾ ਜਾ ਸਕਿਆ। ਚੋਣ ਤੋਂ ਸਿੱਧੇ ਵੀਰ ਹੋਰੀਂ ਅਤੇ ਕਾਮਰੇਡ ਤੁਲਸੀ ਰਾਮ ਮੇਰੇ ਘਰ ਆ ਗਏ। ਉਹ ਜਿੱਤ ਸਬੰਧੀ ਹੌਲੀ ਹੌਲੀ ਗੱਲਾਂ ਕਰ ਰਹੇ ਸਨ। ਵੋਟਾਂ ਦੀ ਗਿਣਤੀ ਦੱਸੀ, ਵੱਡਾ ਫਰਕ ਸੀ, ਪਰ ਮੈਂ ਅਜੇ ਵੀ ਖੁਸ਼ ਨਹੀਂ ਸਾਂ। ਮੈਂ ਕਿਹਾ, "ਵੀਰ ਜਿੰਨੀਆਂ ਵੋਟਾਂ ਗੁਰਸ਼ਰਨ ਸਿੰਘ ਨੂੰ ਪਈਆਂ ਹਨ, ਉਹ ਵੀ ਤੁਹਾਡੀਆਂ ਹੀ ਸਨ। ਸਾਰੀਆਂ ਖੱਬੀਆਂ ਪਾਰਟੀਆਂ, ਨਕਸਲਵਾਦੀ, ਮਾਰਕਸੀ ਅਤੇ ਹੋਰ ਫੁੱਟ ਪਿਛੋਂ ਬਣੀਆਂ ਖੱਬੀਆਂ ਪਾਰਟੀਆਂ ਦੇ ਲੇਖਕ ਤੁਹਾਡਾ ਉਵੇਂ ਹੀ ਸਤਿਕਾਰ ਕਰਦੇ ਸਨ, ਪਰ ਹੁਣ ਇਹ ਲੇਖਕ, ਜੋ ਗੁਰਸ਼ਰਨ ਸਿੰਘ ਨੂੰ ਭੁਗਤੇ ਹਨ, ਤੁਹਾਡੇ ਖਿਲਾਫ ਕਿਉਂ ਹੋ ਗਏ?"

ਪਿਛੋਂ ਵਿਚੋ-ਵਿਚ ਪਤਾ ਨਹੀਂ ਵੀਰ ਦੇ ਦਿਲ ਵਿਚ ਕੀ ਸੰਘਰਸ਼ ਹੁੰਦਾ ਰਿਹਾ। ਉਨ੍ਹਾਂ ਇੱਕ ਲੇਖ ਲਿਖਿਆ 'ਜਿੱਤ ਨਹੀਂ, ਹਾਰ', ਜੋ ਉਨ੍ਹਾਂ ਦੀ ਪੁਸਤਕ 'ਚਾਰ ਵਰ੍ਹੇ' ਵਿਚ ਸ਼ਾਮਿਲ ਹੈ। ਵੀਰ ਦਾ ਇਹ ਲੇਖ ਲਿਖਣਾ, ਇੱਕ ਵਡਿੱਤਣ ਸੀ। ਲੇਖ ਲਿਖਣ ਪਿਛੋਂ ਵੀਰ ਨੇ ਮੈਨੂੰ ਕਿਹਾ, ਰੀਪੇ ਹੁਣ ਤਾਂ ਠੀਕ ਐ...ਹੁਣ ਤੂੰ ਖੁਸ਼ ਐਂ! ਤੇਰੀ ਗੱਲ ਠੀਕ ਸੀ, ਮੈਨੂੰ ਚੋਣ ਨਹੀਂ ਸੀ ਲੜਨੀ ਚਾਹੀਦੀ।

---

ਘਰੋਗੀ ਗਰੀਬੀ ਅਤੇ ਸਮਾਜਕ ਨਾਬਰਾਬਰੀ ਕਾਰਨ ਵੀਰ ਸਦਾ ਇਕ ਅਪ੍ਰਤੱਖ ਮਾਨਸਿਕ ਦਬਾਅ ਹੇਠ ਵਿਚਰਦੇ ਰਹੇ। ਮਾਰਚ 1962 ਵਿਚ ਵੀਰ ਨੇ ਕਿਹਾ, "ਰੀਪੇ ਮੈਂ ਬੀਮਾਰ ਹੋ ਗਿਆਂ, ਤੇ ਬੀਮਾਰੀ ਮੈਨੂੰ ਸਮਝ ਨਹੀਂ ਆ ਰਹੀ। ਇਕ ਦਿਨ ਗੁਰਚਰਨ ਰਾਮਪੁਰੀ ਆਇਆ, ਉਹਨੇ ਦੱਸਿਆ ਕਿ ਮੈਂ ਸਾਈਕੈਟਰੀ ਹੋ ਗਿਆ ਹਾਂ। ਦਿਮਾਗੀ ਬੀਮਾਰੀ ਦੱਸਦਾ ਸੀ ਉਹ। ਉਸ ਨੇ ਦਸਿਆ ਕਿ ਅੰਮ੍ਰਿਤਸਰ ਇੱਕ ਡਾਕਟਰ ਜਸਵੰਤ ਸਿੰਘ ਨੇਕੀ ਹੈ। ਵੱਡਾ ਡਾਕਟਰ ਹੈ ਤੇ ਕਵੀ ਵੀ ਹੈ। ਤੇਰਾ ਬਹੁਤ ਠੀਕ ਢੰਗ ਤੇ ਅਪਣੱਤ ਨਾਲ ਇਲਾਜ ਕਰੇਗਾ ਉਹ। ਉਹਦੀ ਭੈਣ ਅੰਮ੍ਰਿਤ ਕੌਰ ਸੁਰਜਨ ਜ਼ੀਰਵੀ ਨੂੰ ਵਿਆਹੀ ਹੋਈ ਹੈ। ਮੈਂ ਹੁਣ ਰੀਪੇ ਉਥੇ ਜਾਵਾਂਗਾ, ਇਲਾਜ ਕਰਵਾਉਣ, ਡਾਕਟਰ ਨੇਕੀ ਕੋਲ।"

ਵੀਰ ਵਿਜੈ ਹਸਪਤਾਲ, ਅੰਮ੍ਰਿਤਸਰ ਦਾਖਿਲ ਹੋ ਗਿਆ। ਇਸ ਹਸਪਤਾਲ ਨੂੰ ਆਮ ਕਰਕੇ ਪਾਗਲਾਂ ਦਾ ਹਸਪਤਾਲ ਕਿਹਾ ਜਾਂਦਾ ਸੀ। ਮੈਂ ਅਤੇ ਜੀਜਾ ਕੁਲਵੰਤ ਵੀਰ ਨੂੰ ਮਿਲਣ ਗਏ। ਡਾ. ਨੇਕੀ ਨੇ ਕਿਹਾ, "ਚੰਗਾ ਕੀਤਾ ਰੂਪ ਤੂੰ ਆ ਗਿਐਂ, ਹੁਣ ਧੀਰ ਦੀ ਬੀਮਾਰੀ ਦਵਾਈਆਂ ਤੇ ਟੀਕਿਆਂ ਨਾਲ ਏਥੇ ਪਹੁੰਚ ਗਈ, ਜਿਥੇ ਮਰੀਜ਼ ਵਿਚ ਉਤੇਜਨਾ ਆ ਜਾਂਦੀ ਹੈ। ਬੀਮਾਰੀ ਇਕ ਵਾਰ ਭੜਕਦੀ ਹੈ, ਜੇ ਤੁਸੀਂ ਨਾ ਆਉਂਦੇ ਤਾਂ ਧੀਰ ਨੇ ਬਿਨਾ ਦੱਸੇ ਹਸਪਤਾਲੋਂ ਚਲੇ ਜਾਣਾ ਸੀ। ਹੋ ਸਕਦਾ ਸੀ ਕਿ ਰਸਤੇ ਵਿਚ ਪੈਂਦੇ ਦਰਿਆ ਬਿਆਸ ਜਾਂ ਸਤਲੁਜ ਵਿਚ ਛਾਲ ਮਾਰ ਕੇ ਖੁਦਕੁਸ਼ੀ ਕਰ ਲੈਂਦਾ, ਪਰ ਫਿਕਰ ਨਾ ਕਰੋ ਸਭ ਠੀਕ ਹੋ ਜਾਵੇਗਾ, ਧੀਰ ਰਾਜ਼ੀ ਹੋ ਕੇ ਜਾਵੇਗਾ।"

ਹੁਣ ਵੀਰ ਕੋਲ ਮੈਂ ਰਹਿੰਦਾ ਜਾਂ ਮੇਰਾ ਦੋਸਤ ਨਾਗਰ, ਜੋ ਵੀਰ ਨੂੰ ਆਪਣਾ ਵੱਡਾ ਭਰਾ ਹੀ ਸਮਝਦਾ ਸੀ। ਵੀਰ ਰਾਜ਼ੀ ਹੋ ਕੇ ਆ ਗਿਆ। ਫਿਰ ਆਪਣੇ ਕੰਮ ਕਰਨ ਲੱਗਾ। ਡਾ. ਨੇਕੀ ਰੋਹਤਕ ਬਦਲ ਕੇ ਆ ਗਏ। ਮੈਂ ਅਤੇ ਨਾਗਰ ਹੁਣ ਉਨ੍ਹਾਂ ਕੋਲ ਵਾਰੀ ਵਾਰੀ ਰੋਹਤਕ ਰਹਿੰਦੇ ਸਾਂ। ਛੁੱਟੀਆਂ ਲੈ ਕੇ।

ਅਸਲ ਵਿਚ ਵੀਰ ਦੀ ਇਸ ਬੀਮਾਰੀ ਦੀ ਜੜ੍ਹ 1957 ਵਿਚ ਲੱਗ ਚੁਕੀ ਸੀ। ਜਦੋਂ ਵੀਰ ਦੇ ਸ਼ਾਨਦਾਰ ਨਾਵਲ 'ਯਾਦਗਾਰ' ਦੀ ਨਾਇਕਾ ਕੰਵਲ 19 ਮਈ 1957 ਨੂੰ ਸਵਰਗਵਾਸ ਹੋਈ। ਫਿਰ ਇਲਾਜ ਹੋਣ ਪਿਛੋਂ ਅਤੇ ਮੇਰੇ ਵਲੋਂ ਵੀਰ ਨਾਲ ਹਰ ਦੁੱਖ-ਸੁੱਖ ਵਿਚ ਖੜ ਜਾਣ ਨੇ ਵੀਰ ਨੂੰ ਹੌਸਲੇ ਵਿਚ ਕਰ ਦਿੱਤਾ। ਮੇਰੀ ਪਤਨੀ ਸਤਿਪਾਲ ਕੌਰ ਮੇਰਾ ਪੂਰਾ ਸਾਥ ਦਿੰਦੀ। 1965 ਵਿਚ ਉਹ ਵੀ ਅਧਿਆਪਕਾ ਲੱਗ ਗਈ। ਹੁਣ ਮੈਨੂੰ ਵੀਰ ਦੀ ਆਰਥਕ ਮਦਦ ਕਰਨੀ ਸੌਖੀ ਹੋ ਗਈ।

---

ਪਿੰਡ ਡਡਹੇੜੀ ਤੋਂ ਅਸੀਂ ਮੁਹਾਲੀ ਆਏ। ਵੀਰ ਨੇ ਪਹਿਲਾਂ ਸਾਡੀ ਮੁਹਾਲੀ ਬਦਲੀ ਕਰਵਾਈ,



1977 ਵਿਚ। ਫਿਰ ਵੀਰ ਜੀ ਆਪ ਸਮਾਨ ਚੁਕ 5 ਮਈ 1981 ਨੂੰ ਮਾਰਕਸ ਦੇ ਜਨਮ ਦਿਨ ਵਾਲੇ ਦਿਨ ਮੁਹਾਲੀ ਆ ਗਏ।

ਵੱਡੇ ਜੁਆਈ ਬਲਜੀਤ ਪੰਨੂੰ ਦੀ 1980 ਵਿਚ ਸੜਕ ਹਾਦਸੇ ਵਿਚ ਮੌਤ ਹੋ ਗਈ। ਦੂਜਾ ਜੁਆਈ ਬੰਤ ਸਿੰਘ ਰਾਏਪੁਰੀ 'ਜੱਗ ਬਾਣੀ' ਵਿਚ ਲੱਗਾ ਹੋਣ ਕਰਕੇ ਅਤਿਵਾਦੀਆਂ ਹੱਥੋਂ 4 ਮਈ 1988 ਨੂੰ ਸ਼ਹੀਦ ਕਰ ਦਿੱਤਾ ਗਿਆ, ਪਰ ਕਠਿਨਾਈਆਂ ਭਰਪੂਰ ਜ਼ਿੰਦਗੀ ਵਿਚ ਵੀਰ ਜੀ ਕਦੇ ਨਾ ਡੋਲੇ ਅਤੇ ਨਾ ਹੀ ਅਣਖ ਤੇ ਸੱਚ ਦਾ ਪੱਲਾ ਛੱਡਿਆ।

---

'ਕੋਈ ਇਕ ਸਵਾਰ' ਕਹਾਣੀ ਵੀਰ ਨੇ ਮੇਰੇ ਸਾਹਮਣੇ ਮੰਡੀ ਗੋਬਿੰਦਗੜ੍ਹ, ਜਿਥੇ ਉਹ ਗਿਆਨੀ ਦੇ ਵਿਦਿਆਰਥੀਆਂ ਨੂੰ ਪੜ੍ਹਾਉਂਦੇ ਸਨ, ਬੈਠ ਕੇ ਲਿਖੀ। ਪਰ ਨਾ ਵੀਰ ਨੂੰ ਪਤਾ ਸੀ ਅਤੇ ਨਾ ਹੀ ਮੈਨੂੰ ਕਿ ਇਸ ਕਹਾਣੀ ਕਰਕੇ ਵੀਰ ਸੰਸਾਰ ਵਿਚ ਜਾਣਿਆ ਜਾਵੇਗਾ।

'ਕੁਆਰੀ ਪ੍ਰੀਤ' ਵੀਰ ਦੀ ਸਭ ਤੋਂ ਪਹਿਲੀ ਕਹਾਣੀ ਹੈ, ਜੋ ਉਨ੍ਹਾਂ ਜੱਲ੍ਹੇ ਲਿਖੀ ਸੀ, ਜਿਥੇ ਉਹ ਅਫੀਮ ਦੇ ਠੇਕੇ 'ਤੇ ਬੈਠਿਆ ਕਰਦੇ ਸਨ। 'ਮੇਰਾ ਉਜੜਿਆ ਗੁਆਂਢੀ', 'ਡੈਣ', 'ਸਵੇਰ ਹੋਣ ਤੱਕ', 'ਸਾਂਝੀ ਕੰਧ', 'ਮੰਗੋ', 'ਭੇਤ ਵਾਲੀ ਗੱਲ', 'ਲਾਲ ਕਿਤਾਬ', 'ਅਸਲੀ ਫਲਾਂ ਦੀ ਟੋਕਰੀ', 'ਪੱਖੀ', 'ਪੱਕਾ ਰਾਗ' ਆਦਿ ਵੀ ਉਨ੍ਹਾਂ ਦੀਆਂ ਪ੍ਰਸਿਧ ਕਹਾਣੀਆਂ ਹਨ। 'ਕੰਨ ਕੰਧਾਂ ਦੇ', 'ਨਿੱਕੀ ਸਲੇਟੀ ਸੜ੍ਹਕ ਦਾ ਟੋਟਾ', 'ਖੋ ਗਈ ਕਿਧਰੇ ਦਿਲ ਦੀ ਟੁਕੜੀ', 'ਹੁਣ ਇੱਕ ਭੇਜ ਕਟਾਰ', 'ਇਨਾਮ', 'ਹਜ਼ਰਾ ਬੇਗਮ', 'ਭਗਤ ਸਿੰਘ ਟਿਟੂ', 'ਕਲਾ ਦਾ ਸੁਨੇਹਾ', 'ਕੂ ਕੂ', 'ਕਿੰਨਾ ਬਦਮਾਸ਼ ਹੈ ਔਰੰਗਜ਼ੇਬ', 'ਜਦੋਂ ਅਸੀਂ ਆਵਾਂਗੇ', 'ਮੈਂ ਮੁਖਬਰ ਨਹੀਂ ਹਾਂ', 'ਨਹੀਂ, ਮੈਂ ਰੋਵਾਂਗਾ ਨਹੀਂ', 'ਪੈਰ', 'ਮੈਂ ਹਾਂ ਬਾਰੂ ਤਾਂਗੇ ਵਾਲਾ', 'ਵਿਸ਼ਵੀਕਰਨ' ਆਦਿ ਵੀਰ ਜੀ ਦੀਆਂ ਪ੍ਰਸਿੱਧ ਕਵਿਤਾਵਾਂ ਹਨ।

ਨਾਵਲਾਂ ਵਿਚ 'ਯਾਦਗਾਰ' ਤੇ 'ਨਵਾਂ ਜਨਮ' ਨੇ ਆਪਣਾ ਸਥਾਨ ਬਣਾਇਆ ਹੈ। 'ਹਿੰਦੋਸਤਾਨ ਹਮਾਰਾ' ਵਿਚ ਨਿਆਂਪਾਲਿਕਾ ਦੀਆਂ ਧੱਜੀਆਂ ਉਡਾਈਆਂ ਗਈਆਂ ਹਨ। 'ਨਵਾਂ ਜਨਮ' ਸੰਸਾਰ ਭਰ ਵਿਚ ਮਨੋਵਿਗਿਆਨ ਦਾ ਸ਼ਾਇਦ ਇਹ ਇੱਕੋ ਇੱਕ ਨਾਵਲ ਹੋਵੇ।

ਹਾਲਾਂਕਿ ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਵਲੋਂ ਵੀਰ ਜੀ ਨੂੰ ਸਿਰਮੌਰ ਸਾਹਿਤਕ ਸਨਮਾਨਾਂ ਨਾਲ ਨਿਵਾਜ਼ਿਆ ਗਿਆ, ਪਰ ਵੀਰ ਦਾ ਕਹਿਣਾ ਸੀ ਕਿ ਪਾਠਕਾਂ ਦੀ ਪ੍ਰਵਾਨਗੀ ਸਭ ਤੋਂ ਉਤੇ ਹੈ।

---

ਫਰਵਰੀ 2010 ਵਿਚ ਮੈਂ ਵੀਰ ਨੂੰ ਪੀ. ਜੀ. ਆਈ. ਵਿਚ ਵੈਂਟੀਲੇਟਰ 'ਤੇ ਔਖੇ ਔਖੇ ਸਾਹ ਲੈਂਦਿਆਂ ਮਸ਼ੀਨਾਂ ਵਿਚ ਜਕੜਿਆ ਦੇਖਿਆ। 8 ਫਰਵਰੀ 2010 ਨੂੰ ਸ਼ਾਮ ਸਵਾ ਪੰਜ ਵਜੇ ਵੀਰ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ ਤਾਂ ਮੈਂ ਬਿੰਦ ਦੀ ਬਿੰਦ ਭੁਚੱਕਾ ਰਹਿ ਗਿਆ। ਬਾਹਰ ਆ ਕੇ ਮੈਂ ਪੌੜੀਆਂ 'ਤੇ ਬੈਠ ਕੇ ਧਾਹੀਂ ਰੋ ਰਿਹਾ ਸਾਂ ਕਿ ਮੈਂ ਹੁਣ ਵੀਰ ਵਿਹੂਣਾ ਹੋ ਗਿਆ ਹਾਂ। ਮੇਰਾ ਰੋਣ ਥੰਮਿਆ ਨਹੀਂ ਸੀ ਜਾਂਦਾ।

ਸਾਰੇ ਪਰਿਵਾਰ ਦੀ ਸਹਿਮਤੀ ਨਾਲ ਵੀਰ ਦੀ ਦੇਹ ਪੀ. ਜੀ. ਆਈ. ਨੂੰ ਖੋਜ ਕਾਰਜਾਂ ਹਿਤ ਦਾਨ ਕੀਤੀ ਗਈ। ਡਾਕਟਰਾਂ ਵਲੋਂ ਖਬਰਾਂ ਆਈਆਂ ਕਿ ਪ੍ਰਸਿੱਧ ਮਾਰਕਸੀ ਨੇਤਾ ਅਤੇ ਬੰਗਾਲ ਦੇ ਲੰਮਾ ਸਮਾਂ ਮੁੱਖ ਮੰਤਰੀ ਰਹੇ ਕਾਮਰੇਡ ਜਯੋਤੀ ਬਾਸੂ ਅਤੇ ਪ੍ਰਸਿੱਧ ਪੰਜਾਬੀ ਲੇਖਕ ਸੰਤੋਖ ਸਿੰਘ ਧੀਰ ਦੇ ਦਿਮਾਗ ਦੀ ਖੋਜ ਅੰਤਰਰਾਸ਼ਟਰੀ ਪੱਧਰ ਦੇ ਡਾਕਟਰ ਚੀਨ ਵਿਚ ਕਰਨਗੇ।

14 ਫਰਵਰੀ 2010 ਨੂੰ ਵੱਡੇ ਪੰਡਾਲ ਵਿਚ ਵੀਰ ਜੀ ਦਾ ਸਿਮਰਤੀ ਸਮਾਰੋਹ ਕੀਤਾ ਗਿਆ। ਲੇਖਕ, ਬੁੱਧੀਜੀਵੀ, ਪ੍ਰੋਫੈਸਰ, ਵਕੀਲ, ਲਗਭਗ ਸਾਰੀਆਂ ਪਾਰਟੀਆਂ ਦੇ ਆਗੂ, ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ, ਕਿਸਾਨਾਂ-ਮਜ਼ਦੂਰਾਂ, ਸਾਰੀਆਂ ਕਮਿਊਨਿਸਟ ਪਾਰਟੀਆਂ ਦੇ ਆਗੂ, ਵਰਕਰ ਹੁਮ-ਹੁਮਾ ਕੇ ਪਹੁੰਚੇ। ਨਾਮਧਾਰੀ ਸੰਸਥਾ ਭੈਣੀ ਸਾਹਿਬ ਵਲੋਂ ਦੋ ਹਜ਼ਾਰ ਸੰਗਤਾਂ ਲਈ ਲੰਗਰ ਤਿਆਰ ਕੀਤਾ ਗਿਆ। ਕਿਸਾਨ ਅਤੇ ਖੇਤ ਮਜ਼ਦੂਰ ਸਭਾ ਵਲੋਂ ਮਾਇਕ ਮਦਦ ਪਰਿਵਾਰ ਨੂੰ ਦਿੱਤੀ ਗਈ। ਪਲਸ ਮੰਚ, ਸੀ. ਪੀ. ਆਈ. (ਐਮ. ਐਲ.) ਅਤੇ ਉਨ੍ਹਾਂ ਦੀਆਂ ਜਨਤਕ ਜਥੇਬੰਦੀਆਂ ਦੇ ਵਰਕਰ ਇਨਕਲਾਬੀ ਲੇਖਕ ਸੰਤੋਖ ਸਿੰਘ ਧੀਰ ਦੇ ਸਿਮਰਤੀ ਸਮਾਰੋਹ ਵਿਚ ਝੰਡੇ ਹੱਥਾਂ ਵਿਚ ਫੜ ਕੇ ਅਤੇ 'ਸੰਤੋਖ ਸਿੰਘ ਧੀਰ ਅਮਰ ਰਹੇ' ਦੇ ਨਾਅਰੇ ਮਾਰਦੇ ਸ਼ਾਮਿਲ ਹੋਏ।

ਪਹਿਲੀ ਮਈ ਨੂੰ ਪਲਸ ਮੰਚ ਵਲੋਂ ਭਾਅ ਗੁਰਸ਼ਰਨ ਸਿੰਘ, ਜਸਪਾਲ ਜੱਸੀ ਤੇ ਅਮੋਲਕ ਸਿੰਘ ਦੀ ਅਗਵਾਈ ਹੇਠ ਵੀਰ ਜੀ ਨੂੰ ਸਮਰਪਿਤ ਮਈ ਦਿਵਸ ਮਨਾਇਆ ਗਿਆ। ਉਨ੍ਹਾਂ ਦੀਆਂ ਕਵਿਤਾਵਾਂ ਦੇ ਨਾਟਕੀ ਰੁਪਾਂਤਰ ਪੇਸ਼ ਕੀਤੇ ਗਏ। ਕਵੀ ਦਰਬਾਰ ਕੀਤਾ। ਉਨ੍ਹਾਂ ਦੀਆਂ ਚੋਣਵੀਆਂ ਕਵਿਤਾਵਾਂ ਦਾ ਸੰਗ੍ਰਿਹ 'ਬੋਲ ਰਿਹਾ ਪੈਗੰਬਰ' ਨੂੰ ਹਜ਼ਾਰਾਂ ਲੋਕਾਂ ਦੀਆਂ ਤਾੜੀਆਂ ਨਾਲ ਸਟੇਜ ਤੋਂ ਰਿਲੀਜ਼ ਕੀਤਾ ਗਿਆ। ਪੰਜਾਬੀ ਯੂਨੀਵਰਸਿਟੀ ਪਟਿਆਲਾ, ਜਿਸ ਦੇ ਵੀਰ ਆਜੀਵਨ ਫੈਲੋ ਸਨ, ਨੇ 'ਸੰਤੋਖ ਸਿੰਘ ਧੀਰ ਸਿਮਰਤੀ ਗ੍ਰੰਥ' ਪ੍ਰਕਾਸ਼ਿਤ ਕਰਕੇ ਉਨ੍ਹਾਂ ਦੇ ਸਾਹਿਤਕ ਯੋਗਦਾਨ ਦੀ ਸ਼ਿਦਤ ਨਾਲ ਪ੍ਰੋੜਤਾ ਕੀਤੀ।

ਵੀਰ ਤਾਂ ਇਸ ਸੰਸਾਰ ਤੋਂ ਚਲਾ ਗਿਆ। ਪਹਿਲੋਂ ਪਹਿਲ ਤਾਂ ਮੈਂ ਵੀਰ ਦੀਆਂ ਅੰਤਿਮ ਰਸਮਾਂ ਵਿਚ ਰੁੱਝਾ ਰਿਹਾ, ਪਰ ਜਦੋਂ ਸਾਰੇ ਕੰਮ ਕਾਜ ਤੋਂ ਵਿਹਲਾ ਹੋ ਕੇ ਘਰ ਬੈਠ ਗਿਆ ਤਾਂ ਜਿਵੇਂ ਚੌਵੀ ਘੰਟੇ ਵੀਰ ਮੇਰੇ ਨਾਲ ਵਿਚਰਦਾ ਹੋਵੇ। ਬੈਠਿਆਂ, ਉਠਦਿਆਂ, ਸੌਂਦਿਆਂ, ਸੁਪਨਿਆਂ ਵਿਚ ਮੈਂ ਬਹੁਤ ਬੇਚੈਨ ਹੋ ਗਿਆ। 28 ਮਾਰਚ 2010 ਨੂੰ ਮੈਂ ਇਕ ਕਵਿਤਾ ਲਿਖੀ 'ਫਿਕਰ ਨਾ ਕਰੀਂ ਵੀਰ', ਜਿਸ ਦੀਆਂ ਮੁਢਲੀਆਂ ਟੁਕਾਂ ਇੰਜ ਹਨ,

ਵੀਰ ਤੇਰੇ ਮਗਰੋਂ
ਤੇਰੀ ਉਂਗਲ ਖੜੀ ਰਹੇਗੀ
ਛਾਤੀ ਤਣੀ ਰਹੇਗੀ
ਉਵੇਂ, ਜਿਵੇਂ
ਝੱਖੜਾਂ ਝਾਂਜਿਆਂ ਵਿਚ
ਉਤਰਾਵਾਂ ਚੜ੍ਹਾਵਾਂ ਵਿਚ
ਦੁੱਖਾਂ ਤਕਲੀਫਾਂ ਵਿਚ
ਵਿਵਸਥਾ ਨਾਲ ਲੜਦਿਆਂ ਝਗੜਦਿਆਂ
ਤੇਰੀ ਛਾਤੀ ਤਣੀ ਰਹੀ ਸੀ
ਉਂਗਲ ਖੜੀ ਰਹੀ ਸੀ।

ਇਹ ਕਵਿਤਾ ਲਿਖਣ ਨਾਲ ਮੈਂ ਜਿਵੇਂ ਮੁੜ ਜੀਵਨ ਵਿਚ ਆ ਗਿਆ ਹੋਵਾਂ। ਮੈਨੂੰ ਲੱਗਣ ਲੱਗਾ ਕਿ ਮੈਂ ਹੁਣ ਵੀਰ ਦੇ ਕੰਮਾਂ ਨੂੰ ਅੱਗੇ ਤੋਰਨ ਜੋਗਾ ਹੋ ਜਾਵਾਂਗਾ। ਇਸ ਵਰ੍ਹੇ ਜੁਲਾਈ ਵਿਚ ਵੀਰ ਹੋਰਾਂ ਦੀਆਂ ਮੈਨੂੰ 1975 ਵਿਚ ਇੰਗਲੈਂਡ ਤੋਂ ਲਿਖੀਆਂ ਚਿੱਠੀਆਂ ਦਾ ਸੰਗ੍ਰਿਹ 'ਜਿਵੇਂ ਰਾਮ ਨੂੰ ਲਛਮਣ ਸੀ' ਲੋਕ ਅਰਪਿਤ ਕਰਕੇ ਮੈਂ ਵੀਰ ਨੂੰ ਸਾਹਿਤ ਜਗਤ ਵਿਚ ਮੁੜ ਇਕ ਵਿਲੱਖਣਤਾ ਨਾਲ ਸੁਰਜੀਤ ਹੋਇਆ ਮਹਿਸੂਸ ਕੀਤਾ।

## ਸੰਤੋਖ ਸਿੰਘ ਧੀਰ ਦੀਆਂ ਕੁਝ ਕਵਿਤਾਵਾਂ

### ਏਥੇ ਬੋਲਣ ਦੀ ਨਹੀਂ ਜਾ ਮੀਆਂ

ਕੀ ਬੋਲਾਂ ਤੇ ਕੀ ਨਾ ਬੋਲਾਂ ਮੈਂ
ਕਿੰਜ ਭੇਤ ਦਿਲੇ ਦਾ ਖੋਲ੍ਹਾਂ ਮੈਂ
ਕਿਸ ਅੱਗੇ ਦੁਖੜਾ ਫੋਲਾਂ ਮੈਂ
ਲੈ ਆਂਦਾ ਨੱਕ ਵਿਚ ਸਾਹ ਮੀਆਂ,
ਏਥੇ ਬੋਲਣ ਦੀ ਨਹੀਂ ਜਾ ਮੀਆਂ।

ਅਸੀਂ ਘਿਰ ਗਏ ਕਾਲੀਆਂ ਲਹਿਰਾਂ ਵਿਚ
ਝੱਖੜਾਂ ਵਿਚ, ਕਾਲੀਆਂ ਕਹਿਰਾਂ ਵਿਚ
ਨਾ ਆਰ ਕਿਤੇ, ਨਾ ਪਾਰ ਕਿਤੇ
ਸਾਨੂੰ ਦਿਸਦਾ ਨਾ ਕੋਈ ਰਾਹ ਮੀਆਂ,
ਏਥੇ ਬੋਲਣ ਦੀ ਨਹੀਂ ਜਾ ਮੀਆਂ।

ਏਥੇ ਪੰਛੀ ਚਹਿਕ ਨਾ ਸਕਦੇ ਨੇ
ਫੁੱਲ-ਬੂਟੇ ਟਹਿਕ ਨਾ ਸਕਦੇ ਨੇ
ਏਥੇ ਪਹਿਰਾ ਚੰਦਰੀ ਪੱਤਝੜ ਦਾ
ਏਥੇ ਬੁਲਬੁਲ ਸਕੇ ਨਾ ਗਾ ਮੀਆਂ,
ਏਥੇ ਬੋਲਣ ਦੀ ਨਹੀਂ ਜਾ ਮੀਆਂ।

ਇਹ ਨਗਰੀ ਜਮ-ਜੰਦਾਰਾਂ ਦੀ
ਮਾਸੂਮ, ਬੇਦੋਸ਼ੇ-ਮਾਰਾਂ ਦੀ
ਏਥੇ ਰਾਤ ਨੂੰ ਰਾਤ ਨਾ ਕਹਿ ਸਕੀਏ
ਨਾ ਕਰ ਸਕੀਏ ਅਸੀਂ 'ਹਾਹ' ਮੀਆਂ,
ਏਥੇ ਬੋਲਣ ਦੀ ਨਹੀਂ ਜਾ ਮੀਆਂ।

ਏਥੇ ਆਖਣ, ਦੀਨ ਕਬੂਲ ਕਰੋ
ਨਹੀਂ ਛੁਰੀਆਂ ਹੇਠਾਂ ਸੀਸ ਧਰੋ
ਨਿਤ ਹੁਕਮ ਚੁਗੱਤੇ ਚਾੜ੍ਹ ਰਹੇ
ਅਸੀਂ ਕਰ ਨਹੀਂ ਸਕਦੇ ਨਾਂਹ ਮੀਆਂ,
ਏਥੇ ਬੋਲਣ ਦੀ ਨਹੀਂ ਜਾ ਮੀਆਂ।

ਮੇਰੇ ਦਿਲ ਵਿਚ ਉਠਦੀ ਹੂਕ ਜਿਹੀ
ਇਕ ਚੀਕ ਜਿਹੀ, ਇਕ ਕੂਕ ਜਿਹੀ
ਕਦੇ ਉਠ ਪੈਂਦੀ, ਕਦੇ ਦਬ ਜਾਂਦੀ
ਪਰ ਕੱਢ ਨਾ ਸਕਦੀ ਸਾਹ ਮੀਆਂ,
ਏਥੇ ਬੋਲਣ ਦੀ ਨਹੀਂ ਜਾ ਮੀਆਂ।

---

### ਮੈਂ ਮੁਖਬਰ ਨਹੀਂ ਸਾਂ

ਮੈਂ ਮੁਖਬਰ ਨਹੀਂ ਸਾਂ
ਮੈਂ ਤਾਂ ਤਿੰਨ ਵਰ੍ਹੇ ਦੀ ਬੱਚੀ ਸਾਂ
ਸਾਢੇ ਤਿੰਨ ਦੀ ਹੋਵਾਂਗੀ
ਬੜੀ ਹੱਦ ਚਾਰ ਦੀ
ਏ. ਬੀ. ਸੀ. ਪੜ੍ਹ ਰਹੀ ਸਾਂ
ਓ ਅ ੲ ਸ...
ਤਿੰਨ ਕੁ ਚਾਰ ਅੰਕਲ ਆਏ
ਪਹਿਲਾਂ ਮੇਰੇ ਦਾਦੇ ਨੂੰ ਮਾਰਿਆ
ਫੇਰ ਮੇਰੀ ਦਾਦੀ ਨੂੰ
ਫੇਰ ਮੇਰੇ ਡੈਡੀ ਨੂੰ ਮਾਰਿਆ
ਫੇਰ ਮੇਰੀ ਮੰਮੀ ਨੂੰ
ਫੇਰ ਮੇਰੇ ਵੱਡੇ ਵੀਰੇ ਨੂੰ ਮਾਰਿਆ
ਫੇਰ ਛੋਟੇ ਨੂੰ
ਤੇ ਫੇਰ ਉਹ ਮੈਨੂੰ ਮਾਰਨ ਲੱਗੇ।

ਮੈਂ ਆਖਿਆ, ਅੰਕਲ!
ਮੈਨੂੰ ਕਿਉਂ ਮਾਰਦੇ ਹੋ?
ਆਖਣ ਲੱਗੇ, ਤੂੰ ਮੁਖਬਰ ਹੈਂ!
ਮੈਂ ਆਖਿਆ, ਅੰਕਲ!
ਮੁਖਬਰ ਕਿਸ ਨੂੰ ਕਹਿੰਦੇ ਹਨ?
ਉਤਰ ਵਿਚ ਉਨ੍ਹਾਂ ਮੇਰੇ
ਚੌਦਾਂ ਗੋਲੀਆਂ ਮਾਰੀਆਂ
ਪਰ ਮੈਨੂੰ ਅਜੇ ਵੀ ਪਤਾ ਨਹੀਂ
ਮੁਖਬਰ ਕਿਸ ਨੂੰ ਕਹਿੰਦੇ ਹਨ।

---

### ਅੱਧੀ ਅੱਧੀ ਰਾਤੀਂ ਦੀਵਾ ਜਗਦਾ

ਅੱਧੀ ਅੱਧੀ ਰਾਤੀਂ ਦੀਵਾ ਜਗਦਾ
ਦੀਵਾ ਜਗਦਾ ਹੋ;
ਸੂਰਜ ਮਗਰੋਂ ਚਾਨਣ ਕਰਦਾ
ਸਮਾਂ ਨਾ ਸਕੇ ਖਲੋ।
ਅੱਧੀ ਅੱਧੀ ਰਾਤੀਂ ਸੁਣਦੀਆਂ ਵਿੜਕਾਂ
ਸੁਣਦੀਆਂ ਵਿੜਕਾਂ ਹੋ;
ਸੱਜਣਾਂ ਦੇ ਰਾਹ ਵਿਚ ਜ਼ਿੰਦੜੀ ਛਿੜਕਾਂ
ਕਣੀਆਂ ਕਣੀਆਂ ਹੋ।
ਅੱਧੀ ਅੱਧੀ ਰਾਤੀਂ ਭੌਂਕਣ ਕੁੱਤੇ
ਭੌਂਕਣ ਕੁੱਤੇ ਹੋ;
'ਆਣ ਜਗਾਇਣ ਰਾਤੀਂ ਸੁੱਤੇ'
ਨੀਂਦਾਂ ਦੇਵਣ ਖੋ।
ਅੱਧੀ ਅੱਧੀ ਰਾਤੀਂ ਆਉਂਦੀਆਂ 'ਵਾਜਾਂ
ਆਉਂਦੀਆਂ 'ਵਾਜਾਂ ਹੋ;
ਸੱਚ ਦੇ ਬੋਲ ਸੁਣਾਉਂਦੀਆਂ 'ਵਾਜਾਂ
'ਜਾਗਦੇ ਰਹਿਣਾ ਵੋ!'
ਅੱਧੀ ਅੱਧੀ ਰਾਤੀਂ ਵਗਦੇ ਪਾਣੀ
ਵਗਦੇ ਪਾਣੀ ਹੋ;
ਜਿਨ੍ਹਾਂ ਨੇ ਲੱਗੀ ਤੋੜ ਨਿਭਾਣੀ
ਤੁਰਦੇ ਰਹਿੰਦੇ ਉਹ।

---

### ਤੇਰਾ ਲੁੱਟਿਆ ਸ਼ਹਿਰ ਭੰਬੋਰ

ਤੇਰਾ ਲੁੱਟਿਆ ਸ਼ਹਿਰ ਭੰਬੋਰ
ਸੱਸੀਏ ਬੇਖਬਰੇ।
ਇਹ ਨਹੀਂ ਹੋਤ, ਕਚਾਵਿਆਂ ਵਾਲੇ,
ਇਹ ਡਾਕੂ ਨੇ ਹੋਰ, ਸੱਸੀਏ ਬੇਖਬਰੇ।
ਘਰ ਚਿੱਟਕੇ ਵਿਚ ਕਾਲੀਆਂ ਖੇਡਾਂ
ਖੇਡ ਰਹੇ ਨੇ ਚੋਰ, ਸੱਸੀਏ ਬੇਖਬਰੇ।
ਜਾਗ ਨੀ ਸੱਸੀਏ, ਨੀਂਦਾਂ ਮੱਤੀਏ
ਸਿਰ 'ਤੇ ਆ ਗਈ ਭੋਰ
ਸੱਸੀਏ ਬੇਖਬਰੇ।
ਇਹ ਨਾਦਰ-ਅਬਦਾਲੀ ਅੱਜ ਦੇ
ਸ਼ਕਲਾਂ ਭਾਵੇਂ ਹੋਰ, ਸੱਸੀਏ ਬੇਖਬਰੇ।
ਸਮਾਂ ਹੈ ਜਾਂਦਾ ਧੂੜਾਂ ਪੁੱਟਦਾ
ਨਾਲ ਮਿਲਾ ਲੈ ਤੋਰ, ਸੱਸੀਏ ਬੇਖਬਰੇ।
ਤੇਰਾ ਲੁੱਟਿਆ ਸ਼ਹਿਰ ਭੰਬੋਰ
ਸੱਸੀਏ ਬੇਖਬਰੇ।

# ਸ਼ਹਿਣੇ ਦੀ ਨਹਿਰੀ ਕੋਠੀ ਦਾ ਜੰਮਪਲ ਬਲਵੰਤ ਗਾਰਗੀ

ਨਵਦੀਪ ਗਿੱਲ ਦੇ ਪਿੰਡ ਸ਼ਹਿਣੇ ਰਾਤ ਰਹੇ ਤਾਂ ਸਵੇਰੇ ਉਸੇ ਨੇ ਉਹ ਨਹਿਰੀ ਕੋਠੀ ਵਿਖਾਈ, ਜਿਥੇ ਗਾਰਗੀ ਦਾ ਜਨਮ ਹੋਇਆ ਸੀ। ਨਿੰਦਰ ਘੁਗਿਆਣਵੀ ਵੀ ਨਾਲ ਸੀ। ਅਸੀਂ ਕਾਫੀ ਦੇਰ ਉਸ ਕੋਠੀ ਦੇ ਅੰਦਰ-ਬਾਹਰ ਫਿਰਦੇ ਆਲਾ-ਦੁਆਲਾ ਨਿਹਾਰਦੇ ਰਹੇ। ਕੋਠੀ ਦਾ ਰਕਬਾ ਪੰਜ-ਸੱਤ ਏਕੜ ਦੇ ਕਰੀਬ ਹੈ, ਜਿਸ ਨੂੰ ਗਾਰਗੀ ਦੀ ਯਾਦਗਾਰ ਵਜੋਂ ਪਿਕਨਿਕ ਸਪਾਟ ਬਣਾਇਆ ਜਾ ਸਕਦੈ। ਨਾਲ ਨਹਿਰ ਵਗਦੀ ਹੈ, ਨੇੜੇ ਹੀ ਵੱਡੀ ਸੜਕ, ਝੂਮਦੇ ਰੁੱਖ, ਪੈਲੀਆਂ ਦੇ ਹੁਲਾਰੇ, ਕਮਾਦਾਂ ਦੀ ਮਿਠਾਸ, ਦਿਸਹੱਦਿਆਂ ਤਕ ਵਿਛੀ ਹਰਿਆਵਲ, ਸਰ੍ਹੋਂ ਦੇ ਪੀਲੇ ਫੁੱਲ, ਘੁਲਾੜੀਆਂ ਦੀ ਖੁਸ਼ਬੋ, ਕੋਲ ਵੱਸਦਾ ਪਿੰਡ ਸ਼ਹਿਣਾ, ਸ਼ਹਿਰੀ ਰੌਲੇ ਗੌਲੇ ਤੋਂ ਹਟਵਾਂ ਸ਼ਾਂਤਮਈ ਸਥਾਨ ਹੈ। ਜਿਵੇਂ ਕਸੌਲੀ ਖੁਸ਼ਵੰਤ ਸਿੰਘ ਦੀ ਯਾਦ 'ਚ ਸਾਹਿਤਕ ਮੇਲਾ ਮਨਾਇਆ ਜਾਂਦੈ, ਤਿਵੇਂ ਇਸ ਉਜਾੜ ਪਈ

**ਪ੍ਰਿੰ. ਸਰਵਣ ਸਿੰਘ**

ਨਹਿਰੀ ਕੋਠੀ ਨੂੰ ਸੈਲਾਨੀਆਂ ਦੀ ਖਿੱਚ ਦਾ ਕੇਂਦਰ ਬਣਾ ਕੇ, ਮਨੋਰੰਜਨ ਦੇ ਸਾਧਨ ਸਿਰਜ ਕੇ, ਸਾਹਿਤਕ, ਨਾਟਕੀ ਤੇ ਹੋਰ ਜਸ਼ਨਾਂ ਦੇ ਮੇਲੇ ਮਨਾਏ ਜਾ ਸਕਦੇ ਹਨ।

ਬਲਵੰਤ ਗਾਰਗੀ ਦੇ ਪਿਤਾ ਦਾ ਨਾਂ ਸ਼ਿਵ ਚੰਦ ਤੇ ਮਾਤਾ ਦਾ ਨਾਂ ਪੂੰਨੀ ਸੀ। ਉਨ੍ਹੀਂ ਦਿਨੀਂ ਉਹਦਾ ਬਾਪ ਨਹਿਰੀ ਮਹਿਕਮੇ ਦਾ ਤਾਰ ਬਾਬੂ ਸੀ, ਜਿਸ ਕਰਕੇ ਆਪਣੇ ਪਰਿਵਾਰ ਨੂੰ ਬਠਿੰਡੇ ਤੋਂ ਸ਼ਹਿਣੇ ਲੈ ਆਇਆ ਸੀ। ਸ਼ਹਿਣਾ ਸਤਿਆਰਥੀ ਦੇ ਪਿੰਡ ਭਦੌੜ ਤੋਂ ਛੇ ਕੁ ਕਿਲੋਮੀਟਰ ਹੈ, ਜੋ ਬਰਨਾਲਾ ਕੋਟਕਪੂਰਾ ਸੜਕ 'ਤੇ ਪੈਂਦੈ। ਗਾਰਗੀ ਦੇ ਜਨਮ ਵਾਲਾ ਕੁਆਟਰ ਅਜੇ ਵੀ ਡਿੱਗੀ ਢੱਠੀ ਹਾਲਤ ਵਿਚ ਮੌਜੂਦ ਹੈ, ਜੀਹਦੇ ਆਲੇ-ਦੁਆਲੇ ਝਾੜ ਬੂਟੇ ਉਗੇ ਹੋਏ ਹਨ।

ਗਾਰਗੀ ਨੇ ਲਿਖਿਆ ਹੈ, "ਮੇਰਾ ਬਚਪਨ ਨਹਿਰ ਦੇ ਕੰਢੇ ਇਕ ਰੇਤਲੇ ਪਿੰਡ ਵਿਚ ਗੁਜ਼ਰਿਆ। ਇਥੇ ਮੇਰੇ ਪਿਤਾ ਨਹਿਰ ਦੇ ਮਹਿਕਮੇ ਵਿਚ ਕਲਰਕ ਸਨ। ਸਾਡਾ ਨਿੱਕਾ ਜਿਹਾ ਘਰ ਪੱਕੀ ਇੱਟ ਦਾ ਕੁਆਟਰ ਸੀ। ਸਿਖਰ ਦੁਪਹਿਰੇ ਹਨੇਰੀ ਆਉਂਦੀ ਤਾਂ ਕੱਕੀ ਰੇਤ ਅਸਮਾਨ ਨੂੰ ਚੜ੍ਹ ਜਾਂਦੀ। ਮੈਂ ਜੁੱਤੇ ਨਹੀਂ ਸਾਂ ਪਾਉਂਦਾ, ਕਿਉਂਕਿ ਮੈਨੂੰ ਇਨ੍ਹਾਂ ਦੀ ਜਕੜ ਤੇ ਕੈਦ ਪਸੰਦ ਨਹੀਂ ਸੀ। ਮੇਰੇ ਹਾਣੀ ਜੱਟਾਂ ਤੇ ਜੁਲਾਹਿਆਂ ਦੇ ਮੁੰਡੇ ਵੀ ਨੰਗੇ ਪੈਰੀਂ ਘੁੰਮਦੇ। ਤਪਦੀ ਦੁਪਹਿਰ ਜਦੋਂ ਅਸੀਂ ਸਕੂਲ ਤੋਂ ਮੁੜਦੇ ਤਾਂ ਭੁੱਬਲ ਜਿਹੇ ਰੇਤੇ ਉਤੇ ਤੇਜ ਪੱਬਾਂ ਭਾਰ ਚਲਦੇ।

ਮੇਰੀ ਮਾਂ ਅਨਪੜ੍ਹ ਸੀ ਤੇ ਮਸਾਂ ਵੀਹ ਤੀਕ ਗਿਣਨ ਜਾਣਦੀ ਸੀ। ਘਰ ਵਿਚ ਕੋਈ ਕਿਤਾਬ ਨਹੀਂ ਸੀ। ਮੈਂ ਪਹਿਲੀ ਵਾਰ ਜਦੋਂ ਮੂਰਤਾਂ ਵਾਲੀ ਕਿਤਾਬ ਦੇਖੀ ਤਾਂ ਮੈਨੂੰ ਇਸ ਵਿਚ ਬੈਠੀ ਬਿੱਲੀ ਤੇ ਕੁੱਕੜ ਅਸਲੀ ਜਾਪੇ। ਮੈਂ ਕਿਤਾਬਾਂ ਤੋਂ ਘੱਟ ਹੀ ਪੜ੍ਹਿਆ। ਮੇਰੀ ਬਹੁਤੀ ਤਾਲੀਮ ਮੇਰੇ ਆਲੇ-ਦੁਆਲੇ ਦੇ ਲੋਕਾਂ ਤੋਂ ਹੋਈ। ਰਾਤ ਨੂੰ ਬਾਬਾ ਰੌਣਕ ਸਿੰਘ ਡਾਕੂਆਂ ਤੇ ਰਾਜ ਕੁਮਾਰੀਆਂ ਦੀਆਂ ਕਹਾਣੀਆਂ ਸੁਣਾਉਂਦਾ। ਚਰਖੇ ਕੱਤਦੀਆਂ ਤੀਵੀਆਂ ਗੀਤ ਗਾਉਂਦੀਆਂ। ਵਿਆਹ ਸ਼ਾਦੀ ਮੌਕੇ ਕਾਲੀ ਮਰਾਸਣ ਢੋਲਕੀ ਵਜਾਉਂਦੀ, ਨੱਚਦੀ ਹੋਈ ਗਾਉਂਦੀ ਤੇ ਕਿਸੇ ਦੀ ਮੌਤ 'ਤੇ ਕੀਰਨੇ ਪਾ ਕੇ ਸਿਆਪਾ ਕਰਾਉਂਦੀ। ਸਭ ਤੋਂ ਵੱਧ ਸਿੱਖਿਆ ਮੈਂ ਆਪਣੀ ਮਾਂ ਤੋਂ ਲਈ, ਜਿਸ ਦੀਆਂ ਉਚੀਆਂ ਗਾਲ੍ਹਾਂ ਵਿਚ ਬਲਦੀਆਂ ਲਾਟਾਂ ਸਨ।

ਮੇਰੀ ਮਾਂ ਮੈਨੂੰ ਤੇ ਮੇਰੇ ਦੋ ਭਰਾਵਾਂ ਨੂੰ ਜਟਾਂ ਵਾਲੇ ਸਾਧ ਕੋਲ ਲੈ ਗਈ, ਜਿਸ ਦੇ ਬੁੱਲ੍ਹ ਕਾਲੇ ਤੇ ਮੱਥੇ ਉਤੇ ਤਿੰਨ ਸੰਧੂਰੀ ਲੀਕਾਂ ਸਨ। ਉਸ ਨੇ ਸਾਧ ਤੋਂ ਪੁੱਛਿਆ ਕਿ ਉਸ ਦੇ ਤਿੰਨਾਂ ਪੁੱਤਾਂ ਵਿਚੋਂ ਕਿਸ ਦੇ ਭਾਗਾਂ ਵਿਚ ਵਿਦਿਆ ਲਿਖੀ ਹੈ? ਸਾਧ ਨੇ ਸਾਡੇ ਤਿੰਨਾਂ ਵੱਲ ਨੀਝ ਲਾ ਕੇ ਦੇਖਿਆ, ਅੱਖਾਂ ਮੀਚੀਆਂ, ਮੰਤਰ ਪੜ੍ਹਿਆ, ਹਵਾ ਵਿਚ ਹੱਥ ਘੁਮਾਇਆ ਤੇ ਆਪਣੀ ਉਂਗਲ ਮੇਰੇ ਵੱਲ ਕੀਤੀ। ਬਸ ਇਸੇ ਨਾਲ ਮੇਰੇ ਭਵਿੱਖ ਦਾ ਫੈਸਲਾ ਹੋ ਗਿਆ। ਮੇਰੀ ਮਾਂ ਮੈਨੂੰ ਮਦਰੱਸੇ ਲੈ ਗਈ ਤੇ ਉਥੇ ਮਾਸਟਰਾਂ ਦੀਆਂ ਮਿੰਨਤਾਂ ਕਰਨ ਲੱਗੀ ਕਿ ਉਹ ਕੁਝ ਅੱਖਰ ਮੇਰੇ ਢਿੱਡ ਵਿਚ ਵੀ ਪਾ ਦੇਣ। ਮੈਂ ਸੱਤ ਸਾਲ ਦਾ ਸਾਂ, ਜਦੋਂ ਅਸੀਂ ਬਠਿੰਡੇ ਆ ਗਏ, ਸਾਡੇ ਜੱਦੀ ਘਰ।"

---

ਬਲਵੰਤ ਦਾ ਬਚਪਨ ਨਹਿਰ ਦੇ ਪਾਣੀ ਅਤੇ ਆਲੇ ਦੁਆਲੇ ਦੇ ਰੇਤਲੇ ਖੇਤਾਂ ਤੇ ਪੈਲੀਆਂ ਵਿਚ ਬੀਤਿਆ ਹੋਣ ਕਰਕੇ ਉਹਦੀਆਂ ਲਿਖਤਾਂ ਵਿਚ ਰੇਤੇ, ਹਨੇਰੀਆਂ, ਚਰ੍ਹੀਆਂ ਤੇ ਪਾਣੀਆਂ ਦਾ ਥਾਂ-ਥਾਂ ਵਰਣਨ ਹੈ। ਗਾਰਗੀ ਨੇ ਆਪਣੀ ਵਸੀਅਤ ਵਿਚ ਲਿਖਿਆ ਹੈ ਕਿ ਮੇਰੇ ਫੁੱਲ ਉਸ ਨਹਿਰ ਵਿਚ ਪਾਏ ਜਾਣ, ਜਿਥੇ ਮੈਂ ਬਚਪਨ ਵਿਚ ਖੇਡਦਾ ਰਿਹਾਂ। 22 ਅਪਰੈਲ 2003 ਨੂੰ ਮੁੰਬਈ ਵਿਚ ਉਹਦੀ ਮੌਤ ਹੋਈ ਤਾਂ ਸਸਕਾਰ ਦਿੱਲੀ ਵਿਚ ਕੀਤਾ ਗਿਆ ਤੇ ਫੁੱਲ ਬਠਿੰਡੇ ਨਹਿਰ ਵਿਚ ਪਾਏ ਗਏ।

ਗਾਰਗੀ ਬਚਪਨ ਦੇ ਕੁਝ ਸਾਲ ਸ਼ਹਿਣੇ ਰਹਿਣ ਪਿੱਛੋਂ ਬਠਿੰਡੇ ਆਪਣੇ ਜੱਦੀ ਘਰ ਚਲਾ ਗਿਆ ਸੀ, ਜਿਥੇ ਦਸਵੀਂ ਪਾਸ ਕਰਨ ਪਿੱਛੋਂ ਉਹ ਲਾਹੌਰ ਦੇ ਗੌਰਮਿੰਟ ਕਾਲਜ ਤੇ ਐਫ. ਸੀ. ਕਾਲਜ ਵਿਚ ਪੜ੍ਹਿਆ। ਉਥੇ ਉਸ ਨੇ ਅੰਗਰੇਜ਼ੀ ਤੇ ਪੋਲੀਟੀਕਲ ਸਾਇੰਸ ਦੀ ਐਮ. ਏ. ਕੀਤੀ। ਦੇਸ਼ ਵੰਡ ਪਿੱਛੋਂ ਉਹ ਦਿੱਲੀ ਆ ਗਿਆ, ਜਿਥੋਂ ਦੇਸ਼-ਵਿਦੇਸ਼ ਗਾਹੁੰਦਾ ਫਿਰਿਆ। ਕਦੇ ਏਸ਼ੀਆ, ਕਦੇ ਯੂਰਪ ਤੇ ਕਦੇ ਅਮਰੀਕਾ। ਉਨ੍ਹਾਂ ਦਾ ਜੱਦੀ ਘਰ ਬਠਿੰਡੇ ਦੇ ਇਤਿਹਾਸਕ ਕਿਲੇ ਕੋਲ ਸੀ, ਜਿਸ ਵਿਚ ਸਦੀਆਂ ਪਹਿਲਾਂ ਸੁਲਤਾਨ ਰਜ਼ੀਆ ਬੰਦੀ ਬਣਾਈ ਗਈ ਸੀ। ਪਿਛੋਂ ਗਾਰਗੀ ਨੇ 'ਸੁਲਤਾਨ ਰਜ਼ੀਆ' ਨਾਂ ਦਾ ਨਾਟਕ ਵੀ ਲਿਖਿਆ। ਕੱਚੀ ਉਮਰ ਦੇ ਗਿਣਵੇਂ ਸਾਲਾਂ ਵਿਚ ਉਸ ਨੇ ਕੰਜੂਸ ਬਾਣੀਏ ਵਾਂਗ ਪੰਜਾਬੀ ਸ਼ਬਦਾਂ ਦੀ ਜਿੰਨੀ ਵੱਡੀ ਪੂੰਜੀ ਮਾਲਵੇ ਦੇ ਉਸ ਇਲਾਕੇ 'ਚੋਂ ਜੋੜੀ, ਉਹਦੀ ਖੱਟੀ ਉਹਨੇ ਸਾਰੀ ਉਮਰ ਖਾਧੀ।


ਉਹਦੀ ਬੇਬੇ ਪੂੰਨੀ ਕੋਰੀ ਅਣਪੜ੍ਹ ਸੀ, ਪਰ ਉਹਨੂੰ ਏਨੀ ਪੰਜਾਬੀ ਆਉਂਦੀ ਸੀ ਕਿ ਗਾਰਗੀ ਉਹਤੋਂ ਹੀ ਬੋਲੀ ਦੀਆਂ ਬਾਰੀਕੀਆਂ ਸਿੱਖ ਕੇ ਪੰਜਾਬੀ ਦਾ ਉਸਤਾਦ ਲਿਖਾਰੀ ਬਣਿਆ। ਜੇ ਉਹਦੀ ਬੇਬੇ ਜਿਉਂਦੀ ਹੁੰਦੀ ਤੇ ਦੇਖਦੀ ਕਿ ਉਹਦਾ ਪੁੱਤ ਅਨਪੜ੍ਹ ਮਾਂ ਤੋਂ ਪੰਜਾਬੀ ਸਿੱਖ ਕੇ ਕਿੰਨੀ ਚਤੁਰਾਈ ਤੇ ਚਲਾਕੀ ਨਾਲ ਚਲਦਾ ਕਿਥੋਂ ਦਾ ਕਿਥੇ ਪਹੁੰਚ ਗਿਆ ਤਾਂ ਉਹ 'ਬਲੰਤ' ਨੂੰ 'ਚਲੰਤ' ਕਹਿਣ ਵਿਚ ਮਾਣ ਮਹਿਸੂਸ ਕਰਦੀ!

---

ਗਾਰਗੀ ਦਾ ਜਨਮ 4 ਦਸੰਬਰ 1916 ਨੂੰ ਬਠਿੰਡੇ ਦੇ ਬਾਣੀਆ ਪਰਿਵਾਰ ਵਿਚ ਹੋਇਆ ਸੀ। ਉਹਦੀ ਪਤਨੀ ਜੀਨੀ ਉਸ ਤੋਂ 21 ਸਾਲ ਬਾਅਦ ਅਮਰੀਕਾ ਦੇ ਨੌਕਰੀ ਪੇਸ਼ਾ ਪਰਿਵਾਰ ਵਿਚ ਜੰਮੀ ਸੀ। ਜਿਵੇਂ ਇੰਦਰ ਬਾਣੀਏ ਤੇ ਬੇਗੋ ਨਾਰ ਦਾ




ਖੋਲਾ ਬਣੇ ਉਸ ਕੁਆਟਰ 'ਚ ਖੜ੍ਹੇ ਪ੍ਰਿੰਸੀਪਲ ਸਰਵਣ ਸਿੰਘ, ਜਿਥੇ ਬਲਵੰਤ ਗਾਰਗੀ ਦਾ ਜਨਮ ਹੋਇਆ ਸੀ



ਬਲਵੰਤ ਗਾਰਗੀ ਦੇ ਘਰ ਦੇ ਵਿਹੜੇ 'ਚ (ਖੱਬਿਓਂ) ਨਵਦੀਪ ਗਿੱਲ, ਪ੍ਰਿੰਸੀਪਲ ਸਰਵਣ ਸਿੰਘ ਤੇ ਨਿੰਦਰ ਘੁਗਿਆਣਵੀ

ਮੇਲ ਲਾਹੌਰ ਵਿਚ ਹੋਇਆ ਸੀ, ਉਵੇਂ ਬਲਵੰਤ ਬਾਣੀਏ ਤੇ ਜੀਨੀ ਨਾਰ ਦਾ ਮੇਲ ਸਿਆਟਲ ਵਿਚ ਹੋਇਆ। ਇੰਦਰ ਤੇ ਬੇਗੋ ਇਸ਼ਕ ਦੇ ਪੱਟੇ ਰਾਵੀ ਵਿਚ ਛਾਲਾਂ ਮਾਰ ਕੇ ਆਸ਼ਕਾਂ-ਮਾਸ਼ੂਕਾਂ 'ਚ ਨਾਂ ਲਿਖਾ ਗਏ। ਕਿੱਸਾਕਾਰਾਂ ਨੇ ਬੇਗੋ ਨਾਰ ਤੇ ਇੰਦਰ ਬਾਣੀਏ ਦੇ ਕਿੱਸੇ ਲਿਖੇ। ਬਲਵੰਤ ਤੇ ਜੀਨੀ ਇਸ਼ਕ ਵਿਚ ਪੱਟੇ ਤਾਂ ਗਏ, ਪਰ ਆਸ਼ਕਾਂ-ਮਾਸ਼ੂਕਾਂ 'ਚ ਨਾਂ ਨਹੀਂ ਲਿਖਾ ਸਕੇ। ਜੀਨੀ ਨਾਰ ਤੇ ਬਲਵੰਤ ਨਾਟਕਕਾਰ ਦਾ ਕਿੱਸਾ ਗਾਰਗੀ ਨੂੰ ਸਵੈ-ਜੀਵਨੀ ਨਾਵਲ 'ਨੰਗੀ ਧੁੱਪ' ਦੇ ਰੂਪ ਵਿਚ ਆਪ ਲਿਖਣਾ ਪਿਆ। ਗਾਰਗੀ ਹਰ ਗੱਲ ਨਾਟਕੀ ਅੰਦਾਜ਼ ਵਿਚ ਕਰਦਾ ਸੀ, ਇਸ਼ਕ ਵੀ ਤੇ ਤੋੜ ਵਿਛੋੜਾ ਵੀ।

ਸਿਆਟਲ ਵਿਚ ਜੀਨੀ ਨਾਲ ਮੇਲ ਹੋਣ ਸਮੇਂ ਗਾਰਗੀ ਪੰਜਾਹ ਸਾਲਾਂ ਦਾ ਸੀ, ਜੀਨੀ ਹੈਨਰੀ ਅਠਾਈ ਸਾਲਾਂ ਦੀ। ਕੁਦਰਤ ਦਾ ਕ੍ਰਿਸ਼ਮਾ ਵੇਖੋ, ਇਕ ਪਾਸੇ ਛਮਕ ਜਿਹੀ ਮੁਟਿਆਰ ਜੀਨੀ, ਦੂਜੇ ਪਾਸੇ ਉਮਰੋਂ ਢਲਿਆ ਢਿੱਡਲ ਗਾਰਗੀ। ਕੱਦ ਕਾਠ ਤੇ ਸ਼ਕਲੋਂ ਸੂਰਤੋਂ ਉਨ੍ਹਾਂ ਦਾ ਕੋਈ ਮੇਲ ਨਹੀਂ ਸੀ। ਗਾਰਗੀ ਦਾ ਕੱਦ ਸਵਾ ਪੰਜ ਫੁੱਟ ਸੀ, ਜੀਨੀ ਦਾ ਪੌਣੇ ਛੇ ਫੁੱਟ। ਗਾਰਗੀ ਸਾਂਵਲਾ ਸੀ, ਜੀਨੀ ਗੋਰੀ ਨਿਛੋਹ। ਗਾਰਗੀ ਦੇ ਨੈਣ-ਨਕਸ਼ ਮੋਟੇ-ਠੁੱਲ੍ਹੇ ਸਨ, ਜੀਨੀ ਦੇ ਤਿੱਖੇ-ਤਰਾਸ਼ਵੇਂ। ਕਹਿੰਦੇ ਹਨ, ਇਸ਼ਕ ਅੰਨ੍ਹਾ ਹੁੰਦਾ। ਅੰਨ੍ਹੇ ਇਸ਼ਕ ਵਿਚ ਉਨ੍ਹਾਂ ਨੇ ਸਿਆਟਲ 'ਚ ਵਿਆਹ ਕਰਵਾ ਲਿਆ। ਕੁਝ ਸਾਲਾਂ ਪਿਛੋਂ ਵਿਆਹ ਟੁੱਟਿਆ ਤਾਂ ਗਾਰਗੀ



*ਬਲਵੰਤ ਗਾਰਗੀ*

ਨੇ ਲਿਖਿਆ, "ਜਦੋਂ ਮੈਂ ਜੀਨੀ ਨੂੰ ਸਿਆਟਲ ਵਿਚ ਮਿਲਿਆ, ਉਸ ਵੇਲੇ ਮੇਰੇ ਤਿੰਨ ਇਸ਼ਕ ਚੱਲ ਰਹੇ ਸਨ। ਤਿੰਨੇ ਕੁੜੀਆਂ ਪਿਆਰ ਵਿਚ ਡੁੱਬੀਆਂ ਹੋਈਆਂ ਸਨ। ਤਿੰਨੇ ਵਫਾਦਾਰ, ਤਿੰਨੇ ਵੇਗ-ਮੱਤੀਆਂ, ਤਿੰਨੇ ਕੌਲ-ਕਰਾਰ ਦੀਆਂ ਪੂਰੀਆਂ। ਮੈਂ ਪ੍ਰੇਸ਼ਾਨ ਸਾਂ ਕਿ ਕਿਸ ਨਾਲ ਵਿਆਹ ਕਰਾਂ? ਕਿਸ ਨੂੰ ਲਾਰਾ ਲਾਵਾਂ? ਕਿਸ ਨੂੰ ਧੋਖਾ ਦੇਵਾਂ?"

ਗਾਰਗੀ ਨੇ ਜੀਨੀ ਦਾ ਹੁਸਨ ਇੰਜ ਬਿਆਨ ਕੀਤਾ, "ਉਸ ਦਾ ਹੁਸਨ ਇਸ ਤਰ੍ਹਾਂ ਸੀ, ਜਿਵੇਂ ਜਾਲੀਦਾਰ ਪਰਦੇ ਵਿਚੋਂ ਡੁੱਬਦੇ ਸੂਰਜ ਦੀ ਰੌਸ਼ਨੀ ਛਣ ਰਹੀ ਹੋਵੇ। ਲੰਮੀ, ਹੁਸੀਨ ਨਕਸ਼ਾਂ ਵਾਲੀ ਜੀਨੀ ਦੀਆਂ ਨੀਲੀਆਂ ਅੱਖਾਂ ਵਿਚ ਚਮਕ ਸੀ ਤੇ ਉਸ ਦੀਆਂ ਭਵਾਂ ਤੇ ਝਿੰਮਣੀਆਂ ਕੱਕੀਆਂ ਤੇ ਰੇਸ਼ਮੀ ਸਨ। ਉਸ ਦੇ ਸੁਨਹਿਰੇ ਲੰਮੇ ਵਾਲ ਆਬਸ਼ਾਰ ਵਾਂਗ ਡਿੱਗਦੇ ਸਨ। ਉਹ ਰਾਤ ਨੂੰ ਸੌਣ ਤੋਂ ਪਹਿਲਾਂ ਸੌ ਵਾਰ ਵਾਲਾਂ ਨੂੰ ਬੁਰਸ਼ ਨਾਲ ਵਾਹੁੰਦੀ, ਜਿਸ ਕਰਕੇ ਵਾਲਾਂ 'ਚੋਂ ਸੁਨਹਿਰੀ ਭਾਹ ਮਾਰਦੀ। ਉਸ ਦਾ ਚਿਹਰਾ ਨਰਮ ਸੀ ਤੇ ਇਸ ਵਿਚ ਅੱਲ੍ਹੜ ਕੰਬਣੀ ਸੀ-ਬਦਲੋਟੀ ਨੂੰ ਜਿਵੇਂ ਕੁਝ ਕਿਰਨਾਂ ਛੋਹ ਗਈਆਂ ਹੋਣ। ਉਸ ਦੀ ਮੁਸਕਰਾਹਟ ਜਿਵੇਂ ਧੁੱਪ ਵਿਚ ਦੁੱਧ ਡੁੱਲ੍ਹਿਆ ਹੋਵੇ...।"

ਕਈ ਪੁੱਛਦੇ ਹਨ, ਬਈ ਬਲਵੰਤ ਗਾਰਗੀ ਕੋਲ ਐਸੀ ਕਿਹੜੀ ਗਿੱਦੜਸਿੰਗੀ ਸੀ, ਜਿਸ ਨਾਲ ਅਮਰੀਕਾ ਦੀ ਲੰਮੀ ਲੰਝੀ ਮੁਟਿਆਰ ਬੁਢਾਪੇ ਵੱਲ ਵਧ ਰਹੇ ਉਸ ਦੇ ਲੜ ਲੱਗ ਗਈ? ਉਹ ਗਿੱਦੜਸਿੰਗੀ ਸੀ, ਉਸ ਦਾ ਵਾਸ਼ਿੰਗਟਨ ਯੂਨੀਵਰਸਿਟੀ, ਸਿਆਟਲ ਵਿਚ ਡਰਾਮੇ ਦਾ ਪ੍ਰੋਫੈਸਰ ਹੋਣਾ। ਉਹ ਨਾਟਕਕਾਰ ਹੋਣ ਦੇ ਨਾਲ ਨਾਲ ਤਕੜਾ ਡਰਾਮੇਬਾਜ਼ ਵੀ ਸੀ। ਡਰਾਮੇਬਾਜ਼ ਕੀ, ਉਹ ਸੀ ਹੀ ਡਰਾਮਾ! ਉਹ ਸੁਰਮਾ ਪਾਉਣਾ ਵੀ ਜਾਣਦਾ ਸੀ ਤੇ ਮਟਕਾਉਣਾ ਵੀ। ਉਹ ਕਿਸੇ ਨੂੰ ਵਡਿਆਉਂਦਾ ਹੋਇਆ ਭੰਡੀ ਵੀ ਜਾਂਦਾ ਸੀ ਤੇ ਢਕਿਆ ਆਪਣੇ ਆਪ ਨੂੰ ਵੀ ਨਹੀਂ ਸੀ ਰਹਿਣ ਦਿੰਦਾ। ਉਸ ਨੇ ਆਪਣੇ ਬਾਰੇ ਲਿਖਿਆ, "ਮੈਂ ਗਾਰਗੀ ਨੂੰ ਬਹੁਤ ਨੇੜਿਓਂ ਜਾਣਦਾਂ। ਉਸ ਦੀਆਂ ਲਿਖਤਾਂ, ਉਸ ਦੇ ਝੂਠੇ ਵਾਅਦਿਆਂ ਤੇ ਉਸ ਦੀਆਂ ਕਮਜ਼ੋਰੀਆਂ ਨੂੰ ਖੁਰਦਬੀਨ ਨਾਲ ਤੱਕਿਆ ਹੈ। ਉਹ ਬਹੁਤ ਸਾਰੇ ਭੁਲੇਖਿਆਂ ਦਾ ਮਰਕਜ਼ ਹੈ। ਉਸ ਦੇ ਨਾਂ ਨੂੰ ਹੀ ਲਓ, ਗਾਰਗੀ! ਕਿੰਨਾ ਬੋਗਸ ਨਾਂ ਹੈ? ਕਿਸੇ ਕੁੜੀ ਦੀ ਨਕਲ ਜਾਪਦਾ ਹੈ।"

ਗਾਰਗੀ ਦਾ ਕੁਆਰਾ ਨਾਵਲ 'ਕੱਕਾ ਰੱਤਾ' ਤੇ ਨਾਟਕ 'ਲੋਹਾ ਕੁੱਟ' 1944 'ਚ ਪ੍ਰਕਾਸ਼ਿਤ ਹੋਏ। 'ਨੰਗੀ ਧੁੱਪ' 1980, 'ਕਾਸ਼ਨੀ ਵਿਹੜਾ' 1993 ਤੇ 'ਜੂਠੀ ਰੋਟੀ' 1997 ਵਿਚ ਛਪੇ। ਉਸ ਨੇ 1944 ਤੋਂ 1990 ਤਕ 13 ਨਾਟਕ ਅਤੇ 1951 ਤੋਂ 1982 ਤਕ 6 ਇਕਾਂਗੀ ਸੰਗ੍ਰਿਹ ਰਚੇ। 'ਅਭਿਸਾਰਿਕਾ' 1990 ਤੇ ਟੀ. ਵੀ. ਨਾਟਕ 'ਐਕਟਰੈਸ' 1991 'ਚ ਲਿਖੇ। ਰੇਖਾ ਚਿੱਤਰਾਂ ਦੀਆਂ ਪੰਜ ਪੁਸਤਕਾਂ- 'ਨਿੰਮ ਦੇ ਪੱਤੇ' 1961, 'ਸੁਰਮੇ ਵਾਲੀ ਅੱਖ' 1964, 'ਕੌਡੀਆਂ ਵਾਲਾ ਸੱਪ' 1980, 'ਹੁਸੀਨ ਚਿਹਰੇ' 1985 ਤੇ 'ਸ਼ਰਬਤ ਦੀਆਂ ਘੁੱਟਾਂ' 1990 ਵਿਚ ਛਪੀਆਂ। ਅਮਰੀਕਾ ਦਾ ਸਫਰਨਾਮਾ 'ਪਤਾਲ ਦੀ ਧਰਤੀ' ਤੇ ਕਹਾਣੀ ਸੰਗ੍ਰਿਹ 'ਡੁੱਲ੍ਹੇ ਬੇਰ' 1958 ਅਤੇ 'ਕਾਲਾ ਅੰਬ' ਤੇ 'ਮਿਰਚਾਂ ਵਾਲਾ ਸਾਧ' 1983 ਵਿਚ ਪ੍ਰਕਾਸ਼ਿਤ ਹੋਏ। ਖੋਜ ਪੁਸਤਕਾਂ- 'ਰੰਗ ਮੰਚ' 1962 ਤੇ 'ਲੋਕ ਨਾਟਕ' 1966 ਵਿਚ ਛਪੀਆਂ। ਉਸ ਦੇ ਨਾਟਕਾਂ ਦੇ ਨਾਂ ਹਨ-ਲੋਹਾ ਕੁੱਟ, ਧੂਣੀ ਦੀ ਅੱਗ, ਸੁਲਤਾਨ ਰਜ਼ੀਆ, ਕਣਕ ਦੀ ਬੱਲੀ, ਸੌਂਕਣ, ਮਿਰਜ਼ਾ ਸਾਹਿਬਾਂ, ਸੋਹਣੀ ਮਹੀਂਵਾਲ, ਗਗਨ ਮੈ ਥਾਲੁ, ਐਕਟਰੈਸ, ਬਲਦੇ ਟਿੱਬੇ ਤੇ ਅਭਿਸਾਰਿਕਾ। ਇਕਾਂਗੀ ਸੰਗ੍ਰਹਿ ਹਨ-ਕੁਆਰੀ ਟੀਸੀ, ਪੱਤਣ ਦੀ ਬੇੜੀ, ਪੈਂਤੜੇਬਾਜ਼, ਦੋ ਪਾਸੇ, ਚਾਕੂ ਤੇ ਐਕਟਰੈਸ। 'ਬਲਵੰਤ ਗਾਰਗੀ ਦੇ ਨਾਟਕ', 'ਬਲਵੰਤ ਗਾਰਗੀ ਦੇ ਇਕਾਂਗੀ ਨਾਟਕ' ਤੇ 'ਬਲਵੰਤ ਗਾਰਗੀ ਦੀਆਂ ਕਹਾਣੀਆਂ' ਦੇ ਸੰਗ੍ਰਿਹ ਵੀ ਮਿਲਦੇ ਹਨ।

ਉਸ ਨੇ ਸਾਰੀ ਉਮਰ ਡਰਾਮੇ ਕੀਤੇ ਤੇ ਡਰਾਮਿਆਂ ਦੀ ਖੱਟੀ ਖਾਧੀ। ਡਰਾਮਿਆਂ ਦੇ ਸਿਰ 'ਤੇ ਕਰਜ਼ਨ ਰੋਡ, ਦਿੱਲੀ ਦੀ 'ਕੋਠੀ' 'ਤੇ ਕਬਜ਼ਾ ਜਮਾਈ ਰੱਖਿਆ; ਸੋਹਣੀਆਂ ਕੁੜੀਆਂ ਦੀ ਸੰਗਤ ਕੀਤੀ, ਡਰਾਮਿਆਂ ਦੇ ਦੇਸੀ ਤੇ ਵਿਦੇਸ਼ੀ ਸ਼ੋਅ ਕੀਤੇ; ਦੁਨੀਆਂ ਭਰ ਦੀਆਂ ਸੈਰਾਂ ਕੀਤੀਆਂ, ਯੂਨੀਵਰਸਿਟੀਆਂ ਦਾ ਵਿਜ਼ਟਿੰਗ ਪ੍ਰੋਫੈਸਰ ਰਿਹਾ, ਅਕਾਦਮੀਆਂ ਦੇ ਅਵਾਰਡ ਲਏ; ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਥੀਏਟਰ ਵਿਭਾਗ ਦਾ ਮੋਢੀ ਪ੍ਰੋਫੈਸਰ ਬਣਿਆ; ਫਿਲਮੀ ਪਟਕਥਾਵਾਂ ਤੇ ਸੀਰੀਅਲਾਂ ਦਾ ਲੇਖਕ ਬਣ ਕੇ ਫਿਲਮਾਂ ਬਣਾਈਆਂ ਅਤੇ ਪੰਜਾਬੀ ਯੂਨੀਵਰਸਿਟੀ, ਪਟਿਆਲੇ 'ਚ ਪ੍ਰੋਫੈਸਰ ਆਫ ਐਮੀਨੈਂਸ ਦੀ ਪਦਵੀ ਹਾਸਲ ਕੀਤੀ। ਜੋ ਉਹਨੂੰ ਪੰਜਾਬੀ ਸਾਹਿਤ ਦਾ ਸਫਲ ਸੇਲਜ਼ਮੈਨ ਕਹਿੰਦੇ ਹਨ, ਉਹ ਵੀ ਸੱਚੇ ਹਨ, ਪਰ ਸੀ ਉਹ ਕਮਾਲ ਦਾ ਡਰਾਮੇਬਾਜ਼। ਡਰਾਮੇਬਾਜ਼ ਵੀ ਐਸਾ ਕਿ ਛੇਤੀ ਕੀਤਿਆਂ ਕਿਸੇ ਨੂੰ ਪਤਾ ਨਹੀਂ ਸੀ ਲੱਗਣ ਦਿੰਦਾ ਬਈ ਉਹ ਡਰਾਮੇਬਾਜ਼ੀ ਕਰ ਰਿਹੈ!

ਇਕ ਡਰਾਮਾ ਤਾਂ ਉਹ ਮੇਰੇ ਨਾਲ ਵੀ ਕਰਨ ਲੱਗਾ ਸੀ, ਪਰ ਮੈਂ ਉਹਦਾ ਪਾਤਰ ਨਾ ਬਣਿਆ। ਬਣ ਜਾਂਦਾ ਤਾਂ ਜਿਹੋ ਜਿਹੀ ਉਹਦੇ ਨਾਲ ਹੋਈ, ਉਹੋ ਜਿਹੀ ਮੇਰੇ ਨਾਲ ਹੋਣੀ ਸੀ। ਜਿਵੇਂ ਜੀਨੀ ਬਾਲ ਬੱਚਾ ਜੰਮ ਕੇ ਭੱਜ ਗਈ, ਭੱਜ ਮੇਰੇ ਵਾਲੀ ਨੇ ਵੀ ਜਾਣਾ ਸੀ। 1962 ਤੋਂ 1967 ਤਕ ਮੈਂ ਦਿੱਲੀ ਰਿਹਾ। ਗੱਲ 1963-64 ਦੀ ਹੈ। ਉਦੋਂ ਮੈਂ ਖਾਲਸਾ ਕਾਲਜ ਵਿਚ ਐਮ. ਏ. ਦਾ ਵਿਦਿਆਰਥੀ ਸਾਂ। ਗਾਰਗੀ ਦੀ ਖਸਤਾ ਕਰਾਰੀ ਸ਼ੈਲੀ ਦਾ ਕਾਇਲ ਹੋ ਚੁਕਾ ਸਾਂ। ਪੰਜਾਬੀ ਵਿਭਾਗ ਨੇ ਗਾਰਗੀ ਨੂੰ ਕਾਲਜ ਵਿਚ ਸੱਦਿਆ। ਉਥੇ ਮੈਂ ਉਸ ਨੂੰ ਪਹਿਲੀ ਵਾਰ ਮਿਲਿਆ। ਮੈਂ ਮਲਵਈ ਬੋਲਦਾ ਹੋਣ ਕਰਕੇ ਉਸ ਨੂੰ ਆਪਣੇ ਇਲਾਕੇ ਦਾ ਲੱਗਾ। ਫਿਰ ਉਹ ਸਿਆਟਲ ਦੀ ਯੂਨੀਵਰਸਿਟੀ 'ਚ ਵਿਜ਼ਿਟਿੰਗ ਪ੍ਰੋਫੈਸਰ ਜਾ ਲੱਗਾ।

1966 'ਚ ਗਾਰਗੀ ਨੇ ਸਿਆਟਲ ਤੋਂ ਮੁੜ ਕੇ ਆਪਣੇ ਵਿਆਹ ਦੀ ਖੁਸ਼ੀ ਸਾਂਝੀ ਕਰਨ ਲਈ ਕੁਝ ਲੇਖਕਾਂ ਨੂੰ ਹਰੀ ਸਿਆਹੀ ਨਾਲ ਲਿਖੇ ਸੱਦਾ ਪੱਤਰ ਭੇਜੇ। ਖਾਲਸਾ ਕਾਲਜ ਵਿਚ ਡਾ. ਹਰਿਭਜਨ ਸਿੰਘ ਦੇ ਨਾਲ ਮੈਨੂੰ ਵੀ ਸੱਦਾ ਆਇਆ। ਵਿਦਾ ਹੋਣ ਵੇਲੇ ਗਾਰਗੀ ਨੇ ਕਿਹਾ, "ਸਰਵਣ, ਤੂੰ ਮਲਵਈ ਐਂ, ਮਿਲਿਆ ਗਿਲਿਆ ਕਰ।"

ਅੰਨ੍ਹਾ ਕੀ ਭਾਲੇ ਦੋ ਅੱਖਾਂ! ਬਾਈ ਨੂੰ ਮਿਲਣ ਦੇ ਬਹਾਨੇ ਭਾਬੀ ਜੀਨੀ ਦੇ ਦਰਸ਼ਨ ਹੋਣ ਲੱਗੇ। ਭਾਬੀ ਕਦੇ ਕਦੇ ਉਦਾਸ ਦਿਸਦੀ। ਮੈਂ ਸੋਚਦਾ, ਇਨ੍ਹਾਂ ਦੀ ਉਮਰ ਹਾਣ ਪਰਵਾਣ ਦੀ ਨਹੀਂ, ਤਦੇ ਭਾਬੀ ਉਦਾਸ ਐ!

ਇਕ ਦਿਨ ਮੈਂ ਗਾਰਗੀ ਨੂੰ ਮਿਲਣ ਗਿਆ ਤਾਂ ਜੀਨੀ ਫਿਰ ਉਦਾਸ ਲੱਗੀ। ਨੀਲੀਆਂ ਅੱਖਾਂ, ਨਿੱਤਰੇ ਹੰਝੂ। ਗਾਰਗੀ ਨੇ ਦੱਸਿਆ ਕਿ ਇਹ ਪੇਕਿਆਂ ਨੂੰ ਓਦਰੀ ਹੋਈ ਐ। ਫਿਰ ਪਤਾ ਨਹੀਂ ਸੱਚੀਂ ਜਾਂ ਝੂਠੀਂ, ਕਹਿਣ ਲੱਗਾ, "ਆਖੇਂ ਤਾਂ ਤੈਨੂੰ ਸਾਲੀ ਦਾ ਸਾਕ ਲਿਆ ਦਿੰਨਾਂ। ਇਹ ਦੋ ਭੈਣਾਂ ਈ ਨੇ, ਭਰਾ ਕੋਈ ਨਹੀਂ। ਉਹਦਾ ਨਾਂ ਐ ਐਲਿਜ਼ਾਬੈਥ। ਜਮਾਂ ਇਹਦੇ ਵਰਗੀ। ਇਨ੍ਹਾਂ ਦੀ ਮਾਂ ਕਲਾਕਾਰ ਐ ਤੇ ਪਿਉ ਬੈਂਕ ਮੈਨੇਜਰ। ਤੂੰ ਹਾਂ ਕਰ। ਇਉਂ ਦੋਹਾਂ ਭੈਣਾਂ ਦਾ ਜੀਅ ਲੱਗਾ ਰਿਹਾ ਕਰੂ।"

ਗੱਲ ਉਹਦੀ ਮਲਵਈਆਂ ਵਾਲੀ ਸੀ। ਜੀਜੇ ਸਾਲੀਆਂ ਦੇ ਸਾਕ ਲਿਆਉਂਦੇ ਈ ਆਏ ਨੇ। ਮੇਰੇ ਲਈ ਇਹ ਪੇਸ਼ਕਸ਼ ਚਕਾਚੌਂਧ ਕਰਨ ਵਾਲੀ ਸੀ! ਮੈਂ ਨਾਢੂ ਖਾਂ ਗਾਰਗੀ ਦਾ ਸਾਂਢੂ ਬਣ ਸਕਦਾ ਸਾਂ, ਪਰ ਕਿਥੇ ਨਾਟਕਕਾਰ ਗਾਰਗੀ, ਕਿਥੇ ਮੇਰੇ ਵਰਗਾ ਜੱਟ ਬੂਟ? ਡਾ. ਹਰਿਭਜਨ ਸਿੰਘ ਤਾਂ ਮੈਨੂੰ ਬੁਲਾਉਂਦਾ ਹੀ 'ਜੱਟਾ' ਕਹਿ ਕੇ ਸੀ। ਗਾਰਗੀ ਦੀ ਗੱਲ ਮੈਨੂੰ ਮਖੌਲ ਲੱਗੀ। ਮੈਂ ਕਿਹਾ, "ਮੈਂ ਤਾਂ ਪਹਿਲਾਂ ਈ ਮੰਗਿਆ ਹੋਇਆਂ। ਉਨ੍ਹਾਂ ਨੂੰ ਕੀ ਜੁਆਬ ਦੇਊਂ? ਨਾਲੇ ਮੇਮ ਨਾਲ ਜੱਟਾਂ ਦੇ ਮੁੰਡੇ ਦੀ ਕਿਵੇਂ ਨਿਭੂ? ਉਹ ਤਾਂ ਮੈਨੂੰ ਅੱਧਵਿਚਾਲੇ ਈ ਛੱਡ ਕੇ ਭੱਜ-ਜੂ।"

ਗਾਰਗੀ ਮੁਸਕਰਾਇਆ, "ਨਹੀਂ ਭੱਜਦੀ। ਮੇਮਾਂ ਛੇਤੀ ਕੀਤੇ ਨ੍ਹੀਂ ਭੱਜਦੀਆਂ।"

ਮੈਂ ਮਚਲਾ ਬਣਦਿਆਂ ਕਿਹਾ, "ਮੈਨੂੰ ਥੋਡੇ ਵਾਂਗ ਇਸ਼ਕ ਕਰਨਾ ਨ੍ਹੀਂ ਆਉਂਦਾ। ਜਨਾਨੀ ਪੱਟਣੀ ਨ੍ਹੀਂ ਆਉਂਦੀ।"

ਗਾਰਗੀ ਕਹਿੰਦਾ, "ਜਦੋਂ ਵਿਆਹ ਹੋ ਗਿਆ, ਆਪੇ ਆ ਜੂ ਸਾਰਾ ਕੁਝ। ਤੂੰ ਹਾਂ ਕਰ।"

ਮੈਂ ਹਾਂ ਨਾ ਕੀਤੀ ਤੇ ਗਾਰਗੀ ਦਾ ਡਰਾਮਾ ਬਣਨੋਂ ਬਚ ਗਿਆ; ਪਰ ਗਾਰਗੀ ਆਪ ਨਾ ਬਚ ਸਕਿਆ। ਉਹ ਆਪਣੇ ਡਰਾਮੇ ਦਾ ਆਪ ਹੀ ਸ਼ਿਕਾਰ ਹੋ ਗਿਆ। ਜੀਨੀ ਦੋ ਬੱਚੇ ਜੰਮ ਕੇ ਅਮਰੀਕਾ ਭੱਜ ਗਈ।

ਮੈਂ ਤੇ ਮੇਰੀ ਪਤਨੀ 1990 'ਚ ਅਮਰੀਕਾ/ਕੈਨੇਡਾ ਦੀ ਸੈਰ 'ਤੇ ਗਏ। ਬੇਕਰਜ਼ਫੀਲਡ ਤੋਂ ਵੈਨਕੂਵਰ ਨੂੰ ਜਾਂਦਿਆਂ ਜਦੋਂ ਅਸੀਂ ਸਿਆਟਲ ਵਿਚ ਦੀ ਲੰਘੇ ਤਾਂ ਮੈਂ ਪਤਨੀ ਨੂੰ ਕਿਹਾ, "ਜੇ ਮੈਂ ਗਾਰਗੀ ਦੀ ਗੱਲ ਮੰਨ ਲੈਂਦਾ ਤਾਂ ਆਹ ਮੇਰੇ ਸਹੁਰਿਆਂ ਦਾ ਸ਼ਹਿਰ ਹੋਣਾ ਸੀ ਤੇ ਤੂੰ ਭਾਗਵਾਨੇ ਪਤਾ ਨਹੀਂ ਕਿਹੜੇ ਘਰ ਨੂੰ ਭਾਗ ਲਾਉਣੇ ਸੀ?"

ਅਸੀਂ ਇਕ ਦੂਜੇ ਨੂੰ ਛੇੜਦੇ ਹੱਸਦੇ ਰਹੇ ਤੇ ਬਲਵੰਤ ਗਾਰਗੀ ਦੀਆਂ ਗੱਲਾਂ ਕਰਦੇ ਰਹੇ। ਉਸ ਸਫਰ ਦਾ ਪੂਰਾ ਹਾਲ ਮੈਂ ਆਪਣੇ ਸਫਰਨਾਮੇ 'ਅੱਖੀਂ ਵੇਖ ਨਾ ਰੱਜੀਆਂ' ਵਿਚ ਲਿਖਿਆ।

ਜਦੋਂ ਮੈਂ ਸਿਆਟਲ ਜਾਨਾਂ ਤਾਂ ਮੈਨੂੰ ਹਰ ਵਾਰ ਬਲਵੰਤ ਗਾਰਗੀ ਯਾਦ ਆ ਜਾਂਦੈ। ਸਿਆਟਲ ਜਾ ਕੇ ਜੀਨੀ ਵੀ ਯਾਦ ਆ ਜਾਂਦੀ ਹੈ ਤੇ ਉਹਦੀ ਭੈਣ ਐਲਿਜ਼ਾਬੈਥ ਹੈਨਰੀ ਵੀ। ਜਿਥੇ ਮੈਂ ਗਾਰਗੀ ਦਾ ਡਰਾਮਾ ਬਣਨੋਂ ਬਚ ਗਿਆ, ਉਥੇ ਐਲਿਜ਼ਾਬੈਥ ਹੈਨਰੀ ਵੀ ਐਲਿਜ਼ਾਬੈਥ ਸੰਧੂ ਬਣਨੋਂ ਬਚ ਗਈ!

# ਚਲੋ ਪਿੰਡ ਚੱਲੀਏ

ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353

ਵਿਦੇਸ਼ ਵਸਦੇ ਹਰ ਕਿਸੇ ਦੇ ਮਨ ਵਿਚ ਹਰ ਵਕਤ ਆਪਣੇ ਪਿੰਡ ਪਰਤਣ ਦੀ ਹੂਕ ਲੱਗੀ ਰਹਿੰਦੀ ਹੈ। ਉਨ੍ਹਾਂ ਲਈ ਆਪਣਾ ਪਿੰਡ ਹੀ ਦੇਸ ਹੈ ਤੇ ਦੇਸ ਹੀ ਪਿੰਡ ਬਣ ਜਾਂਦਾ ਹੈ। ਕੋਈ ਵੇਲਾ ਸੀ, ਕਈ ਲੋਕ ਕਦੇ ਆਪਣੇ ਪਿੰਡ ਤੋਂ ਜ਼ਿੰਦਗੀ ਭਰ ਬਾਹਰ ਨਹੀਂ ਸੀ ਨਿਕਲੇ। ਕੰਮ ਕਾਰ ਦੀ ਤਲਾਸ਼ ਵਿਚ ਪਰਵਾਸ ਮਨੁੱਖ ਦੀ ਮਜਬੂਰੀ ਕਰਕੇ ਵੀ ਹੈ ਤੇ ਹੋਰ ਅੱਗੇ ਵਧਣ ਦੀ ਲਾਲਸਾ ਕਰਕੇ ਵੀ। ਮਨੁੱਖ ਦੀ ਸ਼ਖਸੀਅਤ ਉਮਰ ਦੇ ਅਰੰਭਲੇ ਦੌਰ ਵਿਚ ਹੀ ਉਘੜਦੀ ਹੈ ਤੇ ਇਹ ਅਹਿਮ ਸਮਾਂ ਮਨੁੱਖ ਨੇ ਆਪਣੇ ਨਗਰ ਖੇੜੇ ਵਿਚ ਹੀ ਬਿਤਾਇਆ ਹੁੰਦਾ ਹੈ। ਇਸ ਲਈ ਬਾਹਰ ਜਾ ਵਸਣ ਨਾਲ ਵੀ ਮਨੁੱਖ ਦਾ ਇਹ ਬਣ ਚੁਕਾ ਆਪਾ ਉਸ ਵਿਚੋਂ ਖਾਰਜ ਨਹੀਂ ਹੋ ਸਕਦਾ, ਜਾਣੋ ਮਨੁੱਖ ਦਾ ਸਿਰ ਨਹੀਂ ਵੱਢਿਆ ਜਾ ਸਕਦਾ; ਪਰ ਇਹ ਵੀ ਸੱਚਾਈ ਹੈ ਕਿ ਚਿਰਾਂ ਪਿਛੋਂ ਪਿੰਡ ਪਰਤ ਜਾਣ ਪਿਛੋਂ ਅਹਿਸਾਸ ਹੁੰਦਾ ਹੈ ਕਿ ਪਿੰਡ ਤਾਂ ਉਹ ਰਿਹਾ ਹੀ ਨਹੀਂ, ਨਾ ਪਿੰਡ ਦੇ ਲੋਕ, ਨਾ ਪਿੰਡ ਦਾ ਨਕਸ਼ਾ ਉਹ। ਓਪਰੇ ਬਣ ਗਏ ਉਨ੍ਹਾਂ ਦੇ ਆਪਣੇ ਪਿੰਡ ਨਾਲ ਅਜਿਹਾ ਤਕਰਾਰ ਵੱਡੇ ਸਦਮੇ ਦਾ ਕਾਰਨ ਬਣਦਾ ਹੈ। ਵਿਦੇਸ਼ੀਂ ਵਸਦੇ ਪੰਜਾਬੀ ਸਾਹਿਤਕਾਰਾਂ ਨੇ ਪਿੰਡ ਦੇ ਹੇਰਵੇ ਬਾਰੇ ਕਈ ਰਚਨਾਵਾਂ ਰਚੀਆਂ ਹਨ। ਮੈਂ ਇਥੇ ਹੱਸਾਸ ਕਵੀ ਸਾਥੀ ਲੁਧਿਆਣਵੀ ਦੀਆਂ ਚੰਦ ਸਤਰਾਂ ਪੇਸ਼ ਕਰਦਾ ਹਾਂ,

ਪਰਤ ਕੇ ਜਾਵੋਗੇ ਕਿੱਥੇ
ਉਸ ਜਗ੍ਹਾ ਤਾਂ ਘਰ ਨਹੀਂ।
ਛੱਤ ਨਹੀਂ, ਬਾਰੀ ਨਹੀਂ
ਸਜਦਾ ਕਰਨ ਲਈ ਦਰ ਨਹੀਂ।
ਕਿਸ ਤਰ੍ਹਾਂ ਬੈਠੋਗੇ ਜਾ ਕੇ
ਹੁਣ ਬੇਗਾਨੀ ਸ਼ਾਖ 'ਤੇ,
ਉਡਣ ਦੀ ਤਾਂਘ ਨਹੀਂ
ਮਜ਼ਬੂਤ ਵੀ ਹੁਣ ਪਰ ਨਹੀਂ।

ਕਈ ਗੀਤਾਂ ਤੇ ਫਿਲਮਾਂ ਵਿਚ ਪਿੰਡ ਦਾ ਚੋਖਾ ਭਾਵੁਕ ਜ਼ਿਕਰ ਹੈ। ਕੁਝ ਲੋਕਾਂ ਨੇ ਤਾਂ ਇਸ ਸ਼ਬਦ ਨਾਲ ਕਈ ਰੈਸਤੋਰਾਂ ਤੇ ਸੰਸਥਾਵਾਂ ਦੇ ਨਾਂ ਰੱਖੇ ਹੋਏ ਹਨ। ਇਥੋਂ ਤੱਕ ਕਿ ਆਪੋ ਆਪਣੇ ਪਿੰਡ ਦੇ ਨਾਂ 'ਤੇ ਵਿਦੇਸ਼ ਜਾ ਕੇ ਪਿੰਡ ਵਸਾ ਲਏ ਹਨ।

ਪਿੰਡ ਪਰਤਣਾ ਰਲੀ-ਮਿਲੀ ਖੁਸ਼ੀ ਤੇ ਗਮੀ ਦਾ ਅਹਿਸਾਸ ਦਿੰਦਾ ਹੈ, ਪਰ ਆਪਾਂ ਸ਼ਬਦ 'ਪਿੰਡ' ਵੱਲ ਪਰਤਣਾ ਹੈ, ਪਿੰਡ ਨੂੰ ਪਰਤਾਉਣਾ ਹੈ। ਮੈਨੂੰ ਇਹ ਜਾਣ ਕੇ ਹੈਰਾਨੀ ਹੋਈ ਕਿ ਪੰਜਾਬੀਆਂ ਲਈ ਏਨਾ ਪਿਆਰਾ ਇਹ ਸ਼ਬਦ ਗੁਰੂ ਗ੍ਰੰਥ ਸਾਹਿਬ ਵਿਚ ਮਿਲਦਾ ਤਾਂ ਜ਼ਰੂਰ ਹੈ, ਪਰ ਗ੍ਰਾਮ ਦੇ ਅਰਥਾਂ 'ਚ ਇੱਕ ਵਾਰੀ ਵੀ ਨਹੀਂ। ਅਗਲੀ ਗੱਲ ਇਹ ਕਿ ਪੰਜਾਬੀ ਤੋਂ ਬਿਨਾ ਕਿਸੇ ਹੋਰ ਭਾਰਤੀ ਭਾਸ਼ਾ ਵਿਚ ਗ੍ਰਾਮ ਦੇ ਅਰਥਾਂ ਵਿਚ ਪਿੰਡ ਸ਼ਬਦ ਨਹੀਂ ਚਲਦਾ। ਸ਼ਾਇਦ ਪੰਜਾਬ ਦੇ ਨਾਲ ਲਗਦੇ ਹੋਰ ਸੂਬਿਆਂ ਦੇ ਕੁਝ ਗੁਆਂਢੀ ਇਲਾਕਿਆਂ ਵਿਚ ਪਿੰਡ ਸ਼ਬਦ ਵਰਤਿਆ ਜਾਂਦਾ ਹੋਵੇ।

ਪੰਜਾਬ ਦੇ ਕੁਝ ਪਿੰਡਾਂ ਦੇ ਨਾਂਵਾਂ ਵਿਚ 'ਪਿੰਡ' ਸ਼ਬਦ ਆਉਂਦਾ ਹੈ, ਜਿਵੇਂ ਬੜਾ ਪਿੰਡ, ਧਨੀ ਪਿੰਡ, ਉਚਾ ਪਿੰਡ, ਪਿੰਡ ਕਲਾਂ, ਨਵਾਂ ਪਿੰਡ, ਲੰਮਾ ਪਿੰਡ, ਲੰਬਾ ਪਿੰਡ, ਕੁੱਕੜ ਪਿੰਡ, ਪਿੰਡ ਦੇ ਦਸ ਕਾ ਕੋਟ, ਪਿੰਡ ਦਾਦੂਦ ਖਾਂ ਆਦਿ। ਵਾਰਿਸ ਸ਼ਾਹ ਨੇ ਆਪਣੀ ਹੀਰ ਵਿਚ ਦਰਜਨਾਂ ਵਾਰੀ ਪਿੰਡ ਸ਼ਬਦ ਵਰਤਿਆ ਹੈ,

ਮੌਜੂ ਚੌਧਰੀ ਪਿੰਡ ਦੀ ਪਾਂਧ ਵਾਲਾ
ਚੰਗਾ ਭਾਈਆਂ ਦਾ ਸਰਦਾਰ ਆਹਾ।
ਅੱਠ ਪੁੱਤਰ ਦੋ ਬੇਟੀਆਂ ਤਿਸ ਦੀਆਂ ਸਨ
ਵੱਡ-ਟੱਬਰਾ ਤੇ ਸ਼ਾਹੂਕਾਰ ਆਹਾ।

ਪਿੰਡ ਸ਼ਬਦ ਵਾਲੇ ਮੁਹਾਵਰਿਆਂ, ਅਖੌਤਾਂ ਦਾ ਵੀ ਕੋਈ ਅੰਤ ਨਹੀਂ। ਕੁਝ ਗਿਣ ਲਈਏ: ਪਿੰਡ ਨੂੰ ਅੱਗ ਲੱਗੀ, ਕੁੱਤਾ ਰੂੜੀ 'ਤੇ; ਪਾਣੀ ਟਿੰਡ ਦਾ ਤੇ ਮੁੰਡਾ ਪਿੰਡ ਦਾ; ਪਿੰਡ ਬੱਝਾ ਨਹੀਂ ਤੇ



ਉਚੱਕੇ ਪਹਿਲਾਂ; ਪਿੰਡਾ ਵੇ ਅਗਾਂਹ, ਪੁੱਤਾ ਵੇ ਪਿਛਾਂਹ; ਪਿੰਡੀਂ ਵਸਣ ਭੂਤਨੇ, ਸ਼ਹਿਰੀਂ ਵਸਣ ਮਨੁੱਖ। ਜ਼ਿਕਰਯੋਗ ਹੈ ਕਿ ਗੁਰਬਾਣੀ ਵਿਚ ਪਿੰਡ ਸ਼ਬਦ ਸਰੀਰ ਦੇ ਅਰਥਾਂ ਵਿਚ ਆਇਆ ਹੈ, ਜਦ ਕਿ ਅੱਜ ਕਲ੍ਹ ਪਿੰਡ ਸ਼ਬਦ ਸਰੀਰ ਦੇ ਅਰਥਾਂ 'ਚ ਨਹੀਂ ਮਿਲਦਾ, ਇਸ ਦੀ ਥਾਂ 'ਪਿੰਡਾ' ਚਲਦਾ ਹੈ।

ਪੰਜਾਬੀ ਵਿਚ ਗ੍ਰਾਮ ਤੋਂ ਬਿਨਾ ਪਿੰਡ ਸ਼ਬਦ ਕੁਝ ਹੋਰ ਅਰਥਾਂ ਵਿਚ ਵੀ ਵਰਤਿਆ ਜਾਂਦਾ ਹੈ। ਆਟੇ, ਚੌਲ ਜਾਂ ਕਿਸੇ ਹੋਰ ਅੰਨ ਨੂੰ ਇਕੱਠਾ ਕਰਕੇ ਬਣਾਏ ਗੋਲੇ ਨੂੰ ਪਿੰਡ ਕਿਹਾ ਜਾਂਦਾ ਹੈ, ਜੋ ਸਰਾਧਾਂ ਦੇ ਦਿਨਾਂ ਵਿਚ ਪਿੱਤਰਾਂ ਨਮਿਤ ਅਰਪੇ ਜਾਂਦੇ ਹਨ, 'ਓਨਾ ਪਿੰਡੁ ਨ ਪਤਲਿ ਕਿਰਿਆ ਨ ਦੀਵਾ ਮੁਏ ਕਿਥਾਊ ਪਾਹੀ॥'; 'ਇਕ ਲੋਕੀ ਹੋਰੁ ਛਮਿਛਰੀ ਬ੍ਰਾਹਮਣੁ ਵਟਿ ਪਿੰਡੁ ਖਾਇ॥' (ਗੁਰੂ ਨਾਨਕ ਦੇਵ)। ਐਪਰ ਗੁਰੂ ਗ੍ਰੰਥ ਸਾਹਿਬ ਵਿਚ ਪਿੰਡ ਸ਼ਬਦ ਪਿੰਡਾ, ਸਰੀਰ ਦੇ ਅਰਥਾਂ ਵਿਚ ਹੀ ਵਰਤਿਆ ਮਿਲਦਾ ਹੈ, ਜੋ ਕਿ 'ਜੀਉ ਪਿੰਡ' (ਆਤਮਾ ਤੇ ਸਰੀਰ) ਦੇ ਸ਼ਬਦ ਜੁੱਟ ਵਿਚ ਅਕਸਰ ਹੀ ਆਇਆ ਹੈ, 'ਨਾਨਕ ਨਾਮਿ ਸੰਤੋਖੀਆ ਜੀਉ ਪਿੰਡੁ ਪ੍ਰਭ ਪਾਸਿ॥' ਤੇ 'ਮਿਲਿ ਮਾਤਾ ਪਿਤਾ ਪਿੰਡ ਕਮਾਇਆ॥' (ਗੁਰੂ ਨਾਨਕ ਦੇਵ)। ਗੁਰੂ ਅਰਜਨ ਦੇਵ ਦੀ ਸਤਰ 'ਹਉ ਹੋਆ ਮਾਹਰੁ ਪਿੰਡ ਦਾ' ਵਿਚ ਆਏ ਪਿੰਡ ਸ਼ਬਦ ਨੂੰ 'ਮਹਾਨ ਕੋਸ਼' ਨੇ ਗ੍ਰਾਮ ਦੇ ਅਰਥਾਂ ਵਿਚ ਦਰਸਾਉਣ ਦੀ ਕੋਸ਼ਿਸ਼ ਕਰਦਿਆਂ ਘਚੋਲਾ ਜਿਹਾ ਪਾ ਦਿੱਤਾ ਹੈ, ਕਿਉਂਕਿ ਨਾਲ ਹੀ ਵਿਆਖਿਆ ਕਰ ਦਿੱਤੀ ਹੈ ਕਿ 'ਇੱਥੇ ਭਾਵ ਸ਼ਰੀਰ ਤੋਂ ਹੈ।' ਜਦ ਸਰੀਰ ਤੋਂ ਹੀ ਭਾਵ ਉਜਾਗਰ ਹੁੰਦਾ ਹੈ ਤਾਂ ਇਸ ਨੂੰ ਗ੍ਰਾਮ ਅਰਥ ਅਧੀਨ ਕਿਉਂ ਦਿੱਤਾ ਗਿਆ ਹੈ?

ਵਿਗਿਆਨਕ ਸੰਦਰਭ ਵਿਚ ਪਿੰਡ ਸ਼ਬਦ ਤੋਂ ਭਾਵ ਵਸਤੂ ਅਰਥਾਤ ਮਾਦੇ ਤੋਂ ਬਣੀ ਜਾਂ ਰੂਪ ਧਾਰੀ ਚੀਜ਼ ਲਿਆ ਜਾਂਦਾ ਹੈ, ਜੋ ਅੱਗੇ ਜਾ ਕੇ ਕਿਸੇ ਵੀ ਵਿਰਾਟ ਬ੍ਰਹਿਮੰਡੀ ਧਰਤੀ ਲਈ ਵੀ ਵਰਤਿਆ ਜਾਂਦਾ ਹੈ। ਇੰਜ ਇਕ ਕੌਲੀ, ਘੜਾ ਜਾਂ ਮੇਜ ਵੀ ਪਿੰਡ ਹੈ ਤੇ ਚੰਦ, ਸੂਰਜ ਜਾਂ ਕੋਈ ਗ੍ਰਹਿ ਵੀ ਪਿੰਡ ਹੈ। ਪਿੰਡ ਦਾ ਲਘੂਕਾਰਕ ਰੂਪ ਪਿੰਡੀ ਹੈ। ਇਸ ਦਾ ਇਕ ਅਰਥ ਵੀ ਸਰੀਰ ਹੀ ਹੈ, 'ਸੁਣ ਮਾਏ ਤੇਰੇ ਜੀਵਨ ਜਾਏ ਕੈਂ ਤੇਰੀ ਪਿੰਡੀ ਤਾਈ।' (ਦਮੋਦਰ); 'ਕਾਚੀ ਪਿੰਡੀ ਸਬਦੁ ਨ ਚੀਨੈ ਉਦਰੁ ਭਰੈ ਜੈਸੇ ਢੋਰੈ॥' (ਗੁਰੂ ਨਾਨਕ ਦੇਵ)

ਮੰਦਿਰ ਵਿਚ ਬਣੇ ਪੱਥਰ ਦੇ ਥੜੇ ਨੂੰ ਵੀ ਪਿੰਡੀ ਕਿਹਾ ਜਾਂਦਾ ਹੈ, ਜਿਸ ਨੂੰ ਇਕ ਵੇਦੀ ਵਜੋਂ ਬਲੀਦਾਨ ਕਰਨ ਲਈ ਵਰਤਿਆ ਜਾਂਦਾ ਹੈ। ਰਾਵਲਪਿੰਡੀ ਨੂੰ ਪਿੰਡੀ ਵੀ ਕਹਿ ਦਿੱਤਾ ਜਾਂਦਾ ਹੈ। ਪਾਕਿਸਤਾਨ ਵਿਚ ਪਿੰਡੀ ਨਾਂ ਦੇ ਕਈ ਪਿੰਡ ਹਨ। ਇਸੇ ਤਰ੍ਹਾਂ ਪਿੰਡੋਰੀ ਛੋਟੇ ਪਿੰਡ ਨੂੰ ਵੀ ਕਹਿੰਦੇ ਹਨ ਤੇ ਕੁਝ ਇਕ ਪਿੰਡਾਂ ਦਾ ਨਾਂ ਵੀ ਹੈ। ਪਿੰਡ ਤੋਂ ਹੀ ਪਿੰਡਾ ਸ਼ਬਦ ਬਣਿਆ, ਜਿਸ ਦਾ ਅਰਥ ਵੀ ਸਰੀਰ, ਤਨ, ਦੇਹ ਹੈ। ਗੁਰੂ ਗ੍ਰੰਥ ਸਾਹਿਬ ਵਿਚ ਪਿੰਡ ਤੋਂ ਇਲਾਵਾ ਪਿੰਡਾ ਸ਼ਬਦ ਵੀ ਇਸੇ ਹੀ ਅਰਥ ਵਿਚ ਆਇਆ ਹੈ, 'ਸੂਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ॥' (ਗੁਰੂ ਨਾਨਕ ਦੇਵ)

ਪਿੰਡ ਸ਼ਬਦ ਮੂਲ ਰੂਪ ਵਿਚ ਸੰਸਕ੍ਰਿਤ ਦਾ ਹੈ, ਜਿਸ ਵਿਚ ਇਸ ਦਾ ਮੁੱਖ ਭਾਵ ਢੇਲਾ, ਡਲਾ, ਪੇੜਾ, ਭੇਲੜ, ਗੋਲਾ, ਢਾਂਚਾ ਆਦਿ ਹੈ। ਗੁੰਨ੍ਹੀ ਹੋਈ ਮਿੱਟੀ, ਆਟੇ ਆਦਿ ਨੂੰ ਹੱਥ ਨਾਲ ਜਾਂ ਕਿਸੇ ਹੋਰ ਢੰਗ ਨਾਲ ਵੱਟਿਆ ਜਾਵੇ ਤਾਂ ਉਹ ਗੋਲ ਜਾਂ ਲੰਬੂਤਰੀ ਜਿਹੀ ਸ਼ਕਲ ਅਖਤਿਆਰ ਕਰ ਲੈਂਦਾ ਹੈ। ਪਿੰਡ ਸ਼ਬਦ ਪਿੱਛੇ ਏਹੀ ਭਾਵ ਹੈ, ਸੰਖੇਪ ਵਿਚ-ਸ਼ਕਲ ਅਖਤਿਆਰ ਕਰਨਾ, ਬਣਨਾ, ਨਿਰੂਪਤ ਹੋਣਾ, ਢਾਂਚਾਗਤ ਹੋਣਾ। ਜ਼ਰਾ ਸੰਸਕ੍ਰਿਤ, ਪੰਜਾਬੀ ਦੇ ਕੁਝ ਸ਼ਬਦਾਂ ਨੂੰ ਇਸ ਵਿਆਖਿਆ ਅਨੁਸਾਰ ਸਮਝਣ ਦੀ ਕੋਸ਼ਿਸ਼ ਕਰੀਏ।

ਜਿਸਮ ਦੇ ਅਰਥਾਂ ਵਿਚ ਪਿੰਡ ਜਾਂ ਪਿੰਡਾ ਮਾਸ ਤੋਂ ਸ਼ਕਲ ਧਾਰੀ ਚੀਜ਼ ਹੀ ਹੈ। ਇਸੇ ਤਰ੍ਹਾਂ ਮਾਦੇ ਦੀ ਬਣੀ ਛੋਟੀ ਜਾਂ ਬ੍ਰਹਿਮੰਡੀ ਵਸਤ (body, celestial body) ਪਿੰਡ ਹੈ। ਜ਼ਰਾ ਧਿਆਨ ਦਿਉ, ਰਿੰਨ੍ਹੇ ਚੌਲਾਂ ਨੂੰ ਮੁੱਠ ਵਿਚ ਘੁੱਟ ਕੇ ਤੇ ਗੋਲਾ ਬਣਾ ਕੇ ਖਾਧਾ ਜਾਂਦਾ ਹੈ। ਇਹ ਪਿੰਡ ਹੈ। ਇਸ ਤਰ੍ਹਾਂ ਇਸ ਦੇ ਹੋਰ ਵਿਕਸਿਤ ਅਰਥ ਬਣਦੇ ਹਨ: ਬੁਰਕੀ, ਟੁੱਕਰ, ਮੁੱਠਾ, ਗੋਲਾ, ਪੇਸੀ, ਕੋਫਤਾ। ਹੋਰ ਅੱਗੇ ਚੱਲ ਕੇ ਸੰਸਕ੍ਰਿਤ ਵਿਚ ਇਹ ਸ਼ਬਦ ਉਪਜੀਵਕਾ, ਰੋਜ਼ੀ, ਚੜ੍ਹਾਵਾ, ਭੋਜਨ ਆਦਿ ਦੇ ਅਰਥ ਧਾਰ ਲੈਂਦਾ ਹੈ। ਸਥੂਲ, ਗੋਲ ਜਾਂ ਢੇਲੇ ਜਿਹੇ ਦੇ ਅਰਥਾਂ ਤੋਂ ਇਸ ਸ਼ਬਦ ਨੇ ਕਈ ਵਿਸ਼ੇਸ਼ ਪੌਦਿਆਂ ਦੇ ਫੁੱਲਾਂ ਜਾਂ ਫਲਾਂ ਦਾ ਅਰਥ ਵੀ ਧਾਰ ਲਿਆ ਹੈ ਕਿਉਂਕਿ ਉਨ੍ਹਾਂ ਦੀ ਸ਼ਕਲ ਅਜਿਹੀ ਹੁੰਦੀ ਹੈ, ਮਿਸਾਲ ਵਜੋਂ ਖਜੂਰ, ਗੁੱਗਲ, ਸਤਵਰਗ ਜਿਹਾ ਫੁੱਲ, ਇੱਕ ਤਰ੍ਹਾਂ ਦਾ ਕੱਦੂ। ਇਸੇ ਤਰ੍ਹਾਂ ਹੋਰ ਮੋਟੀਆਂ ਚੀਜ਼ਾਂ ਜਿਵੇਂ ਲੱਤਾ ਦੀ ਪਿੰਨੀ ਵੀ ਪਿੰਡ ਸ਼ਬਦ ਦੇ ਅਰਥ ਘੇਰੇ ਵਿਚ ਆਉਂਦੀ ਹੈ। ਹੋਰ ਅੱਗੇ ਚੱਲ ਕੇ ਇਹ ਸ਼ਬਦ ਅੰਬਾਰ, ਇਕੱਠ, ਸ਼ਕਤੀ, ਸੈਨਾ ਤੇ ਫਿਰ ਕੁਲ ਜੋੜ ਜਾਂ ਜਮ੍ਹਾਂ ਦਾ ਅਰਥਾਵਾਂ ਵੀ ਹੋ ਗਿਆ।

ਸੰਸਕ੍ਰਿਤ, ਹਿੰਦੀ ਤੇ ਹੋਰ ਭਾਸ਼ਾਵਾਂ ਵਿਚ ਪਿੰਡ ਤੋਂ ਹੀ ਬਣੇ ਕਈ ਸ਼ਬਦ ਮਿਲਦੇ ਹਨ, ਜਿਨ੍ਹਾਂ ਵਿਚ ਅਜਿਹੇ ਹੀ ਭਾਵ ਹਨ, ਜਿਵੇਂ ਪਿੰਡਲੀ (ਪਿੰਨੀ), ਪਿੰਡਾਕਾਰ (ਗੋਲ), ਪਿਡਾਲੂ (ਪਿੰਡ+ਆਲੂ= ਇਕ ਤਰ੍ਹਾਂ ਦੀ ਸ਼ਕਰਕੰਦੀ), ਪਿੰਡਾਸ਼ (ਭਿਖਾਰੀ) ਆਦਿ। ਇਸੇ ਪ੍ਰਸੰਗ ਵਿਚ ਪੰਜਾਬੀ ਪੇੜਾ ਅਤੇ ਪੰਡ ਸ਼ਬਦਾਂ ਦੇ ਭਾਵ ਸਮਝ ਸਕਦੇ ਹਾਂ ਅਰਥਾਤ ਜੋ ਇਕੱਠੀ ਕੀਤੀ ਗਈ।

ਪਿੰਡ ਵਿਚੋਂ 'ਡ' ਧੁਨੀ ਅਲੋਪ ਹੋ ਜਾਣ ਨਾਲ ਪਿੰਨਾ ਜਿਹਾ ਸ਼ਬਦ ਆਉਂਦਾ ਹੈ। ਧਾਗਿਆਂ ਆਦਿ ਦੇ ਗੋਲੇ ਨੂੰ ਪਿੰਨਾ ਆਖਦੇ ਹਨ। ਇਸ ਦਾ ਇਸਤਰੀ ਲਿੰਗ ਪਿੰਨੀ ਹੈ, ਜੋ ਪੰਜਾਬੀਆਂ ਦੀ ਹਰਮਨ ਪਿਆਰੀ ਵੱਟੀ ਹੋਈ ਮਿਠਾਈ ਵੀ ਹੈ ਤੇ ਲੱਤ ਦਾ ਮੋਟਾ ਭਾਗ ਵੀ। ਪੰਜਾਬੀ ਵਿਚ ਪਿੰਨਣਾ ਸ਼ਬਦ ਮੰਗਣ ਦੇ ਅਰਥਾਂ ਵਿਚ ਆਉਂਦਾ ਹੈ, ਖਾਸ ਤੌਰ 'ਤੇ ਮੰਗਣਾ-ਪਿੰਨਣਾ ਸ਼ਬਦ ਜੁੱਟ ਵਿਚ।

ਗੁਰੂ ਅਰਜਨ ਦੇਵ ਨੇ ਮੰਗਤਿਆਂ ਦੇ ਅਰਥਾਂ ਵਿਚ ਪਿਨਣੇ ਸ਼ਬਦ ਵਰਤਿਆ ਹੈ, 'ਜਾਂ ਮੂੰ ਇਕੁ ਤ ਲਖ ਤਉ ਜਿਤੀ ਪਿਨਣੇ ਦਰਿ ਕਿਤੜੇ॥' ਅਸੀਂ ਉਪਰ ਦੇਖ ਆਏ ਹਾਂ ਕਿ ਪਿੰਡ ਸ਼ਬਦ ਨੇ ਰੋਜ਼ੀ, ਉਪਜੀਵਕਾ ਤੋਂ ਅੱਗੇ ਚੜ੍ਹਾਵਾ, ਭੋਜਨ ਆਦਿ ਦੇ ਅਰਥ ਵੀ ਧਾਰ ਲਏ ਹਨ। ਇਸੇ ਤੋਂ ਸੰਕੇਤ ਲੈ ਕੇ ਅਸੀਂ ਇਸ ਦੇ ਮੰਗਣ ਦੇ ਅਰਥ ਸਮਝ ਸਕਦੇ ਹਾਂ ਅਰਥਾਤ ਪਿੰਡ, ਚੜ੍ਹਾਵੇ, ਭੋਜਨ ਆਦਿ ਦੀ ਮੰਗ ਕਰਨਾ। ਪਿੰਡ ਸ਼ਬਦ ਵਿਚ ਇਕੱਠੇ ਕਰਨ ਦੇ ਭਾਵਾਂ ਤੋਂ ਵੀ ਮੰਗਣ (ਅਰਥਾਤ ਇਕੱਠਾ ਕਰਨ) ਦੇ ਅਰਥ ਵਿਕਸਿਤ ਹੋ ਸਕਦੇ ਹਨ।

ਧਿਆਨਯੋਗ ਹੈ ਕਿ ਸੰਸਕ੍ਰਿਤ ਅਤੇ ਗੁਰਬਾਣੀ ਵਿਚ ਵੀ ਪਿੰਡ ਸ਼ਬਦ ਗ੍ਰਾਮ, ਗਰਾਂ ਆਦਿ ਦੇ ਅਰਥਾਂ ਵਿਚ ਨਹੀਂ ਮਿਲਦਾ ਤੇ ਨਾ ਹੀ ਪੰਜਾਬੀ ਤੋਂ ਇਲਾਵਾ ਹੋਰ ਕਿਸੇ ਭਾਰਤੀ ਭਾਸ਼ਾ ਵਿਚ ਗ੍ਰਾਮ ਲਈ ਪਿੰਡ ਸ਼ਬਦ ਚਲਦਾ ਹੈ। ਇਥੋਂ ਤੱਕ ਕਿ ਲਿਲੀ ਟਰਨਰ ਨੇ ਹਿੰਦ-ਆਰਿਆਈ ਭਾਸ਼ਾਵਾਂ ਦੇ ਆਪਣੇ ਕੋਸ਼ ਵਿਚ ਵੀ ਪਿੰਡ ਦੇ ਅਜਿਹੇ ਅਰਥ ਨਹੀਂ ਬਿਆਨੇ, ਪਰ ਫਿਰ ਵੀ ਅਸੀਂ ਹਾਲ ਦੀ ਘੜੀ ਗਰਾਂ ਦੇ ਅਰਥਾਵੇਂ ਪਿੰਡ ਨੂੰ ਇਸੇ ਕੜੀ ਵਿਚ ਰੱਖਾਂਗੇ ਕਿਉਂਕਿ ਦੇਹ ਜਾਂ ਸਰੀਰ ਵਾਂਗ ਗਰਾਂ ਵੀ ਘਰਾਂ, ਮਕਾਨਾਂ ਆਦਿ ਦਾ ਇਕੱਠ ਹੈ, ਇੱਕ ਢਾਂਚਾ ਰੂਪ ਧਾਰੀ, ਬਣੀ ਹੋਈ ਚੀਜ਼ ਹੈ। ਗ. ਸ. ਰਿਆਲ ਨੇ ਪਿੰਡ ਸ਼ਬਦ ਦੇ ਅਰਥ ਵਿਕਾਸ ਨੂੰ ਸੰਸਕ੍ਰਿਤ ਦੇਹ (ਸਰੀਰ) ਦੇ ਸਜਾਤੀ ਫਾਰਸੀ ਸ਼ਬਦ ਦਿਹ (ਪਿੰਡ, ਗਰਾਮ) ਨਾਲ ਜੋੜ ਕੇ ਸਮਝਾਇਆ ਹੈ। ਪੰਜਾਬੀ ਵਿਚ ਦਿਹਾਤੀ ਜਾਂ ਦੇਹਾਤ ਸ਼ਬਦ ਆਮ ਵਰਤੇ ਜਾਂਦੇ ਹਨ। ਫਿਰ ਵੀ ਇਸ ਪਾਸੇ ਹੋਰ ਕੰਮ ਦੀ ਲੋੜ ਹੈ।

# ਤਬਦੀਲੀ ਵਿਚ ਢਲਦਾ ਸਭਿਆਚਾਰ



ਡਾ. ਪ੍ਰਿਤਪਾਲ ਸਿੰਘ ਮਹਿਰੋਕ
ਫੋਨ: 91-98885-10185

ਸਭਿਆਚਾਰ ਮਨੁੱਖੀ ਵਿਕਾਸ ਦੀ ਕਹਾਣੀ ਤਾਂ ਕਹਿੰਦਾ ਹੀ ਹੈ, ਕਦੇ ਕਦੇ ਮਨੁੱਖੀ ਵਿਗਠਨ ਵੱਲ ਵੀ ਸੰਕੇਤ ਕਰਦਾ ਹੈ। ਇਹ ਮਨੁੱਖੀ ਵਰਤਾਰੇ ਦੀ ਮੂਕ ਭਾਸ਼ਾ ਹੈ। ਸਭਿਆਚਾਰ ਅਜਿਹੀ ਜਟਿਲ ਇਕਾਈ ਹੈ, ਜਿਸ ਵਿਚ ਜੀਵਨ ਜਾਚ, ਗਿਆਨ, ਭਾਸ਼ਾ, ਲੋਕ ਧਰਮ, ਵਿਸ਼ਵਾਸ, ਕਲਾ, ਨੈਤਿਕਤਾ, ਕਾਨੂੰਨ, ਲੋਕ ਮਨ ਦੀ ਸਿਰਜਣਾ, ਰੀਤੀ ਰਿਵਾਜ ਅਤੇ ਹੋਰ ਅਨੇਕ ਯੋਗਤਾਵਾਂ ਤੇ ਆਦਤਾਂ ਸ਼ਾਮਲ ਹੁੰਦੀਆਂ ਹਨ। ਕਿਸੇ ਸਮਾਜ ਦੇ ਸਮੁੱਚੇ ਜੀਵਨ ਢੰਗ ਨੂੰ ਉਸ ਦਾ ਸਭਿਆਚਾਰ ਕਹਿ ਲਿਆ ਜਾਂਦਾ ਹੈ। ਜੰਗਲ ਵਿਚ ਰਹਿੰਦੇ ਪੱਥਰ ਯੁੱਧ ਦੇ ਮਨੁੱਖ ਨੇ ਹੌਲੀ ਹੌਲੀ ਕਬੀਲਿਆਂ ਵਿਚ ਰਹਿਣਾ ਸਿੱਖਿਆ। ਪੱਥਰ ਦੀ ਰਗੜ ਨਾਲ ਅੱਗ ਬਾਲਣੀ ਸਿੱਖਣ ਤੋਂ ਲੈ ਕੇ ਹਵਾਈ ਜਹਾਜ ਤੱਕ ਤੇ ਹੁਣ ਦੇ ਬਿਜਲਈ ਸੰਚਾਰ ਮਾਧਿਅਮਾਂ ਤੱਕ ਦੀਆਂ ਹੈਰਾਨਕੁਨ ਕਾਢਾਂ ਮਨੁੱਖੀ ਸਭਿਆਚਾਰ ਦੇ ਵਿਕਾਸ ਦੀ ਕਹਾਣੀ ਕਹਿੰਦੀਆਂ ਹਨ। ਮਨੁੱਖੀ ਇਤਿਹਾਸ ਸਭਿਆਚਾਰਾਂ ਦੇ ਵਿਕਾਸ ਅਤੇ ਵਿਨਾਸ਼ ਦੇ ਅਮਲ ਵਿਚੋਂ ਲੰਘਦਾ ਰਹਿੰਦਾ ਹੈ। ਇਤਿਹਾਸਕ ਹੋਣੀਆਂ ਵੀ ਸਭਿਆਚਾਰ ਦੇ ਵਿਕਾਸ ਰੁਖ ਨੂੰ ਪ੍ਰਭਾਵਿਤ ਕਰਦੀਆਂ ਹਨ। ਸਭਿਆਚਾਰਕ ਰੂਪਾਂਤਰਣ ਵਿਚ ਸਬੰਧਤ ਸਮੇਂ ਦੇ ਇਤਿਹਾਸ ਦੀਆਂ ਪ੍ਰਮੁੱਖ ਘਟਨਾਵਾਂ ਦੀ ਭੂਮਿਕਾ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਜਿਉਂ ਜਿਉਂ ਸਮਾਂ ਬੀਤਦਾ ਹੈ, ਸਭਿਆਚਾਰਕ ਵਿਕਾਸ ਦੀ ਗਤੀ ਵੀ ਤੇਜ਼ ਹੁੰਦੀ ਜਾਂਦੀ ਹੈ। ਸਭਿਆਚਾਰਕ ਰੂਪਾਂਤਰਣ ਵਿਚ ਮਨੁੱਖੀ ਪਹੁੰਚ ਹਮੇਸ਼ਾ ਕਾਰਜਸ਼ੀਲ ਹੁੰਦੀ ਹੈ ਤੇ ਇਹ ਤਬਦੀਲੀ ਦਰਿਆ ਦੇ ਪਾਣੀ ਦੇ ਬੇਰੋਕ ਵਹਿਣ ਵਾਂਗ ਵਹਿ ਰਹੀ ਹੁੰਦੀ ਹੈ।

ਸਭਿਆਚਾਰਕ ਰੂਪਾਂਤਰਣ ਦੇ ਤੇਜ਼ ਵਹਿਣ ਦੀ ਪ੍ਰਕ੍ਰਿਆ ਤੇ ਰਫਤਾਰ ਨਾ ਪਹਿਲਾਂ ਕਦੇ ਰੁਕੇ ਹਨ, ਨਾ ਹੁਣ ਰੁਕ ਰਹੇ ਹਨ। ਕੰਪਿਊਟਰ ਯੁੱਗ ਵਿਚ ਮਨੁੱਖ ਦੀ ਹਰ ਨਵੀਂ ਪੁਸ਼ਤ ਨੂੰ ਆਪਣਾ ਸਭਿਆਚਾਰ ਨਵੇਂ ਸਿਰਿਓਂ ਘੜਨਾ/ਸਿੱਖਣਾ ਪਵੇਗਾ। ਇਹ ਪੀੜ੍ਹੀ ਆਪਣੀ ਪਿਛਲੀ ਪੀੜ੍ਹੀ ਦੇ ਸਭਿਆਚਾਰ ਨੂੰ ਪ੍ਰਾਪਤ ਤਾਂ ਕਰੇਗੀ, ਪਰ ਆਪਣੀਆਂ ਬਦਲਦੀਆਂ ਜੀਵਨ ਹਾਲਤਾਂ ਅਨੁਸਾਰ ਢਾਲ ਕੇ ਗ੍ਰਹਿਣ ਕਰੇਗੀ। ਇੰਜ ਸਭਿਆਚਾਰ ਦੇ ਅਸਲ ਮੁੱਲਾਂ ਅਤੇ ਰੂਪ ਵਿਧੀਆਂ ਵਿਚ ਵੀ ਤਬਦੀਲੀ ਆਵੇਗੀ। ਪਿਛਲੇ ਤਿੰਨ ਦਹਾਕਿਆਂ ਦੌਰਾਨ ਪੰਜਾਬੀ ਸਭਿਆਚਾਰ ਵਿਚ ਹੈਰਾਨੀ ਦੀ ਉਚੇਰੀ ਹੱਦ ਤੱਕ ਤਬਦੀਲੀ ਆਈ ਹੈ। ਬਿਜਲਈ ਸੰਚਾਰ ਮਾਧਿਅਮਾਂ, ਪ੍ਰਿੰਟ ਮੀਡੀਏ, ਸੂਚਨਾ ਤਕਨਾਲੋਜੀ ਆਦਿ ਨੇ ਦੁਨੀਆਂ ਨੂੰ ਵਿਸ਼ਵ ਪਿੰਡ ਬਣਾ ਦਿੱਤਾ ਹੈ। ਦੁਨੀਆਂ ਨੂੰ 'ਮੁੱਠੀ ਵਿਚ ਕਰਨ' ਦੇ ਦਮ ਭਰੇ ਜਾ ਰਹੇ ਹਨ। ਸਮੇਂ ਦੇ ਫੇਰਬਦਲ ਨਾਲ ਮਨੁੱਖ ਦੇ ਜੀਵਨ ਢੰਗ ਵਿਚ ਵੱਡੀ ਤਬਦੀਲੀ ਆਈ ਹੈ। ਸਿਨੇਮਾ ਘਰ ਦਰਸ਼ਕਾਂ ਨੂੰ ਉਡੀਕਦੇ ਉਡੀਕਦੇ ਬੰਦ ਹੋ ਗਏ ਤੇ ਉਨ੍ਹਾਂ ਦੀ ਥਾਂ ਵੱਡੇ ਵੱਡੇ ਵਪਾਰ ਕੇਂਦਰ ਤੇ ਮਲਟੀਪਲੈਕਸ ਉਸਰਦੇ ਗਏ। ਕਾਰੋਬਾਰ ਖੂਬ ਵਧਿਆ ਫੁਲਿਆ ਹੈ। ਮੰਡੀ ਸਭਿਆਚਾਰ ਦਾ ਪਸਾਰ ਤੇ ਵਿਸਥਾਰ ਹੁੰਦਾ ਚਲਾ ਗਿਆ। ਸੈਲ ਫੋਨ, ਵੱਟਸਐਪ, ਫੇਸਬੁੱਕ, ਈ-ਮੇਲ (ਹੋਰ ਵੀ ਬਹੁਤ ਕੁਝ) ਆਦਿ ਤੋਂ ਬਿਨਾ ਜੀਵਨ ਅਧੂਰਾ ਪ੍ਰਤੀਤ ਹੋਣ ਲੱਗ ਪਿਆ ਹੈ। ਬੈਂਕ ਸੇਵਾਵਾਂ ਵਿਚ ਆਈ ਤਬਦੀਲੀ ਹੈਰਾਨ ਕਰ ਦੇਣ ਵਾਲੀ ਹੈ। ਇੰਟਰਨੈਟ ਸੇਵਾਵਾਂ ਕਿਸੇ ਅਜੂਬੇ ਤੋਂ ਘੱਟ ਨਹੀਂ ਹਨ। ਮੈਰਿਜ ਪੈਲੇਸ ਸਭਿਆਚਾਰ ਨੇ ਵਿਆਹਾਂ ਤੇ ਹੋਰ ਸਮਾਜਕ ਸਮਾਗਮਾਂ ਦੀ ਤਰਜ਼ ਹੀ ਬਦਲ ਦਿੱਤੀ ਹੈ। ਸਭਿਆਚਾਰ ਕੋਈ ਜੜ੍ਹ ਵਸਤੂ ਨਹੀਂ, ਉਸ ਵਿਚ ਤਬਦੀਲੀਆਂ ਵਾਪਰਦੀਆਂ ਰਹਿੰਦੀਆਂ ਹਨ। ਜੋ ਲੋਕ ਬਦਲਦੇ ਜ਼ਮਾਨੇ ਅਤੇ ਹਾਲਤਾਂ ਅਨੁਸਾਰ ਆਪਣਾ ਜੀਵਨ ਢੰਗ ਬਦਲ ਨਹੀਂ ਲੈਂਦੇ, ਉਹ ਪੱਛੜ ਜਾਂਦੇ ਹਨ। ਸਭਿਆਚਾਰਕ ਰੂਪਾਂਤਰਣ ਦੀ ਗਤੀ ਧੀਮੀ ਹੋਵੇ ਜਾਂ ਤੇਜ਼, ਪਰ ਸਮੇਂ ਦੇ ਬਦਲਣ ਨਾਲ ਇਹ ਤਬਦੀਲੀ ਆਉਂਦੀ ਜ਼ਰੂਰ ਹੈ। ਅਜਿਹਾ ਹੋਣ ਨਾਲ ਨਵੀਂ ਸਭਿਆਚਾਰਕ ਸੋਚ ਜਨਮ ਲੈਂਦੀ ਹੈ।

ਵਿਗਿਆਨਕ ਚੇਤਨਾ ਦੇ ਪਸਾਰ ਨਾਲ ਸਮਾਜਕ ਸਭਿਆਚਾਰਕ ਕਦਰਾਂ ਕੀਮਤਾਂ ਵਿਚ ਤੇਜ਼ੀ ਨਾਲ ਵਾਪਰਨ ਵਾਲੀਆਂ ਤਬਦੀਲੀਆਂ ਵਿਕਾਸਮੁੱਖਤਾ ਵੱਲ ਵਧਣ ਦੀਆਂ ਸੂਚਕ ਹਨ। ਇਨ੍ਹਾਂ ਵਿਚੋਂ ਹੀ ਸਭਿਆਚਾਰ ਦੀ ਨਵ ਸਿਰਜਣਾ ਹੋਣੀ ਹੁੰਦੀ ਹੈ। ਸਭਿਆਚਾਰ ਨਵੇਂ ਵਿਹਾਰਾਂ ਨੂੰ ਅਪਨਾਉਂਦਾ ਰਹਿੰਦਾ ਹੈ, ਪੁਰਾਣਿਆਂ ਨੂੰ ਤਿਆਗਦਾ ਜਾਂਦਾ ਹੈ। ਇਹ ਸਭਿਆਚਾਰ ਦੇ ਬੁਨਿਆਦੀ ਲੱਛਣਾਂ ਵਿਚੋਂ ਇਕ ਹੈ। ਸਭਿਆਚਾਰਾਂ ਦਾ ਵਟਾਂਦਰਾ ਹੁੰਦਾ ਰਹਿੰਦਾ ਹੈ। ਉਹ ਇਕ ਦੂਜੇ ਨੂੰ ਢਾਹ ਵੀ ਲਾਉਂਦੇ ਹਨ, ਪ੍ਰਭਾਵਿਤ ਵੀ ਕਰਦੇ ਹਨ, ਵਿਗਾੜਦੇ ਵੀ ਹਨ, ਅਮੀਰ ਵੀ ਬਣਾਉਂਦੇ ਹਨ। ਹਰੇਕ ਸਮੇਂ ਦਾ ਸਭਿਆਚਾਰ ਜਦੋਂ ਨਵੇਂ ਢਾਂਚੇ ਵਿਚ ਢਲਦਾ ਹੈ, ਉਹ ਆਪਣੇ ਲਈ ਨਵੇਂ ਮਾਡਲ ਦੀ ਤਲਾਸ਼ ਵੀ ਕਰ ਲੈਂਦਾ ਹੈ। ਜੇ ਮਨੁੱਖ ਸਭਿਆਚਾਰਕ ਤਬਦੀਲੀ ਨੂੰ ਪ੍ਰਵਾਨ ਨਹੀਂ ਕਰੇਗਾ ਤਾਂ ਸਭਿਆਚਾਰ ਦੇ ਵਿਕਾਸ (ਤਬਦੀਲੀ) ਦੀਆਂ ਅਗਲੇਰੀਆਂ ਸੰਭਾਵਨਾਵਾਂ ਸੁੰਗੜ ਕੇ ਰਹਿ ਜਾਣਗੀਆਂ। ਸਭਿਆਚਾਰਕ ਵਰਤਾਰੇ ਲੋਪ ਵੀ ਹੁੰਦੇ ਰਹਿੰਦੇ ਹਨ ਤੇ ਨਵੇਂ ਸਭਿਆਚਾਰ ਦੀ ਸਿਰਜਣਾ ਵੀ ਕਰਦੇ ਰਹਿੰਦੇ ਹਨ। ਅਜੋਕੇ ਦੌਰ ਵਿਚ ਸਭਿਆਚਾਰ 'ਤੇ ਪੈਣ ਵਾਲੇ ਗਿਆਨ ਵਿਗਿਆਨ ਦੇ ਅਸਰ ਨੂੰ ਸ਼ੱਕੀ ਨਜ਼ਰੀਏ ਤੋਂ ਨਹੀਂ ਵੇਖਿਆ ਜਾਣਾ ਚਾਹੀਦਾ, ਸਗੋਂ ਪ੍ਰਵਾਨ ਕਰਨ ਯੋਗ ਹੁੰਗਾਰੇ ਦੀ ਦ੍ਰਿਸ਼ਟੀ ਤੋਂ ਵੇਖਣ ਦੀ ਲੋੜ ਹੈ। ਵਿਗਿਆਨ ਦੀ ਰੌਸ਼ਨੀ ਦੇ ਪਸਾਰ ਅਤੇ ਮਨੁੱਖੀ ਲੋੜਾਂ ਨੇ ਮਨੁੱਖ ਨੂੰ ਪਿੰਡ ਤੋਂ ਸ਼ਹਿਰ ਤੇ ਸ਼ਹਿਰ ਤੋਂ ਮਹਾਂਨਗਰ ਵੱਲ ਹਿਜ਼ਰਤ ਕਰਨ ਲਈ ਪ੍ਰੇਰਿਤ ਕੀਤਾ ਹੈ। ਇਸ ਮਨੁੱਖੀ ਰੁਝਾਨ ਨੇ ਸਭਿਆਚਾਰ ਦੇ ਨਵੇਂ ਸੰਕਲਪਾਂ ਨੂੰ ਜਨਮ ਦਿੱਤਾ ਹੈ। ਇੰਜ ਸਭਿਆਚਾਰ ਦਾ ਗਤੀਸ਼ੀਲ ਪ੍ਰਕਰਣ ਵਜੋਂ ਚਲਦਾ ਰਹਿਣਾ ਜ਼ਰੂਰੀ ਬਣ ਜਾਂਦਾ ਹੈ।

ਸਿਹਤਮੰਦ ਸਭਿਆਚਾਰ ਆਪਣੇ ਸੁਭਾਅ 'ਤੇ ਖਰੀਆਂ ਉਤਰਨ ਵਾਲੀਆਂ ਪ੍ਰਵਿਰਤੀਆਂ ਨੂੰ ਨਕਾਰਦਾ ਚਲਾ ਜਾਂਦਾ ਹੈ। ਅਮੀਰੀ ਮੁਹੱਈਆ ਕਰਨ ਵਾਲੀਆਂ ਸਿਰਜਣਾਵਾਂ ਨੂੰ ਸਭਿਆਚਾਰ ਸੁਤੇ ਸਿਧ ਅਪਨਾਉਂਦਾ ਜਾਂਦਾ ਹੈ। ਜੋ ਸਭਿਆਚਾਰ ਵਿਗਿਆਨਕ ਯੁੱਗ ਦੀਆਂ ਲੋੜਾਂ, ਇੱਛਾਵਾਂ, ਆਸਾਂ, ਖੋਜਾਂ ਆਦਿ ਦਾ ਅਨੁਸਾਰੀ ਹੁੰਦਾ ਹੈ, ਉਹ ਆਪਣੇ ਆਪ ਨੂੰ ਭਵਿੱਖ ਦੀਆਂ ਚੁਣੌਤੀਆਂ ਦੇ ਰੂਬਰੂ ਹੋਣ ਦੇ ਸਮਰੱਥ ਬਣਾਉਣ ਦੇ ਯਤਨ ਵਿਚ ਹੁੰਦਾ ਹੈ। ਸਭਿਆਚਾਰਕ ਰੂਪਾਂਤਰਣ ਦੇ ਪਿੱਛੇ ਵੀ ਕੋਈ ਨਾ ਕੋਈ ਤਰਕ ਛੁਪਿਆ ਹੁੰਦਾ ਹੈ। ਸੋ, ਸਭਿਆਚਾਰਕ ਤਬਦੀਲੀ ਦਾ ਵਾਪਰਨਾ ਗੈਰਕੁਦਰਤੀ ਨਹੀਂ ਹੁੰਦਾ, ਸਗੋਂ ਮਨੁੱਖ ਦੀ ਨਿਰਮਾਣ ਸਮਰੱਥਾ 'ਤੇ ਨਿਰਭਰ ਕਰਦਾ ਹੈ। ਸਭਿਆਚਾਰ ਦੇ ਤਬਦੀਲ ਹੁੰਦੇ ਰਹਿਣ ਦਾ ਵਰਤਾਰਾ ਸਹਿਜ ਸੁਭਾਅ ਵਾਪਰਦਾ ਰਹਿੰਦਾ ਹੈ ਤੇ ਸਭਿਆਚਾਰ ਨਿਰੰਤਰ ਤਬਦੀਲੀ ਵਿਚ ਢਲਦਾ ਰਹਿੰਦਾ ਹੈ।

ਫਿਲਮਨਾਮਾ


## 50ਵਾਂ ਕੌਮਾਂਤਰੀ ਫਿਲਮ ਮੇਲਾ

# 'ਇਫੀ-2019'



ਡਾ. ਕਰਾਂਤੀ ਪਾਲ*
ਫੋਨ: 91-92165-35617
Email: krantipal@hotmail.com

ਹਰ ਸਾਲ ਗੋਆ (ਪਣਜੀ) 'ਚ ਹੋਣ ਵਾਲਾ ਕੌਮਾਂਤਰੀ ਫਿਲਮ ਮੇਲਾ (50ਵਾਂ) ਆਪਣੇ ਉਦਘਾਟਨੀ ਸਮਾਰੋਹ ਨਾਲ 20 ਨਵੰਬਰ ਨੂੰ ਸ਼ੁਰੂ ਹੋ ਗਿਆ ਸੀ। ਇਸ ਮੌਕੇ ਕੇਂਦਰੀ ਮੰਤਰੀ ਪ੍ਰਕਾਸ਼ ਜਾਵੜੇਕਰ ਨੇ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਿਨੇਮਾ ਭਾਰਤ ਦੀ 'ਸੌਫਟ ਪਾਵਰ' ਹੈ, ਇਹ ਵੀ ਇੱਕ ਯਾਤਰਾ ਹੈ, ਇਸ ਨੂੰ ਮਜ਼ਬੂਤ ਕਰਦੇ ਰਹਿਣਾ ਚਾਹੀਦਾ ਹੈ। ਹੁਣ ਭਾਰਤੀ ਫਿਲਮਾਂ ਆਪਣੇ ਤੰਗ ਦਾਇਰੇ ਵਿਚੋਂ ਬਾਹਰ ਨਿਕਲ ਰਹੀਆਂ ਹਨ ਤੇ ਵਿਦੇਸ਼ੀ ਨਿਰਦੇਸ਼ਕ ਭਾਰਤ ਦਾ ਰੁਖ ਕਰ ਰਹੇ ਹਨ।




21 ਨਵੰਬਰ ਨੂੰ ਗੋਆ ਦੇ ਸਭ ਤੋਂ ਵੱਡੇ ਇਨੋਕਸ ਸਿਨੇਮਾ ਹਾਲ ਕੰਪਲੈਕਸ ਵਿਚ ਦੇਸ਼-ਵਿਦੇਸ਼ ਤੋਂ ਪਹੁੰਚੇ ਵਫਦ ਆਪਣੇ ਆਈ ਕਾਰਡ/ਕਿੱਟ ਬੈਗ ਪ੍ਰਾਪਤ ਕਰਕੇ ਫਿਲਮਾਂ ਸਬੰਧੀ ਜਾਣਕਾਰੀ ਹਾਸਲ ਕਰਨ ਲੱਗੇ। 'ਕਲਾ ਅਕਾਦਮੀ' ਤੇ ਇਨੋਕਸ 'ਚ ਬੈਠੇ ਸਹਿਯੋਗੀ ਵਫਦ ਦੀ ਹਰ ਸਮੱਸਿਆ ਹੱਲ ਕਰਨ ਲਈ ਤਿਆਰ-ਬਰ-ਤਿਆਰ ਸਨ। ਜੋ ਕਿੱਟਾਂ ਪ੍ਰਬੰਧਕਾਂ ਵੱਲੋਂ ਦਿੱਤੀਆਂ ਗਈਆਂ, ਉਹ ਇਸ ਵੇਲੇ ਦਿਖਾਈਆਂ ਜਾਣ ਵਾਲੀਆ ਫਿਲਮਾਂ, ਉਨ੍ਹਾਂ ਦਾ ਦੇਸ਼, ਕੰਮ ਕਰਨ ਵਾਲੇ ਕਲਾਕਾਰ ਤੇ ਨਿਰਦੇਸ਼ਕ ਦੀ ਜਾਣਕਾਰੀ ਦਿੰਦੀਆਂ ਸਨ। ਬਹੁਤੇ ਡੈਲੀਗੇਟ ਇਸ ਜਾਣਕਾਰੀ ਤੋਂ ਸਹਿਯੋਗ ਲੈ ਕੇ ਆਪਣੀਆਂ ਫਿਲਮਾਂ ਦੀਆਂ ਟਿਕਟਾਂ ਬੁੱਕ ਕਰਦੇ ਹਨ। ਫਿਲਮਾਂ ਦੀਆਂ ਟਿਕਟਾਂ ਆਨਲਾਈਨ ਬੁੱਕ ਕਰਵਾਉਣ ਦੀ ਸੁਵਿਧਾ ਦਿੱਤੀ ਗਈ। 'ਕਿਤਾਬੀ ਰੂਪ' ਵਿਚ ਦੋ ਜਾਣਕਾਰੀ ਭਰਪੂਰ ਕਿਤਾਬਾਂ ਦਿੱਤੀਆਂ ਗਈਆਂ, ਜਿਨ੍ਹਾਂ ਵਿਚੋਂ ਇੱਕ 'ਕੌਮਾਂਤਰੀ ਸਿਨੇਮਾ' ਨਾਲ ਤੇ ਦੂਜੀ 'ਭਾਰਤੀ ਸਿਨੇਮਾ' ਨਾਲ ਜੁੜੀ ਹੋਈ ਸੀ।



ਮੇਲੇ ਵਿਚ ਪਹਿਲੇ ਦਿਨ ਹੀ ਅਜਿਹਾ ਮਾਹੌਲ ਮਿਲਦਾ ਹੈ ਕਿ ਤੁਸੀਂ ਗੋਆ ਦੇ ਬੀਚ ਭੁੱਲ ਕੇ ਸਿਰਫ ਫਿਲਮੀ ਦੁਨੀਆਂ 'ਚ ਪਹੁੰਚ ਜਾਂਦੇ ਹੋ। 'ਪਣਜੀ' ਦੁਲਹਨ ਦੀ ਤਰ੍ਹਾਂ ਸਜਾਈ ਜਾਂਦੀ ਹੈ। ਪਲ-ਪਲ ਤੁਹਾਡਾ ਇੰਤਜ਼ਾਰ ਕਰਦੀ ਹੈ, ਜਿਉਂ-ਜਿਉਂ ਦਿਨ ਢਲਦਾ ਹੈ, ਨਸ਼ਾ ਵਧਦਾ ਜਾਂਦਾ ਹੈ। ਚਾਰੇ ਪਾਸੇ ਕਲਾ ਦੀ ਦੁਨੀਆਂ ਘੁੰਮਦੀ/ਚੱਕਰ ਲਾਉਂਦੀ ਫਿਰ ਰਹੀ ਹੁੰਦੀ ਹੈ, ਤੁਸੀਂ ਥੱਕ ਜਾਵੋਗੇ ਪਰ ਇਹ ਨਹੀਂ ਥੱਕਦੀ।

50ਵੇਂ ਕੌਮਾਂਤਰੀ ਫਿਲਮ ਮੇਲੇ 'ਚ ਕੌਮੀ ਫਿਲਮਾਂ ਤਹਿਤ ਜਿਸ ਦੇਸ਼ 'ਚ ਫੋਕਸ ਕੀਤਾ ਗਿਆ ਸੀ, ਉਹ ਇਸ ਵਾਰ ਰਸ਼ੀਆ (ਰੂਸ) ਸੀ, ਜਿਸ ਦੀਆਂ ਅੱਠ ਫਿਲਮਾਂ ਦਿਖਾਈਆਂ ਗਈਆਂ। 'ਸਿਨੇਮਾ ਆਫ ਦਾ ਵਰਲਡ' ਤਹਿਤ ਇਸ ਵਾਰ 64 ਫਿਲਮਾਂ ਪੇਸ਼ ਹੋਈਆਂ। 'ਲਾਈਫ ਟਾਈਮ ਅਚੀਵਮੈਂਟਸ ਐਵਾਰਡ' (ਜਿਸ ਦੀ ਰਕਮ ਚਾਰ ਲੱਖ ਹੈ) ਰੂਸ ਦੀ 'ਇਸਾਬੇਲ ਹੂਪਰਟ' ਨੂੰ ਮਿਲਿਆ। ਮੂਲ ਰੂਪ ਵਿਚ ਫਰੈਂਚ ਅਦਾਕਰ ਹੈ, ਜਿਸ ਨੇ 120 ਫਿਲਮਾਂ 'ਚ ਆਪਣਾ ਯੋਗਦਾਨ ਪਾਇਆ। 66 ਸਾਲਾਂ ਦੀ ਉਮਰ 'ਚ ਪਹੁੰਚ ਕੇ ਵੀ ਸਿਨੇਮਾ ਪ੍ਰਤੀ ਆਪਣੀ ਜ਼ਿੰਮੇਵਾਰੀ ਸਮਝਦੀ ਗੰਭੀਰ ਕੰਮ ਕਰ ਰਹੀ ਹੈ। 2016 'ਚ ਬਣੀ ਫਿਲਮ 'ELLE' ਨੂੰ ਦਰਸ਼ਕਾਂ ਸੰਗ ਜੋੜਿਆ ਗਿਆ।

1950 'ਚ ਮਰਾਠੀ ਪਰਿਵਾਰ 'ਚ ਪੈਦਾ ਹੋਏ ਰਜਨੀਕਾਂਤ ਨੂੰ 'ਆਈਕੋਨ ਆਫ ਗੋਲਡਨ ਜੁਬਲੀ ਇਫੀ (IFFI)' ਨਾਲ ਨਿਵਾਜਿਆ ਗਿਆ।

ਜਿਊਰੀ ਵਿਚ ਇਸ ਵਾਰ ਅਮਰੀਕਾ ਦੇ ਜਾਨ ਇਰਾ ਬੇਲੀ ਜਿਊਰੀ ਚੇਅਰਮੈਨ ਸਨ। ਉਨ੍ਹਾਂ ਨਾਲ ਫਰੈਂਚ ਦਾ ਰਾਬਿਨ ਕੈਂਪਿਲੋ, ਸਕਾਟਲੈਂਡ ਦੀ ਲਿਨਗਮਸੇ, ਬੀਜਿੰਗ ਦੇ ਜਾਂਗ ਯਾਂਗ ਅਤੇ ਭਾਰਤ ਦੇ ਰਮੇਸ਼ ਸਿੱਪੀ ਸਨ।

ਭਾਰਤੀ ਫਿਲਮਾਂ ਮੁਕਾਬਲੇ ਦੀ ਜਿਊਰੀ ਦੇ ਚੇਅਰਮੈਨ ਪ੍ਰਿਯਦਰਸ਼ਨ ਸਨ ਤੇ ਤਾਮਿਲਨਾਡੂ ਦੇ ਪ੍ਰਸਿੱਧ ਫਿਲਮ ਨਿਰਦੇਸ਼ਕ ਅਹਾਤਿਯਨ, ਆਕਾਸ਼ਾਦਿਤਯ ਲਾਮਾ, ਗਿਰੀਸ਼ ਮੋਹਿਤੇ, ਹਰੀਸ਼ ਭਿਮਾਨੀ, ਜਾਦੂਮੋਨੀ ਦੱਤਾ, ਡਾ. ਕੇ. ਪੁਤਾਸਵਾਸੀ, ਕੁੱਕੂ ਕੋਹਲੀ, ਫੁਨਸੁਕ ਲੱਦਾਖੀ, ਰਾਜੇਂਦਰ ਪ੍ਰਸਾਦ ਚੌਧਰੀ, ਡਾ. ਮੋਹਾਪਾਤਰਾ, ਸੁਲੇਖਾ ਮੁਕਰਜੀ ਅਤੇ ਵਿਨੋਦ ਗਾਨਾਤਰਾ ਸਨ।

ਭਾਰਤੀ ਸਿਨੇਮਾ ਤਹਿਤ ਇਸ ਵਾਰ 26 ਫਿਲਮਾਂ ਇਸ ਮੇਲੇ 'ਚ ਉਭਰੀਆਂ। 15 ਫਿਲਮਾਂ (ਨਾਨ ਫੀਚਰ ਫਿਲਮਾਂ) ਭਾਰਤੀ ਪਨੋਰਮਾ ਤਹਿਤ ਪੇਸ਼ ਹੋਈਆਂ, ਜਿਸ ਰਾਜ ਨੂੰ ਫਿਲਮੀ ਨਗਰੀ ਤਹਿਤ ਉਭਾਰਿਆ ਗਿਆ, ਉਹ ਇਸ ਵਾਰ ਗੋਆ ਸੀ। ਇਸ ਰਾਜ ਦੀ ਕਲਾ ਅਤੇ ਸੰਸਕ੍ਰਿਤੀ ਨੂੰ ਦਰਸਾਉਂਦਿਆਂ 6 ਫਿਲਮਾਂ ਦਿਖਾਈਆਂ ਗਈਆਂ, ਜੋ ਕੋਕਣੀ ਭਾਸ਼ਾ 'ਚ ਪੇਸ਼ ਹੋਈਆਂ।

ਅਸਲ 'ਚ ਪਹਿਲੇ ਦਿਨ ਤੋਂ ਹੀ ਫਿਲਮਾਂ ਬਾਰੇ ਜਾਣਕਾਰੀ ਮਿਲਣੀ ਸ਼ੁਰੂ ਹੋ ਜਾਂਦੀ ਹੈ। ਸ਼ੋਸ਼ਲ ਮੀਡੀਆ ਹਰਕਤ ਵਿਚ ਆਉਣ ਕਰਕੇ 'ਇਫੀ' ਤੁਹਾਨੂੰ ਪਲ-ਪਲ ਦੀ ਖਬਰ ਮੇਲ ਕਰਦਾ ਰਹਿੰਦਾ ਹੈ। ਇਸ ਮੇਲੇ 'ਚ ਅੰਤਰਰਾਸ਼ਟਰੀ ਸਿਨੇਮਾ ਦੇ ਨਾਲ-ਨਾਲ ਭਾਰਤੀ ਸਿਨੇਮਾ ਵੀ ਆਪਣੇ ਰੰਗ ਉਭਾਰਦਾ ਹੈ, ਜਿਸ ਨੂੰ 'ਇੰਡੀਅਨ ਪਨੋਰਮਾ' ਦਾ ਨਾਂ ਦਿੱਤਾ ਗਿਆ ਹੈ। ਇਸ ਤਹਿਤ 'ਆਨੰਦੀ ਗੋਪਾਲ' (ਮਰਾਠੀ), 'ਬਧਾਈ ਹੋ' (ਹਿੰਦੀ), 'ਬਹੱਤਰ ਹੂਰੇ' (ਹਿੰਦੀ), 'ਭੋਂਗਾ' (ਮਰਾਠੀ), 'ਐਫਟ ਫਨ ਐਂਡ ਫਰਸਟਰੇਸ਼ਨ' (ਤੈਲਗੂ), 'ਹੇਲਲਾਰੋ' (ਗੁਜਰਾਤੀ), 'ਹਾਊਸ ਓਨਰ' (ਤਾਮਿਲ), 'ਜਲੀਕਟੂ ਤੇ 'ਕੋਲਾਂਬੀ' (ਮਲਿਆਲਮ), 'ਮਾਈ ਘਾਟ ਕ੍ਰਾਈ ਨੰ: 103/2005' (ਮਰਾਠੀ) ਅਤੇ 'ਪਰੀਕਸ਼ਾ' (ਹਿੰਦੀ) ਫਿਲਮਾਂ ਨੇ ਵਾਹ-ਵਾਹ ਖੱਟੀ। ਫਿਰ ਵੀ ਕੁੱਲ ਮਿਲਾ ਕੇ ਚਾਰ ਮਲਿਆਲੀ, ਛੇ ਹਿੰਦੀ, ਚਾਰ ਮਰਾਠੀ, ਤਿੰਨ ਬੰਗਾਲੀ, ਦੋ-ਦੋ ਤਾਮਿਲ ਤੇ ਗੁਜਰਾਤੀ ਅਤੇ ਇੱਕ-ਇਕ ਤੈਲਗੂ ਤੇ ਕੰਨੜ ਫਿਲਮ ਮੇਲੇ 'ਚ ਗੂੰਜੀਆਂ।

ਮੇਲੇ 'ਚ ਨਾਨ ਫੀਚਰ ਫਿਲਮ ਤਹਿਤ ਅੰਗਰੇਜ਼ੀ ਦੀ 'ਏ ਥੈਂਕਲੈਸ ਜਾਬ', ਆਸਾਮੀ ਦੀ 'ਬੋਹੂਵਰਤਾ', ਬੰਗਾਲੀ ਦੀ 'ਬੂਮਾ', ਹਿੰਦੀ ਦੀ 'ਬ੍ਰਿਜਾ' ਅਤੇ ਕਸ਼ਮੀਰ ਦੀ 'ਨੂਰੇ' ਖਿੱਚ ਦਾ ਕੇਂਦਰ ਰਹੀਆਂ।


ਮੇਲੇ ਦੌਰਾਨ ਦਾਦਾ ਸਾਹਿਬ ਫਾਲਕੇ ਪੁਰਸਕਾਰ 2018 ਪ੍ਰਾਪਤ ਅਮਿਤਾਬ ਬੱਚਨ ਦੀਆਂ 'ਬਦਲਾ' (2019), 'ਬਲੈਕ' (2005), 'ਦੀਵਾਰ' (1975), 'ਪਾ' (2009), 'ਪੀਕੂ' (2015), 'ਸ਼ੋਲੇ' (1975) ਦਰਸ਼ਕਾਂ ਸੰਗ ਜੁੜੀਆਂ।

ਇਸੇ ਦੌਰਾਨ 2019 'ਚ 50 ਸਾਲ ਪੂਰੇ ਕਰ ਚੁਕੀਆਂ ਭਾਰਤੀ ਫਿਲਮਾਂ ਨੂੰ ਵੀ ਯਾਦ ਕੀਤਾ ਗਿਆ, ਜਿਸ ਤਹਿਤ 'ਆਦਿਮਕਾਲ' (ਮਲਿਆਲਮ), 'ਆਰਾਧਨਾ' (ਹਿੰਦੀ), 'ਡਾ. ਬੇਜ਼ਬਰੂਆ' (ਆਸਾਮੀ), 'ਗੋਪੀ ਗਾਯਨੇ ਬਾਘਾ ਬਾਯਨੇ' (ਬੰਗਾਲੀ), 'ਇਰੂ ਕੋਦੂਗਲ' (ਤਾਮਿਲ), 'ਨਾਨਕ ਨਾਮ ਜਹਾਜ ਹੈ' (ਪੰਜਾਬੀ), 'ਸੱਤਿਆਕਾਮ' (ਹਿੰਦੀ), 'ਤਾਂਬੜੀ ਮਾਤੀ' (ਮਰਾਠੀ), 'ਵਾਰਾਕਟਨਮ' (ਤੈਲਗੂ) ਦਿਖਾਈਆਂ ਗਈਆਂ।

ਕਲਾ ਦੀ ਦੁਨੀਆਂ ਨਾਲ ਜੁੜੀਆਂ ਉਨ੍ਹਾਂ ਹਸਤੀਆਂ ਨੂੰ ਵੀ ਯਾਦ ਕੀਤਾ ਗਿਆ, ਜੋ ਆਪਣਾ-ਆਪਣਾ ਫਰਜ਼ ਨਿਭਾ ਕੇ ਅਲਵਿਦਾ ਕਹਿ ਗਏ। ਜਿਨ੍ਹਾਂ ਕਲਾਕਾਰਾਂ ਨੇ ਭਾਰਤੀ ਸਿਨੇਮਾ ਨੂੰ ਚਾਰ ਚੰਨ ਲਾਏ, ਉਨ੍ਹਾਂ ਨੂੰ ਯਾਦ ਕਰਦਿਆਂ ਆਸਾਮ ਦੇ ਬੀਜੂ ਫੁਕਨ, ਗਿਰੀਸ਼ ਕਰਨਾਡ, ਕਾਦਰ ਖਾਨ, ਖਿਆਮ, ਐਮ. ਜੇ., ਰਾਧਾ ਕ੍ਰਿਸ਼ਨਨ, ਮਿਰਨਾਲ ਸੇਨ, ਰਾਜ ਕੁਮਾਰ ਬੜਜਾਤਾ, ਰਾਮ ਮੋਹਨ, ਰੂਮਾ ਗੁਹਾ ਠਾਕੁਰਤਾ, ਵੀਰੂ ਦੇਵਗਣ, ਵਿਦਿਆ ਸਿਨਹਾ ਅਤੇ ਵਿਜਯਾ ਮੂਲੇ ਦੇ ਕੀਤੇ ਕੰਮ ਨੂੰ ਦਰਸ਼ਕਾਂ ਸੰਗ ਜੋੜਿਆ ਗਿਆ।




ਇਸ ਫਿਲਮ ਮੇਲੇ ਵਿਚ ਉਂਜ ਤਾਂ ਕਈ ਦੇਸ਼ੀ-ਵਿਦੇਸ਼ੀ ਫਿਲਮਾਂ ਦੇ ਚਰਚੇ ਹੁੰਦੇ ਰਹੇ, ਪਰ ਜਿਨ੍ਹਾਂ ਫਿਲਮਾਂ ਨੇ ਆਪਣੇ ਪ੍ਰਭਾਵ ਛੱਡੇ, ਉਹ ਸਨ-ਇਟਲੀ ਦੀ ਫਿਲਮ 'Despite The Fog' ਅਤੇ 'Marhe and Her Mother', 'Ballon', 'My Ghat: Crime No. 103/2005', 'Helloaro', 'My Name is Sara', 'Uyare', 'Bahattar Hoorain', 'Oray', 'The Hero', 'Acid', 'Kes', 'Pandora's Box' (Silent Film With Live Music), 'Gone with The Wind', 'Ben-Hor', 'Lawrence of Arabia', 'The God Father', 'The King of Masks', 'Moner-Manush'.




ਇਹ ਫਿਲਮ ਮੇਲਾ ਫਿਲਮੀ ਸ਼ਖਸੀਅਤਾਂ ਲਈ ਇੱਕ ਵਰਕਸ਼ਾਪ ਤੋਂ ਘੱਟ ਨਹੀਂ ਹੈ। ਇੱਕ ਪਾਸੇ ਫਿਲਮੀ ਦੁਨੀਆਂ ਦੇ ਕੈਮਰਿਆਂ ਦੀ ਵਿਰਾਸਤ ਸਾਂਭੀ ਬੈਠੇ ਵਿਲੀਅਮ ਨੇ ਪ੍ਰਦਰਸ਼ਨੀ ਲਾਈ ਹੋਈ ਸੀ ਤਾਂ ਦੂਜੇ ਪਾਸੇ ਮਾਸਟਰ ਕਲਾਸ ਤਹਿਤ ਪ੍ਰਿਯਾਦਰਸ਼ਨ, ਵੀ. ਸ੍ਰੀਨਿਵਾਸ ਮੋਹਨ, ਫਰਹਾ ਖਾਨ, ਮਾਧੁਰ ਬੁਨਦਾਰਕਰ, ਇਸਾਬੇਲ ਹੂਪਰਟ, ਜੌਲ ਬੇਲੀ, ਆਦਿਲ ਹੁਸੈਨ, ਪ੍ਰਕਾਸ਼ ਝਾਅ, ਤਾਪਸੀ ਪੰਨੂ, ਰਾਹੁਲ ਰਵੇਲ, ਇਮਤਿਆਜ਼ ਅਲੀ ਆਦਿ ਨੇ ਆਪਣੇ ਤਜ਼ਰਬੇ ਸਾਂਝੇ ਕੀਤੇ।

ਭਾਰਤੀ ਫਿਲਮ ਜਗਤ ਨੂੰ ਕਈ ਵੱਖਰੀ ਕਿਸਮ ਦੀਆਂ ਫਿਲਮਾਂ ਦੇ ਚੁਕੇ ਪ੍ਰਕਾਸ਼ ਝਾਅ ਨੇ ਖੁੱਲ੍ਹੇ ਦਿਲ ਨਾਲ ਕਿਹਾ ਕਿ ਉਨ੍ਹਾਂ ਨੂੰ ਹੁਣ ਵੀ ਫਿਲਮ ਨੂੰ ਥੀਏਟਰ ਤੱਕ ਲਿਜਾਣ ਲਈ ਸੰਘਰਸ਼ ਕਰਨਾ ਪੈਂਦਾ ਹੈ, ਕਲਾ ਸਾਨੂੰ ਰੋਟੀ ਨਹੀਂ ਦੇ ਸਕਦੀ। 'ਮ੍ਰਿਤੂਦੰਡ', 'ਅਪਹਰਣ', 'ਗੰਗਾਜਲ', 'ਰਾਜਨੀਤੀ' ਜਿਹੀਆਂ ਫਿਲਮਾਂ ਦਾ ਨਿਰਦੇਸ਼ਨ ਕਰਨ ਦੇ ਬਾਵਜੂਦ ਅੱਜ ਵੀ ਫਿਲਮ ਰਿਲੀਜ਼ ਕਰਨ ਵੇਲੇ ਦਿੱਕਤ ਆਉਂਦੀ ਹੈ। ਉਨ੍ਹਾਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ 'ਕਲਾਕਾਰ ਹੋਣਾ ਔਖਾ ਨਹੀਂ, ਪਛਾਣ ਬਣਾਉਣੀ ਔਖੀ ਹੈ।'

ਓਪਨ ਏਅਰ ਸਕਰੀਨਿੰਗ ਤਹਿਤ ਮਰਾਠੀ ਦੀ 'ਆਨੰਦੀ ਗੋਪਾਲ', ਹਿੰਦੀ ਦੀ 'ਅੰਦਾਜ਼ ਅਪਨਾ ਅਪਨਾ', 'ਬਧਾਈ ਹੋ', 'ਚਲਤੀ ਕਾ ਨਾਮ ਗਾਡੀ', 'ਚੇਨੱਈ ਐਕਸਪ੍ਰੈਸ', 'ਐਫ ਟੂ-ਫਰ ਐਂਡ ਫਰਸਟਰੇਸ਼ਨ', 'ਗਲੀ ਬੁਆਏ', 'ਹੇਲਲਾਰੋ', 'ਹੇਰਾ-ਫੇਰੀ', 'ਪੜੋਸਨ', 'ਸੁਪਰ 30' ਅਤੇ 'ਟੋਟਲ ਧਮਾਲ' ਫਿਲਮਾਂ ਦਿਖਾਈਆਂ ਗਈਆਂ। ਜੋ ਲੋਕ ਵਫਦ ਵਜੋਂ ਮੇਲੇ ਦਾ ਹਿੱਸਾ ਨਹੀਂ ਬਣ ਸਕੇ, ਉਹ 'ਓਪਨ ਏਅਰ ਸਕਰੀਨਿੰਗ' ਮੰਚ 'ਤੇ ਫਿਲਮਾਂ ਵੇਖ ਸਕਦੇ ਹਨ।




ਮੇਲੇ ਦੌਰਾਨ ਦੁਨੀਆਂ ਭਰ ਦੀਆਂ ਚੰਗੀਆਂ ਫਿਲਮਾਂ ਨੇ ਹਾਜ਼ਰੀ ਲਵਾਈ। ਕਈ ਨਵੇਂ ਚਿਹਰੇ ਸਾਹਮਣੇ ਆਏ ਅਤੇ ਦੇਸ਼-ਵਿਦੇਸ਼ ਤੇ ਖੇਤਰੀ ਵਿਸ਼ੇ ਉਭਰੇ। ਫਿਲਮਾਂ ਵੇਖ ਕੇ ਦੋ ਗੱਲਾਂ ਉਭਰੀਆਂ-ਪਹਿਲੀ, ਦੁਨੀਆਂ 'ਚ ਮਨੁੱਖ ਜਿਸ ਤਰ੍ਹਾਂ ਵਿਚਰ ਰਿਹਾ ਹੈ, ਉਸ ਦੀ ਪੀੜਾ ਪਰਦੇ 'ਤੇ ਇੱਕ ਦਿਨ ਆ ਹੀ ਜਾਵੇਗੀ; ਦੂਜੀ, ਹੁਣ ਫਿਲਮਾਂ ਨੂੰ ਹਰ ਹਰਕਤ ਪ੍ਰਭਾਵਿਤ ਕਰਦੀ ਹੈ, ਚਾਹੇ ਉਹ ਧਰਮ ਨਾਲ ਜੁੜੀ ਹੋਵੇ ਜਾਂ ਨਸਲ ਨਾਲ।

ਨੌਂ ਦਿਨ ਚੱਲਿਆ 50ਵਾਂ ਕੌਮਾਂਤਰੀ ਫਿਲਮ ਮੇਲਾ ਮਨੁੱਖ ਜਾਤੀ ਦੇ ਅੰਦਰ ਤੇ ਬਾਹਰ ਚੱਲ ਰਹੇ ਸੰਘਰਸ਼ ਨੂੰ ਸਮਰਪਿਤ ਸੀ, ਪਰ ਅਫਸੋਸ ਸਾਡੇ ਆਪਣੇ ਪੰਜਾਬੀ ਫਿਲਮੀ ਜਗਤ ਦੀ ਗੱਲ ਕਿਧਰੇ ਵੀ ਨਹੀਂ ਸੀ! ਕੀ ਪੰਜਾਬ ਦੀ ਪੰਜਾਬੀਅਤ ਦਾ ਕੋਈ ਸੰਘਰਸ਼ਸ਼ੀਲ ਪਹਿਲੂ ਅੱਜ ਤੱਕ ਨਹੀਂ ਉਭਰਿਆ, ਜੋ ਕੌਮਾਂਤਰੀ ਪੱਧਰ 'ਤੇ ਆਪਣੀ ਹਾਜ਼ਰੀ ਲਵਾ ਸਕੇ?

---

****ਚੇਅਰਮੈਨ ਆਧੁਨਿਕ ਭਾਰਤੀ ਭਾਸ਼ਾਵਾਂ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ, ਅਲੀਗੜ੍ਹ।***

ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ

# ਪੰਜਾਬੀ ਢਾਬਾ

1480 N. State Road 1, Cambridge City, IN 47327

ਕੈਬਰਿਜ ਸਿਟੀ (ਇੰਡੀਆਨਾ) ਵਿਚ
ਪੰਜਾਬੀ ਢਾਬੇ ਲਈ

## ਡਿਸ਼ਵਾਸ਼ਰ, ਹੈਲਪਰ, ਵੇਟਰ ਅਤੇ ਕੁਕ ਚਾਹੀਦੇ ਹਨ

ਚੰਗੀ ਤਨਖਾਹ, ਖਾਣਾ ਮੁਫਤ ਤੇ ਹੋਰ ਸਹੂਲਤਾਂ

ਸੰਪਰਕ ਕਰੋ: ਮਨਜੀਤ ਨਾਗਰਾ

**ਫੋਨ: 317-750-1900**

# Chevron Station For Sale
## *In Florida*

**Very High Volume Store**
**Totally Renovated**

New Pumps, Coolers, Floor, Bathroom, Office, New Kitchen, New Roof. Remodeled store.

It's neighborhood store and 30k car count on the street. A lot roof tops around

165 -170 K inside sales (High Margins)
60 K Gallons

*3000 lotto commission *Uhaul - ATM - 2k
*Rent:14k NNN *LONG LEASE

**Asking Price: 575K**
plus inventory

Please only serious inquires.

**Ph: 618-513-7645**

Email us: sunkap1@icloud.com

43/8

# Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ

**One of the Fastest Growing City in America and Best School System...**



- ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ
- 4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ



ਅਸੀਂ ਘਰਾਂ ਅਤੇ ਬਿਜਨਸ ਲਈ ਹਰ ਤਰ੍ਹਾਂ ਦੇ ਲੋਨ ਕਰਦੇ ਹਾਂ, ਮਨਜ਼ੂਰੀ (Approval) ਉਸੇ ਦਿਨ

**Manjit Singh Nagra**
*Realtor/Broker*
**Cell: 317-750-1900**
6979 Hillsdale Court
Indianapolis, Indiana 46250

**Gurdeep (Garry) Chhokar**
Realtor/Broker
**Cell: 317-500-1247**

Star Alliance
BROKERAGE



**We do all type of Home and Commercial Loan. Same day loan approval...**